Worldwide Travel, Inc.
Special Sale
Oct 1 - Dec 10, 2009
Sale Ends 9-15-2009
$975*
ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

The Lender You Can Trust
C.S. Ahaluwalia
We serve both in Indiana and California
Call:916-747-5801
Residential & Commercial

ਸਸਤੀਆਂ ਟਿਕਟਾਂ ਤੇ ਸਰਵਿਸ ਵੀ ਵਧੀਆ
Lowest Air Fares For INDIA

AB TRAVEL SERVICES
Ph.847-630-2096

Tenth Year in Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@sbcglobal.net
www.punjabtimesusa.com
Punjab Times, Vol 10, Issue 41, October 10, 2009
20451 N Plum Grove Rd. Palatine, IL 60074
Ph:847-359-0746, Fax:847-705-9388

## ਪੰਜਾਬ ਮੈਡੀਕਲ ਇੰਸਟੀਚਿਊਟ ਦਾ ਝਮੇਲਾ ਜਾਰੀ

**ਬਿੰਦਰ ਬਸਰਾ**

**ਜਲੰਧਰ:** ਭਰੂਣ ਅਵਸਥਾ ਤੋਂ ਹੀ ਵਿਵਾਦਾਂ 'ਚ ਘਿਰਿਆ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਪਿਮਸ) ਇਕ ਵਾਰ ਫਿਰ ਪੰਜਾਬ ਦੀ ਰਾਜਨੀਤੀ ਦਾ ਕੇਂਦਰ ਬਿੰਦੂ ਬਣਨ ਜਾ ਰਿਹਾ ਹੈ। ਮੈਡੀਕਲ ਕਾਲਜ ਇਕ ਐਨ.ਆਰ.ਆਈ. ਅਕਾਦਮੀ ਨੂੰ 131 ਕਰੋੜ ਰੁਪਏ 'ਚ 99 ਸਾਲ ਲਈ ਸੌਂਪੇ ਜਾਣ ਦੇ ਮਾਮਲੇ 'ਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਸੂਤੀ ਸਥਿਤੀ 'ਚ ਫਸਦੇ ਨਜ਼ਰ ਆ ਰਹੇ ਹਨ। ਪੰਜਾਬ ਸਰਕਾਰ ਦੀ ਭਾਈਵਾਲ ਪਾਰਟੀ ਭਾਜਪਾ ਨਾਲ ਸਬੰਧਤ ਮੈਡੀਕਲ ਸਿਖਿਆ ਨਾਲ ਸੰਬੰਧਤ ਮੰਤਰੀ ਵਲੋਂ ਇਸ ਮੁੱਦੇ 'ਤੇ ਪੱਲਾ ਝਾੜ ਲੈਣ ਪਿੱਛੋਂ ਸਥਿਤੀ ਹੋਰ ਵੀ ਮਾੜੀ ਹੋ ਗਈ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਬਾਦਲ ਪਰਿਵਾਰ ਨੇ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਪਿਮਸ) ਦਾ ਪ੍ਰੋਜੈਕਟ ਅਲਾਟ ਕਰਨ 'ਚ ਕਰੋੜਾਂ ਰੁਪਏ ਦਾ ਘੋਟਾਲਾ ਕੀਤਾ ਹੈ ਅਤੇ ਸਰਕਾਰ ਦੀ ਆੜ 'ਚ ਚਹੇਤਿਆਂ ਰਾਹੀਂ ਪ੍ਰੋਜੈਕਟ 'ਤੇ ਸਸਤੇ ਭਾਅ ਕਬਜ਼ਾ ਜਮਾ ਲਿਆ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਕਾਲਾ ਧਨ ਜੋ ਵਿਦੇਸ਼ਾਂ 'ਚ ਜਮ੍ਹਾਂ ਕੀਤਾ ਹੈ ਉਸਨੂੰ ਪੰਜਾਬ 'ਚ ਖਰਚ ਕਰਨ ਲਈ ਨਵੇਂ ਹੱਥਕੰਡੇ ਅਪਣਾਏ ਜਾ ਰਹੇ ਹਨ। ਕੈਪਟਨ ਨੇ ਦੋਸ਼ ਲਾਇਆ ਕਿ ਆਪਣੇ ਰਾਜ਼ਦਾਰ ਸੁਰਜੀਤ ਸਿੰਘ ਰੱਖੜਾ ਦੀ ਝੋਲੀ 'ਚ ਇਹ ਪ੍ਰੋਜੈਕਟ ਪਾ ਕੇ ਸ. ਬਾਦਲ ਪਰਦੇ ਪਿੱਛੇ ਪ੍ਰੋਜੈਕਟ 'ਤੇ ਖੁਦ ਦੀ ਕਮਾਈ ਲਾ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਪਰਦੇ ਪਿਛਿਓਂ ਪਿਮਸ 'ਤੇ ਕਬਜ਼ੇ ਲਈ ਖੇਡੀ ਜਾ ਰਹੀ ਖੇਡ ਨੂੰ ਬੰਦ ਨਾ ਕੀਤਾ ਤਾਂ ਉਹ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ।

ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਮੈਡੀਕਲ ਸੰਸਥਾ ਦੇ ਮਾਮਲੇ 'ਚ ਮੇਰਾ ਦਾਮਨ ਪਾਕ ਹੈ। ਪ੍ਰੋਜੈਕਟ ਦੀਆਂ ਸ਼ਰਤਾਂ 'ਚ ਫੇਰਬਦਲ ਦੇ ਦੋਸ਼ਾਂ ਨੂੰ ਨਕਾਰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਚਾਹੁਣ ਤਾਂ ਇਸ ਮਾਮਲੇ ਨੂੰ ਕੋਰਟ 'ਚ ਲਿਜਾ ਸਕਦੇ ਹਨ। ਸ. ਬਾਦਲ ਨੇ ਕਿਹਾ ਕਿ ਕੈਪਟਨ ਬਿਨਾਂ ਵਜ੍ਹਾ ਦੋਸ਼ ਲਾ ਕੇ ਰਾਜਸੀ ਲਾਹਾ ਲੈਣਾ ਚਾਹੁੰਦਾ ਹੈ। ਉਨ੍ਹਾਂ ਆਖਿਆ ਕਿ ਜੋ ਵੀ ਕੀਤਾ ਗਿਆ ਹੈ ਉਹ ਸ਼ੀਸ਼ੇ ਵਾਂਗ ਸਾਫ ਹੈ। ਪੰਜਾਬ ਸਰਕਾਰ ਨੇ ਡਾਕਟਰਾਂ ਦੇ ਪੈਨਲ ਡਾ. ਚੁੱਘ ਅਤੇ ਡਾ. ਜੇ.ਐਸ. ਬਜਾਜ ਸਮੇਤ ਹੋਰ ਡਾਕਟਰਾਂ ਦੀ ਸਹਿਮਤੀ ਅਤੇ ਵਿਭਾਗੀ ਸਕੱਤਰ ਦੀ ਮੋਹਰ ਲੱਗਣ ਪਿੱਛੋਂ ਹੀ ਪ੍ਰੋਜੈਕਟ ਨੂੰ 99 ਸਾਲ ਲਈ ਪਟੇ 'ਤੇ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਮਸ 'ਚ ਕੋਈ ਰੱਦੋਬਦਲ ਨਹੀਂ ਕੀਤੀ ਗਈ ਸਿਰਫ ਡਾਕਟਰਾਂ ਦੇ ਪੈਨਲ 'ਚ ਮੀਟਿੰਗ ਪਿੱਛੋਂ ਇਸ ਨੂੰ ਹਸਪਤਾਲ ਅਤੇ ਮੈਡੀਕਲ ਕਾਲਜ 'ਚ ਤਬਦੀਲ ਜ਼ਰੂਰ ਕੀਤਾ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਹਾਸਲ ਕਰਨ ਲਈ 12 ਕੰਪਨੀਆਂ ਨੇ ਟੈਂਡਰ ਭੇਜੇ ਸਨ ਜਿਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ। ਇਨ੍ਹਾਂ 'ਚ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਐਂਡ ਇੰਸਟੀਚਿਊਟ ਆਫ ਮੈਡੀਕਲ ਰਿਸਰਚ ਮੁੰਬਈ ਅਤੇ ਫੋਰਟਿਸ ਵਰਗੀਆਂ ਸੰਸਥਾਵਾਂ ਸਣੇ ਬਾਦਲ ਵਲੋਂ ਬਣਾਈ ਇਕ ਕੰਪਨੀ ਵੀ ਸ਼ਾਮਿਲ ਸੀ। ਇਸ ਕੰਪਨੀ 'ਚ ਰਕੇਸ਼ ਮਹਾਜਨ ਯੂ.ਐਸ.ਏ., ਸੇਵਾ ਮੁਕਤ ਅਧਿਕਾਰੀ ਸੁਰਿੰਦਰ ਮਹਾਜਨ ਨੂੰ ਉਪ ਪ੍ਰਧਾਨ, ਕੁਲਦੀਪ ਸਿੰਘ ਨੂੰ ਜਨਰਲ ਸਕੱਤਰ, ਬਿਜਨਸਮੈਨ ਸੰਜੈ ਮਹਾਜਨ ਸੰਯੁਕਤ ਸਕੱਤਰ, ਘਰੇਲੂ ਔਰਤ ਵੇਦ ਮਹਾਜਨ ਨੂੰ ਖਜ਼ਾਨਚੀ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ।

*(ਬਾਕੀ ਸਫਾ 6 ਉਤੇ)*



*ਰੋਪੜ ਨੇੜੇ ਲਾਏ ਗਏ ਸਾਰਸ ਮੇਲੇ ਦਾ ਉਦਘਾਟਨ ਕਰਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ (ਖਬਰ ਅੰਦਰ ਸਫਾ 6 ਉਤੇ)*

## ਉਲੰਪਿਕ ਖੇਡਾਂ ਬ੍ਰਾਜ਼ੀਲ ਨੂੰ ਮਿਲੀਆਂ

### *ਸ਼ਿਕਾਗੋ ਦੀ ਆਸ 'ਤੇ ਫਿਰਿਆ ਪਾਣੀ*

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸੰਨ 2016 ਦੀਆਂ ਉਲੰਪਿਕ ਖੇਡਾਂ ਦੱਖਣ ਅਮਰੀਕੀ ਮੁਲਕ ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜਿਨੇਰਿਓ ਵਿਚ ਹੋਣਗੀਆਂ। ਇੰਜ ਇਹ ਖੇਡਾਂ ਸ਼ਿਕਾਗੋ 'ਚ ਕਰਵਾਉਣ ਦੀਆਂ ਅਮਰੀਕਾ ਅਤੇ ਸ਼ਿਕਾਗੋ ਵਾਸੀਆਂ ਦੀਆਂ ਆਸਾਂ ਧਰੀਆਂ ਧਰਾਈਆਂ ਹੀ ਰਹਿ ਗਈਆਂ। ਇਸ ਸਬੰਧੀ ਫੈਸਲਾ 2 ਅਕਤੂਬਰ ਨੂੰ ਕੋਪਨਹੇਗਨ ਵਿਚ ਲਿਆ ਗਿਆ।

ਸ਼ਾਇਦ ਇਹ ਪਹਿਲੀ ਵਾਰੀ ਹੈ ਕਿ ਕੋਪਨਹੇਗਨ (ਡੈਨਮਾਰਕ) ਵਿਚ ਹੋਈ ਕੌਮਾਂਤਰੀ ਉਲੰਪਿਕ ਕਮੇਟੀ ਦੀ ਮੀਟਿੰਗ ਨੇ "ਉਲੰਪਿਕ 2016 ਦੀ ਮੇਜ਼ਬਾਨੀ ਕਿਸ ਸ਼ਹਿਰ ਨੂੰ" ਦੇ ਸਵਾਲ ਉਤੇ ਸਾਰੀ ਦੁਨੀਆਂ ਦੇ ਦੇਸ਼ਾਂ ਦਾ ਧਿਆਨ ਆਪਣੇ ਵਲ ਖਿਚਿਆ ਕਿਉਂਕਿ ਅਮਰੀਕਾ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਉਚੇਚੇ ਤੌਰ ਤੇ ਉਲੰਪਿਕ ਕਮੇਟੀ ਦੀ ਮੀਟਿੰਗ ਵਿਚ ਪਹੁੰਚੇ ਤੇ ਉਲੰਪਿਕ ਖੇਡਾਂ ਅਮਰੀਕੀ ਸ਼ਹਿਰ ਸ਼ਿਕਾਗੋ ਵਿਚ 2016 ਦੀ ਉਲੰਪਿਕ ਕਰਾਉਣ ਲਈ ਮੈਂਬਰਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨਾਲ ਉਨ੍ਹਾਂ ਦੀ ਧਰਮ ਪਤਨੀ ਮਿਸ਼ੇਲ ਵੀ ਸੀ। ਟੀ.ਵੀ. ਸੁਪਰ ਸਟਾਰ ਓਪਰਾ ਵੀ ਪਹੁੰਚੀ ਹੋਈ ਸੀ। ਦੁਨੀਆਂ ਦੀਆਂ ਇਹ ਦੋ ਮਸ਼ਹੂਰ ਔਰਤਾਂ ਵੀ ਉਲੰਪਿਕ ਕਮੇਟੀ ਦੇ ਮੈਂਬਰਾਂ ਤੇ ਡੈਲੀਗੇਟਾਂ ਨੂੰ ਇਸ ਸੰਬੰਧੀ ਮਿਲੀਆਂ। ਸੀਨੀਅਰ ਅਡਵਾਈਜ਼ਰ ਵੈਲਾਈਨ, ਐਜੂਕੇਸ਼ਨ ਸੈਕਟਰੀ ਡੰਕਨ, ਟਰਾਂਸਪੋਰਟ ਸੈਕਟਰੀ ਰੇਅ ਆਦਿ ਪ੍ਰਮੁਖ ਸ਼ਖੀਸਅਤਾਂ ਵੀ ਪੁੱਜੀਆਂ। ਸ਼ਿਕਾਗੋ ਦੇ ਮੇਅਰ ਰਿਚਰਡ ਡੇਲੀ ਉਚ ਪਧੱਰੀ ਦਲ ਲੈ ਕੇ ਪੁਹੰਚੇ ਜਿਸ ਵਿਚ 250 ਦੇ ਕਰੀਬ ਐਥਲੀਟ, ਸਾਬਕਾ ਉਲੰਪੀਅਨ, ਮੀਡੀਆ ਸਟਾਫ ਤੇ ਹੋਰ ਸਮਰਥਕ ਸ਼ਾਮਿਲ ਸਨ। ਵਰਲਡ ਸਪੋਰਟਸ ਸੰਸਥਾ ਸ਼ਿਕਾਗੋ ਦੇ ਕਈ ਅਹੁਦੇਦਾਰ ਤੇ ਸ਼ਿਕਾਗੋ-2016 ਸੰਸਥਾ ਦੇ ਚੇਅਰਮੈਨ ਅਤੇ ਸੀ.ਈ.ਓ. ਪੈਟ ਰਾਇਨ ਤੇ ਦੁਨੀਆਂ ਦਾ ਤੇਜ ਦੌੜਾਕ, ਅੱਠ ਵਾਰੀ ਵਿਸ਼ਵ ਖਿਤਾਬ ਜਿਤੱਣ ਵਾਲਾ ਮਾਈਕਲ ਜੋਨਸਨ, ਜਿਮਨਾਸਟਿਕਸ ਵਿਚ ਉਲੰਪਿਕ ਚੈਪੀਅਨ ਲਿਉਕਿਮ, ਸ਼ਿਕਾਗੋ ਦੀ ਫਸਟ ਲੇਡੀ ਮਿਸਿਜ਼ ਡੇਲੀ ਨੇ ਵੀ ਸ਼ਮੂਲੀਅਤ ਕੀਤੀ। ਮੇਅਰ ਡੇਲੀ ਨੇ ਸ਼ਿਕਾਗੋ ਸ਼ਹਿਰ ਦੀ ਉਲੰਪਿਕ ਤਿਆਰੀ ਦੀ ਬਹੁਤ ਅਸਰਦਾਰ ਸਕਰੀਨ ਪਰੈਜੈਂਟੇਸ਼ਨ ਪੇਸ਼ ਕੀਤੀ ਤੇ ਕਿਹਾ, "ਸਾਨੂੰ ਪੂਰੀ ਉਮੀਦ ਹੈ ਕਿ ਅਸੀ ਬਹੁਤ ਚੰਗੀ ਤਰਾਂ ਮੇਜਬਾਨੀ ਸਭੰਾਲ ਸਕਦੇ ਹਾਂ। ਸਾਡੇ ਸ਼ਹਿਰ ਵਿਚ ਖੇਡਾਂ ਦਾ ਹੋਣਾ ਮਾਣ ਵਾਲੀ ਗੱਲ ਹੈ।"

ਜ਼ਿਕਰਯੋਗ ਹੈ ਕਿ ਇਧਰ ਸ਼ਿਕਾਗੋ ਦੇ ਡੇਲੀ ਸੈਂਟਰ ਪਲਾਜ਼ਾ ਵਿਚ ਸਵੇਰੇ 7 ਵਜੇ ਤੋਂ ਹੀ ਸ਼ਿਕਾਗੋ ਦੇ ਖੇਡ ਪ੍ਰੇਮੀ ਤੇ ਉਤਸ਼ਾਹੀ ਸਮਰਥਕ ਜਸ਼ਨ ਮਨਾਉਣ ਲਈ ਹਜ਼ਾਰਾਂ ਦੀ

*(ਬਾਕੀ ਸਫਾ 6 ਉਤੇ)*

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

ATTN. HOMEOWNERS !!
Purchase, Refinance, Loan Modification, Conventional, FHA, VA
Full doc / Stated Income, No MI Programs ....
No / Low Closing Cost Option
Low Down Payment (3.5% only)
First Time Homebuyers Get $8,000 Tax Credit
(FHA Program Available only up to December 2009)
*Free Consultation *Free Pre-qualification
*Free Pre-approval *Even Free appraisal
(Reimbursed after the closing)
Call 847-933-9404
We speak English, Hindi, Punjabi, Gujarati & Malyalam
Guardian Financial Mortgage, Inc.
An Illinois Residential Mortgagee Licensee MB0005054

ੴ ਸਤਿਗੁਰ ਪ੍ਰਸਾਦਿ

ਜਗਤ ਜਲੰਦਾ ਰਾਖ ਲੈ ਆਪਣੀ ਕਿਰਪਾ ਧਾਰਿ॥

## ਸਿੱਖ ਪੰਥ ਦੇ ਬਾਨੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਪ੍ਰਕਾਸ਼ ਪੁਰਬ ਮੌਕੇ ਹਿਊਸਟਨ 'ਚ ਤੀਜੀ ਵਾਰ ਵਿਸ਼ਵ ਸ਼ਾਂਤੀ ਲਈ

# ਮਹਾਨ ਨਗਰ ਕੀਰਤਨ

**ਸਨਿਚਰਵਾਰ 17 ਅਕਤੂਬਰ, 2009**

ਜੋਨਜ਼ ਪਲਾਜ਼ਾ, 600 ਲੁਸਿਆਨਾ,
ਹਿਊਸਟਨ, ਟੈਕਸਸ 77002









### ਪ੍ਰੋਗਰਾਮ

ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਸ਼ਬਦ ਕੀਰਤਨ ਅਤੇ ਪੰਥਕ ਵਿਚਾਰਾਂ
ਬਾਅਦ ਦੁਪਹਿਰ 1:30 ਤੋਂ ਸ਼ਾਮ 4:00 ਵਜੇ ਤੱਕ ਨਗਰ ਕੀਰਤਨ (ਡਾਊਨ ਟਾਊਨ ਹਿਊਸਟਨ)

### Organizing Committee

**Chairman:** S. Hira Singh Chamdal
(832) 434-7740
Gurdwara Sahib of Houston, Breen Road

**Vice Chairman:** Dr. Kanwaljit Singh
(281) 536-0830 Sikh National Center

**Secretary:** Dr. Tejendra Singh Gill
(832) 215-6939
Gurdwara Sahib of Southwest Houston

**Stage Secratary:** S. Gurminder Singh
(281) 894-5513 Sikh Center of Gulf Coast

**Press & Publicity:** S. Kabul Singh
(Jas Punjabi) (281) 222-6951
Nanaksar Gurdwara

**Parade Coordinators:**
S. Kulwant Singh Nagra
(925) 260-4747
Sikh Center of Southeast Texas
S. Kewal Singh
(832) 860-9401 Ravidas Temple

*ਭਾਈ ਗੁਰਸ਼ਰਨ ਸਿੰਘ ਦੇ ਮੀਰੀ ਪੀਰੀ ਗਤਕਾ ਦਲ ਦੇ ਵਾਲੰਟੀਅਰ ਗਤਕੇ ਦੇ ਜੌਹਰ ਵਿਖਾਉਣਗੇ। *ਗੁਰੂ ਕਾ ਲੰਗਰ ਅਤੁੱਟ ਵਰਤੇਗਾ।

### Coordinators

| | |
|---|---|
| S. Amarjit Singh Birah (713) 530-1136 | S. Hardeep S. Munday (281) 725-3880 |
| S. Harjit Singh Galhotra (281) 830-5203 | Bhai Amar Singh (832) 633-5092 |
| S. Mandeep Singh Madhar (832) 527-0140 | S. Joginder Singh (409) 466-2004 |
| S. Sarabjit Singh Mand (713) 896-9827 | S. Naunihal Singh (832) 541-9136 |

ਲੰਗਰ ਸੇਵਾ ਲਈ ਸੰਪਰਕ ਕਰੋ:ਨਾਜਰ ਸਿੰਘ ਬਿਰ੍ਹਾ (832-606-1413), ਬਖਸ਼ੀਸ਼ ਸਿੰਘ ਜੋਸਨ (281-451-2173), ਡਾ. ਰਣਜੀਤ ਸਿੰਘ (832-232-1086)

## Sponsored by:The Sikh Community of Texas

Paid Parking on the Ground Floor of Jones Plaza, Entrence on Capitol Street (On the Right)

**Ad Sponsored by: Pinglia Investment of TX LLC**
**Sumer Singh Pinglia Ph: 832-277-6232**

# ਸੰਪਾਦਕ ਦਾ ਪੁੱਤ ਵੇਚਦਾ ਫੜਿਆ ਮੁੰਡੇ ਜੰਮਣ ਦੀ ਦਵਾਈ

**ਟਰਾਂਟੋ :** ਇਥੋਂ ਦੇ ਇਕ ਸਿਰਕੱਢ ਹਫਤਾਵਾਰੀ ਪੰਜਾਬੀ ਅਖਬਾਰ ਦੇ ਸੰਪਾਦਕ ਦਾ ਪੁੱਤਰ ਮੁੰਡਾ ਜੰਮਣ ਦੀ ਗਰੰਟੀ ਵਾਲੀਆਂ ਗੋਲੀਆਂ ਵੇਚਦਾ ਖੁਦ ਇਕ ਅਖਬਾਰ ਦੀ ਸੁਰਖੀ ਬਣ ਗਿਆ। ਇਸ ਮਾਮਲੇ ਨੇ ਪੂਰੇ ਟਰਾਂਟੋ 'ਚ ਤਰਥੱਲੀ ਮਚਾ ਦਿੱਤੀ ਹੈ। ਇਨ੍ਹਾਂ ਲੋਕਾਂ ਦਾ ਚਿਹਰਾ ਨੰਗਾ ਕਰਨ 'ਚ ਇਥੋਂ ਦੇ ਇਕ ਅੰਗਰੇਜ਼ੀ ਅਖਬਾਰ ਨੇ ਅਹਿਮ ਭੂਮਿਕਾ ਨਿਭਾਈ ਹੈ।

ਰੋਜ਼ਾਨਾ ਅੰਗਰੇਜ਼ੀ ਅਖਬਾਰ 'ਟਰਾਂਟੋ ਸਟਾਰ' ਦੀ ਖੁਫੀਆ ਪੱਤਰਕਾਰ ਜੋ ਖੁਦ ਇੱਕ ਗਰਭਵਤੀ ਔਰਤ ਬਣ ਕੇ ਉਕਤ ਵਿਅਕਤੀ ਕੋਲ ਗਈ ਸੀ, ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਜਦ ਉਸ ਨੇ ਮਿਸੀਸਾਗਾ ਦੇ ਪੰਜਾਬੀ ਅਖਬਾਰ 'ਅਜੀਤ ਵੀਕਲੀ' ਵਿਚ ਛਪੇ ਇਸ਼ਤਿਹਾਰ 'ਚ ਦਿੱਤੇ ਨੰਬਰ 'ਤੇ ਸੰਪਰਕ ਕੀਤਾ ਤਾਂ ਉਸ ਨੂੰ 85 ਫੀਸਦੀ ਮੁੰਡਾ ਹੋਣ ਦੀ ਦਵਾਈ ਦੇਣ ਦਾ ਦਾਅਵਾ ਕੀਤਾ ਗਿਆ ਅਤੇ 750 ਡਾਲਰ ਨਕਦ ਲਿਆਉਣ ਨੂੰ ਕਿਹਾ ਗਿਆ। ਦੱਸੇ ਪਤੇ 'ਤੇ ਅਖਬਾਰ ਦੇ ਦਫਤਰ ਦੇ ਮੂਹਰੇ ਪਹੁੰਚਣ 'ਤੇ ਉਸ ਨੂੰ ਇਕ ਵਿਅਕਤੀ, (ਕੰਵਲ ਬੈਂਸ) ਨੇ ਲਾਲ ਭੂਰੇ ਅਤੇ ਸਿਲਵਰ ਰੰਗ ਦੀਆਂ ਗੋਲੀਆਂ ਦਿੰਦਿਆਂ ਕਿਹਾ ਕਿ ਗਰੰਟੀ 100 ਫੀਸਦੀ ਨਹੀਂ ਹੋ ਸਕਦੀ ਅਤੇ ਇਹ ਵੀ ਤਾਕੀਦ ਕੀਤੀ ਕਿ ਔਰਤ 12 ਹਫਤੇ ਤੋਂ ਘੱਟ ਗਰਭਵਤੀ ਹੋਣੀ ਚਾਹੀਦੀ ਹੈ। ਬਾਅਦ 'ਚ ਮੁਆਇਨੇ ਅਤੇ ਤਸੱਲੀ ਲਈ ਉਸ ਨੇ ਕਿਸੇ ਕਲੀਨਿਕ ਦਾ ਪਤਾ ਵੀ ਮੁਹੱਈਆ ਕੀਤਾ। ਕੰਵਲ ਬੈਂਸ ਅਜੀਤ ਵੀਕਲੀ ਦੇ ਸੰਪਾਦਕ ਪ੍ਰੋ. ਦਰਸ਼ਨ ਸਿੰਘ ਦਾ ਸਪੁੱਤਰ ਅਤੇ ਅਖਬਾਰ ਦਾ ਨਿਊਜ਼ ਐਡੀਟਰ ਵੀ ਹੈ। ਬੈਂਸ ਨੇ ਕਿਹਾ ਕਿ ਮੁਆਇਨੇ 'ਚ ਕੁੜੀ ਆਉਣ ਦੀ ਸੂਰਤ 'ਚ ਔਰਤ ਭਰੂਣ ਦੇ ਭਵਿੱਖ ਦਾ ਫੈਸਲਾ ਆਪ ਕਰੇਗੀ।

ਸਿਹਤ ਸੇਵਾਵਾਂ ਦੇ ਪੰਜਾਬੀ ਭਾਈਚਾਰੇ ਦੇ ਵਿੰਗ ਦੇ ਡਾਇਰੈਕਟਰ ਬਲਦੇਵ ਸਿੰਘ ਅਨੁਸਾਰ ਇਥੇ ਰਹਿੰਦੇ ਏਸ਼ੀਆਈ ਅਤੇ ਖਾਸ ਕਰ ਪੰਜਾਬੀ ਲੋਕਾਂ 'ਚ ਮੁੰਡਿਆਂ ਦੀ ਲਾਲਸਾ ਜ਼ਿਆਦਾ ਉੱਭਰ ਰਹੀ ਹੈ ਜੋ ਕਈ ਵਾਰ ਸਹੁਰਿਆਂ ਵਲੋਂ ਨੂੰਹਾਂ 'ਤੇ ਪਾਏ ਜਾਂਦੇ ਦਬਾਅ ਕਾਰਨ ਵੀ ਵਾਪਰਦਾ ਹੈ। ਇਹ ਏਜੰਸੀ ਬਹੁਤ ਸਾਰੀਆਂ ਸਮਾਜੀ ਅਤੇ ਪਰਿਵਾਰਕ ਸਮੱਸਿਆਵਾਂ ਵਿਚ ਉਲਝੀਆਂ ਅਤੇ ਦੁਖੀ ਔਰਤਾਂ ਦੇ ਇਲਾਜ ਦੀ ਕੋਸ਼ਿਸ਼ ਲਈ ਬਣਾਈ ਗਈ ਹੈ।

2006 ਵਿਚ ਬਰਤਾਨਵੀ ਖੋਜ ਮੈਗਜ਼ੀਨ 'ਚ ਛਪੀ ਰਿਪੋਰਟ ਅਨੁਸਾਰ ਅਲਟਰਾਸਾਊਂਡ ਤਕਨਾਲੋਜੀ ਆਉਣ ਮਗਰੋਂ ਮੁੰਡੇ ਅਤੇ ਕੁੜੀ ਦੇ ਅਨੁਪਾਤ 'ਚ ਭਾਰੀ ਫਰਕ ਆਇਆ ਹੈ ਹਾਲਾਂਕਿ ਇਹ ਤਕਨਾਲੋਜੀ ਗਰਭ ਵਿਚ ਪਲ ਰਹੇ ਬੱਚੇ ਦੀ ਸਿਹਤ ਅਤੇ ਸਰੀਰਕ ਨੁਕਸਾਂ ਬਾਰੇ ਅਗਾਊਂ ਪਤਾ ਕਰਨ ਹਿੱਤ ਚੱਲੀ ਸੀ ਪਰ ਲੋਕਾਂ ਨੇ ਮੁੰਡੇ ਅਤੇ ਕੁੜੀ ਲੱਭਣ ਲਈ ਵਰਤਣਾ ਸ਼ੁਰੂ ਕਰ ਦਿੱਤਾ। 1994 ਵਿਚ ਲਿੰਗ ਦੇ ਆਧਾਰ 'ਤੇ ਗਰਭ ਗਿਰਾਉਣ 'ਤੇ ਰੋਕ ਲੱਗਣ ਦੇ ਬਾਵਜੂਦ 1991 ਤੋਂ 2001 ਦੇ ਵਿਚਾਲੇ 1000 ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਦਰ 927 'ਤੇ ਆ ਗਈ। ਭਾਰਤ ਦੀ 2001 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ 'ਚ ਇਹ ਲਿੰਗ ਅਨੁਪਾਤ ਸਭ ਤੋਂ ਮਾੜਾ ਆਇਆ ਜਦ 1000 ਮੁੰਡੇ ਮਗਰ ਸਿਰਫ 793 ਕੁੜੀਆਂ ਹੀ ਰਹਿ ਗਈਆਂ।

ਕੈਨੇਡਾ 'ਚ ਬੇਸ਼ਕ ਅਜਿਹੇ ਲਿੰਗ ਆਧਾਰਤ ਅੰਕੜੇ ਨਹੀਂ ਰੱਖੇ ਜਾਂਦੇ ਪਰ ਕਿਉਂਕਿ ਇੱਥੇ 10 ਲੱਖ ਤੋਂ ਵੱਧ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਇਸ ਕਰਕੇ ਇਥੇ ਵੀ ਲਿੰਗ ਅਨੁਪਾਤ 'ਚ ਫਰਕ ਸਪਸ਼ਟ ਨਜ਼ਰ ਆ ਰਿਹਾ ਹੈ। 2006 ਦੀ ਮਰਦਮਸ਼ੁਮਾਰੀ ਵਿਚ ਸਪਸ਼ਟ ਹੁੰਦਾ ਹੈ ਕਿ ਕੌਮੀ ਪੱਧਰ 'ਤੇ ਦੱਖਣੀ ਏਸ਼ੀਆਈ ਲੋਕਾਂ ਵਿਚ, 1000 ਮੁੰਡਿਆਂ ਪਿੱਛੇ 932 ਕੁੜੀਆਂ ਹੀ ਸਨ ਜਦੋਂਕਿ ਬਾਕੀ ਲੋਕਾਂ 'ਚ ਇਹ ਦਰ 1000 ਪਿੱਛੇ 953 ਨਿਕਲੀ ਸੀ। ਟਰਾਂਟੋ ਵਿਚ ਵਸਦੇ ਦੇਸੀ ਭਾਈਚਾਰੇ ਵਿਚ ਇਸ ਦਰ 'ਚ ਹੋਰ ਫਰਕ ਪਿਆ ਜਿਥੇ 1000 ਪਿੱਛੇ 917 ਤੇ ਪੰਜਾਬੀਆਂ ਦੇ ਗੜ੍ਹ ਬਰੈਂਪਟਨ 'ਚ ਇਹ ਦਰ 1000 ਪਿੱਛੇ 864 ਕੁੜੀਆਂ 'ਤੇ ਪਹੁੰਚੀ ਹੋਈ ਹੈ।

ਕੈਨੇਡਾ ਦੇ ਕਾਨੂੰਨ ਅਨੁਸਾਰ ਕਿਸੇ ਵੀ ਮਰੀਜ਼ ਨੂੰ ਆਪਣੀ ਸਾਰੀ ਹਿਸਟਰੀ ਜਾਂ ਸਿਹਤ ਜਾਣਕਾਰੀ ਮੰਗਣ ਅਤੇ ਰੱਖਣ ਦਾ ਹੱਕ ਹੈ। ਗਾਇਨੇਕਾਲੋਜਿਸਟਸ ਸੁਸਾਇਟੀ ਦੇ ਨਿਯਮਾਂ ਮੁਤਾਬਕ ਜੇ ਭਰੂਣ ਤੰਦਰੁਸਤ ਹੈ ਤਾਂ ਇਸ ਦੇ ਲਿੰਗ ਬਾਰੇ ਛਾਣਬੀਣ ਨਹੀਂ ਕੀਤੀ ਜਾਂਦੀ। ਅਜਿਹਾ ਤਾਂ ਕਰਕੇ ਹੈ ਕਿ ਔਰਤਾਂ ਆਪਣੀ ਮਨਚਾਹੀ ਔਲਾਦ ਲੈਣ ਦੇ ਮਾਰੇ ਗਰਭਪਾਤ ਨਾ ਕਰਵਾ ਦੇਣ। ਆਮ ਤੌਰ 'ਤੇ ਲੈਬਾਰਟਰੀਆਂ 'ਚ ਕੀਤੇ ਜਾਂਦੇ ਸਕੈਨ ਵਿਚ 16ਵੇਂ ਜਾਂ 18ਵੇਂ ਹਫਤੇ ਤੱਕ ਲਿੰਗ ਦਾ ਪਤਾ ਲੱਗ ਸਕਦਾ ਹੈ ਪਰ ਨਿਯਮ ਅਤੇ ਕਾਨੂੰਨ ਸਿਰਫ ਲਿੰਗ ਜਾਣਨ ਲਈ ਹੀ ਸਕੈਨ ਕਰਨ ਨੂੰ ਰੋਕਦਾ ਹੈ।

ਟੋਰਾਂਟੋ ਦੇ ਪੰਜਾਬੀ ਮੀਡੀਆ 'ਚ ਇਸ ਮਾਮਲੇ ਵਿਚ ਧੜੇਬੰਦੀ ਹੈ। ਇੱਕ ਧੜਾ ਠੱਗ ਬਾਬਿਆਂ, ਧਾਗੇ ਤਵੀਤਾਂ, ਕਾਲੇ ਜਾਦੂ ਅਤੇ ਵਹਿਮਾਂ ਭਰਮਾਂ ਤੋਂ ਲੈ ਕੇ ਮਰਦਾਨਾ ਸੈਕਸ ਅਤੇ ਸ਼ਰਤੀਆਂ ਮੁੰਡੇ ਪੈਦਾ ਕਰਨ ਦੇ ਦਾਅਵਿਆਂ ਵਾਲੇ ਇਸ਼ਤਿਹਾਰਾਂ ਉੱਤੇ ਨਿਰਭਰ ਹੈ ਜਦੋਂਕਿ ਦੂਜੇ ਧੜਾ ਵਾਲਾ ਇਸ਼ਤਿਹਾਰਾਂ ਉੱਤੇ ਨਿਰਭਰ ਹੈ ਜਦੋਂ ਕਿ ਦੂਜਾ ਧੜਾ ਇਨ੍ਹਾਂ ਮੀਡੀਆਕਾਰਾਂ ਨੂੰ ਲੋਕਾਂ 'ਚ ਨਰੋਈ ਜਾਣਕਾਰੀ ਦੇਣ ਦੇ ਹੱਕ 'ਚ ਤੇ ਸਮਾਜ ਵਿਚ ਕੋਹੜ ਫੈਲਾਉਣ ਕਾਰਨ ਵਿਰੋਧ ਵਿਚ ਖੜ੍ਹਾ ਹੈ। ਬਹੁਤ ਵੱਡੀ ਲੋਕ ਗਿਣਤੀ ਬਾਬਿਆਂ, ਕਾਲੇ ਜਾਦੂ ਵਾਲੇ ਇਸ਼ਤਿਹਾਰਾਂ ਵਾਲਿਆਂ ਨੂੰ ਕੋਸਦੀ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਦੀ ਵਿਕਰੀ ਅਤੇ ਸਰੋਤਿਆਂ 'ਚ ਕੋਈ ਫਰਕ ਨਹੀਂ ਦਿਖ ਰਿਹਾ।



*ਟੋਰਾਂਟੋ ਸਟਾਰ ਦੀ ਰਿਪੋਰਟਰ ਰਵੀਨਾ ਔਲਖ ਕੰਵਲ ਤੋਂ ਦਵਾਈ ਲੈਂਦੀ ਹੋਈ (ਤਸਵੀਰ:ਟੋਰਾਂਟੋ ਸਟਾਰ ਤੋਂ ਧੰਨਵਾਦ ਸਹਿਤ)*

# ਰੀਨੋ ਦੀ 16 ਸਾਲਾ ਲਾਪਤਾ ਕੁੜੀ ਇੰਡੀਆਨਾ 'ਚ ਜੀਜੇ ਪਾਸ ਮਿਲੀ

**ਰੀਨੋ, ਨੇਵਾਡਾ:** ਇਥੋਂ ਦਾ ਪੰਜਾਬੀ ਅਤੇ ਸਿੱਖ ਭਾਈਚਾਰਾ ਜੋ ਕਿ 30 ਸਤੰਬਰ ਨੂੰ ਇਕ 16 ਸਾਲਾ ਲੜਕੀ ਕਰਮਜੀਤ ਦੇ ਲਾਪਤਾ ਹੋਣ ਤੋਂ ਸਨਸਨੀ ਵਿਚ ਡੁੱਬਿਆ ਹੋਇਆ ਸੀ, ਉਸ ਵੇਲੇ ਸੁੰਨ ਹੋ ਗਿਆ ਜਦੋਂ ਇਹ ਪਤਾ ਲੱਗਾ ਕਿ ਲੜਕੀ ਤਾਂ ਆਪਣੇ ਜੀਜੇ (29 ਸਾਲਾ) ਪਰਵਿੰਦਰ ਸਿੰਘ ਨਾਲ ਸ਼ਿਕਾਗੋ ਨਜ਼ਦੀਕ ਮੈਰੀਵਿਲ (ਇੰਡੀਆਨਾ) ਦੀ ਇਕ ਮੋਟਲ ਤੋਂ ਬਰਾਮਦ ਹੋਈ ਹੈ। ਪਰਵਿੰਦਰ ਦੀ ਪਤਨੀ ਯਾਨਿ ਕਰਮਜੀਤ ਦੀ ਵੱਡੀ ਭੈਣ ਗਰਭਵਤੀ ਹੋਣ ਕਰਕੇ ਪੇਕੀਂ ਆਈ ਹੋਈ ਹੈ।

ਰੀਨੋ ਪੁਲਿਸ ਦੇ ਇਕ ਬੁਲਾਰੇ ਲੈਫਟੀਨੈਂਟ ਮਾਈਕ ਵਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਜਿਹੇ ਕੋਈ ਸਬੂਤ ਨਹੀਂ ਮਿਲੇ ਕਿ ਲੜਕੀ ਨੂੰ ਜ਼ਬਰਦਸਤੀ ਲਿਜਾਇਆ ਗਿਆ ਹੋਵੇ। ਇਸ ਜੋੜੀ ਨੂੰ ਸੋਮਵਾਰ ਮੈਰੀਵਿਲ ਦੇ ਇਕ ਹੋਟਲ ਤੋਂ ਬਰਾਮਦ ਕੀਤਾ ਗਿਆ। ਸ੍ਰੀ ਵਾਨ ਨੇ ਕਿਹਾ ਕਿ ਇਸ ਗੱਲ ਦੇ ਕੋਈ ਸਬੂਤ ਨਹੀਂ ਮਿਲੇ ਕਿ ਲੜਕੀ ਦੇ ਆਪਣੇ ਜੀਜੇ ਨਾਲ ਕੋਈ ਸਰੀਰਕ ਸਬੰਧ ਸਨ। ਲੜਕੀ ਨੇ ਇੰਡੀਆਨਾ ਵਿਚ ਪੁਲਿਸ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਆਪਣੇ ਘਰ ਵਾਪਸ ਨਹੀਂ ਜਾਣਾ ਚਾਹੁੰਦੀ ਅਤੇ ਇਥੇ ਇੰਡੀਆਨਾ ਹੀ ਰਹਿਣਾ ਚਾਹੁੰਦੀ ਹੈ।



*ਕਰਮਜੀਤ*

ਜਦੋਂ ਸ੍ਰੀ ਵਾਨ ਨੂੰ ਪੁੱਛਿਆ ਗਿਆ ਕਿ ਕੀ ਰੀਨੋ ਪੁਲਿਸ ਪਰਵਿੰਦਰ ਸਿੰਘ ਤੋਂ ਪੁੱਛਗਿੱਛ ਕਰੇਗੀ ਤਾਂ ਸ੍ਰੀ ਵਾਨ ਨੇ ਕਿਹਾ ਕਿ ਉਸ ਵਿਰੁਧ ਕੋਈ ਦੋਸ਼ ਆਇਦ ਨਹੀਂ ਕੀਤੇ ਗਏ ਅਤੇ ਅਧਿਕਾਰੀ ਫੈਡਰਲ ਅਤੇ ਸਟੇਟ ਚਾਰਜ ਲਾਉਣ ਬਾਰੇ ਸੋਚ ਰਹੇ ਹਨ। ਵਾਨ ਨੇ ਦੱਸਿਆ ਕਿ ਜਦੋਂ ਕਰਮਜੀਤ ਰੀਨੋ ਵਾਪਸ ਪਰਤੇਗੀ ਤਾਂ ਉਸ ਤੋਂ ਪੁੱਛਗਿੱਛ ਕੀਤੀ ਜਾਵੇਗੀ। ਇਥੇ ਜ਼ਿਕਰਯੋਗ ਹੈ ਕਿ ਤਿੰਨ ਦਿਨ ਤੱਕ ਕਰਮਜੀਤ ਦਾ ਪਤਾ ਨਾ ਲੱਗਣ 'ਤੇ ਪੁਲਿਸ ਨੂੰ ਐਫ.ਬੀ.ਆਈ. ਦੀ ਮਦਦ ਲੈਣੀ ਪਈ ਸੀ। ਨੇਵਾਡਾ ਵਿਚ ਸਰੀਰਕ ਸਬੰਧਾਂ ਦੀ ਸਹਿਮਤੀ ਵਾਸਤੇ ਉਮਰ 16 ਸਾਲ ਹੈ ਜਦੋਂ ਕਿ ਬਾਕੀ ਦੇਸ਼ ਵਿਚ 18 ਸਾਲ। ਐਫ ਬੀ ਆਈ ਏਜੰਟ ਜੌਸਫ ਡਿੱਕੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਤੱਥਾਂ ਦੀ ਪੜਤਾਲ ਕਰ ਰਹੇ ਹਾਂ।

ਪਰਵਿੰਦਰ ਸਿੰਘ ਲੜਕੀ ਦੇ ਗੁੰਮ ਹੋਣ ਤੋਂ ਕੁਝ ਦਿਨ ਪਹਿਲਾਂ ਆਪਣੇ ਸਹੁਰੇ ਗਿਆ ਸੀ ਅਤੇ ਉਥੋਂ ਵਾਪਸ ਆਉਣ ਲਈ ਉਸ ਦਾ ਸਹੁਰਾ ਉਸ ਨੂੰ ਹਵਾਈ ਅੱਡੇ 'ਤੇ ਵੀ ਛੱਡ ਕੇ ਆਇਆ ਪਰ ਸ੍ਰੀ ਵਾਨ ਅਨੁਸਾਰ ਪਰਵਿੰਦਰ ਸਿੰਘ ਹਵਾਈ ਜਹਾਜ਼ ਵਿਚ ਚੜ੍ਹਨ ਦੀ ਥਾਂ ਉਥੋਂ ਟੈਕਸੀ ਲੈ ਕੇ ਵਾਪਸ ਪਰਤ ਆਇਆ ਅਤੇ ਕੁੜੀ ਨੂੰ ਮਿਲਦਾ ਰਿਹਾ। ਲੜਕੀ 30 ਸਤੰਬਰ ਨੂੰ ਘਰੋਂ ਸਾਈਕਲ 'ਤੇ ਬਾਹਰ ਖੇਡਣ ਲਈ ਨਿਕਲੀ ਪਰ ਘਰ ਨਾ ਪਰਤੀ। ਉਸ ਦਾ ਸਾਈਕਲ ਬਾਅਦ ਵਿਚ ਕੁਝ ਬੱਚਿਆਂ ਨੂੰ ਸਕੂਲ ਨੇੜੇ ਮਿਲਿਆ। ਕੁੜੀ ਦੇ ਸਕੂਲ ਦੇ ਵਿਦਿਆਰਥੀਆਂ ਨੇ ਪੁਲਿਸ ਨੂੰ ਪੁੱਛ ਪੜਤਾਲ ਸਮੇਂ ਦੱਸਿਆ ਕਿ ਪਰਵਿੰਦਰ ਸਿੰਘ ਵਰਗਾ ਕੋਈ ਬੰਦਾ ਕਰਮਜੀਤ ਨੂੰ ਮਿਲਣ ਆਉਂਦਾ ਸੀ। ਇਥੋਂ ਹੀ ਪੁਲਿਸ ਨੇ ਸੂਹ ਫੜ੍ਹ ਲਈ।

# ਹਿਊਸਟਨ ਦੇ ਨਗਰ ਕੀਰਤਨ ਲਈ ਸਭ ਤਿਆਰੀਆਂ ਮੁਕੰਮਲ

**ਹਿਊਸਟਨ, ਟੈਕਸਸ (ਪੰਜਾਬ ਟਾਈਮਜ਼ ਬਿਊਰੋ):** ਹਿਊਸਟਨ ਦੇ ਸਮੂਹ ਗੁਰਦੁਆਰਾ ਸਾਹਿਬਾਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 546ਵੇਂ ਪ੍ਰਕਾਸ਼ ਪੁਰਬ ਮੌਕੇ ਹਿਊਸਟਨ ਵਿਚ ਤੀਜੀ ਵਾਰ ਕੀਤੇ ਜਾ ਰਹੇ ਨਗਰ ਕੀਰਤਨ ਲਈ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਨਗਰ ਕੀਰਤਨ ਵਿਚ ਗੁਰਦੁਆਰਾ ਬਰੀਨ ਰੋਡ, ਸਿੱਖ ਨੈਸ਼ਨਲ ਸੈਂਟਰ, ਗੁਰਦੁਆਰਾ ਸਾਹਿਬ ਸਾਊਥ-ਵੈਸਟ ਹਿਊਸਟਨ, ਸਿੱਖ ਸੈਂਟਰ ਆਫ ਗਲਫ ਕੋਸਟ, ਗੁਰਦੁਆਰਾ ਨਾਨਕਸਰ, ਸਿੱਖ ਸੈਂਟਰ ਸਾਊਥ-ਈਸਟ ਟੈਕਸਸ ਅਤੇ ਗੁਰਦੁਆਰਾ ਰਵਿਦਾਸ ਟੈਂਪਲ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਸਾਂਝੇ ਤੌਰ 'ਤੇ ਕੀਤਾ ਜਾ ਰਿਹਾ ਹੈ।

ਨਗਰ ਕੀਰਤਨ ਦਾ ਪ੍ਰੋਗਰਾਮ ਸਨਿਚਰਵਾਰ 17 ਅਕਤੂਬਰ ਨੂੰ ਜੌਹਨਜ਼ ਪਲਾਜ਼ਾ, ਹਿਊਸਟਨ ਵਿਖੇ ਅਰੰਭ ਹੋਵੇਗਾ। ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ ਸ਼ਬਦ ਕੀਰਤਨ ਅਤੇ ਪੰਥਕ ਵਿਚਾਰਾਂ ਹੋਣਗੀਆਂ। ਉਸ ਉਪਰੰਤ ਬਾਅਦ ਦੁਪਹਿਰ 1:30 ਤੋਂ 4 ਵਜੇ ਤੱਕ ਨਗਰ ਕੀਰਤਨ ਡਾਊਨ ਟਾਊਨ ਹਿਊਸਟਨ ਵਿਚ ਕੀਤਾ ਜਾਵੇਗਾ। ਇਸ ਮੌਕੇ ਭਾਈ ਗੁਰਸ਼ਰਨ ਸਿੰਘ ਦੇ ਮੀਰੀ ਪੀਰੀ ਗਤਕਾ ਦਲ ਦੇ ਵਾਲੰਟੀਅਰ ਗਤਕੇ ਦੇ ਜੌਹਰ ਵਿਖਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਹੀਰਾ ਸਿੰਘ ਚਮਦਲ (832-434-7740), ਡਾ. ਕੰਵਲਜੀਤ ਸਿੰਘ (281-536-0830), ਡਾ. ਤੇਜਿੰਦਰ ਸਿੰਘ ਗਿੱਲ (832-215-6939), ਗੁਰਮਿੰਦਰ ਸਿੰਘ (281-894-5513), ਕਾਬਲ ਸਿੰਘ (281-222-6951), ਕੁਲਵੰਤ ਸਿੰਘ ਨਾਗਰਾ (925-260-4747), ਕੇਵਲ ਸਿੰਘ (832-860-9401) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਪੰਜਾਬ ਦੀ ਆਵਾਜ਼' ਸ਼ੋਅ ਰੱਦ

**ਹਿਊਸਟਨ, ਟੈਕਸਸ (ਪੱਤਰ ਪ੍ਰੇਰਕ):** ਇਥੇ 9 ਅਕਤੂਬਰ ਨੂੰ ਪੰਜਾਬ ਐਂਟਰਟੇਨਮੈਂਟ ਕਲੱਬ ਵਲੋਂ ਪੇਸ਼ ਕੀਤਾ ਜਾਣ ਵਾਲਾ 'ਪੰਜਾਬ ਦੀ ਆਵਾਜ਼' ਪ੍ਰੋਗਰਾਮ ਵੀਜ਼ੇ ਦੀ ਅੜਿੱਚਣ ਆ ਜਾਣ ਕਾਰਨ ਰੱਦ ਹੋ ਗਿਆ ਹੈ। ਇਹੋ ਪ੍ਰੋਗਰਾਮ 10 ਅਕਤੂਬਰ ਨੂੰ ਇੰਡੀਅਨਐਪੋਲਿਸ ਵਿਚ ਵੀ ਹੋਣਾ ਸੀ ਹੁਣ ਇਹ ਉਥੇ ਵੀ ਨਹੀਂ ਹੋ ਸਕੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ੋਅ ਦੇ ਪ੍ਰੋਮੋਟਰ ਸ੍ਰੀ ਲਖਵੀਰ ਜੌਹਲ ਨੇ ਦੱਸਿਆ ਕਿ ਹੁਣ ਇਹ ਪ੍ਰੋਗਰਾਮ ਅਗਲੇ ਸਾਲ ਵਿਸਾਖੀ ਦੇ ਆਸ ਪਾਸ ਕਰਵਾਇਆ ਜਾਵੇਗਾ। ਸ੍ਰੀ ਜੌਹਲ ਨੇ ਪੰਜਾਬੀ ਸਰੋਤਿਆਂ ਤੋਂ ਖਿਮਾ ਮੰਗਦਿਆਂ ਆਖਿਆ ਕਿ ਸਭ ਕਾਗਜ਼-ਪੱਤਰ ਪੂਰੇ ਹੋਣ ਦੇ ਬਾਵਜੂਦ ਕਲਾਕਾਰਾਂ ਨੂੰ ਵੀਜ਼ਾ ਨਾ ਮਿਲਣ ਕਰਕੇ ਉਨ੍ਹਾਂ ਨੂੰ ਖੁਦ ਬੜੀ ਨਿਰਾਸ਼ਾ ਹੋਈ ਹੈ। ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਵਿਚ ਲਖਵਿੰਦਰ ਵਡਾਲੀ, ਰਾਜ ਬਰਾੜ, ਪਰਮਜੀਤ ਪੰਮਾ, ਕਾਲਾ ਨਿਜ਼ਾਮਪੁਰੀ, ਜਗਦੇਵ ਮਾਨ, ਗੀਤਾ, ਦੀਪਕ ਢਿੱਲੋਂ ਅਤੇ ਕਾਮੇਡੀਅਨ ਭੋਟੂ ਸ਼ਾਹ ਤੇ ਕਾਕੇ ਸ਼ਾਹ ਨੇ ਆਉਣਾ ਸੀ। ਹੋਰ ਜਾਣਕਾਰੀ ਸ੍ਰੀ ਜੌਹਲ ਪਾਸੋਂ ਫੋਨ 718-610-9799 ਤੋਂ ਹਾਸਲ ਕੀਤੀ ਜਾ ਸਕਦੀ ਹੈ।

*Visit us on the web:*
***punjabtimesusa.com***
***To Advertise with us call:***
***847-359-0746***

# ਹਰਨਾਮ ਸਿੰਘ ਧੁੰਮਾ ਨੇ ਮੰਨਿਆ, 'ਦਸਮ ਗ੍ਰੰਥ' ਦਾ ਵੱਡਾ ਹਿੱਸਾ ਗੁਰੂ ਕ੍ਰਿਤ ਨਹੀਂ

**ਕੋਟਕਪੂਰਾ :** ਵਿਦੇਸ਼ੀ ਵਿਦਵਾਨਾਂ ਨੇ ਤਖ਼ਤਾਂ ਦੇ ਮੁੱਖ ਸੇਵਾਦਾਰ ਸਮੇਤ ਉਨ੍ਹਾਂ ਸਾਰੇ ਸੱਜਣਾਂ ਨੂੰ ਬੇਨਤੀ ਕੀਤੀ ਹੈ, ਜੋ ਬਿਨਾ ਕਿਸੇ ਦਲੀਲ ਦੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਸਾਬਤ ਕਰਨ ਦਾ ਅਸਫਲ ਯਤਨ ਕਰ ਰਹੇ ਹਨ ਕਿ ਉਹ ਵੀ ਭਾਈ ਹਰਨਾਮ ਸਿੰਘ ਧੁੰਮਾ ਦੇ ਬਿਆਨ ਤੋਂ ਸੇਧ ਲੈਣ ਤਾਂ ਕਿ ਇਸ ਮਾਮਲੇ ਦਾ ਸਦੀਵੀ ਹੱਲ ਕੀਤਾ ਜਾ ਸਕੇ। ਭਾਈ ਹਰਨਾਮ ਸਿੰਘ ਦੇ ਬਿਆਨ ਮੁਤਾਬਕ ਗਿਆਨ ਪ੍ਰਬੋਧ, ਚੌਬੀਸ ਅਵਤਾਰ, ਰਾਮਾ ਅਵਤਾਰ ਅਤੇ ਚਰਿਤਰੋ ਪਖਿਆਨ ਆਦਿ ਰਚਨਾਵਾਂ ਹਿੰਦੂ ਮਿਥਿਹਾਸਕ ਗ੍ਰੰਥਾਂ ਦਾ ਅਨੁਵਾਦ ਹਨ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਲਗਭਗ 1160 ਪੰਨੇ ਤਾਂ ਗੁਰੂ ਜੀ ਦੀ ਰਚਨਾ ਨਹੀਂ ਹਨ ਕਿਉਂਕਿ ਅਨੁਵਾਦ ਕਰਨ ਜਾਂ ਕਰਵਾਉਣ ਵਾਲਾ ਉਸ ਰਚਨਾ ਦਾ ਕਰਤਾ ਨਹੀਂ ਹੁੰਦਾ। ਪੁਰਾਤਨ ਹਿੰਦੂ ਮਿਥਿਹਾਸਕ ਗ੍ਰੰਥਾਂ ਦੀ ਖੋਜ ਕਰ ਕੇ ਸ. ਦਲਬੀਰ ਸਿੰਘ ਫ਼ਰੀਦਾਬਾਦ ਨੇ ਵੀ ਸਾਬਤ ਕੀਤਾ ਹੈ ਕਿ ਇਹ ਪੁਰਾਤਨ ਹਿੰਦੂ ਗਰੰਥਾਂ ਦਾ ਉਤਾਰਾ ਹੀ ਹੈ।

ਵਿਦੇਸ਼ੀ ਵਿਦਵਾਨਾਂ ਅਨੁਸਾਰ ਹੁਣ ਸਾਡੇ ਕੋਲ ਸਿਰਫ 278 ਕੁ ਪੰਨੇ ਹੀ ਬਾਕੀ ਬਚਦੇ ਹਨ, ਜਿਨ੍ਹਾਂ ਬਾਰੇ ਸਾਨੂੰ ਪੜਚੋਲ ਕਰਨ ਦੀ ਲੋੜ ਹੈ।

## ਚੁਤਾਲੀ ਏਕੜ ਜ਼ਮੀਨ ਹਵਾਈ ਅੱਡੇ ਨੂੰ ਦਿੱਤੀ

**ਅੰਮ੍ਰਿਤਸਰ:** ਕੌਮਾਂਤਰੀ ਏਅਰਪੋਰਟ ਰਾਜਾਸਾਂਸੀ ਅੰਮ੍ਰਿਤਸਰ ਦੇ ਵਿਕਾਸ ਕਾਰਜਾਂ ਵਾਸਤੇ ਪੰਜਾਬ ਸਰਕਾਰ ਵਲੋਂ 44 ਏਕੜ ਜ਼ਮੀਨ ਏਅਰਪੋਰਟ ਅਥਾਰਟੀ ਭਾਰਤ ਸਰਕਾਰ ਨੂੰ ਦਿੱਤੀ ਗਈ ਹੈ।

ਇਸ ਜ਼ਮੀਨ ਦੇ ਜ਼ਰੂਰੀ ਕਾਗਜ਼ਾਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕਾਹਨ ਸਿੰਘ ਪੰਨੂੰ ਨੇ ਏਅਰਪੋਰਟ ਦੇ ਡਾਇਰੈਕਟਰ ਚਿਨਸਨ ਵੀ ਐਸ ਪਾਨਾਕਾਲ ਨੂੰ ਸੌਂਪੇ। ਕਾਗਜ਼ਾਤ ਸੌਂਪਣ ਤੋਂ ਬਾਅਦ ਸ੍ਰ. ਪੰਨੂੰ ਨੇ ਦੱਸਿਆ ਕਿ ਇਸ 44 ਏਕੜ ਜ਼ਮੀਨ ਵਿਚੋਂ ਇਕ ਏਕੜ ਜ਼ਮੀਨ ਕਮਰਸ਼ੀਅਲ ਮਕਸਦਾਂ ਲਈ ਵਰਤੀ ਜਾਵੇਗੀ।



# ਡੇਰਾ ਸੱਚਾ ਸੌਦਾ ਤੇ ਸਿੱਖ ਜਥੇਬੰਦੀਆਂ ਮੁੜ ਭਿੜੀਆਂ

**ਰਾਮਪੁਰਾ ਫੂਲ :** ਪਿੰਡ ਮਹਿਰਾਜ ਵਿਚ ਉਦੋਂ ਸਥਿਤੀ ਤਣਾਅਪੂਰਨ ਹੋ ਗਈ ਜਦੋਂ ਲੰਘੀ 4 ਅਕਤੂਬਰ ਨੂੰ ਨਾਮ ਚਰਚਾ ਕਰਨ ਲਈ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਵਲੋਂ ਪ੍ਰਬੰਧ ਕੀਤੇ ਜਾ ਰਹੇ ਸਨ, ਜਿਸ ਦੀ ਭਿਣਕ ਸਿੱਖ ਜਥੇਬੰਦੀਆਂ ਨੂੰ ਲੱਗੀ ਤਾਂ ਦੋਹਾਂ ਧਿਰਾਂ ਵਿਚ ਤਿੱਖੀਆਂ ਝੜਪਾਂ ਹੋਈਆਂ, ਖੂਬ ਇੱਟਾਂ-ਰੋੜੇ ਅਤੇ ਡਾਂਗਾਂ ਚੱਲੀਆਂ, ਜਿਸ ਵਿਚ ਦੋ ਡੇਰਾ ਪੈਰੋਕਾਰ ਜ਼ਖ਼ਮੀ ਹੋ ਗਏ ਅਤੇ ਇਕ ਜਾਂ ਦੋ ਵਿਅਕਤੀਆਂ ਦੇ ਮਾਮੂਲੀ ਸੱਟਾਂ ਲੱਗੀਆਂ। ਇਸ ਸਮੇਂ ਡੇਰਾ ਪੈਰੋਕਾਰਾਂ ਦੀਆਂ ਦੋ ਗੱਡੀਆਂ ਰੋਹ ਵਿਚ ਆਏ ਲੋਕਾਂ ਨੇ ਭੰਨ ਦਿੱਤੀਆਂ ਅਤੇ ਲੱਗਿਆ ਟੈਂਟ ਵੀ ਉਖਾੜ ਦਿੱਤਾ। ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਮੁਤਾਬਕ ਪਿੰਡ ਮਹਿਰਾਜ ਦੀ ਮੰਡੀ ਵਿਚ ਡੇਰਾ ਸਿਰਸਾ ਵਲੋਂ ਬਲਾਕ ਪੱਧਰੀ ਨਾਮ ਚਰਚਾ ਕਰਵਾਉਣ ਦਾ ਸਮਾਗਮ ਰੱਖਿਆ ਹੋਇਆ ਸੀ, ਜਿਸ ਬਾਰੇ ਡੇਰੇ ਦੀ ਸੱਤ ਮੈਂਬਰੀ ਕਮੇਟੀ ਨੇ ਬਕਾਇਦਾ ਸਬ-ਡਵੀਜ਼ਨਲ ਮੈਜਿਸਟਰੇਟ ਤੋਂ ਮਨਜ਼ੂਰੀ ਲਈ ਹੋਈ ਸੀ, ਪ੍ਰੰਤੂ ਜਦੋਂ ਸਵੇਰੇ ਕਰੀਬ ਸਵਾ ਅੱਠ ਵਜੇ ਡੇਰਾ ਪੈਰੋਕਾਰਾਂ ਵਲੋਂ ਪ੍ਰਬੰਧ ਕੀਤੇ ਜਾ ਰਹੇ ਸਨ ਤਾਂ ਇਸ ਮੌਕੇ ਵੱਡੀ ਗਿਣਤੀ ਵਿਚ ਸਿੱਖ ਕਾਰਕੁੰਨਾਂ ਨੇ ਨਾਮ ਚਰਚਾ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦਾ ਵਿਰੋਧ ਅੱਗੋਂ ਡੇਰਾ ਪੈਰੋਕਾਰਾਂ ਨੇ ਵੀ ਕਰਨਾ ਸ਼ੁਰੂ ਕਰ ਦਿੱਤਾ ਤਾਂ ਦੋਹਾਂ ਧਿਰਾਂ ਵਿਚ ਜਮ ਕੇ ਲੜਾਈ ਹੋਈ। ਸਥਿਤੀ ਵਿਗੜਦੀ ਦੇਖ ਕੇ ਵੱਡੀ ਗਿਣਤੀ ਵਿਚ ਪੰਜਾਬ ਪੁਲਿਸ ਅਤੇ ਕਮਾਂਡੋ ਪੁਲਿਸ ਦੇ ਜਵਾਨ ਸਥਿਤੀ ਨੂੰ ਕਾਬੂ ਕਰਨ ਵਿਚ ਜੁਟ ਗਏ। ਇਸ ਮਾਮਲੇ ਸਬੰਧੀ ਥਾਣਾ ਮੁਖੀ ਨੇ ਦੱਸਿਆ ਕਿ ਡੇਰਾ ਪ੍ਰੇਮੀਆਂ ਅਤੇ ਸਿੱਖ ਕਾਰਕੁੰਨਾਂ ਬਾਬਾ ਹਰਦੀਪ ਸਿੰਘ ਖਾਲਸਾ, ਰਣਜੀਤ ਸਿੰਘ, ਚਰਨ ਸਿੰਘ ਮੈਨੇਜਰ ਖਿਲਾਫ਼ ਮੁਕੱਦਮਾ ਦਰਜ ਕੀਤਾ ਹੈ।

## ਟੰਡਨ ਵਲੋਂ ਚਿੰਤਾ ਪ੍ਰਗਟ

ਇਸ ਦੌਰਾਨ ਸੱਚਾ ਸੌਦਾ ਅਤੇ ਸਿੱਖ ਜਥੇਬੰਦੀਆਂ ਦੇ ਆਪਸੀ ਟਕਰਾਅ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਸ੍ਰੀ ਬਲਰਾਮਜੀ ਦਾਸ ਟੰਡਨ ਨੇ ਕਿਹਾ ਹੈ ਕਿ ਭਾਰਤ ਦੇ ਵਿਧਾਨ ਮੁਤਾਬਕ ਹਰੇਕ ਧਰਮ ਅਤੇ ਮਤ ਨੂੰ ਪ੍ਰਚਾਰ ਕਰਨ ਦਾ ਹੱਕ ਹੈ ਅਤੇ ਸਰਕਾਰ ਵਲੋਂ ਹਰ ਕਿਸਮ ਦੀ ਸੁਰੱਖਿਆ ਪ੍ਰਦਾਨ ਕਰਨਾ ਉਸ ਦਾ ਫਰਜ਼ ਹੈ। ਇਕ ਪ੍ਰੈੱਸ ਬਿਆਨ ਵਿਚ ਸ੍ਰੀ ਟੰਡਨ ਨੇ ਬਠਿੰਡਾ ਜ਼ਿਲੇ ਦੇ ਮਹਿਰਾਜ ਪਿੰਡ ਵਿਚ ਡੇਰਾ ਪ੍ਰੇਮੀਆਂ ਅਤੇ ਏਕ ਨੂਰ ਖਾਲਸਾ ਫੌਜ ਅਤੇ ਅਕਾਲੀ ਦਲ ਪੰਚ ਪ੍ਰਧਾਨੀ ਵਿਚਕਾਰ ਹੋਏ ਝਗੜੇ ਦੀ ਨਿੰਦਾ ਕੀਤੀ। ਉਨ੍ਹਾਂ ਸਰਕਾਰ ਸਣੇ ਪੁਲਿਸ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ। ਸ੍ਰੀ ਟੰਡਨ ਨੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾਵੇ ਤਾਂ ਕਿ ਪੰਜਾਬ ਵਿਚ ਅਮਨ-ਸ਼ਾਂਤੀ ਕਾਇਮ ਰੱਖੀ ਜਾ ਸਕੇ।



ਸ੍ਰੀ ਬਲਰਾਮਜੀ ਦਾਸ ਟੰਡਨ ਨੇ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਘੇਸਲ ਨਹੀਂ ਮਾਰਨੀ ਚਾਹੀਦੀ। ਜੇ ਇਨ੍ਹਾਂ ਨੇ ਸਿੱਖ ਜਥੇਬੰਦੀਆਂ ਨੂੰ ਨਾ ਰੋਕਿਆ ਤਾਂ ਪੰਜਾਬ ਵਿਚ ਮੁੜ ਅੱਤਵਾਦ ਫੈਲ ਸਕਦਾ ਹੈ। ਸ੍ਰੀ ਟੰਡਨ ਨੇ ਕਿਹਾ ਕਿ ਸਰਕਾਰ ਅਤੇ ਅਕਾਲ ਤਖ਼ਤ ਦੋਵੇਂ ਅੱਡ-ਅੱਡ ਹਨ ਪਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਹਰ ਧਰਮ ਅਤੇ ਕਿਸੇ ਵੀ ਮਤ ਦੇ ਪ੍ਰਚਾਰ ਨੂੰ ਪੂਰੀ ਸੁਰੱਖਿਆ ਦੇਵੇ।

# ਕੈਪਟਨ ਕੰਵਲਜੀਤ ਦੀ ਹਾਦਸੇ ਵਿਚ ਮੌਤ ਬਾਰੇ ਜਾਂਚ ਅੱਧ ਵਿਚਕਾਰ ਲਟਕੀ

## ਫੌਰੈਂਸਿਕ ਰਿਪੋਰਟ ਵਿਚ ਡਰਾਈਵਰ ਦੋਸ਼ੀ



**ਚੰਡੀਗੜ੍ਹ:** ਕੈਪਟਨ ਕੰਵਲਜੀਤ ਸਿੰਘ ਦੀ ਸੜਕ ਹਾਦਸੇ 'ਚ ਹੋਈ ਮੌਤ ਦੀ ਮੈਜਿਸਟਰੇਟੀ ਜਾਂਚ ਦੇ ਕਿਸੇ ਤਣ ਪੱਤਣ ਨਾ ਲੱਗਣ ਨੇ ਰਾਜਨੀਤਕ ਹਲਕਿਆਂ 'ਚ ਰਹੱਸ ਪੈਦਾ ਕਰ ਦਿੱਤਾ ਹੈ। ਤਤਕਾਲੀਨ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਨੇ ਪਟਿਆਲਾ ਡਿਵੀਜ਼ਨ ਦੇ ਕਮਿਸ਼ਨਰ ਜਸਬੀਰ ਸਿੰਘ ਬੀਰ ਨੂੰ ਇਸ ਹਾਦਸੇ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਭਰੋਸੇਯੋਗ ਸੂਤਰਾਂ ਅਨੁਸਾਰ ਮੈਜਿਸਟਰੇਟੀ ਜਾਂਚ ਦੀ ਮੁਕੰਮਲ ਰਿਪੋਰਟ ਅਜੇ ਤੱਕ ਸਰਕਾਰ ਨੂੰ ਨਹੀਂ ਸੌਂਪੀ ਗਈ। ਦਰਅਸਲ ਮੈਜਿਸਟਰੇਟੀ ਜਾਂਚ ਮੁਢਲੇ ਪੜਾਅ ਤੋਂ ਅੱਗੇ ਹੀ ਨਹੀਂ ਤੁਰੀ। ਦੂਜੇ ਪਾਸੇ ਪੰਜਾਬ ਪੁਲੀਸ ਵਲੋਂ ਫੌਰੈਂਸਿਕ ਮਾਹਿਰਾਂ ਤੋਂ ਕਰਾਈ ਜਾਂਚ ਨੇ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਇੱਕ ਹਾਦਸੇ 'ਚ ਹੋਣ ਅਤੇ ਉਨ੍ਹਾਂ ਦੀ ਨਿੱਜੀ ਕਾਰ ਦੇ ਡਰਾਈਵਰ ਵਲੋਂ ਅਣਗਹਿਲੀ ਵਰਤਣ ਅਤੇ ਤੇਜ਼ ਰਫਤਾਰ ਨਾਲ ਕਾਰ ਚਲਾਉਣ ਦਾ ਸਿੱਟਾ ਕੱਢਿਆ ਹੈ।

ਫੌਰੈਂਸਿਕ ਰਿਪੋਰਟ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਮਹੱਤਵਪੂਰਨ ਵਿਅਕਤੀਆਂ ਦੀਆਂ ਕਾਰਾਂ ਦੇ ਡਰਾਈਵਰਾਂ ਵਲੋਂ ਤੇਜ਼ ਰਫ਼ਤਾਰ ਨਾਲ ਕਾਰਾਂ ਚਲਾਉਣਾ ਜਿੱਥੇ ਆਮ ਲੋਕਾਂ ਲਈ ਖ਼ਤਰੇ ਤੋਂ ਖਾਲੀ ਨਹੀਂ, ਉੱਥੇ ਕਾਰ 'ਚ ਸਵਾਰ ਮਹੱਤਵਪੂਰਨ ਵਿਅਕਤੀਆਂ ਲਈ ਵੀ ਖਤਰਨਾਕ ਹੋ ਸਕਦਾ ਹੈ।

ਮੈਜਿਸਟਰੇਟੀ ਜਾਂਚ ਦੇ ਹੁਕਮਾਂ ਤੋਂ ਬਾਅਦ ਇੱਕ ਦਫ਼ਾ ਤਾਂ ਸ੍ਰੀ ਜਸਬੀਰ ਸਿੰਘ ਬੀਰ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕਰਕੇ ਅਤੇ ਹਾਦਸੇ ਦੇ ਮੁਢਲੇ ਕਾਰਨਾਂ ਬਾਰੇ ਤੱਥ ਇਕੱਤਰ ਕਰਕੇ ਮੁੱਢਲੀ ਰਿਪੋਰਟ ਸਰਕਾਰ ਨੂੰ ਦੇ ਦਿੱਤੀ ਸੀ। ਇਸ ਤੋਂ ਬਾਅਦ ਕੀ ਹੋਇਆ, ਇਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ।

ਮੁੱਖ ਸਕੱਤਰ ਪੰਜਾਬ ਦੇ ਦਫਤਰ ਨੂੰ ਵੀ ਇਸ ਰਿਪੋਰਟ ਬਾਰੇ ਕੋਈ ਜਾਣਕਾਰੀ ਨਹੀਂ ਹੈ। ਤਕਰੀਬਨ 6 ਮਹੀਨਿਆਂ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਰਿਪੋਰਟ ਜਨਤਕ ਨਾ ਹੋਣ ਕਾਰਨ ਮਰਹੂਮ ਮੰਤਰੀ ਦੇ ਵਾਰਿਸਾਂ ਨੂੰ ਵੀ ਉਹ ਤਸੱਲੀ ਨਹੀਂ ਮਿਲ ਰਹੀ ਕਿ ਸਰਕਾਰ ਮਰਹੂਮ ਸਹਿਕਾਰਤਾ ਮੰਤਰੀ ਦੀ ਮੌਤ ਨਾਲ ਜੁੜੇ ਤੱਥਾਂ ਨੂੰ ਜਾਣਨ ਲਈ ਸੰਜੀਦਾ ਹੈ। ਸੂਤਰਾਂ ਮੁਤਾਬਕ ਸਵਰਗੀ ਮੰਤਰੀ ਦੀ ਸਪੁੱਤਰੀ ਮਨਪ੍ਰੀਤ ਕੌਰ ਡੌਲੀ ਨੇ ਪਟਿਆਲਾ ਡਿਵੀਜ਼ਨ ਦੇ ਕਮਿਸ਼ਨਰ ਤੋਂ ਰਿਪੋਰਟ ਬਾਰੇ ਜਾਨਣਾ ਚਾਹਿਆ ਤਾਂ ਉਨ੍ਹਾਂ ਨੂੰ ਕੋਈ ਤਸੱਲੀਬਖ਼ਸ਼ ਜਵਾਬ ਨਾ ਮਿਲਿਆ। ਇਸ 'ਤੇ ਉਨ੍ਹਾਂ ਨੇ ਮੁਹਾਲੀ ਦੇ ਜ਼ਿਲਾ ਪੁਲੀਸ ਮੁਖੀ ਨਾਲ ਵੀ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਸਵਰਗੀ ਮੰਤਰੀ ਦੀ ਧੀ ਨੂੰ ਇਸ 'ਚ ਵੀ ਸਫਲਤਾ ਨਾ ਮਿਲ ਸਕੀ। ਡੌਲੀ ਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਦਸੇ ਦੀ ਰਿਪੋਰਟ ਬਾਰੇ ਅਜੇ ਤੱਕ ਪਰਿਵਾਰ ਨੂੰ ਹੈਰਾਨੀ ਜ਼ਰੂਰ ਹੈ ਕਿ ਪ੍ਰਸ਼ਾਸਨ ਨੇ ਇੱਕ ਵੱਡੇ ਰਾਜਸੀ ਆਗੂ ਦੀ ਹਾਦਸੇ 'ਚ ਹੋਈ ਮੌਤ ਨੂੰ ਗੰਭੀਰਤਾ ਨਾਲ ਕਿਉਂ ਨਹੀਂ ਲਿਆ। ਪੰਜਾਬ ਪੁਲੀਸ ਨੇ ਇਸ ਹਾਦਸੇ ਦੀ ਫੌਰੈਂਸਿਕ ਜਾਂਚ ਲਈ ਕਾਰ ਅਤੇ ਟਰੱਕ ਦੇ ਕੁੱਲ 13 ਸੈਂਪਲ ਭੇਜੇ ਸਨ, ਜਿਸ 'ਚ ਕਾਰ ਦੇ ਸ਼ੀਸ਼ੇ, ਟਰੱਕ ਦੀਆਂ ਕਮਾਨੀਆਂ, ਨੰਬਰ ਪਲੇਟਾਂ, ਰੰਗ ਆਦਿ ਸ਼ਾਮਲ ਸਨ। ਮਾਹਿਰਾਂ ਨੇ ਇਸ ਦੀ ਜਾਂਚ ਕਰਕੇ ਸਿੱਟਾ ਕੱਢਿਆ ਹੈ ਕਿ ਜਿਸ ਇਲੈਂਟਰਾ ਕਾਰ (ਸੀ.ਐਚ. 03 ਐਸ-0074) 'ਚ ਕੈਪਟਨ ਕੰਵਲਜੀਤ ਸਿੰਘ ਸਵਾਰ ਸਨ, ਉਹ ਤੇਜ਼ ਰਫ਼ਤਾਰ ਨਾਲ ਆ ਰਹੀ ਸੀ। ਇਹ ਕਾਰ ਡਰਾਈਵਰ ਦੇ ਕੰਟਰੋਲ ਤੋਂ ਬਾਹਰ ਹੋ ਕੇ ਪਹਿਲਾਂ ਇੱਕ ਟਰੱਕ ਦੇ ਪਾਸੇ ਨਾਲ ਟਕਰਾਈ ਤੇ ਫਿਰ ਦੂਜੇ ਟਰੱਕ ਨਾਲ ਟਕਰਾ ਗਈ।

ਇਸ ਦੇ ਸਿੱਟੇ ਵਜੋਂ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਹੋ ਗਈ। ਫੌਰੈਂਸਿਕ ਰਿਪੋਰਟ ਮੁਤਾਬਕ ਤਾਂ ਇਹ ਘਟਨਾ ਇੱਕ ਸੜਕ ਹਾਦਸਾ ਹੀ ਸੀ। ਜ਼ਿਕਰਯੋਗ ਹੈ ਕਿ ਇਸੇ ਸਾਲ 29 ਮਾਰਚ ਨੂੰ ਖਰੜ ਨੇੜੇ ਇੱਕ ਭਿਆਨਕ ਸੜਕ ਹਾਦਸੇ 'ਚ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਹੋ ਗਈ ਸੀ।

# ਬਟਾਲਾ ਸ਼ਹਿਰ : ਦੋ ਦਿਨਾਂ ਵਿਚ 31 ਲੱਖ ਦੇ ਡਾਕੇ ਵੱਜੇ

**ਬਟਾਲਾ :** ਬਟਾਲਾ ਪੁਲਿਸ ਦੀ ਕਾਰਗੁਜ਼ਾਰੀ ਉਸ ਸਮੇਂ ਸ਼ੱਕ ਦੇ ਘੇਰੇ ਵਿਚ ਆ ਗਈ ਜਦੋਂ ਐਸਐਸਪੀ ਦਫ਼ਤਰ, ਥਾਣੇ, ਟ੍ਰੈਫ਼ਿਕ ਪੁਲਿਸ ਦੇ ਦਫ਼ਤਰ ਤੇ ਨਾਕੇ ਨੇੜਿਓਂ ਚੋਰ ਚੋਰੀ ਦੀ ਘਟਨਾ ਨੂੰ ਅੰਜਾਮ ਦੇ ਕੇ ਬੜੀ ਆਸਾਨੀ ਨਾਲ ਫ਼ਰਾਰ ਹੋ ਗਏ। ਇਸ ਤਰ੍ਹਾਂ ਦੀ ਇਹ ਦੋ ਦਿਨਾਂ ਦੇ ਅੰਦਰ-ਅੰਦਰ ਦੂਜੀ ਘਟਨਾ ਹੈ, ਜਿਸ ਨੇ ਪੁਲਿਸ ਦੀ ਸੁਸਤ ਕਾਰਜਪ੍ਰਣਾਲੀ ਨੂੰ ਸਭ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬੀਤੀ 3 ਅਕਤੂਬਰ ਨੂੰ ਵੀ ਬਟਾਲੇ ਤੋਂ 23 ਲੱਖ ਰੁਪਏ ਦਾ ਬੈਗ ਗਾਇਬ ਹੋ ਗਿਆ ਸੀ। ਬੀਤੀ 4 ਅਕਤੂਬਰ ਦੀ ਘਟਨਾ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਸਥਾਨਕ ਬੱਸ ਅੱਡੇ ਦੇ ਬਿਲਕੁਲ ਸਾਹਮਣੇ ਸਿਵਲ ਲਾਈਨ ਤੋਂ ਕਰੀਬ 10 ਮੀਟਰ ਦੂਰ ਖਹਿਰਾ ਮੈਡੀਕਲ ਸਟੋਰ, ਜਿਸ ਦਾ ਮਾਲਕ ਮਨੀ ਟਰਾਂਸਫਰ ਦਾ ਕੰਮ ਵੀ ਕਰਦਾ ਹੈ, ਦੀ ਦੁਕਾਨ ਤੋਂ ਚੋਰ 8 ਲੱਖ ਦੀ ਨਕਦੀ ਲੈ ਕੇ ਫ਼ਰਾਰ ਹੋ ਗਏ। ਇਸ ਬਾਰੇ ਦੁਕਾਨ ਦੇ ਮਾਲਕ ਕੁਲਦੀਪ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਿਸਰਪੁਰ ਨੇ ਦੱਸਿਆ ਕਿ ਬੀਤੀ 4 ਅਕਤੂਬਰ ਨੂੰ ਉਹ ਰੋਜ਼ਾਨਾ ਵਾਂਗ ਆਪਣੀ ਦੁਕਾਨ ਬੰਦ ਕਰਕੇ ਆਪਣੇ ਪਿੰਡ ਚਲਾ ਗਿਆ ਸੀ ਤੇ ਸਵੇਰੇ ਉਸਦੇ ਗੁਆਂਢੀ ਨੇ ਹੀ ਉਸ ਨੂੰ ਫੋਨ 'ਤੇ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ। ਗੁਆਂਢੀ ਨੇ ਫੋਨ 'ਤੇ ਦੱਸਿਆ ਕਿ ਉਸਦੀ ਦੁਕਾਨ ਦੇ ਤਾਲੇ ਟੁੱਟੇ ਹੋਏ ਹਨ ਤੇ ਸਾਰਾ ਸਾਮਾਨ ਖਿਲਰਿਆ ਪਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਬਟਾਲਾ ਦੇ ਨਵ ਨਿਯੁਕਤ ਐਸ ਐਸ ਪੀ ਦਿਨੇਸ਼ ਪ੍ਰਤਾਪ ਸਿੰਘ ਨੇ ਐਸਪੀ ਵਿਪਨ ਕੁਮਾਰ ਚੌਧਰੀ, ਡੀਐਸਪੀ ਸਿਟੀ ਅਤੇ ਥਾਣਾ ਸਿਟੀ ਦੇ ਐਸਐਚਓ ਅਰਵਿੰਦਰ ਸਿੰਘ ਸਮੇਤ ਮੌਕੇ 'ਤੇ ਪਹੁੰਚ ਕੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ। ਇਸ ਸਬੰਧ ਵਿਚ ਪੁਲਿਸ ਨੇ ਮੁਕੱਦਮਾ ਦਰਜ ਕਰ ਲਿਆ ਹੈ।

## ਕਿਸਾਨ ਜੋੜੇ ਵਲੋਂ ਖੁਦਕੁਸ਼ੀ

**ਰਾਮਪੁਰਾ ਫੂਲ :** ਪੰਜਾਬ ਦੇ ਕਿਸਾਨਾਂ 'ਚ ਕਰਜ਼ੇ ਕਾਰਨ ਖੁਦਕੁਸ਼ੀਆਂ ਦਾ ਰੁਝਾਨ ਰੁਕਣ ਦੀ ਬਜਾਏ ਦਿਨੋਂ-ਦਿਨ ਵਧ ਰਿਹਾ ਹੈ। ਬੀਤੀ 5 ਅਕਤੂਬਰ ਨੂੰ ਪਿੰਡ ਭੂੰਦੜ ਦੇ ਕਿਸਾਨ ਗੁਰਦੇਵ ਸਿੰਘ ਉਰਫ਼ ਲੀਲਾ ਸਿੰਘ (68) ਤੇ ਉਸਦੀ ਪਤਨੀ ਸੁਰਜੀਤ ਕੌਰ (65) ਵਲੋਂ ਸਲਫਾਸ ਖਾ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਪਿਛਲੇ ਕਈ ਸਾਲਾਂ ਤੋਂ ਉਕਤ ਕਿਸਾਨ ਪਿੰਡ ਭੂੰਦੜ ਆ ਕੇ ਠੇਕੇ 'ਤੇ ਜ਼ਮੀਨ ਲੈ ਕੇ ਇਥੇ ਹੀ ਖੇਤੀ ਕਰ ਰਿਹਾ ਸੀ।

## ਤਖ਼ਤਗੜ੍ਹ ਗੋਲੀ ਕਾਂਡ 'ਚ ਵਰਤੀ ਰਾਈਫ਼ਲ ਬਰਾਮਦ

**ਤਖ਼ਤਗੜ੍ਹ :** ਬੀਤੇ ਦਿਨੀਂ ਤਖ਼ਤਗੜ੍ਹ 'ਚ ਵਾਪਰੇ ਗੋਲੀਕਾਂਡ 'ਚ ਇਸਤੇਮਾਲ ਕੀਤੀ ਗਈ ਰਾਈਫਲ ਜਿਸ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਬੀਤੀ 4 ਅਕਤੂਬਰ ਨੂੰ ਨੂਰਪੁਰਬੇਦੀ ਪੁਲਿਸ ਵਲੋਂ ਕਥਿਤ ਦੋਸ਼ੀ ਮਨਪ੍ਰੀਤ ਸਿੰਘ ਉਰਫ਼ ਮਨੀ ਪੁੱਤਰ ਗੁਰਨਾਮ ਸਿੰਘ ਭੱਟੋਂ ਦੀ ਸ਼ਨਾਖ਼ਤ 'ਤੇ ਬਰਾਮਦ ਕਰ ਲਈ ਗਈ।

ਨੂਰਪੁਰਬੇਦੀ ਦੇ ਐਸ ਐਚ ਓ ਦਲਜੀਤ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਨੇ ਘਟਨਾ ਦੌਰਾਨ ਵਰਤੀ ਡਬਲ ਬੈਰਲ 32 ਬੋਰ ਦੀ ਰਾਈਫਲ ਤਖ਼ਤਗੜ੍ਹ ਤੋਂ ਭੱਟੋਂ ਨੂੰ ਜਾਂਦੇ ਅਤੇ ਪੈਂਦੇ ਆਪਣੇ ਖੇਤਾਂ 'ਚ ਇੱਕ ਬੋਰੀ 'ਚ ਲਪੇਟ ਕੇ ਰੱਖੀ ਹੋਈ ਸੀ, ਜਿਸ ਨੂੰ ਨੂਰਪੁਰਬੇਦੀ ਪੁਲਿਸ ਨੇ ਆਪਣੇ ਕਬਜ਼ੇ 'ਚ ਲੈ ਲਿਆ। ਜਦਕਿ ਇਹ ਸਪੱਸ਼ਟ ਨਹੀਂ ਹੈ ਕਿ ਇਹ ਰਾਈਫਲ ਕਿਸ ਦੀ ਹੈ। ਇਸ ਬਾਰੇ ਅਜੇ ਤੱਕ ਕਥਿਤ ਦੋਸ਼ੀ ਨੇ ਕੋਈ ਖੁਲਾਸਾ ਨਹੀਂ ਕੀਤਾ, ਜਿਸ ਸਬੰਧ 'ਚ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਦੋਸ਼ੀ ਤੇ ਉਸ ਦੇ ਸਾਥੀ 5 ਅਕਤੂਬਰ ਤੱਕ ਪੁਲਿਸ ਰਿਮਾਂਡ 'ਤੇ ਸਨ। ਉਨ੍ਹਾਂ ਨੂੰ ਮੁੜ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਤੇ ਹੋਰ ਪੁਲਿਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

# ਪੰਡਤ ਸ਼ਰਧਾ ਰਾਮ ਫਿਲੌਰੀ ਦੀ ਯਾਦ 'ਚ ਡਾਕ ਟਿਕਟ ਜਾਰੀ ਕਰਵਾਵਾਂਗੇ : ਮੁਨੀਸ਼ ਤਿਵਾੜੀ



**ਲੁਧਿਆਣਾ :** ਪੰਡਤ ਸ਼ਰਧਾ ਰਾਮ ਫਿਲੌਰੀ ਮੈਮੋਰੀਅਲ ਵੈਲਫੇਅਰ ਸੁਸਾਇਟੀ ਵਲੋਂ ਰਾਜ ਪੱਧਰ ਦਾ ਸਮਾਗਮ ਨਹਿਰੂ ਸਿਧਾਂਤ ਕੇਂਦਰ ਲੁਧਿਆਣਾ ਵਿਖੇ ਕਰਕੇ ਸ਼ਰਧਾ ਰਾਮ ਫਿਲੌਰੀ ਜੀ ਦਾ 172ਵਾਂ ਜਨਮ ਉਤਸਵ ਮਨਾਇਆ ਗਿਆ। ਮੁੱਖ ਮਹਿਮਾਨ ਦੇ ਤੌਰ 'ਤੇ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਪਹੁੰਚੇ। ਇਸ ਮੌਕੇ ਮਲਕੀਤ ਸਿੰਘ ਦਾਖਾ ਸਾਬਕਾ ਮੰਤਰੀ ਅਤੇ ਹਰਮੋਹਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੁੱਖ ਮਹਿਮਾਨ ਮੁਨੀਸ਼ ਤਿਵਾੜੀ ਨੇ ਕਿਹਾ ਕਿ ਕ੍ਰਿਸ਼ਨ ਕੁਮਾਰ ਬਾਵਾ ਨੇ ਪੰਡਤ ਸ਼ਰਧਾ ਰਾਮ ਫਿਲੌਰੀ ਯਾਦਗਾਰੀ ਸੰਸਥਾ ਬਣਾ ਕੇ ਮਹਾਨ ਦੇਸ਼ ਭਗਤ ਨੂੰ ਯਾਦ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਵਿਚ ਜੋ ਦੇਸ਼ ਭਗਤੀ ਦਾ ਜਜ਼ਬਾ ਸੀ, ਉਹ ਭਾਰਤੀਆਂ ਲਈ ਪ੍ਰੇਰਨਾ ਸਰੋਤ ਬਣਿਆ। ਉਨ੍ਹਾਂ ਕਿਹਾ ਕਿ ਸ੍ਰੀ ਬਾਵਾ ਨੇ ਜੋ ਕੇਂਦਰ ਸਰਕਾਰ ਤੋਂ ਟਿਕਟ ਜਾਰੀ ਕਰਵਾਉਣ ਦੀ ਮੰਗ ਕੀਤੀ ਹੈ, ਬਹੁਤ ਚੰਗੀ ਸੋਚ ਹੈ। ਉਨ੍ਹਾਂ ਕਿਹਾ ਕਿ ਮੈਂ ਸੰਚਾਰ ਮੰਤਰੀ ਨੂੰ ਮਿਲ ਕੇ ਟਿਕਟ ਜਾਰੀ ਕਰਵਾਂਵਾਗਾ।

# ਦੂਜਾ ਵਿਆਹ ਕਰਾਉਣ ਦੇ ਮਾਮਲੇ 'ਚ ਪਤੀ ਸਮੇਤ ਛੇ ਵਿਰੁਧ ਮਾਮਲਾ ਦਰਜ

**ਮੋਗਾ :** ਡਾਲਰਾਂ ਦੀ ਚਮਕ ਦੇ ਲਾਲਚ ਵਿਚ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਐਨ ਆਰ ਆਈ ਔਰਤ ਨਾਲ ਦੂਜਾ ਵਿਆਹ ਕਰਾਉਣ ਦੇ ਮਾਮਲੇ ਵਿਚ ਥਾਣਾ ਐਨ ਆਰ ਆਈ ਪੁਲਿਸ ਵਲੋਂ ਪਤੀ ਸਮੇਤ ਛੇ ਜਾਣਿਆਂ ਵਿਰੁੱਧ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਐਨ ਆਰ ਆਈ ਪਰਮਦੀਪ ਕੌਰ ਬਰਾੜ ਪੁੱਤਰੀ ਬਲਵੰਤ ਸਿੰਘ ਵਾਸੀ ਪਿੰਡ ਰੋਡੇ ਹਾਲ ਵਾਸੀ ਕੈਨੇਡਾ ਨੇ ਜ਼ਿਲ੍ਹਾ ਪੁਲਿਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਕਿਹਾ ਕਿ ਉਸ ਦਾ ਵਿਆਹ 25/12/05 ਨੂੰ ਗੁਰਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਦਾਰਾਪੁਰ ਜ਼ਿਲ੍ਹਾ ਮੋਗਾ ਨਾਲ ਧਾਰਮਿਕ ਰੀਤੀ ਰਿਵਾਜਾਂ ਨਾਲ ਹੋਇਆ ਸੀ। ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਮੁਤਾਬਕ ਦਹੇਜ ਦਿੱਤਾ ਸੀ। ਵਿਆਹ ਤੋਂ ਬਾਅਦ ਉਹ ਕੈਨੇਡਾ ਚਲੀ ਗਈ ਅਤੇ ਕਈ ਵਾਰ ਵਾਪਸ ਭਾਰਤ ਆਈ ਤੇ ਗੁਰਪ੍ਰੀਤ ਸਿੰਘ ਦੇ ਘਰ ਰਹੀ।

ਇਸ ਤੋਂ ਬਾਅਦ ਉਹ ਆਪਣੇ ਪਤੀ ਗੁਰਪ੍ਰੀਤ ਸਿੰਘ ਨੂੰ ਕੈਨੇਡਾ ਲੈ ਗਈ, ਜਿਸ 'ਤੇ ਉਸ ਦਾ ਲੱਖਾਂ ਰੁਪਏ ਖਰਚ ਆਇਆ। ਉਥੇ ਜਾਣ ਤੋਂ ਬਾਅਦ ਉਸ ਦਾ ਪਤੀ ਗੁਰਪ੍ਰੀਤ ਸਿੰਘ ਉਸ ਨੂੰ ਬਿਨਾਂ ਦੱਸੇ ਘਰ ਛੱਡ ਕੇ ਵਾਪਸ ਭਾਰਤ ਆ ਗਿਆ। ਜਦੋਂ ਉਸ ਦਾ ਆਪਣੇ ਪਤੀ ਨਾਲ ਸੰਪਰਕ ਨਾ ਹੋਇਆ ਤਾਂ ਉਹ ਉਹਦੇ ਪਿੱਛੇ ਭਾਰਤ ਆ ਗਈ। ਭਾਰਤ ਆ ਕੇ ਉਸ ਨੂੰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਸਾਲ 2003 ਵਿਚ ਪਹਿਲਾ ਮਨਪ੍ਰੀਤ ਕੌਰ ਵਾਸੀ ਕਾਲਖ ਜ਼ਿਲ੍ਹਾ ਲੁਧਿਆਣਾ ਨਾਲ ਵਿਆਹ ਹੋ ਚੁੱਕਿਆ ਹੈ। ਇਸ ਤਰ੍ਹਾਂ ਕਰਕੇ ਉਸ ਦੇ ਪਤੀ ਗੁਰਪ੍ਰੀਤ ਸਿੰਘ, ਰਣਜੀਤ ਕੌਰ ਸੱਸ, ਨਣਦਾਂ ਸੁਖਜੀਤ ਕੌਰ ਤੇ ਪਰਮਜੀਤ ਕੌਰ, ਦਵਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਸਾਰੇ ਵਾਸੀਆਨ ਦਾਰਾਪੁਰ ਨੇ ਕੈਨੇਡਾ ਜਾਣ ਦੀ ਲਾਲਸਾ ਵਿਚ ਉਸ ਨੂੰ ਬਿਨਾਂ ਦੱਸੇ ਅਤੇ ਆਪਣੀ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਉਸ ਨਾਲ ਵਿਆਹ ਕਰਾ ਕੇ ਸਾਜ਼ਿਸ਼ ਤਹਿਤ ਧੋਖਾਧੜੀ ਕੀਤੀ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆ ਇਸ ਦੀ ਜਾਂਚ ਸਬ ਇੰਸਪੈਕਟਰ ਬਲਵੰਤ ਸਿੰਘ ਨੂੰ ਸੌਂਪੀ। ਜਾਂਚ ਵਿਚ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਗਏ।

ਇਸ ਸਬੰਧ ਵਿਚ ਥਾਣਾ ਐਨ ਆਰ ਆਈ ਪੁਲਿਸ ਨੇ ਐਨ ਆਰ ਆਈ ਪਰਮਦੀਪ ਕੌਰ ਬਰਾੜ ਦੇ ਬਿਆਨਾਂ 'ਤੇ ਉਕਤ ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ, ਰਣਜੀਤ ਕੌਰ, ਸੁਖਜੀਤ ਕੌਰ, ਪਰਮਜੀਤ ਕੌਰ, ਬਲਜਿੰਦਰ ਸਿੰਘ ਵਿਰੁੱਧ ਅ/ਧ 420, 494, 406, 120-ਬੀ ਆਈ ਪੀ ਸੀ ਐਕਟ ਤਹਿਤ ਥਾਣਾ ਐਨ ਆਰ ਆਈ ਵਿਚ ਮੁਕੱਦਮਾ ਨੰਬਰ 11 ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਰਸਾ ਨਦੀ ਵਿਚ ਗੰਦਾ ਪਾਣੀ ਪਾਉਣ ਦਾ ਮਾਮਲਾ ਮਘਿਆ

**ਕਪੂਰਥਲਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੂੰ ਬੜੇ ਹੀ ਸਪਸ਼ਟ ਸ਼ਬਦਾਂ 'ਚ ਪੱਤਰ ਲਿਖਿਆ ਹੈ ਕਿ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਦੀਆਂ ਫੈਕਟਰੀਆਂ ਦਾ ਗੰਦਾ ਪਾਣੀ ਸਰਸਾ ਨਦੀ 'ਚ ਪੈ ਰਿਹਾ ਹੈ। ਸਰਸਾ ਨਦੀ ਦਾ ਪਾਣੀ ਅੱਗਿਓਂ ਜਾ ਕੇ ਸਤਲੁਜ ਦਰਿਆ 'ਚ ਪੈਂਦਾ ਹੈ ਜਿਸ ਨੂੰ ਲੋਕ ਪੀਂਦੇ ਹਨ। ਉਧਰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਬੜੇ ਹੀ ਪੁਖਤਾ ਸਬੂਤਾਂ ਨਾਲ ਇਹ ਗੱਲ ਕਹੀ ਹੈ ਕਿ ਹਿਮਾਚਲ ਪ੍ਰਦੇਸ਼ ਦੀ ਕਿਸੇ ਵੀ ਫੈਕਟਰੀ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਕਿਸੇ ਨਦੀ ਵਿਚ ਨਹੀਂ ਪੈਂਦਾ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵੀ ਦਾਅਵਾ ਕੀਤਾ ਹੈ ਕਿ ਉਹ ਹਿਮਾਚਲ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਈ ਵਾਰ ਇਸ ਗੱਲ ਦੀ ਸ਼ਿਕਾਇਤ ਕਰ ਚੁੱਕਾ ਹੈ ਪਰ ਉਹ ਮੰਨਣ ਨੂੰ ਤਿਆਰ ਨਹੀਂ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਇਸ ਮਸਲੇ ਦੇ ਹੱਲ ਲਈ ਪਹੁੰਚ ਕੀਤੀ ਹੈ।

ਪੰਜਾਬ ਦੀ ਇਤਿਹਾਸਕ ਨਦੀ ਸਰਸਾ 'ਚ ਨਾਲਾਗੜ੍ਹ (ਹਿਮਾਚਲ) ਦੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਪੈਣ 'ਤੇ ਪੰਜਾਬ ਨੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 7 ਜੁਲਾਈ 2009 ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੂੰ ਪੱਤਰ ਲਿਖਿਆ ਸੀ। ਮੁੱਖ ਮੰਤਰੀ ਸ੍ਰੀ ਬਾਦਲ ਨੇ ਆਪਣੇ ਪੱਤਰ 'ਚ ਬੜਾ ਸਪਸ਼ਟ ਲਿਖਿਆ ਹੈ ਕਿ ਹਿਮਾਚਲ ਪ੍ਰਦੇਸ਼ ਦੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਸਰਸਾ ਨਦੀ 'ਚ ਪੈ ਰਿਹਾ ਹੈ।

ਸ੍ਰੀ ਬਾਦਲ ਨੇ ਆਪਣੇ ਪੱਤਰ 'ਚ ਲਿਖਿਆ ਹੈ ਕਿ ਉਹ ਬੇਨਤੀ ਕਰਦੇ ਹਨ ਕਿ ਇਸ ਮਾਮਲੇ ਨੂੰ ਨਿੱਜੀ ਤੌਰ 'ਤੇ ਲੈਣ ਤੇ ਸਬੰਧਤ ਵਿਭਾਗ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਹਿਣ ਕਿ ਜ਼ਹਿਰੀਲਾ ਪਾਣੀ ਪਾਉਣ ਵਾਲੀਆਂ ਫੈਕਟਰੀਆਂ ਵਿਰੁਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਹਿਰੀਲਾ ਪਾਣੀ ਸਰਸਾ ਨਦੀ 'ਚ ਪੈਣ ਨਾਲ ਪੰਜਾਬ ਦੇ ਲੋਕਾਂ ਦੀ ਸਿਹਤ ਨਾਲ ਸਿੱਧਾ ਖਿਲਵਾੜ ਹੈ ਅਤੇ ਇਹ ਬਹੁਤ ਹੀ ਖਤਰਨਾਕ ਹੈ। ਇਸ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਰੋਕਿਆ ਜਾਵੇ।

ਪੰਜਾਬ ਦੇ ਮੁੱਖ ਮੰਤਰੀ ਦੀ ਇਸ ਚਿੱਠੀ ਦੇ ਜਵਾਬ 'ਚ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਬੜੇ ਦਾਅਵੇ ਨਾਲ ਇਹ ਗੱਲ ਕਹੀ ਹੈ ਕਿ ਹਿਮਾਚਲ ਪ੍ਰਦੇਸ਼ ਦੀ ਕਿਸੇ ਵੀ ਫੈਕਟਰੀ ਦਾ ਗੰਦਾ ਪਾਣੀ ਕਿਸੇ ਨਦੀ 'ਚ ਨਹੀਂ ਪੈਂਦਾ। ਸ੍ਰੀ ਧੂਮਲ ਨੇ ਇਹ ਪੱਤਰ 18 ਅਗਸਤ ਨੂੰ ਲਿਖਿਆ ਸੀ। ਉਨ੍ਹਾਂ ਆਪਣੇ ਪੱਤਰ 'ਚ ਲਿਖਿਆ ਹੈ ਕਿ ਹਿਮਾਚਲ ਦੇ ਬੱਦੀ, ਨਾਲਾਗੜ੍ਹ ਤੇ ਬਰੋਟੀਵਾਲਾ ਦੀਆਂ ਫੈਕਟਰੀਆਂ ਦਾ ਗੰਦਾ ਪਾਣੀ ਸਟੇਟ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਸਮੇਂ-ਸਮੇਂ ਸਿਰ ਜਾਂਚ ਕਰਦਾ ਰਹਿੰਦਾ ਹੈ। ਨਦੀਆਂ 'ਚ ਜਲਚਰ ਜੀਵਾਂ ਦਾ ਸਿਹਤਮੰਦ ਰਹਿਣਾ ਇਸ ਗੱਲ ਦਾ ਪੁਖਤਾ ਸਬੂਤ ਹੈ ਕਿ ਕਿਸੇ ਵੀ ਨਦੀ 'ਚ ਜ਼ਹਿਰੀਲਾ ਤੇ ਗੰਦਾ ਪਾਣੀ ਨਹੀਂ ਪੈਂਦਾ।

ਉਧਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਸ੍ਰੀ ਯੋਗੇਸ਼ ਗੋਇਲ ਨੇ ਦੱਸਿਆ ਕਿ ਬੋਰਡ ਨੇ ਕਈ ਵਾਰ ਹਿਮਾਚਲ ਪ੍ਰਦੇਸ਼ ਦੇ ਬੋਰਡ ਨੂੰ ਇਹ ਸ਼ਿਕਾਇਤ ਕੀਤੀ ਸੀ ਪਰ ਉਹ ਮੰਨਣ ਨੂੰ ਤਿਆਰ ਨਹੀਂ। ਹੁਣ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਪਹੁੰਚ ਕਰ ਕੇ ਇਹ ਗੱਲ ਕਹੀ ਗਈ ਹੈ ਕਿ ਦੋਹਾਂ ਸੂਬਿਆਂ ਦੇ ਬੋਰਡਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਇਸ ਬਾਰੇ ਪੁੱਛਿਆ ਜਾਵੇ।

ਇਥੇ ਜ਼ਿਕਰਯੋਗ ਹੈ ਕਿ ਦਰਿਆਵਾਂ ਵਿਚ ਪ੍ਰਦੂਸ਼ਣ ਦਾ ਮਾਮਲਾ ਵੀ ਹੁਣ ਇੰਟਰ ਸਟੇਟ ਮਾਮਲਾ ਬਣਨ ਲਗਾ ਹੈ। ਪੰਜਾਬ ਦਾ ਗੁਆਂਢੀ ਰਾਜਾਂ ਨਾਲ ਦਰਿਆਈ ਪਾਣੀ ਦੀ ਵੰਡ ਦਾ ਮਾਮਲਾ ਪਹਿਲਾਂ ਹੀ ਚਲ ਰਿਹਾ ਹੈ।

# ਆਪਣਾ ਘਰ ਖਰੀਦਣ ਵੱਲ ਤੁਹਾਡਾ ਪਹਿਲਾ ਕਦਮ

**ਸੁਨੀਤਾ ਚੋਪੜਾ***

**ਸ਼ਿਕਾਗੋ:** ਘਰ ਖਰੀਦਣ ਦਾ ਇਰਾਦਾ ਬਣਨ ਤੋਂ ਬਾਅਦ ਬਹੁਤੇ ਖਰੀਦਦਾਰ ਜਿਹੜੀ ਪਹਿਲੀ ਗੱਲ ਕਰਦੇ ਹਨ ਉਹ ਹੈ ਅਖਬਾਰਾਂ, ਰਸਾਲਿਆਂ ਅਤੇ ਇੰਟਰਨੈਟ ਉਤੇ ਵਿਕਰੀ ਲਈ ਉਪਲਬਧ ਘਰਾਂ ਦੇ ਇਸ਼ਤਿਹਾਰ ਦੇਖਣਾ। ਘਰ ਖਰੀਦਣ ਦੇ ਕਈ ਚਾਹਵਾਨ ਇਸ ਲੇਖ ਜਿਹੇ 'ਕਿਵੇਂ ਕਰੀਏ' ਲੇਖ ਵੀ ਪੜ੍ਹਦੇ ਹਨ। ਕਿਸੇ ਇਸ਼ਤਿਹਾਰ ਨੂੰ ਦੇਖ ਕੇ ਘਰ ਦੇ ਮਾਲਕ ਨੂੰ ਕਾਲ ਕਰਨ ਤੋਂ ਪਹਿਲਾਂ, ਕਿਸੇ ਰਿਐਲਟਰ ਨਾਲ ਗੱਲ ਕਰਨ ਤੋਂ ਪਹਿਲਾਂ ਅਤੇ ਵਿਆਜ ਦੀਆਂ ਦਰਾਂ ਵਲ ਨਿਗਾਹ ਮਾਰਨ ਤੋਂ ਪਹਿਲਾਂ ਜਿਹੜੀ ਅਗਲੀ ਚੀਜ਼ ਕਰਨ ਦੀ ਲੋੜ ਹੈ ਉਹ ਹੈ ਆਪਣੀ ਬਚਤ ਦਾ ਹਿਸਾਬ ਲਾਉਣਾ।



ਸੁਨੀਤਾ ਚੋਪੜਾ

ਕਿਉਂ ਭਲਾ? ਕਿਉਂਕਿ ਤੁਹਾਡੇ ਪਾਸ ਡਾਊਨ ਪੇਮੈਂਟ ਅਤੇ ਕਲੋਜ਼ਿੰਗ ਕਾਸਟ ਦੇਣ ਲਈ ਕਿੰਨੀ ਰਕਮ ਹੱਥ ਵਿਚ ਹੈ? ਇਸ ਗੱਲ ਦਾ ਅਸਰ ਘਰ ਖਰੀਦਣ ਦੇ ਹਰ ਪੱਖ ਯਾਨਿ ਘਰ ਖਰੀਦਣ ਲਈ ਪ੍ਰਚੇਜ਼ ਆਫਰ ਕਿਵੇਂ ਲਿਖੀ ਜਾਂਦੀ ਹੈ, ਲੋਨ ਦੇ ਕਿਹੜੇ ਪ੍ਰੋਗਰਾਮ ਲਈ ਤੁਸੀਂ ਯੋਗ ਬਣਦੇ ਹੋ ਅਤੇ ਵਿਆਜ ਦੀਆਂ ਦਰਾਂ 'ਤੇ ਤੁਸੀਂ ਕਿਵੇਂ ਸੌਦੇਬਾਜ਼ੀ ਕਰ ਸਕਦੇ ਹੋ? ਇਨ੍ਹਾਂ ਸਭ ਗੱਲਾਂ ਉਤੇ ਅਸਰ ਪੈਂਦਾ ਹੈ। ਜੇ ਤੁਹਾਡੇ ਕੋਲ ਘੱਟੋ ਘੱਟ ਡਾਊਨ ਪੇਮੈਂਟ ਦੇਣ ਜੋਗੀ ਹੀ ਰਕਮ ਹੈ ਤਾਂ ਤੁਹਾਡੇ ਪਾਸ ਕੁਝ ਹੀ ਤਰ੍ਹਾਂ ਦੀ ਮਾਰਟਗੇਜ ਲੈਣ ਦੇ ਲੋਨ ਪ੍ਰੋਗਰਾਮ ਦੀ ਚੋਣ ਉਪਲਬਧ ਹੋਵੇਗੀ। ਜੇ ਤੁਹਾਡਾ ਕੋਈ ਸੱਜਣ ਮਿੱਤਰ ਤੁਹਾਡੀ ਡਾਊਨ ਪੇਮੈਂਟ ਦਾ ਕੁਝ ਹਿੱਸਾ ਜਾਂ ਸਾਰੀ ਰਕਮ ਤੋਹਫੇ ਵਜੋਂ ਦੇ ਰਿਹਾ ਹੈ ਤਾਂ ਵੀ ਤੁਹਾਡੇ ਲਈ ਗਿਣਤੀ ਦੀਆਂ ਹੀ ਆਪਸ਼ਨਾਂ ਹੋਣਗੀਆਂ। ਜੇ ਤੁਹਾਡੇ ਕੋਲ ਡਾਊਨ ਪੇਮੈਂਟ ਦੇਣ ਲਈ ਕਾਫੀ ਰਕਮ ਹੈ ਪਰ ਕਲੋਜ਼ਿੰਗ ਕਾਸਟ ਜਾਂ ਇਸ ਦਾ ਕੁਝ ਹਿੱਸਾ ਦੇਣ ਲਈ ਤੁਹਾਨੂੰ ਲੈਂਡਰ ਜਾਂ ਵਿਕਰੇਤਾ ਤੋਂ ਮਦਦ ਦੀ ਲੋੜ ਹੈ ਤਾਂ ਵੀ ਤੁਹਾਡੀਆਂ ਆਪਸ਼ਨਾਂ ਘਟ ਜਾਂਦੀਆਂ। ਜੇ ਤੁਸੀਂ ਸਾਰੀ ਡਾਊਨ ਪੇਮੈਂਟ ਜਾਂ ਇਸ ਦਾ ਕੁਝ ਹਿੱਸਾ ਆਪਣੇ 401-ਕੇ ਜਾਂ ਰਿਟਾਇਰਮੈਂਟ ਪਲਾਨ ਵਿਚੋਂ ਚੁੱਕਦੇ ਹੋ ਤਾਂ ਯੋਗਤਾ ਲਈ ਵੱਖੋ ਵੱਖ ਲੋਨ ਪ੍ਰੋਗਰਾਮਾਂ ਦੇ ਵੱਖੋ ਵੱਖ ਕਾਇਦੇ ਕਾਨੂੰਨ ਹਨ। ਬਿਨਾ ਸ਼ੱਕ ਜੇ ਤੁਹਾਡੇ ਪਾਸ ਡਾਊਨ ਪੇਮੈਂਟ ਦੇਣ ਲਈ ਚੋਖੀ ਰਕਮ ਹੈ ਤਾਂ ਤੁਹਾਡੇ ਲਈ ਕਈ ਚੋਣਾਂ ਉਪਲਬਧ ਹੋਣਗੀਆਂ।

ਲੋਨ ਲੈਣ ਲਈ ਤੁਹਾਨੂੰ ਕਈ ਚੋਣਾਂ ਉਪਲਬਧ ਹੋਣਗੀਆਂ ਜਿਵੇਂ ਕਿ ਰਵਾਇਤੀ ਫਿਕਸਡ ਰੇਟ ਲੋਨ, ਐਡਜਸਟੀਬਲ ਰੇਟ ਮਾਰਟਗੇਜ ਬਾਈ ਡਾਊਨ, ਵੀ.ਏ., ਐਫ.ਐਚ.ਏ., ਗਰੈਜੂਏਟਡ ਪੇਮੈਂਟ ਮਾਰਟਗੇਜ ਅਤੇ ਇਨ੍ਹਾਂ ਦੀਆਂ ਹੋਰ ਕਈ ਵੰਨਗੀਆਂ। ਤੁਹਾਨੂੰ ਆਪਣੀ ਡਾਊਨ ਪੇਮੈਂਟ ਦਾ ਅੰਦਾਜ਼ਾ ਹੋਵੇ ਇਸ ਦਾ ਇਕ ਸਭ ਤੋਂ ਵੱਡਾ ਕਾਰਨ ਸਸਤੀ ਵਿਆਜ ਦਰ ਦੀ ਭਾਲ ਵੀ ਹੈ। ਕੁਝ ਲੋਨ ਪ੍ਰੋਗਰਾਮਾਂ ਵਿਚ ਘੱਟ ਡਾਊਨ ਪੇਮੈਂਟ ਹੋਣ 'ਤੇ ਵਿਆਜ ਦੀ ਜ਼ਰਾ ਉਚੀ ਦਰ ਲਈ ਜਾਂਦੀ ਹੈ। ਇਸ ਤੋਂ ਬਿਨਾ ਵੱਖ ਵੱਖ ਲੋਨ ਪ੍ਰੋਗਰਾਮਾਂ ਲਈ ਵਿਆਜ ਦੀਆਂ ਦਰਾਂ ਵੀ ਕੋਈ ਇਕੋ ਜਿਹੀਆਂ ਨਹੀਂ ਹੁੰਦੀਆਂ। ਮਿਸਾਲ ਵਜੋਂ ਕਨਵੈਨਸ਼ਨਲ, ਵੀ.ਏ. ਅਤੇ ਐਫ.ਐਚ.ਏ.-ਇਨ੍ਹਾਂ ਸਾਰੇ ਕਰਜ਼ਿਆਂ ਉਤੇ ਵਿਆਜ਼ ਦੀ ਦਰ ਸਥਿਰ ਰਹਿੰਦੀ ਹੈ ਪਰ ਇਕ ਜਾਂ ਦੂਜੇ ਪ੍ਰੋਗਰਾਮ ਵਿਚ ਵਿਆਜ ਦੀ ਦਰ ਹੈ ਵੱਖੋ ਵੱਖ।

ਜੇ ਤੁਸੀਂ ਲੈਂਡਰ ਨਾਲ ਫੋਨ ਉਤੇ ਗੱਲਬਾਤ ਕਰੋ ਤਾਂ ਲੋਨ ਅਫਸਰ ਤੁਹਾਨੂੰ ਇਹ ਦੱਸ ਦਏਗਾ ਕਿ ਕਿਹੜਾ ਪ੍ਰੋਗਰਾਮ ਤੁਹਾਡੇ ਲਈ ਸਹੀ ਹੈ ਅਤੇ ਉਸੇ ਹਿਸਾਬ ਤੁਹਾਨੂੰ ਵਿਆਜ ਦੀ ਦਰ ਵੀ ਦੱਸੇਗਾ ਪਰ ਜੇ ਤੁਸੀਂ ਇੰਟਰਨੈਟ ਉਤੇ ਲੋਨ ਪ੍ਰੋਗਰਾਮ ਲੱਭ ਰਹੇ ਹੋ ਤਾਂ ਤੁਹਾਨੂੰ ਆਪਣੇ ਲੋਨ ਪ੍ਰੋਗਰਾਮ ਦਾ ਕੁਝ ਨਾ ਕੁਝ ਅੰਦਾਜ਼ਾ ਹੋਣਾ ਲਾਜ਼ਮੀ ਹੈ।

ਤੁਹਾਨੂੰ ਆਪਣੀ ਡਾਊਨ ਪੇਮੈਂਟ ਦਾ ਕੁਝ ਨਾ ਕੁਝ ਖਿਆਲ ਲਾਜ਼ਮੀ ਹੋਵੇ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਦਾ ਅਸਰ ਇਸ ਗੱਲ ਉਤੇ ਪੈਂਦਾ ਹੈ ਕਿ ਘਰ ਖਰੀਦਣ ਲਈ ਤੁਸੀਂ ਆਪਣੀ ਆਫਰ ਕਿਸ ਤਰ੍ਹਾਂ ਲਿਖਦੇ ਹੋ। ਨਾ ਸਿਰਫ ਤੁਹਾਨੂੰ ਆਪਣੀ ਆਫਰ ਵਿਚ ਡਾਊਨ ਪੇਮੈਂਟ ਦੀ ਰਕਮ ਹੀ ਲਿਖਣੀ ਪੈਂਦੀ ਹੈ ਸਗੋਂ ਵੱਖ ਵੱਖ ਲੋਨ ਪ੍ਰੋਗਰਾਮਾਂ ਦੇ ਵੱਖ ਵੱਖ ਨਿਯਮ ਹਨ ਜਿਨ੍ਹਾਂ ਦਾ ਇਸ ਗੱਲ ਉਤੇ ਅਸਰ ਪੈਂਦਾ ਹੈ ਕਿ ਤੁਸੀਂ ਆਪਣੀ ਆਫਰ ਕਿਵੇਂ ਲਿਖਦੇ ਹੋ। ਖਾਸ ਕਰਕੇ ਐਫ.ਐਚ.ਏ. ਅਤੇ ਵੀ.ਏ. ਲੋਨ ਲੈਣ ਲੱਗਿਆਂ ਇਸ ਗੱਲ ਦੀ ਖਾਸ ਹੀ ਅਹਿਮੀਅਤ ਹੈ। ਜੇ ਤੁਸੀਂ ਵਿਕਰੇਤਾ ਨੂੰ ਆਪਣੀ ਕਲੋਜ਼ਿੰਗ ਕਾਸਟ ਜਾਂ ਇਸ ਦਾ ਕੁਝ ਹਿੱਸਾ ਦੇਣ ਨੂੰ ਆਖ ਰਹੇ ਹੋ ਤਾਂ ਤੁਹਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡਾ ਲੋਨ ਪ੍ਰੋਗਰਾਮ ਇਸ ਗੱਲ ਦੀ ਇਜਾਜ਼ਤ ਵੀ ਦਿੰਦਾ ਹੈ ਜਾਂ ਨਹੀਂ। ਛੋਟੀ ਡਾਊਨ ਪੇਮੈਂਟ ਲਈ ਲੈਂਡਰ ਅਕਸਰ ਵਿਕਰੇਤਾ ਨੂੰ ਵੱਡੀ ਡਾਊਨ ਪੇਮੈਂਟ ਦੇ ਮੁਕਾਬਲੇ ਘੱਟ ਕਲੋਜ਼ਿੰਗ ਕਾਸਟ ਦੇਣ ਦੀ ਇਜਾਜ਼ਤ ਦੇ ਦਿੰਦੇ ਹਨ। ਕੁਝ ਪ੍ਰੋਗਰਾਮਾਂ ਵਿਚ ਸੈਲਰ ਨੂੰ ਕੁਝ ਖਾਸ ਤਰ੍ਹਾਂ ਦੇ ਖਰਚੇ ਅਦਾ ਕਰਨ ਦੀ ਇਜਾਜ਼ਤ ਹੁੰਦੀ ਹੈ, ਪਰ ਸਾਰੇ ਨਹੀਂ।

ਅਖੀਰਲੀ ਗੱਲ ਤੁਹਾਡੀ ਡਾਊਨ ਪੇਮੈਂਟ ਦਾ ਲੋਨ ਲਈ ਤੁਹਾਡੀ ਯੋਗਤਾ ਉਤੇ ਵੀ ਅਸਰ ਪੈਂਦਾ ਹੈ। ਜਦੋਂ ਤੁਸੀਂ ਛੋਟੀ ਡਾਊਨ ਪੇਮੈਂਟ ਦਿੰਦੇ ਹੋ ਤਾਂ ਲੈਂਡਰ ਅੰਡਰਰਾਈਟਿੰਗ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਸਖ਼ਤੀ ਤੋਂ ਕੰਮ ਲੈਂਦੇ ਹਨ। ਪਰ ਵੱਡੀ ਡਾਊਨ ਪੇਮੈਂਟ ਦੇ ਮਾਮਲੇ ਵਿਚ ਉਹ ਨਿੱਕੀਆਂ ਮੋਟੀਆਂ ਰਿਆਇਤਾਂ ਦੇਣ ਵਿਚ ਝਿਜਕ ਨਹੀਂ ਦਿਖਾਉਂਦੇ। ਤੁਹਾਨੂੰ ਸਪਸ਼ਟ ਹੋ ਹੀ ਗਿਆ ਹੋਵੇਗਾ ਕਿ ਜਦੋਂ ਤੁਸੀਂ ਘਰ ਖਰੀਦਦੇ ਹੋ ਤਾਂ ਡਾਊਨ ਪੇਮੈਂਟ ਦਾ ਹਰ ਕਦਮ ਉਤੇ ਅਸਰ ਪੈਂਦਾ ਹੈ। ਬੇਸ਼ੱਕ ਤੁਹਾਨੂੰ ਘਰ ਖਰੀਦਣ ਦਾ ਇਰਾਦਾ ਬਣਾਉਣ ਪਿਛੋਂ ਇਸ਼ਤਿਹਾਰ ਦੇਖਣੇ ਚਾਹੀਦੇ ਹਨ। ਇਲਾਕੇ ਦਾ ਅਤਾ-ਪਤਾ ਲਾਉਣਾ ਚਾਹੀਦਾ ਹੈ। ਕੀਮਤਾਂ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਅਤੇ ਜਿੰਨਾ ਵੀ ਪੜ੍ਹ ਸਕੋ ਪੜ੍ਹਨਾ ਚਾਹੀਦਾ ਹੈ ਪਰ ਜਦੋਂ ਤੁਸੀਂ ਘਰ ਖਰੀਦਣ ਲਈ ਤਿਆਰ ਹੋ ਜਾਵੋ ਤਾਂ ਫਿਰ ਪਹਿਲੀ ਗੱਲ ਜਿਹੜੀ ਤੁਹਾਨੂੰ ਕਰਨੀ ਚਾਹੀਦੀ ਹੈ ਉਹ ਹੈ ਇਸ ਗੱਲ ਦਾ ਅੰਦਾਜ਼ਾ ਲਾਉਣਾ ਕਿ ਘਰ ਖਰੀਦਣ ਲਈ ਤੁਹਾਡੀ ਜੇਬ 'ਚ ਕਿੱਡੀ ਕੁ ਵੱਡੀ ਰਕਮ ਹੈ।

*ਸੁਨੀਤਾ ਚੋਪੜਾ ਗਾਰਡੀਅਨ ਫਾਇਨੈਂਸ਼ੀਅਲ ਮਾਰਟਗੇਜ, ਇੰਕ ਦੀ ਪ੍ਰੈਜ਼ੀਡੈਂਟ ਹੈ ਉਸ ਨਾਲ ਸੰਪਰਕ ਫੋਨ 773-370-7106 'ਤੇ ਹੋ ਸਕਦਾ ਹੈ।


## Editing & Translation

**Professional Text Editing in English and Translation Work from Punjabi to English (Academic, Technical and Creative)**

**Prithvi Raj**

prithviraj46@yahoo.com
shaprithvi@gmail.com
Cell (India)-094173-50789


## Matrimonials

**Medico Jat Sikh match for, 27, 5'0'/ smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**

**ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800**

## Public Notice

### Change of Name

**I, Shaminder Singh resident of Nawan Pind Naicha, P.O. Gorayan, Distt. Jalandhar (Punjab), India, now living at 16309 Haven Ave, Orland Hills, IL-60487, I want to use my family name Dhaliwal with my name. I should be known as Shaminder Singh Dhaliwal. All concerned please note.**

### Change of Name

**I, Avtar Kaur resident of Nawan Pind Naicha, P.O. Gorayan, Distt. Jalandhar (Punjab), India, now living at 16309 Haven Ave, Orland Hills, IL-60487, I want to use my family name Dhaliwal with my name. I should be known as Avtar Kaur Dhaliwal. All concerned please note.**







# ਅਮਰ ਕਾਰਪੈਟਸ

## ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੇਟ ਸਸਤੇ ਭਾਅ ਪੁਆਉ



ਅਮਰੀਕ ਸਿੰਘ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ



Same day service in Chicago and suburbs

# Amar Carpets Inc

ਵੈਸਟਰਨ ਅਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

**Ph: 773-508-5253,773-507-8043, Fax: 773-508-5249**



# ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???

## ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:

ਨਿਰਮਲ ਸਿੰਘ

ਫੋਨ:877-899-6244

www.tryemc.com

We Work in All 50 States

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**Business & Media Director**
Sunita Chopra
Ph:773-370-7106

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਮੈਡੀਕਲ ਇੰਸਟੀਚਿਊਟ ਦਾ ਝਮੇਲਾ ਜਾਰੀ

ਉਨ੍ਹਾਂ ਕਿਹਾ ਕਿ ਆਪਣੇ ਕਾਲੇ ਧਨ ਨੂੰ ਲਾਉਣ ਲਈ ਉਕਤ ਸੰਸਥਾ ਦਾ ਸਰਪ੍ਰਸਤ ਸੁਰਜੀਤ ਸਿੰਘ ਰੱਖੜਾ ਨੂੰ ਬਣਾਇਆ ਗਿਆ ਹੈ ਜਦਕਿ ਰੱਖੜਾ ਸਣੇ ਉਨ੍ਹਾਂ ਦੀ ਸੋਸਾਇਟੀ ਦੇ ਕਿਸੇ ਵੀ ਮੈਂਬਰ ਦੀ ਪਿੱਠ ਭੂਮੀ ਮੈਡੀਕਲ ਖੇਤਰ ਨਾਲ ਸਬੰਧਤ ਨਹੀਂ ਹੈ। ਇਸ ਤੋਂ ਇਲਾਵਾ ਸ. ਰੱਖੜਾ ਅਮਰੀਕਾ 'ਚ ਦੀਵਾਲੀਏਪਨ ਕਾਨੂੰਨ ਹੇਠ ਚੈਪਟਰ-11 ਦਾਖਲ ਕਰ ਚੁੱਕੇ ਹਨ। ਅਜਿਹੀ ਸਥਿਤੀ 'ਚ ਉਹ ਪ੍ਰੋਜੈਕਟ ਲਈ ਪੈਸਾ ਕਿੱਥੋਂ ਲਿਆਉਣਗੇ?

ਕੈਪਟਨ ਦੇ ਉਕਤ ਦੋਸ਼ਾਂ ਦੇ ਜਵਾਬ 'ਚ ਪ੍ਰਮੁੱਖ ਅਕਾਲੀ ਨੇਤਾ ਸੁਰਜੀਤ ਸਿੰਘ ਰੱਖੜਾ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਬੇਤਹਾਸ਼ਾ ਦੌਲਤ ਹੈ ਅਤੇ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਲਈ ਕਿਸੇ ਤੋਂ ਵੀ ਫੰਡ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਜੇ ਕੋਈ ਇਸ ਪ੍ਰੋਜੈਕਟ ਲਈ 2000 ਕਰੋੜ ਰੁਪਏ ਸਰਕਾਰ ਨੂੰ ਦੇਣ ਲਈ ਤਿਆਰ ਹੈ ਤਾਂ ਉਹ ਵਿਆਜ ਅਤੇ ਲਾਗਤ ਸਮੇਤ ਰਕਮ ਵਾਪਸ ਲੈ ਕੇ ਪ੍ਰੋਜੈਕਟ ਨੂੰ ਅਲਵਿਦਾ ਕਹਿ ਸਕਦੇ ਹਨ। ਉਧਰ ਸ. ਬਾਦਲ ਨੇ ਕਿਹਾ ਕਿ ਪਿਮਸ ਨੂੰ ਚਲਾਉਣ ਵਾਲੀ ਕੰਪਨੀ ਜਿਥੇ ਲੋਕਾਂ ਨੂੰ ਪੀ.ਜੀ.ਆਈ. ਪੱਧਰ ਦੀਆਂ ਸਹੂਲਤਾਂ ਮੁਹਈਆਂ ਕਰਵਾਏਗੀ ਉਥੇ ਹਰ ਸਾਲ ਕਮੇਟੀ ਆਪਣੀ ਕੁੱਲ ਆਮਦਨ 'ਚੋਂ 3 ਪ੍ਰਤੀਸ਼ਤ ਸਰਕਾਰ ਨੂੰ ਦੇਵੇਗੀ।

ਜ਼ਿਕਰਯੋਗ ਹੈ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਸਮੇਂ ਆਪਣੇ ਜਨਮ ਤੋਂ ਪਹਿਲਾਂ ਹੀ ਵਿਵਾਦਾਂ 'ਚ ਰਿਹਾ ਪਿਮਸ ਅੱਜ ਕੱਲ੍ਹ ਫਿਰ ਰਾਜਸੀ ਝਮੇਲੇ 'ਚ ਫਸਦਾ ਨਜ਼ਰ ਆ ਰਿਹਾ ਹੈ। ਜਲੰਧਰ ਦੇ ਗੜ੍ਹਾ ਰੋਡ 'ਤੇ ਸਥਿਤ ਗੰਨਾ ਫਾਰਮ ਨੂੰ ਵੇਚ ਕੇ 'ਚ 6 ਅਰਬ ਦੀ 60.67 ਏਕੜ ਜ਼ਮੀਨ 'ਚ ਬਣਿਆ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ (ਪਿਮਸ) ਲੋਕਾਂ ਦੀ ਸੇਵਾ ਕੀਤੇ ਬਿਨਾਂ ਹੀ 'ਨਾਮਣਾ' ਖੱਟ ਰਿਹਾ ਹੈ। ਨੀਂਹ ਪੱਥਰ ਰੱਖਣ ਦੇ 15 ਸਾਲ ਬਾਅਦ ਤਿਆਰ ਹੋਏ ਪਿਮਸ ਨੂੰ ਨਿੱਜੀ ਹਸਪਤਾਲ ਚਲਾਉਣ ਦੀ ਚਾਹਵਾਨ ਇਕ ਮਜ਼ਬੂਤ ਲਾਬੀ ਵਲੋਂ ਚਾਲੂ ਨਾ ਹੋਣ ਦੇਣ ਦੀ ਮਨਸ਼ਾ ਦੀਆਂ ਰਿਪੋਰਟਾਂ ਵੀ ਮੀਡੀਆ 'ਚ ਚਰਚਾ ਦਾ ਵਿਸ਼ਾ ਹਨ। ਚਾਰ ਸਾਲ 'ਚ ਬਣਨ ਵਾਲੇ ਇਸ ਪ੍ਰੋਜੈਕਟ ਦੀ ਸਮਾਂ ਸੀਮਾ ਲੰਬੀ ਹੁੰਦੀ ਗਈ। ਉਥੇ ਮੈਡੀਕਲ ਕਾਲਜ ਸ਼ੁਰੂ ਕਰਨ ਲਈ ਪਿਛਲੇ ਤਿੰਨ ਸਾਲ ਤੋਂ ਕੀਤੇ ਜਾ ਰਹੇ ਸਰਕਾਰੀ ਉਦਮ ਨਿਸ਼ਫਲ ਹੁੰਦੇ ਆ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਹਿਲਾਂ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਪ੍ਰੋਜੈਕਟ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਜਨਤਕ ਨਿੱਜੀ ਭਾਈਵਾਲੀ) ਦੇ ਆਧਾਰ 'ਤੇ ਨਿੱਜੀ ਕੰਪਨੀ ਰਿਲਾਇੰਸ਼ ਨੂੰ ਦੇਣ ਦੀ ਪਹਿਲ ਕੀਤੀ। ਇਸ ਤੋਂ ਬਾਅਦ ਸੰਸਦ ਮੈਂਬਰ ਨਰੇਸ਼ ਗੁਜਰਾਲ ਨੇ ਦਿੱਲੀ ਦੇ ਡਾ. ਨਰੇਸ਼ ਤ੍ਰੇਹਨ ਨਾਲ ਪਿਮਸ ਦਾ ਦੌਰਾ ਕੀਤਾ।

ਹੁਣ ਜਦ ਬਾਦਲ ਸਰਕਾਰ ਵਲੋਂ ਐਨ.ਆਰ.ਆਈ. ਅਕਾਦਮੀ ਨੂੰ 1800 ਕਰੋੜ ਰੁਪਏ ਦੀ ਮੰਨੀ ਜਾ ਰਹੀ ਸੰਪਤੀ 131 ਕਰੋੜ ਰੁਪਏ 'ਚ 99 ਸਾਲ ਲਈ ਪਟੇ 'ਤੇ ਦਿੱਤੀ ਜਾ ਰਹੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਇਸ ਪਿੱਛੇ ਅਕਾਲੀ ਸਰਕਾਰ 'ਤੇ ਕਰੋੜਾਂ ਰੁਪਏ ਦਾ ਘੋਟਾਲਾ ਕੀਤੇ ਜਾਣ ਦਾ ਦੋਸ਼ ਲਾ ਰਹੇ ਹਨ। ਉਨ੍ਹਾਂ ਇਸ ਡੀਲ ਨੂੰ ਰੱਦ ਨਾ ਕੀਤੇ ਜਾਣ ਦੀ ਸੂਰਤ 'ਚ ਹਾਈਕੋਰਟ 'ਚ ਪਟੀਸ਼ਨ ਦਾਇਰ ਕਰਨ ਦੀ ਵੀ ਚੇਤਾਵਨੀ ਦਿੱਤੀ ਹੈ।

ਇਸ ਮਸਲੇ ਦਾ ਇਕ ਵੱਖਰਾ ਪਹਿਲੂ ਇਹ ਹੈ ਕਿ ਵਿਭਾਗੀ ਸੂਤਰਾਂ ਦੇ ਹਵਾਲੇ ਨਾਲ ਛਪੀਆਂ ਰਿਪੋਰਟਾਂ ਮੁਤਾਬਕ ਮੰਤਰੀ ਤੀਕਸ਼ਣ ਸੂਦ ਨੇ ਇਸ ਮਾਮਲੇ ਵਿਚ ਜਾਣਕਾਰੀ ਲੈਣ ਲਈ ਸਰਕਾਰੀ ਫਾਈਲ 'ਤੇ ਇਥੋਂ ਤੱਕ ਲਿਖਿਆ ਹੋਇਆ ਹੈ ਕਿ 'ਮੈਨੂੰ ਇਸ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇ। ਵਿਭਾਗ ਦਾ ਮੰਤਰੀ ਹੋਣ ਕਰਕੇ ਮੈਨੂੰ ਹਰ ਥਾਂ ਮੀਡੀਆ ਵਲੋਂ ਸਵਾਲ ਕੀਤੇ ਜਾਂਦੇ ਹਨ।' ਜੇਕਰ ਵਿਭਾਗੀ ਸੂਤਰਾਂ ਦੀ ਇਹ ਜਾਣਕਾਰੀ ਸਹੀ ਹੈ ਤਾਂ ਇਸ ਮਾਮਲੇ 'ਚ ਸਬੰਧਤ ਮੰਤਰੀ ਨੂੰ ਦੂਰ ਰੱਖਣਾ ਕਈ ਸਵਾਲ ਅਤੇ ਸ਼ੰਕੇ ਖੜ੍ਹੇ ਕਰਦਾ ਹੈ। ਇਹ ਵੀ ਰਿਪੋਰਟਾਂ ਹਨ ਕਿ ਘੱਟ ਪੈਸਿਆਂ ਨਾਲ ਵਧੀਆ ਸਿਹਤ ਸਹੂਲਤਾਂ ਦੇਣ ਦੀ ਸਰਕਾਰ ਦੀ ਇੱਛਾ 'ਤੇ ਮੈਡੀਕਲ ਹੱਬ ਦੇ ਤੌਰ 'ਤੇ ਵਿਕਸਤ ਹੋ ਚੁਕੇ ਜਲੰਧਰ ਦੇ ਵੱਡੇ ਨਿੱਜੀ ਹਸਪਤਾਲਾਂ ਦੇ ਮਾਲਕ ਹੀ ਇਸ ਪ੍ਰਾਜੈਕਟ 'ਤੇ ਪਾਣੀ ਫੇਰ ਰਹੇ ਹਨ। ਪਹਿਲਾਂ ਕਾਂਗਰਸ ਤੇ ਹੁਣ ਅਕਾਲੀ-ਭਾਜਪਾ ਸਰਕਾਰ 'ਤੇ ਘੋਟਾਲੇ ਦਾ ਦੋਸ਼ ਲਾ ਕੇ ਇਸ ਪ੍ਰੋਜੈਕਟ ਨੂੰ ਚਾਲੂ ਹੋਣ ਤੋਂ ਕਿਸੇ ਤਰ੍ਹਾਂ ਰੋਕਣਾ ਉਨ੍ਹਾਂ ਦੀ ਯੋਜਨਾ ਦਾ ਹਿੱਸਾ ਹੈ। ਰਾਜਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਸਾਜ਼ਿਸ਼ ਤਹਿਤ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ 'ਚ ਅੜਿੱਕੇ ਡਾਹੁਣ ਵਾਲਿਆਂ ਤੋਂ ਸੁਚੇਤ ਹੋ ਕੇ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਮੁਹਈਆ ਕਰਾਉਣ ਲਈ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਤਰੀਕਿਆਂ ਨੂੰ ਅਮਲ 'ਚ ਲਿਆਉਣ ਦੀਆਂ ਕੋਸ਼ਿਸ਼ਾਂ ਕਰਨ।

# ਸਾਰਸ ਮੇਲੇ 'ਚ ਸ਼ਿਲਪਕਾਰਾਂ ਦੀ ਭਰਵੀਂ ਰੌਣਕ

**ਅਮਰਜੀਤ ਸਿੰਘ**

**ਰੋਪੜ:** ਬੀਤੀ 2 ਅਕਤੂਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਉਦਘਾਟਨ ਕੀਤੇ ਜਾਣ ਤੋਂ ਬਾਅਦ ਸ਼ੁਰੂ ਹੋਏ ਸਾਰਸ ਮੇਲੇ ਵਿਚ ਸਥਾਨਕ ਲੋਕ, ਵੱਖ ਵੱਖ ਰਾਜਾਂ ਦੇ ਦਸਤਕਾਰ ਅਤੇ ਸ਼ਿਲਪਕਾਰ ਭਰਵੀਂ ਸ਼ਮੂਲੀਅਤ ਕਰ ਰਹੇ ਹਨ। ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪੇਂਡੂ ਦਸਤਕਾਰਾਂ ਅਤੇ ਸਵੈ-ਸੇਵੀ ਸੰਸਥਾਵਾਂ ਦੇ ਸਮਾਨ ਦੀ ਰਾਜ ਵਿਚ ਵਿੱਕਰੀਕਰਨ ਲਈ ਯੋਗ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਉਪਲਬਧ ਕਰਵਾਏਗੀ। ਉਨ੍ਹਾਂ ਕਿਹਾ ਕਿ ਸਾਰਸ ਮੇਲੇ ਦਾ ਮੁੱਖ ਮੰਤਵ ਸਾਡੀਆਂ ਰਿਵਾਇਤੀ ਪੇਂਡੂ ਹਸਤਸ਼ਿਲਪ ਕਲਾਵਾਂ ਨੂੰ ਬੜ੍ਹਾਵਾ ਦੇਣਾ ਹੈ ਅਤੇ ਇਸੇ ਮੰਤਵ ਤਹਿਤ ਪੰਜਾਬ ਵਿੱਚ 7100 ਸਵੈ ਸੇਵੀ ਸੰਸਥਾਵਾਂ ਦਾ ਗਠਨ ਕੀਤਾ ਗਿਆ ਹੈ ਜਿਨ੍ਹਾਂ ਨੂੰ ਵੱਖ-ਵੱਖ ਸਕੀਮਾਂ ਤਹਿਤ ਕਰਜੇ ਦਿਤੇ ਗਏ ਹਨ ਤਾਂ ਜੋ ਉਹ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ। ਸ੍ਰੀ ਬਾਦਲ ਨੇ ਸਵੈ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਅਜਿਹੀਆਂ ਨੁਮਾਇਸ਼ਾਂ ਵਿਚ ਹਿੱਸਾ ਲੈਣ ਅਤੇ ਆਪਣੇ ਮਾਲ ਦੀ ਵਿਕਰੀ ਵਧਾਉਣ। ਉਨ੍ਹਾਂ ਦੱਸਿਆ ਕਿ ਦੇਸ਼ ਦੇ 25 ਵੱਖ-ਵੱਖ ਰਾਜਾਂ ਤੋਂ ਲਗਭਗ 200 ਸ਼ਿਲਪਕਾਰ ਇਸ ਮੇਲੇ ਵਿੱਚ ਹਿੱਸਾ ਲੈ ਰਹੇ ਹਨ। ਉਨ੍ਹਾਂ ਇਸ ਮੌਕੇ ਸਾਰੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਮਾਨਦਾਰੀ ਨਾਲ ਇੰਨ੍ਹਾ ਲੋਕਾਂ ਦੇ ਭਲੇ ਲਈ ਕੰਮ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਪੇਂਡੂ ਲੋਕ ਵਿੱਤੀ ਤੌਰ ਤੇ ਮਜਬੂਤ ਹੁੰਦੇ ਹਨ ਤਾਂ ਇਸ ਨਾਲ ਹੀ ਪੰਜਾਬ ਖੁਸ਼ਹਾਲ ਸੂਬਾ ਬਣ ਸਕਦਾ ਹੈ।

ਇਸ ਦੌਰਾਨ ਪ੍ਰਸਿਧ ਪੰਜਾਬੀ ਗਾਇਕ ਹੰਸ ਰਾਜ ਅਤੇ ਗਾਇਕ ਅਮਰਿੰਦਰ ਸਿੰਘ ਸਮੇਤ ਵੱਖ ਵੱਖ ਕਲਾਕਾਰਾਂ ਨੇ ਆਪੋ ਆਪਣੇ ਪ੍ਰੋਗਰਾਮ ਪੇਸ਼ ਵੀ ਕੀਤੇ। ਇਸ ਮੇਲੇ ਵਿਚ 25 ਰਾਜਾਂ ਦੇ 200 ਕਲਾਕਾਰਾਂ ਵਲੋਂ ਸ਼ਮੂਲੀਅਤ ਕੀਤੀ ਗਈ ਹੈ।

ਸਾਰਸ ਮੇਲੇ ਦੌਰਾਨ ਬੀਤੀ 7 ਅਕਤੂਬਰ ਰਾਤ ਨੂੰ ਸਥਾਨਕ ਕਲਾਕਾਰਾਂ ਵਲੋਂ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਲਈ ਆਏ 43 ਬਿਨੈ-ਪੱਤਰਾਂ ਵਿਚੋਂ ਸਕਰੀਨਿੰਗ ਕਮੇਟੀ ਵਲੋਂ 13 ਕਲਾਕਾਰ/ਪਾਰਟੀਆਂ ਦੀ ਚੋਣ ਕੀਤੀ ਗਈ ਸੀ। ਇਸ ਗੱਲ ਦਾ ਪ੍ਰਗਟਾਵਾ ਸ੍ਰੀ ਪ੍ਰਿਯਾਂਕ ਭਾਰਤੀ ਡਿਪਟੀ ਕਮਿਸ਼ਨਰ ਰੂਪਨਗਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦਿਨ ਸ੍ਰੀ ਹਰਜਿੰਦਰ ਸਿੰਘ-ਵਿਜੇ ਕੁਮਾਰ ਰੂਪਨਗਰ, ਸੰਨੀ ਹੀਰ ਮਿਊਜ਼ੀਕਲ ਗਰੁੱਪ ਵਲੋਂ ਕਵਾਲੀਆਂ ਪੇਸ਼ ਕੀਤੀਆਂ ਗਈਆਂ। ਮਸ਼ਹੂਰ ਕਿਸ਼ੋਰ ਸਿੰਘ ਬੰਗੜ ਢਾਡੀ ਜੱਥਾ ਵਲੋਂ ਸਿੱਖ ਇਤਿਹਾਸ ਦੀਆਂ ਵਾਰਾਂ ਗਾਈਆਂ ਗਈਆਂ, ਪ੍ਰਸਿੱਧ ਰੇਡੀਓ ਤੇ ਟੀ.ਵੀ. ਕਲਾਕਾਰ ਸਰਵਰ ਅਲੀ ਵਲੋਂ ਲੋਕ ਗਾਇਕੀ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ, ਗਜ਼ਲਗੋ ਪੰਮੀ ਹੰਸਪਾਲ ਅਤੇ ਸਰਦਾਰ ਅਲੀ ਨੇ ਗਜ਼ਲਾਂ ਦਾ ਪ੍ਰੋਗਰਾਮ ਪੇਸ਼ ਕੀਤਾ। ਖੈਰਾਬਾਦ ਪਿੰਡ ਦੇ ਸਿਮਰਨਜੀਤ ਸਿੰਘ ਵਲੋਂ ਤੂੰਬੀ-ਅਲਗੋਜੇ ਤੇ ਲੋਕ ਗੀਤ ਪੇਸ਼ ਕੀਤੇ ਗਏ, ਪਡਿਆਲਾ ਪਿੰਡ ਦੇ ਜਗਤਾਰ ਸਿੰਘ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ, ਨਹਿਰੂ ਯੁਵਾ ਕੇਂਦਰ ਦੇ ਅਮਨਦੀਪ ਸਿੰਘ ਵਲੋਂ ਪੰਜਾਬ ਦਾ ਪ੍ਰਸਿੱਧ ਨਾਚ ਭੰਗੜਾ ਪੇਸ਼ ਕੀਤਾ ਜਾਵੇਗਾ, ਰਿਆਤ ਇੰਟਰਨੈਸ਼ਨਲ ਸਕੂਲ ਵਲੋਂ ਮਰਾਠੀ ਦਾ ਮਸ਼ਹੂਰ ਫਿਊਜ਼ਨ ਡਾਂਸ, ਪਿੰਡ ਅਬਿਆਣਾ ਦੇ ਜਸਵਿੰਦਰ ਲਾਡੀ ਵਲੋਂ ਗਾਇਕੀ ਦਾ ਮੁਜਾਹਰਾ ਕੀਤਾ ਗਿਆ। ਮੀਆਂਪੁਰ ਦੇ ਜਸਮੇਰ ਸਿੰਘ ਵਲੋਂ ਪੰਜਾਬੀ ਦਾ ਮਸ਼ਹੂਰ ਗੀਤ ਮਲਕੀ-ਕੀਮਾ ਪੇਸ਼ ਕੀਤਾ ਜਾਵੇਗਾ ਉਥੇ ਸ੍ਰੀ ਜਤਿੰਦਰ ਸ਼ਾਹੀ ਵਲੋਂ ਮਿਰਜਾ ਸਾਹਿਬਾਂ ਪੇਸ਼ ਕੀਤੀ ਗਿਆ।

ਸਾਰਸ ਮੇਲੇ ਦੀ ਦੂਜੀ ਰਾਤ ਦੀ ਪ੍ਰਧਾਨਗੀ ਕਰਦਿਆਂ ਮੁੱਖ ਮਹਿਮਾਨ ਸੰਤ ਬਾਬਾ ਅਜੀਤ ਸਿੰਘ ਵਿਧਾਇਕ ਹਲਕਾ ਆਨੰਦਪੁਰ ਸਾਹਿਬ ਨੇ ਕਿਹਾ ਕਿ ਇਹ ਮੇਲਾ ਹੱਥੀਂ ਕਿਰਤ ਕਰਨ ਵਾਲਿਆਂ ਲਈ ਬੜਾ ਲਾਹੇਬੰਦ ਸਾਬਤ ਹੋਵੇਗਾ ਕਿਉਂਕਿ ਇਸ ਮੇਲੇ ਦੌਰਾਨ ਦਸਤਕਾਰਾਂ ਦਾ ਬਿਨਾਂ ਵਿਚੋਲੇ ਤੋਂ ਸਿੱਧੇ ਤੌਰ ਤੇ ਖੱਪਤਕਾਰਾਂ ਨਾਲ ਰਾਬਤਾ ਕਾਇਮ ਹੋਇਆ ਹੈ ਅਤੇ ਇਸ ਤਰ੍ਹਾਂ ਨਾਲ ਛੋਟੇ ਪੇਂਡੂ ਦਸਤਕਾਰ/ਸ਼ਿਲਪਕਾਰਾਂ ਦੀ ਜਿਥੇ ਹੌਸਲਾ-ਅਫਜਾਈ ਹੋਵੇਗੀ ਉਥੇ ਇਨ੍ਹਾਂ ਗਰੀਬ ਹੱਥੀਂ ਕਿਰਤ ਕਰਨ ਵਾਲਿਆਂ ਦੀ ਕਮਾਈ ਵਿਚ ਵੀ ਵਾਧਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜਿਥੇ ਲੋਕ ਹੋਰ ਰਾਜਾਂ ਵਿਚ ਜਾ ਕੇ ਇਹ ਸਮਾਨ ਖਰੀਦਦੇ ਹਨ, ਹੁਣ ਦੂਜੇ ਰਾਜਾਂ ਦੇ ਦਸਤਕਾਰ ਤੁਹਾਡੇ ਦਰ ਤੇ ਹੀ ਆਏ ਹਨ ਅਤੇ ਇਹ ਸਭ ਕੁੱਝ ਇਸ ਸਾਰਸ ਮੇਲੇ ਰਾਹੀਂ ਹੀ ਨਸੀਬ ਹੋ ਸਕਿਆ ਹੈ।

ਬੀਤੀ 3-4 ਅਕਤੂਬਰ ਦੀ ਰਤਾ ਨੂੰ ਪੰਜਾਬ, ਹਰਿਆਣਾ, ਰਾਜਸਥਾਨ, ਅਸਾਮ, ਗੁਜਰਾਤ ਆਦਿ ਨਾਲ ਸਬੰਧਿਤ ਕਲਾਕਾਰਾਂ ਨੇ ਆਪੋ-ਆਪਣੇ ਰਾਜਾਂ ਦੀਆਂ ਰਵਾਇਤੀ ਪੋਸ਼ਾਕਾਂ ਵਿਚ ਲੋਕ ਨਾਚ ਕਰਦੇ ਹੋਏ ਆਪਣੇ ਫਨ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਪ੍ਰੋਗਰਾਮ ਦੇ ਅੰਤ ਤੇ ਹਲਕਾ ਵਿਧਾਇਕ ਸੰਤ ਬਾਬਾ ਅਜੀਤ ਸਿੰਘ ਦਾ ਸਥਾਨਕ ਪ੍ਰਸ਼ਾਸਨ ਵਲੋਂ ਸਨਮਾਨ ਵੀ ਕੀਤਾ ਗਿਆ। ਸਾਰਸ ਮੇਲੇ ਦੌਰਾਨ ਵੱਖ-ਵੱਖ ਰਾਜਾਂ ਦੇ ਪਕਵਾਨਾਂ ਨੂੰ ਇਲਾਕਾ ਨਿਵਾਸੀਆਂ ਨੇ ਬਹੁਤ ਪਸੰਦ ਕੀਤਾ।

ਨਹਿਰੂ ਸਟੇਡੀਅਮ ਵਿਖੇ ਪੰਜਾਬੀ ਦੇ ਪ੍ਰਸਿੱਧ ਗਾਇਕ ਅਮਰਿੰਦਰ ਗਿੱਲ ਨੇ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹੋਏ ਵੱਡੀ ਗਿਣਤੀ ਵਿਚ ਪੁੱਜੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ ਅਤੇ ਉਸ ਦੇ ਗਾਣਿਆਂ ਦੌਰਾਨ ਦਰਸ਼ਕ ਝੂੰਮਦੇ ਨਜਰ ਆਏ।

ਇਸ ਸਭਿਆਚਾਰਕ ਸ਼ਾਮ ਦੀ ਪ੍ਰਧਾਨਗੀ ਕਰਦਿਆਂ ਸ. ਦਲਜੀਤ ਸਿੰਘ ਚੀਮਾ, ਸਲਾਹਕਾਰ ਮੁੱਖ ਮੰਤਰੀ ਪੰਜਾਬ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਪੇਂਡੂ ਦਸਤਕਾਰਾਂ ਅਤੇ ਸਵੈ-ਸੇਵੀ ਗਰੁੱਪਾਂ ਨੂੰ ਇਕ ਪਲੇਟਫਾਰਮ ਤੇ ਲਿਆ ਕੇ ਆਪਣਾ ਸਮਾਨ ਵੇਚਣ ਲਈ ਸੁਨਿਹਰੀ ਮੌਕਾ ਪ੍ਰਦਾਨ ਕੀਤਾ ਹੈ।

# ਉਲੰਪਿਕ ਖੇਡਾਂ ਬ੍ਰਾਜ਼ੀਲ ਨੂੰ ਮਿਲੀਆਂ

## *ਸ਼ਿਕਾਗੋ ਦੀ ਆਸ 'ਤੇ ਫਿਰਿਆ ਪਾਣੀ*

ਗਿਣਤੀ ਵਿਚ ਪਹੁੰਚ ਗਏ। ਉਨ੍ਹਾਂ ਵਿਚ ਤਿੰਨ ਵਾਰ ਸੋਨ ਤਮਗਾ ਜੇਤੂ ਰੋਡੀ ਗਨੇਜ ਵੀ ਸ਼ਾਮਿਲ ਸੀ। ਇਥੇ ਉਲੰਪਿਕ ਕਮੇਟੀ ਦੇ ਮਤਦਾਨ ਦਾ ਵੱਡੀ ਸਕਰੀਨ ਤੇ ਸਿੱਧਾ ਪ੍ਰਸਾਰਣ ਦਿਖਾਇਆ ਜਾ ਰਿਹਾ ਸੀ। ਲੋਕਾਂ ਨੇ ਹੱਥਾਂ ਵਿਚ "ਸ਼ਿਕਾਗੋ-2016 ਕੈਂਡੀਡੇਂਟ ਸਿਟੀ" ਦੇ ਝੰਡੇ ਚੁੱਕੇ ਹੋਏ ਸਨ। ਕਈਆਂ ਨੇ ਆਪਣੇ ਚਿਹਰੇ "ਸ਼ਿਕਾਗੋ-2016" ਚਿੰਨ੍ਹਾਂ ਨਾਲ ਸ਼ਿੰਗਾਰੇ ਹੋਏ ਸਨ। ਸ਼ਿਕਾਗੋ ਵਾਸੀਆਂ ਦੀ ਭਾਵਨਾ ਦਾ ਪ੍ਰਦਰਸ਼ਨ ਮੋਟਰ ਸਾਈਕਲ ਗਰੁਪਾਂ ਨੇ ਚੱਕਰ ਬਣਾ ਕੇ ਵੀ ਕੀਤਾ। ਲੋਕਾਂ ਵਿਚ ਕਾਫੀ ਉਤਸ਼ਾਹ ਸੀ ਪਰ ਜਿਉਂ ਹੀ ਸਵੇਰੇ 10:20 ਤੇ ਉਲੰਪਿਕ ਕਮੇਟੀ ਵਲੋਂ ਖਬਰ ਆਈ ਕਿ ਸ਼ਿਕਾਗੋ ਵੋਟਾਂ ਦੇ ਪਹਿਲੇ ਗੇੜ ਵਿਚੋਂ ਹੀ ਬਾਹਰ ਹੋ ਗਿਆ, ਹਰ ਪਾਸੇ ਮਾਯੂਸੀ ਛਾ ਗਈ। ਵੋਟਾਂ ਦੀ ਗਿਣਤੀ ਇਸ ਤਰ੍ਹਾਂ ਰਹੀ ਮੈਡਰਿਡ 28 ਵੋਟ, ਰੀਓ 26 ਵੋਟ, ਟੋਕਿਓ 22 ਵੋਟ, ਸ਼ਿਕਾਗੋ ਨੂੰ 18 ਵੋਟ ਪਏ। ਕਿਸੇ ਕਾਰਨ ਕੁਝ ਮੈਂਬਰ ਵੋਟ ਨਾ ਪਾ ਸਕੇ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਉਲੰਪਿਕ ਮੇਜ਼ਬਾਨੀ ਦਾ ਹੁਣ ਤਕ ਦਾ ਸਭ ਤੋਂ ਸਖਤ ਮੁਕਾਬਲਾ ਸੀ। ਸ਼ਿਕਾਗੋ ਸ਼ਹਿਰ ਦੀ ਦਾਅਵੇਦਾਰੀ ਸ਼ੁਰੂਆਤੀ ਦੌਰ ਵਿਚ ਹੀ ਬਾਹਰ ਹੋ ਗਈ। ਖੇਡਾਂ ਲਈ ਲੇਕ ਫੰਰਟ ਦੇ ਆਸ-ਪਾਸ ਕਾਫੀ ਥਾਵਾਂ 'ਤੇ ਤਿੰਨ ਚਾਰ ਸਾਲਾਂ ਤੋਂ ਬੜੇ ਜ਼ੋਰ ਸ਼ੋਰ ਨਾਲ ਤਿਆਰੀ ਹੋ ਰਹੀ ਸੀ। ਉਲੰਪਿਕ ਪਿੰਡ ਦੀ ਹੋ ਰਹੀ ਉਸਾਰੀ ਵਿਚ ਚੋਖੇ ਡਾਲਰਾਂ ਦਾ ਖਰਚਾ ਆਇਆ।

ਮੇਅਰ ਡੇਲੀ ਨੇ ਸ਼ਿਕਾਗੋ ਨੂੰ ਉਲੰਪਿਕਸ ਨਾ ਮਿਲਣ ਉਤੇ ਨਿਰਾਸ਼ ਮੂਡ ਵਿਚ ਕਿਹਾ ਕਿ ਉਨ੍ਹਾਂ ਨੂੰ ਮੇਜ਼ਬਾਨੀ ਨਾ ਮਿਲਣ ਦਾ ਬਹੁਤ ਅਫਸੋਸ ਲੱਗਾ ਤੇ ਅਜੇ ਤਕ ਯਕੀਨ ਨਹੀਂ ਆ ਰਿਹਾ, ਪਰ ਅਸੀਂ 2020 ਉਲੰਪਿਕ ਲਈ ਫਿਰ ਦਾਅਵੇਦਾਰੀ ਪੇਸ਼ ਕਰਾਂਗੇ।

ਕੌਮਾਂਤਰੀ ਉਲੰਪਿਕ ਕਮੇਟੀ ਦੇ ਪ੍ਰਧਾਨ ਜੈਕਸ ਗੈਰੀ ਵਲੋਂ 2016 ਉਲੰਪਿਕ ਦੇ ਮੇਜ਼ਬਾਨ ਸ਼ਹਿਰ ਰੀਓ ਡੀ ਜਿਨੇਰੋ ਦਾ ਨਾਂ ਐਲਾਨੇ ਜਾਣ ਦੇ ਨਾਲ ਹੀ ਬ੍ਰਾਜ਼ੀਲ ਵਿਚ ਲੋਕ ਖੁਸ਼ੀ ਨਾਲ ਉਛਲ ਪਏ। ਥਾਂ ਥਾਂ 'ਤੇ ਜ਼ਸ਼ਨ ਸ਼ੁਰੂ ਹੋ ਗਏ ਅਤੇ ਹਰ ਪਾਸੇ ਖੁਸ਼ੀ ਦਾ ਆਲਮ ਛਾ ਗਿਆ। ਬ੍ਰਾਜ਼ੀਲ ਦੇ ਰਾਸ਼ਟਰਪਤੀ ਅਤੇ ਮਸ਼ਹੂਰ ਅੰਤਰਰਾਸ਼ਟਰੀ ਫੁਟਬਾਲ ਖਿਲਾੜੀ ਪੇਲੇ ਦੀਆਂ ਅੱਖਾਂ ਵਿਚੋਂ ਖੁਸ਼ੀ ਨਾਲ ਅਥਰੂ ਵਹਿ ਤੁਰੇ। ਬ੍ਰਾਜ਼ੀਲ ਨੂੰ 95 ਕਮੇਟੀ ਮੈਂਬਰਾਂ ਦੇ ਵੋਟ ਮਿਲੇ। ਉਨ੍ਹਾਂ ਦੇ ਮੁਕਾਬਲੇ ਦੂਸਰਾ ਸ਼ਹਿਰ ਮੈਡਰਿਡ (ਸਪੇਨ) ਸੀ। ਇੰਜ ਮੇਜ਼ਬਾਨੀ ਬ੍ਰਾਜ਼ੀਲ ਨੇ ਜਿੱਤ ਲਈ। ਇਹ ਪਹਿਲਾ ਮੌਕਾ ਹੋਵੇਗਾ ਜਦੋਂ ਦੱਖਣੀ ਅਮਰੀਕਾ ਮਹਾਂਦੀਪ ਦੇ ਕਿਸੇ ਦੇਸ਼ ਵਿਚ ਉਲੰਪਿਕ ਖੇਡਾਂ ਦਾ ਆਯੋਜਨ ਹੋਵੇਗਾ।

ਬ੍ਰਾਜ਼ੀਲ ਦੇ ਰਾਸ਼ਟਰਪਤੀ ਸਿਲਵਾਂ ਨੇ ਬਹੁਤ ਹੀ ਸਾਦੇ ਤੇ ਭਾਵੁਕ ਸ਼ਬਦਾਂ ਵਿਚ ਅਪੀਲ ਕੀਤੀ ਸੀ ਕਿ ਰੀਉ ਡੀ ਜਿਨੇਰੋ (ਸ਼ਹਿਰ ਦਾ ਨਾਂ) ਪੂਰੀ ਤਰਾਂ ਤਿਆਰ ਹੈ। ਸਾਨੂੰ ਇਕ ਮੌਕਾ ਦਿਉ, ਤੁਹਾਨੂੰ ਅਫਸੋਸ ਨਹੀਂ ਹੋਵੇਗਾ।

ਜ਼ਿਕਰਯੋਗ ਹੈ ਕਿ ਬ੍ਰਾਜੀਲੀ ਰਾਸ਼ਟਰਪਤੀ ਲੂਈ ਇਨੈਸਿਉ ਲੂਲਾ ਡੀ ਸਿਲਵਾ ਨੇ ਆਪਣੀ ਪੇਸ਼ਕਾਰੀ ਭਾਸ਼ਣ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਦੇ ਚੋਣ ਸਮੇਂ ਦਾ ਨਾਅਰਾ "ਯੈਸ ਵੁਈ ਕੈਨ" ਦਾ ਵਾਰ ਵਾਰ ਇਸਤੇਮਾਲ ਕੀਤਾ।

ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਨੇ ਬ੍ਰਜ਼ੀਲੀ ਰਾਸ਼ਟਰਪਤੀ ਨੂੰ ਵਧਾਈ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਹਰਿਆਣਾ ਦੀਆਂ ਚੋਣਾਂ 'ਚ ਸ਼ਾਮਲ 67 ਉਮੀਦਵਾਰ ਦਾਗੀ

**ਕਾਂਗਰਸ ਨੇ ਲਗਪਗ 80 ਫੀਸਦੀ ਟਿਕਟਾਂ ਕਰੋੜਪਤੀਆਂ ਨੂੰ ਦਿਤੀਆਂ ਹਨ। ਇਨੈਲੋ ਨੇ 63 ਫੀਸਦੀ, ਹਜਕਾਂ ਨੇ 51 ਫੀਸਦੀ, ਭਾਜਪਾ ਨੇ 45 ਫੀਸਦੀ ਅਤੇ ਬਸਪਾ ਨੇ 34 ਫੀਸਦੀ ਟਿਕਟਾਂ ਕਰੋੜਪਤੀਆਂ ਨੂੰ ਦਿੱਤੀਆਂ ਹਨ।**

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲੜ ਰਹੇ 1222 ਉਮੀਦਵਾਰਾਂ ਵਿਚੋਂ ਲਗਪਗ 14 ਫੀਸਦੀ ਉਮੀਦਵਾਰਾਂ ਦੇ ਖ਼ਿਲਾਫ 67 ਫੌਜਦਾਰੀ ਕੇਸ ਚਲ ਰਹੇ ਹਨ ਜਿਨ੍ਹਾਂ ਵਿਚੋਂ ਪੰਜ ਫੀਸਦੀ ਭਾਵ 24 ਦੇ ਖ਼ਿਲਾਫ ਕਤਲ, ਇਰਾਦਾ ਕਤਲ, ਲੁੱਟ ਆਦਿ ਦੇ ਕੇਸ ਸ਼ਾਮਲ ਹਨ। ਚੋਣ ਲੜ ਰਹੇ 251 ਉਮੀਦਵਾਰ ਕਰੋੜਪਤੀ ਹਨ ਜਦੋਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਸ ਵਾਰ ਉਮੀਦਵਾਰਾਂ ਦੀ ਗਿਣਤੀ 20 ਫੀਸਦੀ ਵਧੀ ਹੈ ਤੇ ਪਾਰਟੀਆਂ ਦੀ ਗਿਣਤੀ ਵੀ 27 ਤੋਂ ਵੱਧ ਕੇ 49 ਹੋ ਗਈ ਹੈ।

ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਐਂਡ ਨੈਸ਼ਨਲ ਇਲੈਕਸ਼ਨ ਵਾਚ ਵਲੋਂ ਇਥੇ ਜਾਰੀ ਕੀਤੀ ਗਈ ਰਿਪੋਰਟ ਵਿਚ ਦਿਤੀ ਗਈ। ਜਾਣਕਾਰੀ ਅਨੁਸਾਰ ਕਰੋੜਪਤੀ ਉਮੀਦਵਾਰਾਂ ਵਿਚ 26 ਉਮੀਦਵਾਰ ਅਜਿਹੇ ਹਨ ਜਿਨਾਂ ਦੀ ਜਾਇਦਾਦ ਵਿਚ ਪਿਛਲੇ ਪੰਜ ਸਾਲ ਵਿਚ 161 ਫੀਸਦੀ ਤੋਂ ਲੈ ਕੇ 5,488 ਫੀਸਦੀ ਤਕ ਦਾ ਵਾਧਾ ਹੋਇਆ ਹੈ। ਇਨਾਂ 26 ਉਮੀਦਵਾਰਾਂ ਵਿਚ ਭਾਰੀ ਬਹੁਗਿਣਤੀ ਕਾਂਗਰਸ ਉਮੀਦਵਾਰਾਂ ਦੀ ਹੈ। ਇਸ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਦੇ ਦੋ, ਇਕ ਆਜ਼ਾਦ ਅਤੇ ਇਕ ਹਰਿਆਣਾ ਜਨਹਿੱਤ ਕਾਂਗਰਸ ਨਾਲ ਸਬੰਧਤ ਹੈ। ਰਿਪੋਰਟ ਅਨੁਸਾਰ ਕਾਂਗਰਸ ਪਾਰਟੀ ਦੀ ਫਰੀਦਾਬਾਦ ਤੋਂ ਉਮੀਦਵਾਰ ਸ਼ਾਰਦਾ ਰਾਠੌਰ ਦੀ ਜਾਇਦਾਦ ਸਭ ਤੋਂ ਤੇਜੀ ਨਾਲ ਵਧੀ ਹੈ। ਉਸਨੇ ਸਾਲ 2004 ਵਿਚ ਆਪਣੀ ਜਾਇਦਾਦ 81,667 ਰੁਪਏ ਐਲਾਨੀ ਸੀ ਜਿਹੜੀ ਸਾਲ 2009 ਵਿਚ ਵੱਧ ਕੇ 45 ਲੱਖ 63 ਹਜ਼ਾਰ 630 ਰੁਪਏ ਹੋ ਗਈ। ਇਹ ਵਾਧਾ 5,488 ਫੀਸਦੀ ਬਣਦਾ ਹੈ। ਇਸ ਤੋਂ ਬਾਅਦ ਕਾਂਗਰਸ ਦੀ ਮਹਿੰਦਰਗੜ੍ਹ ਤੋਂ ਅਨੀਤਾ ਯਾਦਵ ਦਾ ਨੰਬਰ ਹੈ। ਉਸ ਦੀ ਜਾਇਦਾਦ 987 ਫੀਸਦੀ ਵਧੀ ਹੈ। ਅੰਬਾਲਾ ਤੋਂ ਕਾਂਗਰਸ ਦੇ ਵਿਨੋਦ ਸ਼ਰਮਾ ਦੀ ਜਾਇਦਾਦ 833 ਫੀਸਦੀ, ਪੂੰਡਰੀ ਤੋਂ ਦਿਨੇਸ਼ ਕੌਸ਼ਿਕ ਦੀ 815 ਫੀਸਦੀ, ਫਤਿਆਬਾਦ ਤੋਂ ਇਨੈਲੋ ਦੇ ਗਿਆਨ ਚੰਦ 560 ਫੀਸਦੀ, ਫਰੀਦਾਬਾਦ ਤੋਂ ਕਾਂਗਰਸ ਦੇ ਹਰਸ਼ ਕੁਮਾਰ ਦੀ 494 ਫੀਸਦੀ, ਪਾਣੀਪਤ ਤੋਂ ਪ੍ਰਸੰਨੀ ਦੇਵੀ ਦੀ ਜਾਇਦਾਦ ਵਿਚ 481 ਫੀਸਦੀ ਵਾਧਾ ਹੋਇਆ ਹੈ। ਚੋਣ ਅਖਾੜੇ ਵਿਚ ਉਤਰੇ ਉਮੀਦਵਾਰਾਂ ਵਿਚ ਸਭ ਤੋਂ ਵੱਧ ਅਮੀਰ ਹਰਿਆਣਾ ਜਨਹਿੱਤ ਕਾਂਗਰਸ ਦਾ ਮੋਹਿਤ ਹੈ ਜਿਹੜਾ ਕੋਸਲੀ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਰਿਹਾ ਹੈ। ਉਸ ਦੀ ਜਾਇਦਾਦ 91 ਕਰੋੜ ਤੋਂ ਵੱਧ ਹੈ। ਉਸ ਤੋਂ ਬਾਅਦ ਕਾਂਗਰਸ ਦੇ ਅੰਬਾਲਾ ਸ਼ਹਿਰ ਤੋਂ ਉਮੀਦਵਾਰ ਵਿਨੋਦ ਸ਼ਰਮਾ 87 ਕਰੋੜ, ਇਨੈਲੋ ਦੇ ਕੈਥਲ ਤੋਂ ਕੈਲਾਸ਼ ਭਗਤ 63 ਕਰੋੜ, ਹਿਸਾਰ ਤੋਂ ਕਾਂਗਰਸ ਦੀ ਸਵਿਤਰੀ ਜਿੰਦਲ 43 ਕਰੋੜ, ਬਹਾਦਰਗੜ੍ਹ ਤੋਂ ਕਾਂਗਰਸ ਦੇ ਰਾਜਿੰਦਰ ਸਿੰਘ ਜੂਨ, ਗੜੀ ਸਾਂਪਲਾ ਕਿਲੋਈ ਤੋਂ ਬਹੁਜਨ ਸਮਾਜ ਪਾਰਟੀ ਦੇ ਫ਼ਤਿਹ ਸਿੰਘ 29 ਕਰੋੜ, ਡੱਬਵਾਲੀ ਤੋਂ ਇਨੈਲੋ ਦੇ ਅਜੇ ਸਿੰਘ ਚੌਟਾਲਾ 28 ਕਰੋੜ, ਬਹਾਦਰਗੜ੍ਹ ਤੋਂ ਭਾਜਪਾ ਦੇ ਨਰੇਸ਼ ਮਲਿਕ 25 ਕਰੋੜ ਅਤੇ ਗਨੌਰ ਤੋਂ ਹਰਿਆਣਾ ਜਨਹਿੱਤ ਕਾਂਗਰਸ ਦੀ ਨਿਰਮਲ ਰਾਣੀ 21 ਕਰੋੜ ਦਾ ਨੰਬਰ ਆਉਂਦਾ ਹੈ।

ਇਸ ਵਾਰ ਵੱਖ-ਵੱਖ ਪਾਰਟੀਆਂ ਨੇ ਕਰੋੜਪਤੀ ਉਮੀਦਵਾਰਾਂ ਨੂੰ ਟਿਕਟ ਦੇਣ ਵਿਚ ਰੁਚੀ ਵਿਖਾਈ ਹੈ ਤੇ ਸਭ ਤੋਂ ਵੱਧ ਕਾਂਗਰਸ ਨੇ 90 ਸੀਟਾਂ ਵਿਚੋਂ 72, ਇੰਡੀਅਨ ਨੈਸ਼ਨਲ ਲੋਕ ਦਲ ਨੇ 56, ਹਰਿਆਣਾ ਜਨਹਿੱਤ ਕਾਂਗਰਸ ਨੇ 44, ਭਾਰਤੀ ਜਨਤਾ ਪਾਰਟੀ ਨੇ 41 ਅਤੇ ਬਹੁਜਨ ਸਮਾਜ ਪਾਰਟੀ ਨੇ 29 ਕਰੋੜਪਤੀ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ। ਕਾਂਗਰਸ ਨੇ ਲਗਪਗ 80 ਫੀਸਦੀ ਟਿਕਟਾਂ ਕਰੋੜਪਤੀਆਂ ਨੂੰ ਦਿਤੀਆਂ ਹਨ। ਇਨੈਲੋ ਨੇ 63 ਫੀਸਦੀ, ਹਜਕਾਂ ਨੇ 51 ਫੀਸਦੀ, ਭਾਜਪਾ ਨੇ 45 ਫੀਸਦੀ ਅਤੇ ਬਸਪਾ ਨੇ 34 ਫੀਸਦੀ ਟਿਕਟਾਂ ਕਰੋੜਪਤੀਆਂ ਨੂੰ ਦਿੱਤੀਆਂ ਹਨ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਸਮਸਤ ਭਾਰਤੀਆਂ ਪਾਰਟੀ ਦੇ ਇਸਾਰਨਾਂ ਤੋਂ ਉਮੀਦਵਾਰ ਰਾਮ ਨਿਵਾਸ ਹਨ ਸਭ ਤੋਂ ਗਰੀਬ ਹਨ ਤੇ ਉਸ ਕੋਲ ਕੋਈ ਜਾਇਦਾਦ ਨਹੀਂ ਹੈ। ਪ੍ਰਿਥਲਾ ਤੋਂ ਹਰਿਆਣਾ ਜਨਹਿੱਤ ਕਾਂਗਰਸ ਦੇ ਨਿਰਮਲ ਪੰਚਾਲ ਕੋਲ ਕੇਵਲ ਪੰਦਰਾਂ ਸੌ ਰੁਪਏ ਹਨ। ਇਸੇ ਤਰ੍ਹਾਂ ਨਰਵਾਣਾ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸਤਪਾਲ ਸਰੋਹਾ ਕੋਲ ਕੇਵਲ ਢਾਈ ਹਜ਼ਾਰ ਰੁਪਏ ਹਨ। ਇਹ ਜਾਣਕਾਰੀ 489 ਉਮੀਦਵਾਰਾਂ ਵਲੋਂ ਦਿਤੇ ਹਲਫਨਾਮਿਆਂ 'ਤੇ ਅਧਾਰਤ ਹੈ। ਕੁਝ ਉਮੀਦਵਾਰਾਂ ਸਿਰ ਕਾਫੀ ਕਰਜ਼ਾ ਭਾਵ ਦੇਣਦਾਰੀਆਂ ਹਨ। ਇਨਾਂ ਵਿਚ ਸਭ ਤੋਂ ਉਪਰ ਕੈਥਲ ਤੋਂ ਇਨੈਲੋ ਉਮੀਦਵਾਰ ਕੈਲਾਸ਼ ਭਗਤ ਹਨ, ਉਨ੍ਹਾਂ ਦੀ ਕੁਲ ਜਾਇਦਾਦ 63 ਕਰੋੜ ਦੀ ਹੈ ਤੇ ਦੇਣਦਾਰੀਆਂ 55 ਕਰੋੜ ਦੀਆਂ ਹਨ। ਉਨ੍ਹਾਂ ਤੋਂ ਬਾਅਦ ਹਜਕਾਂ ਪ੍ਰਧਾਨ ਕੁਲਦੀਪ ਬਿਸ਼ਨੋਈ ਹਨ ਜਿਨਾਂ ਨੇ ਜਾਇਦਾਦ 17 ਕਰੋੜ ਦੀ ਦੱਸੀ ਹੈ ਤੇ ਉਨ੍ਹਾਂ ਦੀਆਂ ਦੇਣਦਾਰੀਆਂ ਲਗਪਗ 13 ਕਰੋੜ ਹਨ। ਹਲਫਨਾਮੇ ਦੇਣ ਵਾਲੇ 489 ਵਿਚੋਂ ਛੇ ਨੇ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਖਿਲਾਫ ਫੌਜਦਾਰੀ ਕੇਸ ਦਰਜ ਹਨ। ਇਨਾਂ ਵਿਚ ਯਮੁਨਾਨਗਰ ਤੋਂ ਇਨੈਲੋ ਦੇ ਦਿਲਬਾਗ ਸਿੰਘ, ਬਾਦਸ਼ਾਹਪੁਰ ਤੋਂ ਆਜ਼ਾਦ ਉਮੀਦਵਾਰ ਵੀਰ ਸਿੰਘ, ਬਲਬਗੜ ਤੋਂ ਬਸਪਾ ਦੇ ਓਮਪਾਲ ਟੌਂਗਰ, ਐਲਨਾਬਾਦ ਤੋਂ ਕਾਂਗਰਸ ਦੇ ਭਗਤ ਸਿੰਘ ਬੈਨੀਵਾਲ, ਨੂਹ ਤੋਂ ਭਾਜਪਾ ਦੇ ਸੰਜੇ ਸਿੰਘ ਅਤੇ ਪਲਵਲ ਤੋਂ ਕਾਂਗਰਸ ਦੇ ਕਰਨ ਸਿੰਘ ਦਲਾਲ ਸ਼ਾਮਲ ਹਨ।

ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਦੇ ਕੌਮੀ ਕੋਆਰਡੀਨੇਟਰ ਅਨਿਲ ਬੈਰਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੋਟਰਾਂ ਨੂੰ ਉਮੀਦਵਾਰਾਂ ਬਾਰੇ ਜਾਗਰੂਕ ਅਤੇ ਚੋਣ ਪ੍ਰਣਾਲੀ ਵਿਚ ਸੁਧਾਰ ਕਰਨ ਦੇ ਮੰਤਵ ਨਾਲ ਜਾਣਕਾਰੀ ਦੇ ਰਹੀ ਹੈ।

## ਪੰਜਾਬ ਪੁਲੀਸ ਵਿਚ ਕੀਤਾ ਵਿਆਪਕ ਫੇਰ ਬਦਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਆਈ.ਪੀ.ਐਸ. ਅਫਸਰਾਂ ਅਤੇ 32 ਪੀ.ਸੀ.ਐਸ. ਦੀਆਂ ਬਦਲੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਬੀਤੀ ਰਾਤ ਤੋਂ ਲਾਗੂ ਹੋ ਗਏ।

ਬਦਲੇ ਗਏ ਆਈ.ਪੀ.ਐਸ.ਅਫਸਰਾਂ ਵਿਚ ਪਰਮਰਾਜ ਸਿੰਘ ਉਮਰਾਨੰਗਲ ਅਤੇ ਤੇਜਿੰਦਰਪਾਲ ਸਿੰਘ ਸ਼ਾਮਲ ਹਨ। ਉਨ੍ਹਾਂ ਨੂੰ ਐਸ.ਪੀ., ਪੀ.ਪੀ.ਸੀ.ਆਰ. ਲਾਇਆ ਗਿਆ ਹੈ। ਸ੍ਰੀ ਹਰਸ਼ ਕੁਮਾਰ ਬਾਂਸਲ ਏ.ਐਸ.ਪੀ., ਸਿਟੀ-9 (ਲੁਧਿਆਣਾ) ਨੂੰ ਲੁਧਿਆਣਾ ਵਿਚ ਹੀ ਐਸ.ਪੀ.ਸਿਟੀ-9 ਦਾ ਅਹੁਦਾ ਦਿੱਤਾ ਗਿਆ ਹੈ ਜਦੋਂਕਿ ਅੰਮ੍ਰਿਤਸਰ ਦੇ ਐਸ.ਪੀ. ਸਿਟੀ ਬਾਬੂ ਲਾਲ ਮੀਨਾ ਨੂੰ ਪੀ.ਏ.ਪੀ. ਦੀ 27ਵੀਂ ਬਟਾਲੀਅਨ ਦਾ ਕਮਾਂਡੈਂਟ ਥਾਪਿਆ ਗਿਆ ਹੈ। ਪ੍ਰਦੀਪ ਕੁਮਾਰ ਯਾਦਵ ਹੁਣ ਅੰਮ੍ਰਿਤਸਰ ਦੇ ਐਸ.ਪੀ. ਸਿਟੀ-9 ਹੋਣਗੇ।

ਸ੍ਰੀ ਬਲਜੀਤ ਸਿੰਘ ਰੰਧਾਵਾ ਨੂੰ ਸ੍ਰੀ ਪ੍ਰੀਤਮ ਸਿੰਘ ਦੀ ਥਾਂ ਅੰਮ੍ਰਿਤਸਰ ਦਾ ਐਸ.ਪੀ. (ਹੈਡਕੁਆਰਟਰਜ਼) ਲਾਇਆ ਗਿਆ ਹੈ, ਜਦੋਂਕਿ ਐਸ.ਪੀ. (ਸਕਿਉਰਿਟੀ) ਚੰਡੀਗੜ੍ਹ ਸ੍ਰੀ ਹਰਜੀਤ ਸਿੰਘ ਬਰਾੜ ਦਾ ਅੰਮ੍ਰਿਤਸਰ ਵਿਚ ਐਸ.ਪੀ. (ਡਿਟੈਕਟਿਵ) ਦੇ ਅਹੁਦੇ 'ਤੇ ਤਬਾਦਲਾ ਕੀਤਾ ਗਿਆ ਹੈ। ਬਦਲੀਆਂ ਦੇ ਹੁਕਮ ਗ੍ਰਹਿ ਵਿਭਾਗ ਵੱਲੋਂ ਜਾਰੀ ਕੀਤੇ ਗਏ ਹਨ।ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਪੰਜਾਬ ਪੁਲਿਸ ਵਿਚ ਡੀ ਐਸ ਪੀ ਤੇ ਥਾਣੇਦਾਰਾਂ ਦੀਆਂ ਵੀ ਵੱਡੀ ਪੱਧਰ ਤੇ ਬਦਲੀਆਂ ਕੀਤੀਆਂ ਗਈਆਂ ਹਨ।ਲੱਗ ਪੱਗ 73 ਡੀ ਐਸ ਪੀ ਬਦਲੇ ਗਏ ਹਨ।

## ਪੰਜਾਬ ਦੇ ਬਾਸਮਤੀ ਚਾਵਲ 'ਚ ਕੈਮੀਕਲ ਨਹੀਂ

**ਚੰਡੀਗੜ੍ਹ:** ਪੰਜਾਬ ਤੋਂ ਵਿਦੇਸ਼ਾਂ ਨੂੰ ਬਰਾਮਦ ਕੀਤੇ ਗਏ ਬਾਸਮਤੀ ਚਾਵਲ ਵਿਚ ਕੈਮੀਕਲ ਨਹੀਂ ਪਾਏ ਗਏ। ਪੰਜਾਬ ਦਾ ਬਾਸਮਤੀ ਖਾਣ ਵਿਚ ਵਧੀਆ, ਸੁਰੱਖਿਅਤ ਤੇ ਜ਼ਾਇਕੇਦਾਰ ਹੈ। ਆਲ ਇੰਡੀਆ ਰਾਈਸ ਐਕਸਪੋਰਟ ਐਸੋਸੀਏਸ਼ਨ ਨੇ ਸਪੱਸ਼ਟ ਕੀਤਾ ਕਿ ਪੰਜਾਬ ਤੋਂ ਜਿਹੜਾ ਬਾਸਮਤੀ ਚਾਵਲ ਅਮਰੀਕਾ, ਯੂਰਪ ਤੇ ਪੱਛਮੀ ਏਸ਼ੀਆ ਦੇ ਮੁਲਕਾਂ ਨੂੰ ਬਰਾਮਦ ਕੀਤਾ ਗਿਆ ਹੈ।

ਉਸ ਚਾਵਲ ਵਿਚ ਕਿਸੇ ਕਿਸਮ ਦੇ ਕੈਮੀਕਲਜ਼ ਨਹੀਂ ਸਨ। ਜਾਣਕਾਰ ਸੂਤਰਾਂ ਅਨੁਸਾਰ ਪਾਕਿਸਤਾਨ ਦੇ ਕੁਝ ਵਪਾਰੀਆਂ ਵਲੋਂ ਪੱਛਮੀ ਏਸ਼ੀਆ ਦੇਸ਼ਾਂ 'ਤੇ ਵਿਸ਼ੇਸ਼ ਕਰਕੇ ਇਰਾਨ ਵਿਚ ਭਾਰਤ ਦੇ ਚਾਵਲ ਵਪਾਰ ਨੂੰ ਨੁਕਸਾਨ ਪਹੁੰਚਾਉਣ ਲਈ ਕੰਪਨੀਆਂ ਕੋਲ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਯਾਦ ਰਹੇ ਇਹ ਪ੍ਰਚਾਰ ਸਿਖਰਾਂ 'ਤੇ ਹੈ ਕਿ ਪੰਜਾਬ ਵਿਚ ਪੈਦਾ ਹੋ ਰਹੀਆਂ ਫਸਲਾਂ ਵਿਚ ਕੈਮੀਕਲ ਫਰਟੇਲਾਈਜ਼ਰ ਅਤੇ ਕੀੜੇਮਾਰ ਦਵਾਈਆਂ ਦੀ ਰਹਿੰਦ ਖੂੰਹਦ ਆ ਰਹੀ ਹੈ।ਪਹਿਲੀ ਵਾਰ ਕਿਸੇ ਭਾਰਤੀ ਅਦਾਰੇ ਨੇ ਇਸ ਨੂੰ ਨਿੰਦਿਆ ਹੈ। ਯਾਦ ਰਹੇ ਕੁਝ ਦਿਨ ਪਹਿਲਾਂ ਇਰਾਨ ਨੇ ਭਾਰਤੀ ਚੌਲ ਵਾਪਿਸ ਕਰ ਦਿੱਤਾ ਸੀ।

## ਪੀ.ਏ.ਯੂ. ਦਾ ਅਮਰੀਕੀ ਵਰਸਿਟੀ ਨਾਲ ਸਮਝੌਤਾ

**ਲੁਧਿਆਣਾ :** ਅਮਰੀਕਾ ਦੇ ਦੌਰੇ 'ਤੇ ਗਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨਜੀਤ ਸਿੰਘ ਕੰਗ ਵਲੋਂ ਅਮਰੀਕਾ ਦੀ ਕਲੋਰਾਡੋ ਸਟੇਟ ਯੂਨੀਵਰਸਿਟੀ ਨਾਲ ਦੁਵੱਲੇ ਸਹਿਯੋਗ ਦਾ ਅਹਿਦਨਾਮਾ ਸਹੀਬੰਦ ਕੀਤਾ ਗਿਆ ਹੈ। ਇਸ ਮੌਕੇ ਡਾ. ਕੰਗ ਨੇ ਆਖਿਆ ਕਿ ਦੇਸ਼ ਦੇ ਕੁੱਲ ਭੂਗੋਲਿਕ ਰਕਬੇ ਵਿਚੋਂ 1.5 ਫੀਸਦੀ ਹਿੱਸੇ ਵਾਲਾ ਪੰਜਾਬ ਦੇਸ਼ ਨੂੰ 22 ਫੀਸਦੀ ਕਣਕ, 11 ਫੀਸਦੀ ਚੌਲ ਅਤੇ 10 ਫੀਸਦੀ ਕਪਾਹ ਤੇ ਨਰਮਾ ਪੈਦਾ ਕਰਕੇ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਹਰੇ ਇਨਕਲਾਬ ਦਾ ਆਰੰਭ ਅਮਰੀਕਨ ਵਿਗਿਆਨੀ ਡਾ. ਨੌਰਮਨ ਈ ਬੋਰਲਾਗ ਨੇ ਕੀਤਾ ਅਤੇ ਉਸੇ ਦਾ ਹੀ ਅਸਰ ਅੱਜ ਤਕ ਕਾਇਮ ਹੈ।

ਅਮਰੀਕਾ ਤੋਂ ਭੇਜੇ ਬਿਆਨ ਵਿਚ ਡਾ. ਕੰਗ ਨੇ ਦੱਸਿਆ ਕਿ ਇਸ ਅਹਿਦਨਾਮੇ ਲਈ ਡਾ. ਰਾਜ ਖੋਸਲਾ ਦਾ ਯੋਗਦਾਨ ਪ੍ਰਮੁੱਖ ਰੂਪ ਵਿਚ ਸਨਮਾਨ ਯੋਗ ਹੈ ਕਲੋਰਾਡੋ ਯੂਨੀਵਰਸਿਟੀ ਦੇ ਡੀਨ ਡਾ. ਕਰਿਗ ਬੇਰੂਟੀ ਨੇ ਦੱਸਿਆ ਕਿ ਉਹ ਨੇੜ ਭਵਿੱਖ ਵਿਚ ਪੀ.ਏ.ਯੂ. ਦੇ ਦੌਰੇ 'ਤੇ ਆਉਣਗੇ ਅਤੇ ਦੋਹਾਂ ਸੰਸਥਾਵਾਂ ਦੇ ਵਿਗਿਆਨੀਆਂ ਵਿਚਕਾਰ ਸਾਂਝ ਦੇ ਮੌਕੇ ਵਧਾਉਣ ਲਈ ਸੰਭਾਵਨਾਵਾਂ ਤਲਾਸ਼ਣਗੇ।

## ਕਿਸਾਨਾਂ ਵਲੋਂ ਪੰਜਾਬ ਸਰਕਾਰ ਖਿਲਾਫ ਮੁੜ ਤੋਂ ਹਾਈ ਕੋਰਟ ਵਿਚ ਜਾਣ ਦਾ ਫੈਸਲਾ

**ਪਟਿਆਲਾ:** ਫਾਰਮਰਜ਼ ਐਸੋਸੀਏਸ਼ਨ ਨੇ ਫਸਲਾਂ ਦੀ ਅਦਾਇਗੀ ਦੇ ਮੁੱਦੇ 'ਤੇ ਪੰਜਾਬ ਸਰਕਾਰ ਵਲੋਂ ਆੜ੍ਹਤੀਆਂ ਰਾਹੀਂ ਚੈੱਕ ਜ਼ਰੀਏ ਕਿਸਾਨ ਨੂੰ ਅਦਾਇਗੀ ਕਰਨ ਦੇ ਦਿੱਤੇ ਅਧਿਕਾਰ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ ਮੁੜ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਸ਼ਿਕਾਇਤ ਦਰਜ ਕਰਵਾਉਣ ਦਾ ਫੈਸਲਾ ਲਿਆ ਹੈ। ਕਿਸਾਨ ਜਥੇਬੰਦੀ ਦਾ ਕਹਿਣਾ ਹੈ ਕਿ ਬਾਦਲ ਸਰਕਾਰ ਨੇ ਮੁੜ ਆੜ੍ਹਤੀਆਂ ਰਾਹੀਂ ਅਦਾਇਗੀ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਜਿਥੇ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ, ਉਥੇ ਗ਼ੈਰ-ਕਾਨੂੰਨੀ ਮਾਹੌਲ ਨੂੰ ਵੀ ਅਪਨਾਇਆ ਹੈ।

ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਨੇ ਆੜ੍ਹਤੀਆਂ ਰਾਹੀਂ ਅਦਾਇਗੀ ਦੇ ਵਿਰੋਧ ਵਿਚ ਬਾਦਲ ਸਰਕਾਰ ਖਿਲਾਫ ਪਹਿਲਾਂ ਹੀ ਹਾਈ ਕੋਰਟ ਵਿਚ ਜਨਤਕ ਰਿਟ ਪਟੀਸ਼ਨ ਕੀਤੀ ਹੋਈ ਹੈ ਜਿਸ ਦੇ ਮੱਦੇਨਜ਼ਰ ਪਿਛਲੇ ਵਰ੍ਹੇ ਹਾਈ ਕੋਰਟ ਨੇ ਜਦੋਂ ਪੰਜਾਬ ਸਰਕਾਰ ਦੀ ਜਵਾਬਤਲਬੀ ਕੀਤੀ ਤਾਂ ਬਾਦਲ ਸਰਕਾਰ ਨੇ ਕੈਪਟਨ ਸਰਕਾਰ ਵੇਲੇ ਸਿੱਧੀ ਅਦਾਇਗੀ ਦੀ ਤਰਜ਼ਮਾਨੀ ਕਰਦੇ ਜਾਰੀ ਹੋਏ ਨੋਟੀਫਿਕੇਸ਼ਨ ਨੂੰ ਇੰਨ-ਬਿੰਨ ਲਾਗੂ ਕਰਨ ਬਾਰੇ ਲਿਖਤੀ ਵਾਅਦਾ ਕੀਤਾ ਸੀ।

ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਸਤਿਨਾਮ ਸਿੰਘ ਬਹਿਰੂ ਨੇ ਇਥੇ ਦੋਸ਼ ਲਗਾਇਆ ਕਿ ਬਾਦਲ ਸਰਕਾਰ ਨੇ ਕਿਸਾਨੀ ਹਿੱਤਾਂ ਨੂੰ ਢਾਹ ਲਾਉਂਦਿਆਂ ਤੇ ਆੜ੍ਹਤੀਆਂ ਅੱਗੇ ਝੁਕਦਿਆਂ ਹੁਣ ਆੜ੍ਹਤੀਆਂ ਤੋਂ ਚੈੱਕ ਰਾਹੀਂ ਅਦਾਇਗੀ ਦੀ ਤਰਜ਼ਮਾਨੀ ਕਰਦਾ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

ਕਿਸਾਨ ਨੇਤਾ ਨੇ ਦੱਸਿਆ ਕਿ ਜਥੇਬੰਦੀ ਨੇ ਫੈਸਲਾ ਲਿਆ ਹੈ ਕਿ ਕਿਸਾਨ ਮਾਰੂ ਫੈਸਲੇ ਖਿਲਾਫ ਮੁੜ ਮਾਣਯੋਗ ਹਾਈ ਕੋਰਟ ਵਿਚ ਪੰਜਾਬ ਸਰਕਾਰ ਖਿਲਾਫ ਸ਼ਿਕਾਇਤ ਦਰਜ ਕਰਵਾ ਕੇ ਅਦਾਲਤ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਤੇ ਅਦਾਲਤ ਕੋਲ ਇਹ ਵੀ ਗੁਹਾਰ ਲਗਾਈ ਜਾਵੇਗੀ ਕਿ ਕਿਸ ਤਰ੍ਹਾਂ ਸਰਕਾਰ ਵਾਰ-ਵਾਰ ਫਸਲਾਂ ਦੀ ਅਦਾਇਗੀ ਸਿੱਧੀ ਚੈੱਕਾਂ ਰਾਹੀਂ ਕਰਨ ਬਾਰੇ ਅਦਾਲਤ ਨੂੰ ਲੰਮੇ ਸਮੇਂ ਤੋਂ ਗੁੰਮਰਾਹ ਕਰਦੀ ਆ ਰਹੀ ਹੈ। ਯਾਦ ਰਹੇ ਕਿਸਾਨਾਂ ਨੂੰ ਸਿੱਧੀ ਅਦਾਇਗੀ ਦਾ ਮਾਮਲਾ ਬਾਰ ਬਾਰ ਪਿੱਛੇ ਪਾਇਆ ਜਾ ਰਿਹਾ ਹੈ। ਪਹਿਲਾਂ ਕੈਪਟਨ ਸਰਕਾਰ ਨੇ ਵੀ ਕਿਸਾਨਾਂ ਨੂੰ ਸਿੱਧੀ ਅਦਾਇਗੀ ਕਰਨ ਦਾ ਫੈਸਲਾ ਕੀਤਾ ਸੀ ਪਰ ਫਿਰ ਫੈਸਲਾ ਵਾਪਸ ਲੈ ਲਿਆ।ਹੁਣ ਬਾਦਲ ਸਰਕਾਰ ਨੇ ਵੀ ਇਹੀ ਕੀਤਾ ਹੈ।


**westin travel & tours inc.**



Tel:877-256-1971
773-465-4040
e-mail:info@westintravel.com
web:westintravel.com

Low Fares And Cofirm Seats With Lufthansa, American Ailines, Continental Air, Air India to India, Middle East And Europe

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659

**Desi Bazar**

Now Proudly Serving You At Two Locations

| | |
|---|---|
| 916 E. Main Street #118, Greenwood, IN, 46143 Tel: 317-888-2040 Fax: 317-888-2050 | 6663 W Washington St Indianapolis, IN 46231 Tel: 317-247-7240 Fax: 317-247-7250 |

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**R K Carpet & Flooring, Inc.**

6346 N. Claremont Ave. Chicago, IL 60659

ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales

Ravinder Singh Ravi
Ph:773-761-6888
Fax:773-761-6865

### ਜਲੰਧਰ ਦੇ ਮੈਡੀਕਲ ਕਾਲਜ ਨੂੰ ਰੱਖੜੇਕਿਆਂ ਦੇ ਹਵਾਲੇ ਕਰਨ ਦਾ ਮੁੱਦਾ

# ਸਾਰਾ ਕੁਝ ਕਾਨੂੰਨ ਅਨੁਸਾਰ ਕੀਤਾ ਗਿਆ, ਕੈਪਟਨ ਅਦਾਲਤ ਜਾਣ ਦਾ ਚਾਅ ਪੂਰਾ ਕਰੇ-ਬਾਦਲ



**ਜਲੰਧਰ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਜਲੰਧਰ ਦੇ ਮੈਡੀਕਲ ਕਾਲਜ ਤੇ ਹਸਪਤਾਲ ਨੂੰ 99 ਸਾਲ ਲਈ ਪਟੇ 'ਤੇ ਦੇਣ ਦੇ ਮਾਮਲੇ ਨੂੰ ਲੈ ਕੇ ਹਾਈਕੋਰਟ 'ਚ ਜਾਣ ਦੀ ਦਿੱਤੀ ਧਮਕੀ ਦੇ ਜਵਾਬ 'ਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਦਾਲਤ ਜਾਣ ਦਾ ਆਪਣਾ ਚਾਅ ਪੂਰਾ ਕਰ ਲਵੇ। ਉਹ ਸ੍ਰੀ ਰਾਮ ਨੌਮੀ ਉਤਸਵ ਕਮੇਟੀ ਵਲੋਂ ਕਰਵਾਏ ਸਮਾਗਮ 'ਚ ਹਿੱਸਾ ਲੈਣ ਤੋਂ ਪਹਿਲਾਂ ਹੈਲੀਪੈਡ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਵੀ ਉਨ੍ਹਾਂ ਵਿਰੁਧ ਅਦਾਲਤਾਂ 'ਚ ਜਾ ਚੁੱਕਾ ਹੈ, ਜਿੱਥੇ ਉਹ ਕੋਈ ਗੱਲ ਸਾਬਤ ਨਹੀਂ ਕਰ ਸਕਿਆ। ਸ੍ਰੀ ਬਾਦਲ ਨੇ ਕੈਪਟਨ ਵਲੋਂ ਮੈਡੀਕਲ ਕਾਲਜ ਤੇ ਹਸਪਤਾਲ ਦੇ ਮਾਮਲੇ 'ਚ ਵੱਡੇ ਘਪਲੇ ਹੋਣ ਦੇ ਲਾਏ ਜਾ ਰਹੇ ਦੋਸ਼ਾਂ ਨੂੰ ਨਕਾਰਿਆ। ਉਨ੍ਹਾਂ ਕਿਹਾ ਕਿ ਸਾਰਾ ਕੰਮ ਪਾਰਦਰਸ਼ਤਾ ਨਾਲ ਕੀਤਾ ਗਿਆ ਹੈ, ਪਹਿਲਾਂ ਡਾਕਟਰਾਂ ਨਾਲ ਮੁੱਖ ਸਕੱਤਰ ਪੱਧਰ ਦੀਆਂ ਮੀਟਿੰਗਾਂ ਹੋਈਆਂ ਸਨ, ਫਿਰ ਜਾ ਕੇ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਲੰਧਰ ਦੇ ਮੈਡੀਕਲ ਕਾਲਜ ਤੇ ਹਸਪਤਾਲ 'ਚ ਪੀ ਜੀ ਆਈ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੇ ਮਾਮਲੇ ਦਾ ਵਿਵਾਦ ਦਿਨੋਂ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਕੈਪਟਨ ਕਹਿ ਰਹੇ ਹਨ ਕਿ ਫੋਰਟਿਸ ਅਤੇ ਰਿਲਾਇੰਸ ਜਿਹੀਆਂ ਵੱਡੀਆਂ ਕੰਪਨੀਆਂ ਨੂੰ ਰੱਦ ਕਰਕੇ ਇਹ ਸੰਸਥਾ ਰੱਖੜਾ ਪ੍ਰਿਵਾਰ ਨੂੰ ਦਿੱਤੀ ਗਈ ਹੈ। ਉਨ੍ਹਾਂ ਕੈਪਟਨ ਦੇ ਇਨ੍ਹਾਂ ਦੋਸ਼ਾਂ ਨੂੰ ਵੀ ਨਕਾਰਿਆ ਕਿ ਰੱਖੜਾ ਪਰਿਵਾਰ ਨੂੰ ਇਹ ਮੈਡੀਕਲ ਕਾਲਜ ਤੇ ਹਸਪਤਾਲ ਦੇਣ ਸਮੇਂ ਸ਼ਰਤਾਂ ਨਰਮ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਦੇਖਦਿਆਂ ਇੱਥੇ ਹਸਪਤਾਲ ਦੇ ਨਾਲ-ਨਾਲ ਮੈਡੀਕਲ ਕਾਲਜ ਬਣਾਉਣ ਦਾ ਫੈਸਲਾ ਜ਼ਰੂਰ ਕੀਤਾ ਗਿਆ ਹੈ। ਉਨ੍ਹਾਂ ਦਲੀਲ ਦਿੱਤੀ ਕਿ ਜੇਕਰ ਚੰਗੇ ਕੰਮ ਲਈ ਸ਼ਰਤਾਂ ਬਦਲੀਆਂ ਵੀ ਗਈਆਂ ਹਨ ਤਾਂ ਇਸ 'ਚ ਮਾੜਾ ਕੀ ਕੀਤਾ। ਯਾਦ ਰਹੇ ਕਿ ਕਾਂਗਰਸ ਦੀ ਬੇਅੰਤ ਸਿੰਘ ਸਰਕਾਰ ਸਮੇਂ ਹੀ ਗੜ੍ਹਾ ਰੋਡ 'ਤੇ ਗੰਨਾ ਖੋਜ ਕੇਂਦਰ ਨੂੰ ਉਜਾੜ ਕੇ ਉਥੇ ਮੈਡੀਕਲ ਕਾਲਜ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਮੈਡੀਕਲ ਕਾਲਜ ਦਾ ਨੀਂਹ ਪੱਥਰ ਵੀ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨੇ ਹੀ ਰੱਖ ਦਿੱਤਾ ਸੀ।

ਸ. ਬਾਦਲ ਨੇ ਕਿਹਾ ਕਿ ਫੋਰਟਿਸ ਵਾਲੇ ਵੀ ਜਦੋਂ ਅਦਾਲਤ 'ਚ ਗਏ ਸਨ ਤਾਂ ਹਾਈਕੋਰਟ ਨੇ ਉਨ੍ਹਾਂ ਦੀ ਰਿਟ ਰੱਦ ਕਰ ਦਿੱਤੀ ਸੀ ਕਿ ਜੋ ਫੈਸਲਾ ਹੋ ਗਿਆ ਹੈ, ਉਹ ਠੀਕ ਹੈ। ਉਨ੍ਹਾਂ ਕਿਹਾ ਕਿ 133 ਕਰੋੜ ਦੀ ਰਕਮ ਬਾਰੇ ਫੈਸਲਾ ਕੈਪਟਨ ਸਰਕਾਰ ਸਮੇਂ ਹੀ ਕੀਤਾ ਗਿਆ ਸੀ। ਮੈਡੀਕਲ ਕੌਂਸਲ ਦੇ ਨਿਯਮਾਂ ਅਨੁਸਾਰ ਮੈਡੀਕਲ ਕਾਲਜ ਚਲਾਉਣ ਵਾਲਾ ਜਾਂ ਤਾਂ ਉਹਦਾ ਮਾਲਕ ਹੋਵੇ ਜਾਂ ਫਿਰ ਉਸ ਨੇ ਜ਼ਮੀਨ 99 ਸਾਲ ਲਈ ਲੀਜ਼ 'ਤੇ ਲਈ ਹੋਵੇ। ਉਨ੍ਹਾਂ ਕਿਹਾ ਕਿ ਇਥੇ ਗਰੀਬਾਂ ਦੇ ਇਲਾਜ ਲਈ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕੁੱਲ ਆਮਦਨ 'ਚੋਂ 5 ਫੀਸਦੀ ਹਿੱਸਾ ਉਹ ਸਰਕਾਰ ਨੂੰ ਦੇਣਗੇ। ਹਮੇਸ਼ਾ ਹੀ ਮੀਡੀਏ ਤੋਂ ਕੰਨੀ ਕਤਰਾਉਣ ਵਾਲੇ ਸ੍ਰੀ ਬਾਦਲ ਨੇ ਇਸ ਵਾਰ ਕਾਰ 'ਚ ਬੈਠਣ ਤੋਂ ਬਾਅਦ ਦੋ ਵਾਰ ਪੱਤਰਕਾਰਾਂ ਨੂੰ ਆਵਾਜ਼ਾਂ ਮਾਰ-ਮਾਰ ਕੇ ਬੁਲਾਇਆ ਤੇ ਮੈਡੀਕਲ ਕਾਲਜ ਬਾਰੇ ਉਠੇ ਵਿਵਾਦ ਬਾਰੇ ਸਰਕਾਰ ਦੀ ਸਥਿਤੀ ਸਪਸ਼ਟ ਕੀਤੀ। ਇੱਕ ਸਵਾਲ ਦੇ ਜਵਾਬ 'ਚ ਸ੍ਰੀ ਬਾਦਲ ਨੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਝੋਨੇ ਦੀ ਖਰੀਦ ਨੂੰ ਆਪਣੀ ਕਸਟੱਡੀ ਵਿਚ ਲੈਣ ਲਈ ਕਿਹਾ ਗਿਆ ਹੈ।

## ਕੈਪਟਨ ਵਲੋਂ ਮੁੱਦਾ ਉਠਾਏ ਜਾਣ 'ਤੇ ਭਾਜਪਾ ਖੁਸ਼

**ਜਲੰਧਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਜਲੰਧਰ ਵਿਚ ਉਸਾਰੀ ਅਧੀਨ ਮੈਡੀਕਲ ਕਾਲਜ ਵਿਚ ਬਹੁਕਰੋੜੀ ਘਪਲਾ ਸਿੱਧ ਹੋਣ ਅਤੇ ਮੰਤਰੀਆਂ ਨੂੰ ਅੱਖੋਂ-ਪਰੋਖੇ ਕੀਤੇ ਜਾਣ ਦਾ ਮੁੱਦਾ ਉਠਾਏ ਜਾਣ ਨਾਲ ਘੱਟੋ-ਘੱਟ ਭਾਜਪਾ ਮੰਤਰੀ ਅੱਜ ਕਲ੍ਹ ਬਹੁਤ ਖੁਸ਼ ਨਜ਼ਰ ਆ ਰਹੇ ਹਨ। ਪਾਰਟੀ ਦੇ ਅਨੁਸ਼ਾਸਨ ਵਿਚ ਗਲਤੀ ਹੋਣ ਕਾਰਨ ਭਾਜਪਾ ਮੰਤਰੀ ਜਨਤਕ ਤੌਰ 'ਤੇ ਕੁਝ ਨਹੀਂ ਕਹਿ ਰਹੇ ਪਰ ਇਨ੍ਹਾਂ ਮੰਤਰੀਆਂ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਵਲੋਂ ਉਠਾਇਆ ਗਿਆ ਮੁੱਦਾ ਬਿਲਕੁਲ ਠੀਕ ਹੈ ਕਿਉਂਕਿ ਸਿਰਫ ਉੱਚ ਮੈਡੀਕਲ ਸਿੱਖਿਆ ਮੰਤਰੀ ਤੀਕਸ਼ਣ ਸੂਦ ਨੂੰ ਹੀ ਅੱਖੋਂ-ਪਰੋਖੇ ਨਹੀਂ ਕੀਤਾ ਗਿਆ ਸਗੋਂ ਕਈ ਹੋਰ ਅਹਿਮ ਫੈਸਲੇ ਲੈਂਦੇ ਸਮੇਂ ਭਾਜਪਾ ਮੰਤਰੀਆਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ।

# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਕੈਪਟਨ ਅਮਰਿੰਦਰ ਸਿੰਘ ਦਾ ਪਲੜਾ ਭਾਰੀ



**ਬਠਿੰਡਾ :** ਪੰਜਾਬ ਪ੍ਰਦੇਸ਼ ਕਾਂਗਰਸ ਲਈ ਪੱਕਾ ਪ੍ਰਧਾਨ ਥਾਪਿਆ ਜਾਵੇ ਜਾਂ ਮੌਜੂਦਾ ਕੰਮ ਚਲਾਊ ਕਾਰਗੁਜ਼ਾਰੀ ਹੀ ਜਾਰੀ ਰੱਖਿਆ ਜਾਵੇ, ਇਸ ਮੁੱਦੇ ਨੂੰ ਲੈ ਕੇ ਜਿੱਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਵਿਰੋਧੀ ਆਗੂਆਂ ਦਰਮਿਆਨ ਖਿੱਚੋਤਾਣ ਜਾਰੀ ਹੈ, ਉੱਥੇ ਨਾ ਸਿਰਫ਼ ਟਕਸਾਲੀ ਅਕਾਲੀ ਆਗੂ ਇਸ ਵਿਚ ਡਾਢੀ ਦਿਲਚਸਪੀ ਲੈ ਰਹੇ ਹਨ, ਬਲਕਿ ਲੋਕਾਂ ਵਿਚ ਵੀ ਤਰ੍ਹਾਂ-ਤਰ੍ਹਾਂ ਦੇ ਕਿੱਸੇ ਕਹਾਣੀਆਂ ਪ੍ਰਚੱਲਤ ਹੋ ਚੁੱਕੀਆਂ ਹਨ।

ਦਿੱਲੀ ਵਿਖੇ ਕਾਂਗਰਸੀ ਹਲਕਿਆਂ ਵਿਚ ਚੱਲ ਰਹੀਆਂ ਸਰਗਰਮੀਆਂ ਦੀ ਚੰਗੀ ਜਾਣਕਾਰੀ ਰੱਖਣ ਵਾਲੇ ਇਕ ਸੀਨੀਅਰ ਆਗੂ ਅਨੁਸਾਰ ਪੰਜਾਬ ਵਿਚ ਫੈਲੀ ਬਦਅਮਨੀ, ਜਿਸ ਦੀ ਬਦੌਲਤ ਹੇਠਲੇ ਪੱਧਰ ਦੇ ਕਾਂਗਰਸੀ ਵਰਕਰਾਂ ਨੂੰ ਹਾਕਮ ਧਿਰਾਂ ਦੀਆਂ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਨੂੰ ਮੱਦੇਨਜ਼ਰ ਰੱਖਦਿਆਂ ਸ੍ਰੀਮਤੀ ਸੋਨੀਆ ਗਾਂਧੀ ਕਿਸੇ ਅਜਿਹੇ ਸੀਨੀਅਰ ਆਗੂ ਨੂੰ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਉਣ ਲਈ ਮਨ ਬਣਾ ਚੁੱਕੀ ਹੈ, ਜੋ ਬਾਦਲ ਪਰਿਵਾਰ ਲਈ ਚੁਣੌਤੀ ਬਣ ਸਕੇ। ਅਜਿਹੀਆਂ ਪ੍ਰਸਥਿਤੀਆਂ ਵਿਚ ਹੋਰਾਂ ਦੇ ਮੁਕਾਬਲਤਨ ਕੈਪਟਨ ਅਮਰਿੰਦਰ ਸਿੰਘ ਦਾ ਪੱਲਾ ਕਿਤੇ ਵੱਧ ਭਾਰੂ ਹੈ।

ਇਸ ਆਗੂ ਦੇ ਵਿਚਾਰ ਮੁਤਾਬਕ ਕਾਂਗਰਸ ਪਾਰਟੀ ਦਾ ਹੈਡਕੁਆਰਟਰ ਅਜਿਹੇ ਦਰਬਾਰੀ ਸੱਭਿਆਚਾਰ ਤੋਂ ਪੀੜਤ ਹੈ, ਜਿਸ ਦੇ ਵੱਖ-ਵੱਖ ਅੰਗ ਜਥੇਬੰਦੀ ਦੀ ਮਜਬੂਤੀ ਨਾਲੋਂ ਆਪਣੀ ਜਾਤੀ ਖੁਦਗਰਜ਼ੀ ਨੂੰ ਵਧ ਤਰਜ਼ੀਹ ਦਿੰਦੇ ਹਨ। ਇਹੋ ਕਾਰਨ ਹੈ ਕਿ ਕਈ ਉਨ੍ਹਾਂ ਸੂਬਿਆਂ ਵਿਚ ਵੀ ਕਾਂਗਰਸ ਪਾਰਟੀ ਨੂੰ ਚੋਣਾਂ ਦੌਰਾਨ ਮਾਰ ਪੈ ਚੁੱਕੀ ਹੈ, ਜਿੱਥੇ ਹਾਲਾਤ ਇਸ ਲਈ ਕਾਫ਼ੀ ਸਾਜ਼ਗਾਰ ਸਨ। ਆਪਣੇ ਨੁਕਤੇ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਦੱਸਿਆ ਕਿ ਆਮ ਤੌਰ 'ਤੇ ਦਰਬਾਰੀ ਵੱਖ-ਵੱਖ ਸੂਬਿਆਂ ਦੇ ਉਨ੍ਹਾਂ ਆਗੂਆਂ ਨਾਲ ਵੀ ਅੱਖ-ਮਟੱਕਾ ਕਰਨ ਤੋਂ ਪ੍ਰਹੇਜ਼ ਨਹੀਂ ਕਰਦੇ, ਜੋ ਜਨਮ ਜਾਤ ਤੋਂ ਹੀ ਕਾਂਗਰਸ ਦੇ ਵਿਰੋਧ ਵਿਚ ਸਰਗਰਮ ਚਲੇ ਆ ਰਹੇ ਹਨ। ਪੰਜਾਬ ਦਾ ਹਵਾਲਾ ਦਿੰਦਿਆਂ ਉਸ ਨੇ ਦੱਸਿਆ ਕਿ ਦਿੱਲੀ ਵਿਚਲੇ ਕਾਂਗਰਸ ਪਾਰਟੀ ਦੇ ਕਈ ਸੀਨੀਅਰ ਆਗੂਆਂ ਨਾਲ ਬਾਦਲ ਪਰਿਵਾਰ ਦਾ ਰਾਬਤਾ ਇਸ ਕਦਰ ਬਣਿਆ ਹੋਇਆ ਹੈ ਕਿ ਉਹ ਕਈ ਹਲਕਿਆਂ ਦੀਆਂ ਟਿਕਟਾਂ ਦਾ ਫ਼ੈਸਲਾ ਵੀ ਆਪਣੀ ਮਨਮਰਜ਼ੀ ਨਾਲ ਕਰਵਾਉਣ ਵਿਚ ਸਫ਼ਲ ਹੁੰਦਾ ਰਿਹਾ ਹੈ।

ਇਸ ਆਗੂ ਨੇ ਦੱਸਿਆ ਕਿ ਇਹ ਸੂਹ ਮਿਲਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਇਆ ਜਾ ਸਕਦੈ, ਬਾਦਲਾਂ ਨੇ ਦਿੱਲੀ ਵਾਲੇ ਆਪਣੇ ਸੰਪਰਕਾਂ ਨੂੰ ਮੁੜ ਸਰਗਰਮ ਕਰ ਲਿਆ। ਉਸ ਦੇ ਤਰਕ ਮੁਤਾਬਕ ਇਹੀ ਕਾਰਨ ਹੈ ਕਿ ਪ੍ਰਧਾਨਗੀ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਜਿਹੜੇ ਆਗੂ ਕੁਝ ਅਰਸਾ ਪਹਿਲਾਂ ਆਪੋ-ਆਪਣੇ ਹੱਕ ਵਿਚ ਲਾਬਿੰਗ ਕਰਨ ਵਿਚ ਰੁੱਝੇ ਹੋਏ ਸਨ, ਹੁਣ ਇਕ ਨੁਕਾਤੀ ਇਸ ਪ੍ਰੋਗਰਾਮ 'ਤੇ ਇਕੱਠੇ ਹੋ ਚੁੱਕੇ ਹਨ, ਕਿ ਕਿਸੇ ਇਕ ਨੂੰ ਪੱਕਾ ਪ੍ਰਧਾਨ ਬਣਾਉਣ ਦੀ ਬਜਾਏ ਮੌਜੂਦਾ ਕੰਮ ਚਲਾਊ ਪ੍ਰਬੰਧ ਕਾਇਮ ਰੱਖ ਕੇ ਮਹਿੰਦਰ ਸਿੰਘ ਕੇ ਪੀ ਨੂੰ ਹੀ ਕਾਰਜਕਾਰੀ ਪ੍ਰਧਾਨ ਰਹਿਣ ਦਿੱਤਾ ਜਾਵੇ। ਦੂਜੀ ਧਿਰ ਦੀ ਸਮਝ ਇਹ ਹੈ ਕਿ ਕੰਮ ਚਲਾਊ ਪ੍ਰਣਾਲੀ ਨੂੰ ਸਮਾਪਤ ਕਰਕੇ ਦਮਦਾਰ ਜਥੇਬੰਦਕ ਢਾਂਚਾ ਖੜ੍ਹਾ ਕੀਤਾ ਜਾਵੇ।

# ਭਾਜਪਾ ਦੇ ਦੋ ਧੜਿਆਂ ਵਿਚਕਾਰ ਆਪਸੀ ਵਿਰੋਧ ਵਧਿਆ



ਸਿੱਧੂ-ਛੀਨਾ ਵਿਵਾਦ

**ਅੰਮ੍ਰਿਤਸਰ :** ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੀ ਚੇਅਰਮੈਨ ਦੀ ਵਕਾਰੀ ਕੁਰਸੀ ਨੂੰ ਹਥਿਆਉਣ ਨੂੰ ਲੈ ਕੇ ਅੰਮ੍ਰਿਤਸਰ ਤੋਂ ਭਾਜਪਾ ਦੇ ਐਸਪੀ ਨਵਜੋਤ ਸਿੰਘ ਸਿੱਧੂ ਤੇ ਰਾਜਿੰਦਰ ਮੋਹਨ ਸਿੰਘ ਛੀਨਾ ਵਿਚਕਾਰ ਛਿੜਿਆ ਵਿਵਾਦ ਧੜੇਬੰਦਕ ਫੁੱਟ ਦਾ ਰੂਪ ਲੈ ਚੁੱਕਾ ਹੈ। ਛੀਨਾ ਵਲੋਂ ਟਰੱਸਟ ਦੀ ਚੇਅਰਮੈਨੀ ਤੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਹੁਣ ਸੀਤ ਜੰਗ ਤਬਦੀਲ ਹੋ ਚੁੱਕਾ ਹੈ ਤੇ ਇਸ ਸੀਤ ਜੰਗ ਨੇ ਅੰਮ੍ਰਿਤਸਰ ਸ਼ਹਿਰੀ ਕਮੇਟੀ ਦੇ ਲਗਭਗ ਸਾਰੇ ਹੀ ਵਰਕਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ।

ਭਾਜਪਾ ਅੰਮ੍ਰਿਤਸਰ ਸ਼ਹਿਰੀ ਕਮੇਟੀ ਦੇ ਪ੍ਰਧਾਨ ਅਮਰੀਕ ਸਿੰਘ ਸੇਵਾਮੁਕਤ ਕਰਨਲ ਜਿਸ ਦੇ ਹੱਥਾਂ 'ਚ ਜ਼ਿਲ੍ਹੇ ਦੀ ਵਾਗਡੋਰ ਹੈ ਉਹ ਸਿੱਧੂ ਦੇ ਵੱਡੇ ਸਮਰਥਕਾਂ 'ਚੋਂ ਹੈ। ਭਾਜਪਾ ਦੇ ਦਰਜਨ ਦੇ ਕਰੀਬ ਕੌਂਸਲਰ ਵੀ ਧੜੇਬੰਦੀ ਤੋਂ ਖੁਦ ਨੂੰ ਲਾਂਭੇ ਨਹੀਂ ਰੱਖ ਸਕੇ ਹਨ। ਪਾਰਟੀ ਦੀਆਂ ਬਾਕੀ ਇਕਾਈਆਂ ਵੀ ਸਿੱਧੂ-ਛੀਨਾ ਕਲੇਸ਼ ਦੀ ਭਾਗੀਦਾਰ ਦਾ ਹਿੱਸਾ ਬਣ ਚੁੱਕੀਆਂ ਹਨ।

ਜ਼ਿਕਰਯੋਗ ਹੈ ਕਿ ਲੰਘੀਆਂ ਚੋਣਾਂ 'ਚ ਭਾਜਪਾ ਦੇ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਸ੍ਰੀ ਸਿੱਧੂ ਦੀ ਚੋਣ ਵੇਲੇ ਸਿੱਧੂ ਇਕੱਲਾ ਛੀਨਾ ਦੀ ਵਾਰਡ 'ਚੋਂ ਹੀ ਨਹੀਂ ਹਾਰਿਆ ਸੀ। ਸਗੋਂ ਛੀਨਾ ਦੇ ਸਮਰਥਕਾਂ ਦੀਆਂ ਵਾਰਡਾਂ 'ਚੋਂ ਵੀ ਕਾਫ਼ੀ ਵੋਟਾਂ ਦੇ ਫ਼ਰਕ ਨਾਲ ਹਾਰਿਆ ਸੀ। ਹਾਰੀਆਂ ਵਾਰਡਾਂ 'ਚੋਂ ਲੋਕਾਂ ਵਲੋਂ ਨਿਕਾਰੇ ਗਏ ਛੀਨਾ ਨੂੰ ਭਾਜਪਾ ਨੇ ਸਿੱਧੂ ਦੀ ਰਜ਼ਾਮੰਦੀ ਲਏ ਬਿਨ੍ਹਾਂ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦਾ ਚੇਅਰਮੈਨ ਬਣਾ ਦਿੱਤਾ ਸੀ, ਜਿਸ 'ਤੇ ਸਿੱਧੂ ਭਾਜਪਾ ਸਾਹਮਣੇ ਅੜ ਗਏ ਕਿ ਜਿੰਨੀ ਦੇਰ ਛੀਨਾ ਨੂੰ ਸੁਧਾਰ ਟਰੱਸਟ ਦੀ ਕੁਰਸੀ ਤੋਂ ਫਾਰਗ ਨਹੀਂ ਕਰਦੇ ਉਨਾ ਚਿਰ ਉਹ ਅੰਮ੍ਰਿਤਸਰ 'ਚ ਵਾਪਸ ਨਹੀਂ ਜਾਣਗੇ।

ਭਾਜਪਾ ਨੇ ਸਿੱਧੂ ਦੀ ਅੜੀ ਅੱਗੇ ਝੁਕਦਿਆਂ ਛੀਨਾ ਨੂੰ ਭਾਵੇਂਕਿ ਇੰਪਰੂਵਮੈਂਟ ਦੀ ਚੇਅਰਮੈਨੀ ਤੋਂ ਲਾਂਭੇ ਕਰਕੇ ਰਾਜ ਪੱਧਰ ਦੀ ਚੇਅਰਮੈਨੀ ਨਾਲ ਨਵਾਜ਼ਿਆ ਹੈ। ਪਰ ਛੀਨਾ ਦੇ ਵਿਭਾਗ 'ਚ ਕੀਤੇ ਗਏ ਫੇਰਬਦਲ ਨਾਲ ਭਾਜਪਾ ਕੈਂਪ 'ਚ ਚੱਲੀ ਆ ਰਹੀ ਸੀਤ ਜੰਗ ਮੁੱਕਣ ਦੀ ਬਜਾਏ ਗੰਭੀਰ ਹੋ ਚੁੱਕੀ ਹੈ। ਇਸ ਫੁੱਟ ਦਾ ਪ੍ਰਭਾਵ ਭਾਜਪਾ ਵਰਕਰਾਂ 'ਤੇ ਇਸ ਹੱਦ ਤੱਕ ਪੈ ਗਿਆ ਹੈ ਕਿ ਬੀਤੀ 4 ਅਕਤੂਬਰ ਨੂੰ ਜਦੋਂ ਐਮਪੀ ਸਿੱਧੂ ਚਾਰ ਮਹੀਨਿਆਂ ਬਾਅਦ ਆਪਣੀ ਅੜੀ ਪੁਗਾਉਣ ਤੋਂ ਬਾਅਦ ਵਾਪਸ ਅੰਮ੍ਰਿਤਸਰ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਖੰਨਾ ਸਮਾਰਕ ਪਹੁੰਚੇ ਤਾਂ ਸਭ ਮੀਡੀਆ ਵਾਲੇ ਵੀ ਉਦੋਂ ਅਚੰਭਿਤ ਹੋ ਉਠੇ ਜਦੋਂ ਸਿੱਧੂ ਦੇ ਸਵਾਗਤ ਲਈ ਨਾ ਹੀ ਸਿਹਤ ਮੰਤਰੀ ਲਕਸ਼ਮੀ ਕਾਂਤ ਚਾਵਲਾ, ਸਿੱਧੂ ਵਿਰੋਧੀਆਂ ਦੀ ਕਤਾਰ 'ਚ ਖੜ੍ਹੇ ਛੀਨਾ ਹਮਾਇਤੀ ਪਹੁੰਚੇ। ਸਿੱਧੂ ਵਿਰੋਧੀ ਧੜੇ 'ਚ ਜ਼ਮੀਰ ਅਤੇ ਵਿਧਾਇਕ ਤੋਂ ਇਲਾਵਾ ਪੰਜਾਬ ਬੋਰਡ ਦੇ ਚੇਅਰਮੈਨ ਸ਼ਾਮਲ ਹਨ। ਪੰਜਾਬ ਭਾਜਪਾ ਕਮੇਟੀ 'ਚ ਛੀਨਾ ਸਮਰਥਕ ਬੈਠੇ ਕੁਝ ਚਿਹਰੇ 'ਸਿੱਧੂ' ਦੀ ਵਿਰੋਧਤਾ ਕਰਕੇ ਛੀਨਾ ਨੂੰ ਸਿਆਸਤਦਾਨ ਵਜੋਂ ਪਰਮੋਟ ਕਰਨ 'ਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਪੂਰੇ ਕੌਂਸਲਰਾਂ ਦਾ ਸਮਰਥਨ ਵੀ ਸਿੱਧੂ ਨੂੰ ਨਹੀਂ ਪ੍ਰਾਪਤ ਹੈ।ਸ

# ਅਕਾਲੀ-ਭਾਜਪਾ ਸਰਕਾਰ ਨੇ ਤਰਨ ਤਾਰਨ ਨੂੰ ਅਣਡਿੱਠ ਕੀਤਾ - ਗਿੱਲ

**ਪੱਟੀ :** ਜ਼ਿਲ੍ਹੇ ਨੂੰ ਆਰਥਕ ਸਨਅਤ ਅਤੇ ਸਿਖਿਆ ਦੇ ਪੱਖੋਂ ਪੰਜਾਬ ਦੀ ਅਕਾਲੀ ਸਰਕਾਰ ਨੇ ਹਮੇਸ਼ਾ ਹੀ ਅਣਗੌਲਿਆ ਕੀਤਾ ਹੈ। ਅਫਸੋਸ ਦੀ ਗੱਲ ਹੈ ਕਿ ਇਸ ਜ਼ਿਲ੍ਹੇ ਦੇ ਦੋ ਕੈਬਨਿਟ ਮੰਤਰੀ ਆਪਣੇ ਇਲਾਕੇ ਵਿਚ ਪਾਰਟੀ ਦੇ ਸਰਪੰਚ-ਪੰਚ, ਐਮਸੀ ਤੇ ਚੇਅਰਮੈਨ ਬਣਾਉਣ ਲਈ ਹਮੇਸ਼ਾ ਹੀ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹਿੰਦੇ ਹਨ, ਪਰ ਜੇ ਇੰਨਾ ਜ਼ੋਰ ਉਹ ਆਪਣੇ ਹਲਕੇ ਦੇ ਵਿਕਾਸ ਲਈ ਲਾਉਂਦੇ ਤਾਂ ਇਨ੍ਹਾਂ ਹਲਕਿਆਂ ਦੀ ਨੁਹਾਰ ਬਦਲ ਜਾਣੀ ਸੀ। ਇਹ ਮੰਤਰੀ ਪਿਛਲੀ ਕਾਂਗਰਸ ਸਰਕਾਰ ਵਲੋਂ ਮਨਜ਼ੂਰ ਕੀਤੇ ਪ੍ਰੋਜੈਕਟ ਰੱਦ ਕਰਵਾਈ ਬੈਠੇ ਹਨ।

ਇਸੇ ਤਰ੍ਹਾਂ ਹੀ ਕੈਪਟਨ ਸਰਕਾਰ ਨੇ ਫਿਜ਼ੀਕਲ ਐਜੂਕੇਸਨ ਕਾਲਜ ਦਾ ਨੀਂਹ ਪੱਥਰ ਸਰਕਾਰੀ ਕਾਲਜ ਪੱਟੀ ਵਿਖੇ ਰੱਖਿਆ ਸੀ ਤੇ ਇਸ ਦੀਆਂ ਕਲਾਸਾਂ ਵੀ ਸ਼ੁਰੂ ਹੋ ਗਈਆਂ ਸਨ, ਪਰ ਪੱਟੀ ਹਲਕੇ ਦੇ ਮੰਤਰੀ ਦੀ ਨਾਲਾਇਕੀ ਕਾਰਨ ਉਹ ਵੀ ਰੱਦ ਹੋ ਗਈਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਵਿਧਾਨ ਸਭਾ ਹਲਕਾ ਪੱਟੀ ਦੇ ਇੰਚਾਰਜ ਹਰਮਿੰਦਰ ਸਿੰਘ ਗਿੱਲ ਨੇ ਆਪਣੇ ਗ੍ਰਹਿ ਵਿਖੇ ਐਸਜੀਪੀਸੀ ਮੈਂਬਰ ਸੁਖਵਿੰਦਰ ਸਿੰਘ ਸਿੱਧੂ, ਰਜਿੰਦਰ ਕੁਮਾਰ ਸ਼ਰਮਾ, ਦਲਬੀਰ ਸਿੰਘ ਸੇਖੋਂ, ਗੁਰਨਾਮ ਸਿੰਘ ਬੱਬੀ ਬਾਠ ਬੂਹ, ਵਜੀਰ ਸਿੰਘ ਪਾਰਸ, ਜਤਿੰਦਰ ਸਿੰਘ ਜੋਤੀ, ਬਲਹਾਰ ਸਿੰਘ ਤਰਗਾ ਬੂਹ ਹਵੇਲੀਆ, ਗੁਰਜੰਟ ਸਿੰਘ ਦੀ ਮੌਜੂਦਗੀ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਝੇ ਨੇ ਪੰਜ ਦੀਆਂ ਪੰਜ ਵਿਧਾਨ ਸਭਾ ਸੀਟਾਂ ਬਾਦਲ ਦੀ ਝੋਲੀ ਪਾਈਆਂ, ਪਰ ਇਸ ਸਰਕਾਰ ਨੇ ਇੱਥੋਂ ਦੀ ਜਨਤਾ ਦੇ ਆਰਥਕ ਪੱਧਰ ਨੂੰ ਉੱਚਾ ਚੁੱਕਣ ਦੀ ਬਜਾਏ ਆਰਥਕ, ਸਨਅਤ, ਸਿੱਖਿਆ ਆਦਿ ਨੂੰ ਵਿਕਾਸ ਪੱਖੋਂ ਬਰਬਾਦ ਕਰ ਦਿੱਤਾ ਹੈ। ਸ. ਗਿੱਲ ਨੇ ਕਿਹਾ ਕਿ ਜੇਕਰ ਅਬਹੋਰ, ਹੁਸ਼ਿਆਰਪੁਰ ਵਿਚ ਕਿੰਨੂ ਦੇ ਪ੍ਰੋਸੈਸਿੰਗ ਯੂਨਿਟ, ਲੁਧਿਆਣੇ ਵਿਚ ਫਰੂਟ ਦਾ ਯੂਨਿਟ ਲੱਗ ਸਕਦਾ ਹੈ ਤਾਂ ਪੱਟੀ ਵਿਚ ਸਮੈਕ ਦੇ ਕਾਰੋਬਾਰ ਦੀ ਜਗ੍ਹਾ ਖੇਤੀਬਾੜੀ ਨਾਲ ਸਬੰਧਤ ਸਨਅਤ ਦੇ ਉਦਯੋਗ ਕਿਉਂ ਨਹੀਂ ਲੱਗ ਸਕਦੇ? ਉਨ੍ਹਾਂ ਕਿਹਾ ਕਿ ਸਾਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਨ੍ਹਾਂ ਮੰਤਰੀਆਂ ਦੀ ਨਾਲਾਇਕੀ ਕਾਰਨ ਜੋ ਪੱਟੀ ਵਿਖੇ ਪੀਅਰ ਸੈਂਟਰ ਬਣਨਾ ਸੀ, ਉਹ ਅੰਮ੍ਰਿਤਸਰ ਵਿਖੇ ਬਾਦਲ ਨੇ ਮਨਜ਼ੂਰ ਕਰ ਦਿੱਤਾ ਹੈ, ਜਿੱਥੇ ਕਿ ਨਾਸਪਤੀ (ਨਾਖ) ਦੇ ਬਹੁਤ ਹੀ ਘੱਟ ਬਾਗ ਹਨ।

# ਆਪਸੀ ਚੌਧਰ ਨੂੰ ਲੈ ਕੇ ਦੋ ਅਕਾਲੀ ਵਿਧਾਇਕ ਆਹਮੋ-ਸਾਹਮਣੇ

**ਬਿਆਸ:** ਦੋ ਅਕਾਲੀ ਵਿਧਾਇਕਾਂ ਵਿਚਕਾਰ ਚੱਲੀ ਆ ਰਹੀ ਧੜੇਬੰਦਕ ਲੜਾਈ ਨੇ ਬਿਆਸ ਹਲਕੇ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਿਆਸੀ ਸਥਿਤੀ ਨੂੰ ਫਿਰ ਕਮਜ਼ੋਰ ਕਰ ਦਿੱਤਾ ਹੈ। ਹਲਕੇ ਨਾਲ ਸਬੰਧਤ ਅਕਾਲੀ ਵਰਕਰ ਦੋ ਅਕਾਲੀ ਵਿਧਾਇਕਾਂ 'ਚ ਚੌਧਰ ਦੀ ਲੜਾਈ ਕਰਕੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਬਾਦਲ ਦਲ ਦੇ ਖੇਮੇ 'ਚ ਦੁਬਾਰਾ ਉਭਰੀ ਧੜੇਬੰਦ ਫੁੱਟ ਐਤਕੀਂ ਬਿਆਸ ਤੋਂ ਅਕਾਲੀ ਵਿਧਾਇਕ ਮਨਜਿੰਦਰ ਕੰਗ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਚੇਤੇ ਰਹੇ ਕਿ ਪਿਛਲੇ ਸਮੇਂ ਦੌਰਾਨ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੰਗ ਦੀ ਪਾਰਟੀ ਹਲਕਿਆਂ 'ਚ ਵਿਰੋਧਤਾ ਦੇ ਬਾਵਜੂਦ ਵੀ ਉਸ ਨੂੰ ਅਕਾਲੀ ਸਕਰੀਨ ਤੋਂ ਲਾਂਭੇ ਹੋਣ ਤੋਂ ਬਚਾਅ ਲਿਆ ਸੀ, ਪਰ ਐਤਕੀਂ ਵੱਡੇ ਬਾਦਲ ਵਿਧਾਇਕ ਕੰਗ ਦੇ ਹੱਕ 'ਚ ਖੜ੍ਹ ਕੇ ਹਲਕੇ 'ਚ ਸਰਕਲ ਅਕਾਲੀ ਦਲ ਲਈ ਮੁਸ਼ਕਲਾਂ ਪੈਦਾ ਨਹੀਂ ਕਰ ਸਕਦੇ।

ਮੌਜੂਦਾ ਵਿਵਾਦ ਇਹ ਹੈ ਕਿ ਬਿਆਸ ਵਿਧਾਨ ਸਭਾ ਹਲਕੇ ਦਾ ਵਿਧਾਇਕ ਕੰਗ ਹੈ, ਜੋ ਖੁਦ ਨੂੰ ਹਲਕਾ ਇੰਚਾਰਜ ਵੀ ਦੱਸਦਾ ਹੈ। ਦੂਜੇ ਪਾਸੇ ਖਡੂਰ ਸਾਹਿਬ ਹਲਕੇ ਦੇ ਦਲਿਤ ਅਕਾਲੀ ਵਿਧਾਇਕ ਮਨਜੀਤ ਸਿੰਘ ਮੀਆਂਵਿੰਡ ਇਸ ਹਲਕੇ 'ਤੇ ਇਸ ਕਰਕੇ ਇੰਚਾਰਜ ਹੋਣ ਦੀ ਦਾਅਵੇਦਾਰੀ ਠੋਕ ਰਹੇ ਹਨ ਕਿਉਂਕਿ ਨਵੀਂ ਹਲਕਾਬੰਦੀ ਕਮਿਸ਼ਨ ਦੇ ਖਰੜ ਅਨੁਸਾਰ ਬਿਆਸ ਹਲਕਾ, ਜੋ ਜਨਰਲ ਸੀ ਹੁਣ ਰਾਖਵਾਂ ਬਣਨ ਕਰਕੇ ਹਲਕਾ ਬਾਬਾ ਬਕਾਲਾ ਬਣ ਚੁੱਕਾ ਹੈ। ਵਿਧਾਇਕ ਮੀਆਂਵਿੰਡ ਇੱਥੋਂ ਅਸੈਂਬਲੀ ਚੋਣ ਲੜਨ ਦਾ ਇੱਛੁਕ ਹੈ।



ਹਲਕਾ ਇੰਚਾਰਜ ਬਣਨ ਦੀ ਭੁੱਖ ਦਾ ਪੁਆੜਾ

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਵਿਧਾਇਕ ਕੰਗ ਦਾ ਰਾਜਨੀਤਕ ਭਵਿੱਖ ਧੁੰਦਲਾ ਕਰਨ ਲਈ ਸਮੇਂ ਤੋਂ ਪਹਿਲਾਂ ਹੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਬਿਕਰਮ ਸਿੰਘ ਨੇ ਵਿਧਾਇਕ ਮੰਨਾ ਨੂੰ ਥਾਪੜਾ ਦੇ ਕੇ ਬਿਆਸ ਹਲਕੇ ਵਲ ਤੋਰ ਦਿੱਤਾ ਸੀ, ਜਿਸ ਤੋਂ ਦੁਖੀ ਹੋ ਕੇ ਕੰਗ ਨੇ ਅਸਤੀਫ਼ਾ ਦੇਣ ਦੀ ਧਮਕੀ ਵੀ ਦਿੱਤੀ ਸੀ। ਪਾਰਟੀ ਨੇ ਪਾਰਲੀਮੈਂਟ ਦੀ ਚੋਣ ਨੇੜੇ ਹੋਣ ਕਾਰਨ ਕੰਗ ਨੂੰ ਵਕਤੀ ਤੌਰ 'ਤੇ ਨਾਲ ਤੋਰਦਿਆਂ ਮੀਆਂਵਿੰਡ ਦੀਆਂ ਬਿਆਸ ਹਲਕੇ 'ਚ ਚੱਲੀਆਂ ਆ ਰਹੀਆਂ ਸਰਗਰਮੀਆਂ 'ਤੇ ਵਿਰਾਮ ਲਾ ਦਿੱਤਾ ਸੀ, ਹੁਣ ਸਥਿਤੀ ਸਾਫ਼ ਦੇਖਦਿਆਂ ਪਾਰਟੀ ਹਾਈ ਕਮਾਂਡ ਨੇ ਵਿਧਾਇਕ ਮੀਆਂਵਿੰਡ ਨੂੰ ਦੁਬਾਰਾ ਹਲਕੇ ਵਲ ਤੋਰ ਕੇ ਕੰਗ ਲਈ ਸਿਰਦਰਦੀ ਪੈਦਾ ਕਰ ਦਿੱਤੀ ਹੈ। ਵਿਧਾਇਕ ਕੰਗ ਅਤੇ ਮਨਪ੍ਰੀਤ ਸਿੰਘ ਮੀਆਂਵਿੰਡ ਦੋਵੇਂ ਖੁਦ ਨੂੰ ਹਲਕੇ ਦਾ ਇੰਚਾਰਜ ਦੱਸ ਰਹੇ ਹਨ।

ਜਦੋਂ ਦੋਵਾਂ ਵਿਧਾਇਕਾਂ ਨਾਲ ਗੱਲਬਾਤ ਕਰਕੇ ਪੁੱਛਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦੋਵਾਂ 'ਚੋਂ ਕਿਸ ਨੂੰ ਲਿਖਤੀ ਤੌਰ 'ਤੇ ਹਲਕੇ ਦਾ ਇੰਚਾਰਜ ਥਾਪਿਆ ਹੈ, ਤਾਂ ਦੋਵੇਂ ਕੋਈ ਅਧਿਕਾਰਤ ਪੱਤਰ ਦੇਸ਼ ਸੇਵਕ ਦੇ ਇਸ ਪ੍ਰਤੀਨਿਧ ਨੂੰ ਨਹੀਂ ਵਿਖਾ ਸਕੇ।

ਜ਼ਿਕਰਯੋਗ ਹੈ ਕਿ ਵਿਧਾਇਕ ਮੀਆਂਵਿੰਡ ਆਪਣਾ ਹਲਕਾ ਸਮੇਂ ਤੋਂ ਪਹਿਲਾਂ ਛੱਡ ਬਿਆਸ 'ਚ ਵਿਚਰ ਰਿਹਾ ਹੈ, ਪਰ ਖਡੂਰ ਸਾਹਿਬ ਹਲਕੇ ਦੇ ਲੋਕ ਮੀਆਂਵਿੰਡ ਦੀ ਹਲਕੇ ਦੀ ਗੈਰ ਹਾਜ਼ਰੀ ਤੋਂ ਬਹੁਤ ਦੁਖੀ ਹਨ। ਉਕਤ ਦੋਵੇਂ ਅਕਾਲੀ ਵਿਧਾਇਕਾਂ ਵਿਚਕਾਰ ਚੱਲਿਆ ਆ ਰਿਹਾ ਵਿਵਾਦ ਗੰਭੀਰ ਹੋ ਚੁੱਕਾ ਹੈ।ਇਸ ਦੇ ਨਤੀਜੇ ਗੰਭੀਰ ਵੀ ਨਿਕਲ ਸਕਦੇ ਹਨ।

# ਪਾਕਿਸਤਾਨੀ ਔਕਾਫ਼ ਬੋਰਡ ਨੇ ਗੁਰਦੁਆਰਿਆਂ ਦੀ ਜ਼ਮੀਨ ਵੇਚ ਛੱਡੀ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਸਿੱਖਾਂ ਜਾਂ ਸਿੱਖ ਧਾਰਮਿਕ ਸਥਾਨਾਂ ਨਾਲ ਸੰਬੰਧਤ ਬੇਸ਼ਕੀਮਤੀ ਜ਼ਮੀਨਾਂ ਨੂੰ ਪਾਕਿਸਤਾਨ ਔਕਾਫ਼ ਬੋਰਡ ਵਲੋਂ ਵੇਚੇ ਜਾਣ ਖਿਲਾਫ਼ ਦੁਨੀਆਂ ਭਰ ਦੇ ਸਿੱਖਾਂ ਨੇ ਗੁੱਸੇ ਦਾ ਇਜ਼ਹਾਰ ਕੀਤਾ ਹੈ।

ਦੱਸਿਆ ਜਾਂਦਾ ਹੈ ਕਿ ਪਾਕਿਸਤਾਨ ਔਕਾਫ਼ ਟਰੱਸਟ ਪ੍ਰਾਪਰਟੀ ਬੋਰਡ ਨੇ ਲਾਹੌਰ ਵਿਖੇ ਇਕ ਸਿੱਖ ਮੋਤਾ ਸਿੰਘ ਨਾਲ ਸੰਬੰਧਤ 310 ਕਨਾਲ ਤੋਂ ਵੱਧ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ ਹੈ। ਇਹ ਜ਼ਮੀਨ ਲਾਹੌਰ ਦੇ ਪੌਸ਼ ਇਲਾਕੇ ਡਿਫੈਂਸ ਕਾਲੋਨੀ ਨਾਲ ਲਗਦੀ ਸੀ। ਇਸੇ ਤਰ੍ਹਾਂ ਬੋਰਡ ਨੇ ਲਾਹੌਰ ਆਧਾਰਤ 'ਸਮਾਧ ਭਾਈ ਮਾਨ ਸਿੰਘ' ਅਤੇ 'ਗੁਰਦੁਆਰਾ ਦੇਹ ਸਾਹਿਬ' ਦੀ ਮੈਨੇਜਮੈਂਟ ਨਾਲ ਸੰਬੰਧਤ ਕਰੀਬ 510 ਕਨਾਲ ਜ਼ਮੀਨ ਵੀ ਸੁੱਟਣ ਵਾਲੀ ਕੀਮਤ 'ਤੇ ਵੇਚ ਸੁੱਟੀ ਹੈ।

ਇਸ ਸੰਬੰਧੀ ਅਮਰੀਕਾ ਤੋਂ ਗੱਲ ਕਰਦਿਆਂ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ, "ਇਹ ਮਾਮਲਾ ਬਹੁਤ ਗੰਭੀਰ ਹੈ ਜੋ ਪਾਕਿਸਤਾਨ ਵਿਚ ਰਹਿੰਦੇ ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਜੁੜਿਆ ਹੋਇਆ ਹੈ।

ਅਸੀਂ ਪਹਿਲਾਂ ਵੀ ਅਜਿਹੇ ਮੁੱਦੇ, ਖਾਸ ਕਰ ਬੋਰਡ ਦੇ ਚੇਅਰਮੈਨ ਆਸਿਫ ਹਾਸ਼ਮੀ ਨਾਲ ਉਠਾ ਚੁੱਕੇ ਹਾਂ ਪਰ ਜਾਪਦਾ ਹੈ ਕਿ ਇਨ੍ਹਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ। ਸ੍ਰੀ ਹਾਸ਼ਮੀ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਪਾਕਿਸਤਾਨ ਵਿਚੋਂ ਕਿਸੇ ਵੀ ਸਿੱਖ ਜਾਂ ਸਿੱਖ ਅਸਥਾਨ ਨਾਲ ਸੰਬੰਧਤ ਕੋਈ ਜ਼ਮੀਨ ਪਾਕਿਸਤਾਨ ਵਿਚਲੇ ਸਿੱਖਾਂ ਦੀ ਰਜ਼ਾਮੰਦੀ ਤੋਂ ਬਗੈਰ ਨਹੀਂ ਵੇਚੀ ਜਾਵੇਗੀ ਕਿਉਂਕਿ ਪਾਕਿਸਤਾਨ ਦੇ ਸਿੱਖ ਅਜਿਹੀ ਜ਼ਮੀਨ ਨੂੰ ਵਾਪਸ ਲੈਣ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਸਕਦੇ ਹਨ।" ਇਸੇ ਤਰ੍ਹਾਂ ਕੈਲੀਫੋਰਨੀਆਂ ਰਹਿੰਦੇ ਡਾ. ਸਤਪਾਲ ਮੁਲਤਾਨੀ ਨੇ ਕਿਹਾ ਕਿ ਗੁਰਦੁਆਰਿਆਂ ਦੀ ਜ਼ਮੀਨ ਵੇਚੇ ਜਾਣ ਨੂੰ ਸਿੱਖ ਬਰਦਾਸ਼ਤ ਨਹੀਂ ਕਰ ਸਕਦੇ।

ਦੱਸਿਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਪਿੱਛੇ ਜਿਹੇ ਬੋਰਡ ਨੇ ਗੁਰਦੁਆਰਾ ਬੇਬੇ ਨਾਨਕੀ ਅਤੇ ਲਾਹੌਰ ਵਿਚ ਗੁਰਦੁਆਰਾ ਚੂਨਾ ਮੰਡੀ ਨਾਲ ਸੰਬੰਧਤ ਜ਼ਮੀਨਾਂ ਵੀ ਵੇਚੀਆਂ ਸਨ। ਇਸ ਸੰਬੰਧੀ ਪਿਸ਼ਾਵਰ ਆਧਾਰਤ ਸਿੱਖ ਦਰਸ਼ਨ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਚੂਨਾ ਮੰਡੀ ਨੂੰ ਵੇਚਣ ਦਾ ਸੌਦਾ ਅਦਾਲਤ ਦੇ ਹੁਕਮਾਂ ਤੋਂ ਬਾਅਦ ਹੀ ਰੱਦ ਕੀਤਾ ਗਿਆ।

ਗੌਰਤਲਬ ਹੈ ਕਿ ਪਾਕਿਸਤਾਨ ਵਿਚ 170 ਤੋਂ ਵੱਧ ਸਿੱਖ ਧਰਮ ਅਸਥਾਨ ਹਨ ਪਰ ਇਸ ਗੁਆਂਢੀ ਮੁਲਕ ਦੀ ਹਕੂਮਤ ਵਲੋਂ ਸਿੱਖਾਂ ਨੂੰ ਸਿਰਫ 6 ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਕਰਨ ਦੀ ਹੀ ਇਜਾਜ਼ਤ ਹੈ।

ਇਸ ਦੌਰਾਨ ਲੰਘੀ 5 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ 'ਚ ਸਥਿਤ



ਗੁਰਦੁਆਰਾ ਬੇਬੇ ਨਾਨਕੀ, ਗੁਰਦੁਆਰਾ ਦੇਹ ਅਤੇ ਸਮਾਧ ਭਾਈ ਮਾਨ ਸਿੰਘ ਦੀ ਜ਼ਮੀਨ ਵੇਚੇ ਜਾਣ ਦੇ ਮਾਮਲੇ ਨੂੰ ਅਤੀ ਗੰਭੀਰਤਾ ਦੇ ਨਾਲ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਪੱਤਰ ਵੀ ਲਿਖ ਦਿੱਤਾ ਹੈ, ਜਿਸ ਵਿਚ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਇਸ ਸੰਬੰਧੀ ਭਾਰਤ ਸਰਕਾਰ ਤੁਰੰਤ ਪਾਕਿਸਤਾਨ ਸਰਕਾਰ ਦੇ ਨਾਲ ਗੱਲ ਕਰੇ ਅਤੇ ਵੇਚੀਆਂ ਗਈਆਂ ਜ਼ਮੀਨਾਂ 'ਤੇ ਰੋਕ ਲਗਾਏ।

ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਗੁਰਦੁਆਰਾ ਦੇਹ ਅਤੇ ਸਮਾਧ ਭਾਈ ਮਾਨ ਸਿੰਘ ਨਾਲ ਸਬੰਧਤ 855 ਕਨਾਲ ਜ਼ਮੀਨ ਵੇਚੇ ਜਾਣ ਦੀ ਜਾਣਕਾਰੀ ਨਾਲ ਉਨ੍ਹਾਂ ਦੇ ਦਿਲਾਂ ਨੂੰ ਕਾਫੀ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਪਾਕਿਸਤਾਨ ਡਿਫੈਂਸ ਹਾਊਸ ਅਥਾਰਿਟੀ ਨੂੰ 6 ਕਰੋੜ 50 ਲੱਖ ਵਿਚ ਵੇਚ ਦਿੱਤੀ ਗਈ ਹੈ।

ਪਾਕਿਸਤਾਨ ਸਰਕਾਰ ਨੇ ਪੰਡਿਤ ਨਹਿਰੂ ਅਤੇ ਮਿਸਟਰ ਲਿਆਕਤ ਅਲੀ ਵਿਚ ਹੋਏ ਸਮਝੌਤੇ ਦੀ ਕੋਈ ਵੀ ਕਦਰ ਨਹੀਂ ਕੀਤੀ, ਜਦੋਂ ਕਿ ਈ.ਟੀ.ਪੀ.ਬੀ. ਦੇ ਸਮਝੌਤੇ ਦੇ ਅਨੁਸਾਰ ਦੋਵਾਂ ਦੇਸ਼ਾਂ ਵਿਚ ਸਥਿਤ ਕਿਸੇ ਧਾਰਮਿਕ ਸਥਾਨ ਦੀ ਜ਼ਮੀਨ ਨਹੀਂ ਵੇਚੀ ਜਾ ਸਕਦੀ। ਉਨ੍ਹਾਂ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਇਸ ਸਬੰਧੀ ਤੁਰੰਤ ਦਖਲ-ਅੰਦਾਜ਼ੀ ਕਰਕੇ ਪਾਕਿਸਤਾਨ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਈ.ਟੀ.ਪੀ.ਬੀ. ਦੇ ਨਿਯਮਾਂ ਦੇ ਅਨੁਸਾਰ ਵੇਚੀ ਗਈ ਜ਼ਮੀਨ 'ਤੇ ਰੋਕ ਲਗਾਵੇ।ਇਸ ਸੰਬੰਧ ਵਿਚ ਕਾਰਵਾਈ ਫੌਰੀ ਕਰਨ ਦੀ ਮੰਗ ਕੀਤੀ ਗਈ ਹੈ।

## ਹਰਿਆਣੇ ਨੂੰ ਵੱਖਰੀ ਗੁਰਦੁਆਰਾ ਕਮੇਟੀ ਦਾ ਹੱਕ-ਅਮਰਿੰਦਰ

**ਖਰੜ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਹਰਿਆਣੇ ਦੇ ਸਿੱਖਾਂ ਨੂੰ ਇਸ ਗੱਲ ਦਾ ਪੂਰਾ ਅਧਿਕਾਰ ਹੈ ਕਿ ਉਹ ਉਨ੍ਹਾਂ ਦੇ ਰਾਜ ਵਿਚ ਪੈਂਦੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨ ਲਈ ਇਕ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ। ਕੈਪਟਨ ਸਿੰਘ ਖਰੜ ਵਿਖੇ ਕਾਂਗਰਸੀ ਆਗੂ ਹਰਭਾਗ ਸਿੰਘ ਦੇਸੂਮਾਜਰਾ ਦੇ ਗ੍ਰਹਿ ਵਿਖੇ ਬੀਤੀ 5 ਅਕਤੂਬਰ ਨੂੰ ਪੱਤਰਕਾਰਾਂ ਨਾਲ ਆਪਣੇ ਵਿਚਾਰ ਸਾਂਝੇ ਕਰ ਰਹੇ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦਾ ਅਤੇ ਸਿੱਖਾਂ ਦਾ ਇਤਿਹਾਸ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਹਮੇਸ਼ਾ ਹੀ ਉਥੋਂ ਦੀ ਸੰਗਤ ਕਰਦੀ ਹੈ, ਜਿੱਥੇ ਕਿ ਗੁਰਦੁਆਰਾ ਸਾਹਿਬਾਨ ਮੌਜੂਦ ਹਨ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸੰਨ 1971 ਵਿਚ ਦਿੱਲੀ ਦੇ ਸਿੱਖਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਦਿੱਲੀ ਵਿਖੇ ਸਥਿਤ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਬਣਾਈ ਸੀ। ਪੰਜਾਬ ਦੇ ਅਕਾਲੀਆਂ ਵਲੋਂ ਇਸ ਦੀ ਹਮਾਇਤ ਕੀਤੀ ਗਈ ਸੀ।

# ਕੈਪਟਨ ਅਮਰਿੰਦਰ ਸਿੰਘ ਪਹਿਲਾਂ 1925 ਦਾ ਗੁਰਦੁਆਰਾ ਐਕਟ ਪੜ੍ਹਨ

**ਆਨੰਦਪੁਰ ਸਾਹਿਬ :** "ਹਰ ਸੂਬੇ ਲਈ ਵੱਖਰੀ ਕਮੇਟੀ ਬਣਾਏ ਜਾਣ ਦੀ ਗੱਲ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ 1925 ਦਾ ਸ਼੍ਰੋਮਣੀ ਕਮੇਟੀ ਐਕਟ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਪੁਰਾਣੇ ਪੰਜਾਬ ਦੇ ਗੁਰਦੁਆਰਿਆਂ ਲਈ ਹੋਂਦ ਵਿਚ ਆਈ ਸੀ।" ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਇੱਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਾਰੇ ਬਿਆਨਾਂ ਦੇ ਪ੍ਰਤੀਕਰਮ ਵਜੋਂ ਬੋਲ ਰਹੇ ਸਨ। ਉਨ੍ਹਾਂ ਧਿਆਨ ਦਿਵਾਇਆ ਕਿ ਜਦੋਂ ਦਿੱਲੀ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਜ਼ਾਰਾਂ ਸਿੱਖਾਂ ਨੇ ਜਾ ਕੇ ਗ੍ਰਿਫਤਾਰੀਆਂ ਦਿੱਤੀਆਂ ਤਾਂ ਹੀ ਉਹ ਦਿੱਲੀ ਸ਼੍ਰੋਮਣੀ ਕਮੇਟੀ ਵਜੋਂ ਆਪਣਾ ਹੱਕ ਹਾਸਲ ਕਰ ਸਕੇ। ਇਸ ਮੌਕੇ ਜਥੇਦਾਰ ਮੱਕੜ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਅਤੇ ਮੈਨੇਜਰ ਜਗੀਰ ਸਿੰਘ ਵੀ ਸਨ। ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਰਿਆਣਾ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ



ਦਾ ਵਾਅਦਾ ਕਰ ਕੇ ਆਪਣਾ ਸਿੱਖ ਵਿਰੋਧੀ ਚਿਹਰਾ ਤਾਂ ਨੰਗਾ ਕੀਤਾ ਹੀ ਹੈ, ਇਸ ਦੇ ਨਾਲ ਹੀ ਕਾਂਗਰਸ ਦੇ ਚਿਹਰੇ ਤੋਂ ਧਰਮ ਨਿਰਪੱਖ ਪਾਰਟੀ ਹੋਣ ਦਾ ਨਕਾਬ ਵੀ ਉਤਰ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਹਰਿਆਣਾ ਦੇ ਲੋਕ ਖਾਸ ਕਰ ਕੇ ਸਮੂਹ ਪੰਜਾਬੀ ਭਾਈਚਾਰਾ ਕਾਂਗਰਸੀ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲੋਕਾਂ ਨੂੰ ਇਹ ਪਤਾ ਲੱਗ ਗਿਆ ਹੈ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਸਿਆਸੀ ਲਾਹਾ ਲੈਣ ਲਈ ਚੋਣਾਂ ਦੌਰਾਨ ਧਾਰਮਿਕ ਮਸਲਿਆਂ ਨੂੰ ਉਛਾਲ ਕੇ ਵੋਟਰਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਹੈ ਅਤੇ ਬਾਅਦ ਵਿਚ ਕੀਤੇ ਵਾਅਦਿਆਂ ਤੋਂ ਪੱਲਾ ਝਾੜਿਆ ਹੈ।

ਇਸ ਮੌਕੇ ਜਥੇਦਾਰ ਮੱਕੜ ਨੇ ਕਿਹਾ ਕਿ ਆਪਣੇ ਆਪ ਨੂੰ ਧਰਮ ਨਿਰਪੱਖ ਦੱਸਣ ਵਾਲੇ ਕਾਂਗਰਸੀਆਂ ਦੀ ਅਸਲੀਅਤ ਹੁਣ ਜੱਗ-ਜਾਹਿਰ ਹੋ ਗਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਕਾਂਗਰਸ ਪਾਰਟੀ ਸ਼ੁਰੂ ਤੋਂ ਹੀ ਸਿੱਖਾਂ ਨਾਲ ਵਿਤਕਰੇ ਕਰਦੀ ਆਈ ਹੈ ਤੇ ਇਸੇ ਲਈ ਹਰਿਆਣਾ ਦੇ ਸਿੱਖ ਵੋਟਰਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਵੱਖਰੀ ਸ਼੍ਰੋਮਣੀ ਕਮੇਟੀ ਦਾ ਲਾਰਾ ਲਾ ਕੇ ਘੁੰਮਾਉਣ ਤੋਂ ਬਾਅਦ ਹੁਣ ਫਿਰ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਇਹੀ ਪੱਤਾ ਖੇਡਿਆ ਹੈ। ਜਥੇਦਾਰ ਨੇ ਆਸ ਪ੍ਰਗਟ ਕੀਤੀ ਕਿ ਸਿੱਖ ਭਾਈਚਾਰਾ ਕੌਮ ਵਿਚ ਵੰਡੀਆਂ ਪਾਉਣ ਦੀ ਇਸ ਕੋਝੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦੇਵੇਗਾ ਅਤੇ ਭੁਪਿੰਦਰ ਸਿੰਘ ਹੁੱਡਾ ਦੇ ਦੁਬਾਰਾ ਮੁੱਖ ਮੰਤਰੀ ਬਣਨ ਦੇ ਸੁਪਨੇ ਨੂੰ ਮਿੱਟੀ ਵਿਚ ਰੋਲ ਦੇਵੇਗਾ।

ਜਗਦੀਸ਼ ਸਿੰਘ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਬਾਰੇ ਜਥੇਦਾਰ ਮੱਕੜ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਕਿਰਾਏ ਦੇ ਏਜੰਟ ਹਨ ਅਤੇ ਜਿਵੇਂ-ਜਿਵੇਂ ਕਾਂਗਰਸ ਦਾ ਇਸ਼ਾਰਾ ਹੁੰਦਾ ਹੈ ਉਹ, ਤਿਵੇਂ-ਤਿਵੇਂ ਹੀ ਕਰਦੇ ਹਨ। ਉਨ੍ਹਾਂ ਕਿਹਾ, "ਹਰਿਆਣਾ ਦੇ ਸਿੱਖਾਂ ਵਿਚ ਝੀਂਡੇ ਦਾ ਕੋਈ ਆਧਾਰ ਨਹੀਂ ਹੈ। ਮੈਂ ਹਰਿਆਣਾ ਜਾ ਕੇ ਆਇਆ ਹਾਂ ਅਤੇ ਉਥੋਂ ਦੇ ਲੋਕਾਂ ਨੂੰ ਵੀ ਕਾਂਗਰਸ ਪ੍ਰਤੀ ਬਹੁਤ ਗੁੱਸਾ ਹੈ।"

# ਬਾਬਾ ਹਰਨਾਮ ਸਿੰਘ ਧੁੰਮਾ ਵਿਰੁਧ ਕਾਰਵਾਈ ਨੂੰ ਲੈ ਕੇ ਸੰਘਰਸ਼ ਕਮੇਟੀ ਦੇ ਆਗੂ ਅਕਾਲ ਤਖ਼ਤ 'ਤੇ ਪੁੱਜੇ



**ਅੰਮ੍ਰਿਤਸਰ :** ਬੀਤੀ 8 ਜੂਨ 2007 ਨੂੰ ਗੁਰਦਵਾਰਾ ਬਾਬੇ ਕੇ ਸ਼ਹੀਦਾਂ ਸਮਸਤਪੁਰ ਵਿਖੇ ਵਾਪਰੇ ਗੋਲੀ ਕਾਂਡ ਦਾ ਕੇਸ ਇਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਾ। ਗੁਰਦਵਾਰਾ ਬਾਬੇ ਕੇ ਸ਼ਹੀਦਾਂ ਸਮਸਤਪੁਰ ਸੰਘਰਸ਼ ਕਮੇਟੀ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਤੋਂ ਮੰਗ ਕੀਤੀ ਕਿ ਇਸ ਕਾਂਡ ਦੇ ਦੋਸ਼ੀ ਭਾਈ ਹਰਨਾਮ ਸਿੰਘ ਧੁੰਮਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕਰ ਕੇ ਉਨ੍ਹਾਂ ਵਿਰੁਧ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ। ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਚ ਇਸ ਕਾਂਡ ਦੀ ਜਾਣਕਾਰੀ ਦੇਣ ਲਈ ਪੁੱਜੇ ਸੁਰਿੰਦਰ ਸਿੰਘ ਰਮਤਾ, ਗਿਆਨ ਸਿੰਘ, ਪਲਵਿੰਦਰ ਸਿੰਘ, ਮਨਜੀਤ ਸਿੰਘ, ਮਨੋਹਰ ਸਿੰਘ ਨੇ ਮੁੱਖ ਸੇਵਾਦਾਰ ਨੂੰ ਦਸਿਆ ਕਿ ਭਾਈ ਹਰਨਾਮ ਸਿੰਘ ਧੁੰਮਾ ਕਰੀਬ 300 ਤੋਂ 400 ਸਾਥੀਆਂ ਸਮੇਤ ਗੁਰਦਵਾਰਾ ਸਾਹਿਬ ਵਿਚ ਦਾਖ਼ਲ ਹੋਏ ਤੇ ਅੰਨ੍ਹੇਵਾਹ ਗੋਲੀਆਂ ਹੀ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਧੁੰਮਾ ਨਾਲ ਆਏ ਹਥਿਆਰਬੰਦ ਸਾਥੀਆਂ ਨੇ ਕ੍ਰਿਪਾਨਾਂ ਨਾਲ ਸੰਗਤ 'ਤੇ ਹਮਲਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਇਕ ਔਰਤ ਬੀਬੀ ਨਰਿੰਦਰ ਕੌਰ ਦਾ ਗੁੱਟ ਵਢਿਆ ਗਿਆ।

ਗੁਰਦਵਾਰਾ ਸਮਸਤਪੁਰਾ ਸੰਘਰਸ਼ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਭਾਈ ਧੁੰਮਾ ਨੇ ਉਥੇ ਚਲ ਰਹੇ ਅਖੰਡ ਪਾਠ ਦੇ ਪ੍ਰਵਾਹ ਵੀ ਰੋਕ ਦਿਤੇ ਤੇ ਔਰਤਾਂ ਤੇ ਬੱਚਿਆਂ ਨੂੰ ਵਾਲਾਂ ਤੋਂ ਫੜ ਕੇ ਘਸੀਟਿਆ। ਉਨ੍ਹਾਂ ਦੱਸਿਆ ਕਿ ਭਾਈ ਧੁੰਮਾ ਤੇ ਉਨ੍ਹਾਂ ਦੇ ਸਾਥੀ ਜੁੱਤੀਆਂ ਸਮੇਤ ਗੁਰਦਵਾਰਾ ਸਾਹਿਬ ਵਿਚ ਦਾਖ਼ਲ ਹੋਏ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਪਹਿਲਾਂ ਤਾਂ ਉਨ੍ਹਾਂ ਦੀ ਸ਼ਿਕਾਇਤ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਕਾਰਜਕਾਲ 'ਚ ਨਹੀਂ ਵਾਪਰਿਆ, ਇਸ ਲਈ ਉਹ ਇਸ ਕੇਸ ਬਾਰੇ ਕੋਈ ਵੀ ਫੈਸਲਾ ਨਹੀਂ ਕਰ ਸਕਦੇ। ਇਸ 'ਤੇ ਭਾਈ ਮਨਜੀਤ ਸਿੰਘ ਨੇ ਮੁੱਖ ਸੇਵਾਦਾਰ ਨੂੰ ਸਵਾਲ ਕੀਤਾ ਕਿ ਜੇ ਕਿਸੇ ਦੁਨੀਆਵੀ ਅਦਾਲਤ ਵਿਚ ਕੋਈ ਕੇਸ ਦਾਇਰ ਕੀਤਾ ਜਾਵੇ ਤੇ ਜੱਜ ਬਦਲ ਜਾਵੇ ਤਾਂ ਕੇਸ ਖਾਰਜ ਨਹੀਂ ਹੋ ਜਾਂਦਾ। ਭਾਈ ਮਨਜੀਤ ਸਿੰਘ ਦੀ ਇਸ ਦਲੀਲ ਨਾਲ ਸਹਿਮਤ ਹੁੰਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਔਧ ਮੰਨੇ ਮਨ ਨਾਲ ਭਾਈ ਧੁੰਮਾ ਵਿਰੁਧ ਸ਼ਿਕਾਇਤ ਤਾਂ ਲੈ ਲਈ ਤੇ ਨਾਲ ਹੀ ਵਿਚਾਰ ਕਰਾਂਗੇ ਕਹਿ ਕੇ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਭੇਜ ਦਿੱਤਾ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਦ ਸਮਸਤਪੁਰੇ ਦਾ ਮਾਮਲਾ ਆਇਆ ਸੀ ਤਾਂ ਉਦੋਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਮੁੱਖ ਸੇਵਾਦਾਰ ਸਨ ਤੇ ਬਾਕੀ ਮੁੱਖ ਸੇਵਾਦਾਰਾਂ ਵਿਚ ਗਿਆਨੀ ਤਰਲੋਚਨ ਸਿੰਘ, ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਗਿਆਨੀ ਇਕਬਾਲ ਸਿੰਘ ਸੇਵਾ ਨਿਭਾਅ ਰਹੇ ਸਨ ਜੋ ਕਿ ਅੱਜ ਵੀ ਬਤੌਰ ਮੁੱਖ ਸੇਵਾਦਾਰ ਨਿਭਾਅ ਰਹੇ ਹਨ।

## ਵੱਖਰੀ ਕਮੇਟੀ ਦਾ ਸਮਰਥਕ ਨਹੀਂ-ਜਥੇਦਾਰ

**ਆਨੰਦਪੁਰ ਸਾਹਿਬ:** ਪੰਜ ਸਿੰਘ ਸਾਹਿਬਾਨ ਹਰਿਆਣਾ ਜਾਂ ਫਿਰ ਹੋਰ ਕਿਸੇ ਵੀ ਰਾਜ ਦੀ ਵੱਖਰੀ ਸ਼੍ਰੋਮਣੀ ਕਮੇਟੀ ਬਣਨ ਦੇ ਹੱਕ ਵਿਚ ਨਹੀਂ ਹਨ ਅਤੇ ਨਾ ਹੀ ਕਦੇ ਇਸ ਸਬੰਧੀ ਕੋਈ ਬਿਆਨ ਦਿੱਤਾ ਹੈ। ਇਹ ਪ੍ਰਗਟਾਵਾ ਬੀਤੀ 4 ਅਕਤੂਬਰ ਨੂੰ ਵਿਸ਼ੇਸ਼ ਗੱਲਬਾਤ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ।



ਹਰਿਆਣਾ ਦੀ ਐਡਹਾਕ ਕਮੇਟੀ ਦੇ ਪ੍ਰਧਾਨ ਜਗਦੀਪ ਸਿੰਘ ਝੀਂਡਾ ਵਲੋਂ ਇਕ ਹਿੰਦੀ ਅਖ਼ਬਾਰ ਵਿਚ ਦਿੱਤੇ ਬਿਆਨ, ਜਿਸ ਵਿਚ ਕਿਹਾ ਗਿਆ ਸੀ ਕਿ ਸਿੰਘ ਸਾਹਿਬਾਨ ਵੀ ਵੱਖਰੀ ਕਮੇਟੀ ਦੇ ਹੱਕ ਵਿਚ ਹਨ, ਬਾਰੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਉਨ੍ਹਾਂ ਵਲੋਂ ਅਜਿਹੀ ਗੱਲ ਕਦੇ ਵੀ ਨਹੀਂ ਕਹੀ ਗਈ ਅਤੇ ਨਾ ਹੀ ਉਹ ਚਾਹੁੰਦੇ ਹਨ ਕਿ ਕੋਈ ਵੱਖਰੀ ਕਮੇਟੀ ਬਣੇ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਨੁਮਾਇੰਦਗੀ ਕਰਦੀ ਜਥੇਬੰਦੀ ਹੈ ਅਤੇ ਇਸ ਦੇ ਟੋਟੇ ਨਹੀਂ ਹੋਣੇ ਚਾਹੀਦੇ। ਉਨ੍ਹਾਂ ਸਪਸ਼ਟ ਕੀਤਾ ਕਿ ਹਰਿਆਣਾ ਦੇ ਸਿੱਖਾਂ ਦੀਆਂ ਜ਼ਰੂਰੀ ਮੰਗਾਂ ਅਤੇ ਉਨ੍ਹਾਂ ਦੇ ਅਧਿਕਾਰਾਂ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਅਤੇ ਕੋਈ ਢੁੱਕਵਾਂ ਹੱਲ ਕਰਕੇ ਸਿੱਖ ਕੌਮ ਵਿਚ ਵਧ ਰਹੇ ਤਕਰਾਰ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ। ਗਿਆਨੀ ਗੁਰਬਚਨ ਸਿੰਘ ਨੇ ਕੁੱਲ ਹਿੰਦ ਹਿੰਦੂ ਸੁਰਕਸ਼ਾ ਸਮਿਤੀ ਦੇ ਪ੍ਰਧਾਨ ਸੰਜੀਵ ਭਾਰਦਵਾਜ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਬਾਰੇ ਕੀਤੀ ਬਿਆਨਬਾਜ਼ੀ ਦੀ ਨਿੰਦਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਸੰਸਥਾ ਦੇ ਆਗੂ ਨੂੰ ਫਿਰਕਾਪ੍ਰਸਤੀ ਅਤੇ ਦੋ ਫਿਰਕਿਆਂ ਵਿਚ ਤਣਾਅ ਵਧਾਉਣ ਵਾਲੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਸਿੱਖ ਗੁਰਦੁਆਰਾ ਕਮਿਸ਼ਨ ਵਿਚ ਬਤੌਰ ਚੀਫ ਕਮਿਸ਼ਨਰ ਕਿਸੇ ਸਿੱਖ ਕੌਮ ਨਾਲ ਸਬੰਧਤ ਆਗੂ ਦੀ ਤਾਇਨਾਤੀ ਦੀ ਗੱਲ ਕਰਦੇ ਹੋਏ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਜਿਹੇ ਅਹੁਦਿਆਂ ਉਤੇ ਉਸ ਆਗੂ ਨੂੰ ਹੀ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨੂੰ ਸਿੱਖ ਕੌਮ ਬਾਰੇ ਪੂਰਨ ਗਿਆਨ ਹੋਵੇ।


**Easy Travel Inc.**

7191 Camelot Drive, Canton, MI 48187 Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ

*Please call us for the lowest fare from your city to india*



Tel: 734-451-9526, Toll Free 866-51-INDIA

**SUPER TRAVEL**

847–676–9090

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

# ਗੁਰਬਤ ਦਾ ਝੰਬਿਆ ਹੀ ਜਹਾਨੋਂ ਤੁਰ ਗਿਆ ਸਨਮੁੱਖ ਸਿੰਘ ਆਜ਼ਾਦ

**ਸਵਰਨ ਸਿੰਘ ਟਹਿਣਾ**


ਸਵਰਨ ਸਿੰਘ ਟਹਿਣਾ*

ਆਪਣੇ ਰੰਗ-ਬਰੰਗੇ ਗੀਤਾਂ ਜ਼ਰੀਏ ਦਰਜਨਾਂ ਗਾਇਕਾਂ ਦੀਆਂ ਤਕਦੀਰਾਂ ਬਦਲਣ ਵਾਲੇ ਪੰਜਾਬੀ ਗੀਤਕਾਰੀ ਦੇ ਮਾਣ ਸਨਮੁੱਖ ਸਿੰਘ ਅਜ਼ਾਦ ਦੇ ਵਿਛੋੜੇ ਨੇ ਜਿੱਥੇ ਉਸ ਦੇ ਪਰਿਵਾਰਕ ਮੈਂਬਰਾਂ ਤੇ ਸ਼ੁਭਚਿੰਤਕਾਂ ਨੂੰ ਕਰਾਰਾ ਝਟਕਾ ਲਾਇਆ ਹੈ, ਉਥੇ ਕਲਾ ਦੇ ਵਣਜਾਰਿਆਂ ਦੀ ਸਰਕਾਰੇ-ਦਰਬਾਰੇ ਸੁਣਵਾਈ ਨਾ ਹੋਣ ਵਾਲੀ ਗੱਲ ਨੂੰ ਵੀ ਗੁਪਤ ਰੂਪ ਵਿਚ ਸਾਹਮਣੇ ਲੈ ਆਂਦਾ ਹੈ। ਸਨਮੁੱਖ ਸਿੰਘ ਅਜ਼ਾਦ ਦੇ ਗੀਤਾਂ ਦਾ ਹਰ ਪੰਜਾਬੀ ਨੇ ਰੱਜ ਕੇ ਆਨੰਦ ਮਾਣਿਆ, ਵੱਡੇ-ਵੱਡੇ ਗਾਇਕਾਂ ਨੇ ਉਸ ਦੇ ਗੀਤ ਗਾ ਕੇ ਮਾਣ ਮਹਿਸੂਸ ਕੀਤਾ, ਪਰ ਮੰਦੀ ਦਾ ਆਰਥਿਕਤਾ ਦਾ ਝੰਬਿਆ ਉਹ ਸਾਰੀ ਉਮਰ ਸੁੱਕੇ ਪੱਤੇ ਵਾਂਗ ਕੰਬਦਾ ਰਿਹਾ। ਉਸ ਦੇ ਅੰਤਲੇ ਸਾਲ ਕਿਹੋ ਜਿਹੇ ਸਨ, ਇਸ ਗੱਲ ਦਾ ਪਤਾ ਲੁਧਿਆਣੇ ਦੀ ਸੰਗੀਤ ਮੰਡੀ ਵਿਚ ਜਾ ਕੇ ਕਿਸੇ ਤੋਂ ਵੀ ਪੁੱਛਿਆ ਜਾ ਸਕਦਾ ਹੈ। ਉਸ ਦੇ ਜਨੂੰਨੀ ਪ੍ਰਸ਼ੰਸਕ ਉਸ ਨੂੰ ਕੌੜੇ ਘੁੱਟ ਲਈ ਸੌ-ਪੰਜਾਹ ਦੇ ਛੱਡਦੇ ਸਨ, ਰੋਟੀ-ਟੁੱਕ ਉਹ ਬਾਹਰੋਂ ਖਾ ਲੈਂਦਾ ਸੀ...ਪਰ ਡਰਾਮੇਬਾਜ਼ ਸ਼ੁਭਚਿੰਤਕ ਉਸ ਨੂੰ ਦੇਖਦਿਆਂ ਹੀ ਮੋੜ ਕੱਟ ਜਾਂਦੇ ਸਨ, ਅਖੇ, 'ਇਹਦਾ ਕੰਮ ਤਾਂ ਮੰਗਣਾ ਹੀ ਰਹਿ ਗਿਐ...ਪਰਸੋਂ ਤਾਂ ਵੀਹ ਰੁਪਏ ਦਿੱਤੇ ਸਨ...।'

ਡੇਢ ਕੁ ਸਾਲ ਪਹਿਲਾਂ ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਅਜ਼ਾਦ ਨੇ ਖੁਦ ਨੂੰ ਸਾੜ ਲਿਆ ਸੀ। ਦਵਾਈ ਜੋਗੇ ਉਸ ਕੋਲ ਪੈਸੇ ਨਹੀਂ ਸਨ। ਉਹਦਾ ਮੂੰਹ ਪੱਟੀਆਂ ਨਾਲ ਭਰਿਆ ਹੋਇਆ ਸੀ ਤੇ ਲੁਧਿਆਣੇ ਦੇ ਇੱਕ ਹਾਲ 'ਚ 'ਦੇਵ ਥਰੀਕੇ ਐਪਰੀਸੇਸ਼ਨ ਸੋਸਾਇਟੀ ਯੂ.ਕੇ.' ਨੇ ਇੱਕ ਸਮਾਗਮ ਰਚਾ ਕੇ ਜਿੱਥੇ ਦੇਵ ਥਰੀਕਿਆਂ ਵਾਲੇ ਦਾ ਸਨਮਾਨ ਕੀਤਾ ਸੀ, ਈਦੂ ਸ਼ਰੀਫ ਨੂੰ ਸਨਮਾਨਿਆ ਸੀ, ਉਥੇ ਸਨਮੁੱਖ ਸਿੰਘ ਅਜ਼ਾਦ ਨੂੰ ਵੀ ਦਸ ਹਜ਼ਾਰ ਰੁਪਿਆ ਇਲਾਜ ਲਈ ਦਿੱਤਾ ਸੀ।

ਸਨਮੁੱਖ ਦਾ ਪਹਿਲਾ ਗੀਤ 16 ਸਾਲ ਦੀ ਉਮਰ ਵਿਚ ਸਰੋਤਿਆਂ ਸਨਮੁੱਖ ਹੋਇਆ ਸੀ ਤੇ ਉਸੇ ਗੀਤ ਤੋਂ ਪਤਾ ਲੱਗ ਗਿਆ ਸੀ ਕਿ ਉਹ ਭਵਿੱਖ ਦਾ ਵੱਡਾ ਗੀਤਕਾਰ ਹੈ, ਪਰ ਉਹ ਵੱਡਾ ਹੁੰਦਾ ਹੋਇਆ ਵੀ ਅੱਧੀ ਜ਼ਿੰਦਗੀ ਛੋਟਿਆਂ ਅੱਗੇ ਹੱਥ ਅੱਡਦਾ ਰਿਹਾ। ਉਸ ਦਾ ਪਹਿਲਾ ਗੀਤ ਨੂਰਜਹਾਂ ਨੇ ਗਾਇਆ ਤੇ ਉਸ ਤੋਂ ਬਾਅਦ ਉਸ ਦੀ ਗੀਤਕਾਰੀ ਦਾ ਏਨਾ ਸ਼ਾਨਦਾਰ ਸਫ਼ਰ ਸ਼ੁਰੂ ਹੋਇਆ ਕਿ ਵੱਡੇ ਤੋਂ ਵੱਡੇ ਫ਼ਨਕਾਰਾਂ ਨੇ ਉਸ ਦੇ ਗੀਤਾਂ ਨੂੰ ਗਾਉਣ ਦਾ ਮਾਣ ਹਾਸਿਲ ਕੀਤਾ।

ਨੁਸਰਤ ਫ਼ਤਹਿ ਅਲੀ ਖ਼ਾਨ, ਗੁਲਾਮ ਅਲੀ ਖ਼ਾਨ, ਲਤਾ ਮੰਗੇਸ਼ਕਰ, ਨੂਰਜਹਾਂ, ਰੇਸ਼ਮਾਂ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਜਗਮੋਹਣ ਕੌਰ, ਆਸਾ ਸਿੰਘ ਮਸਤਾਨਾ, ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰ ਸਿੰਘ ਚਮਕੀਲਾ ਤੋਂ ਲੈ ਕੇ ਨਵੇਂ ਪੋਚ ਦੇ ਅਣਗਿਣਤ ਕਲਾਕਾਰਾਂ ਨੇ ਅਜ਼ਾਦ ਦੇ ਗੀਤ ਗਾਏ। ਅਜ਼ਾਦ ਜਦੋਂ ਮਸਤੀ 'ਚ ਆਉਂਦਾ ਤਾਂ ਖੁਦ ਹੀ ਦੱਸ ਦਿੰਦਾ, 'ਬੜਾ ਪੈਸਾ ਕਮਾਇਆ ਮੈਂ...ਬੜੇ ਮੁਲਕਾਂ ਦੀ ਸੈਰ ਕੀਤੀ...ਭਾਰਤ ਦਾ ਕੋਨਾ-ਕੋਨਾ ਗਾਹ ਮਾਰਿਆ...ਬੜੇ ਕੰਮ ਕਰ-ਕਰ ਕੇ ਦੇਖੇ...ਬੜੀ ਰਾਇਲਟੀ ਆਈ....ਪਰ ਮੈਂ ਪੈਸੇ ਦੀ ਭੋਰਾ ਕਦਰ ਨਾ ਕੀਤੀ...ਜਿੰਨੇ ਪੈਸੇ ਮੇਰੇ ਕੋਲ ਆਉਂਦੇ...ਉਹ ਦੇ ਨਾਲੋਂ ਵਧ ਖਰਚਾ ਕਰਨ 'ਚ ਭੋਰਾ ਢਿੱਲ ਨਾ ਵਰਤਦਾ ਮੈਂ....ਸ਼ਰਾਬ 'ਚ ਬੜੇ ਪੈਸੇ ਪੱਟੇ ਮੈਂ....ਹੁਣ ਸਹੁਰਾ ਕੋਈ ਨਹੀਂ ਪਿਲਾਉਂਦਾ...ਸਾਰੇ ਦੂਰ ਭੱਜਦੇ ਨੇ ਮੈਥੋਂ....।' ਸਨਮੁੱਖ ਸਿੰਘ ਅਜ਼ਾਦ ਉਰਫ਼ ਮੋਖੇ ਸ਼ਾਹ ਦਿਲ ਦਾ ਮਾੜਾ ਨਹੀਂ ਸੀ, ਬਸ ਉਸ ਦੀ ਤਕਦੀਰ ਹੀ ਅਜਿਹੀ ਸੀ ਕਿ ਏਨਾ ਨਾਂ ਹੋਣ ਦੇ ਬਾਵਜੂਦ ਉਸ ਦੀ ਕਿਸਮਤ 'ਚ ਠੇਡੇ ਲਿਖੇ ਸਨ। ਇਹੋ ਜਿਹੀ ਤਕਦੀਰ ਪਿੱਛੇ ਵੱਡਾ ਕਾਰਨ ਉਸ ਦਾ ਆਪਣਾ ਵੀ ਸੀ। ਉਹ ਮੌਜੀ ਬੰਦਾ ਸੀ...ਦੁਨੀਆ ਦੀ ਪ੍ਰਵਾਹ ਨਾ ਕਰਨ ਵਾਲਾ...ਸਭ ਨੂੰ ਟਿੱਚ ਸਮਝਣ ਵਾਲਾ। ਉਹ ਖੁਦ ਕਿਹਾ ਕਰਦਾ ਸੀ, 'ਸਾਰੀ ਉਮਰ ਅਵਾਰਗੀ ਕੀਤੀ ਐ ਮੈਂ...ਹੁਣ ਵੀ ਅਵਾਰਾ ਹੀ ਹਾਂ ਮੈਂ...ਕਿੰਨੇ ਵੱਡੇ-ਵੱਡੇ ਲੋਕਾਂ ਨਾਲ ਬਹਿਣੀ-ਉੱਠਣੀ ਹੁੰਦੀ ਸੀ ਮੇਰੀ...ਤੇ ਜਿੱਥੇ ਮੈਂ ਹੁਣ ਹਾਂ...ਏਥੇ ਆ ਕੇ ਵੀ ਮੈਂ ਮਨ ਹੌਲਾ ਕਦੇ ਨਹੀਂ ਕੀਤਾ।'


**ਐਕਟਰ ਧਰਮਿੰਦਰ ਨਾਲ ਸਨਮੁੱਖ ਸਿਘ ਆਜ਼ਾਦ**

ਉਹ ਦੇ ਗੀਤ 'ਅੱਖੀਆਂ...ਅੱਖੀਆਂ...ਅੱਖੀਆਂ' (ਨੁਸਰਤ ਫ਼ਤਹਿ ਅਲੀ ਖ਼ਾਨ), 'ਮੇਰੇ ਦਿਲ ਦਾ ਮਹਿਰਮ ਚਾਕ ਨੀਂ' (ਗੁਲਾਮ ਅਲੀ), 'ਤੂੰ ਤਾਂ ਸੌਂ ਗਈ ਗੂੜ੍ਹੀ ਨੀਂਦੇ' (ਲਤਾ ਮੰਗੇਸ਼ਕਰ), 'ਦਿਲ ਟੁੱਟਿਆ ਖ਼ਬਰ ਨਾ ਹੋਈ' (ਸ਼ੌਕਤ ਅਲੀ), 'ਹਾਏ ਓ ਰੱਬਾ ਨਹੀਂਓਂ ਲੱਗਦਾ ਦਿਲ ਮੇਰਾ' (ਰੇਸ਼ਮਾ), 'ਗੁੱਡੀ ਵਾਂਗੂੰ ਅੱਜ ਮੈਨੂੰ ਸੱਜਣਾ (ਆਫ਼ਸ਼ਾਂ ਤੇ ਜਗਮੋਹਣ ਕੌਰ), 'ਤੂੰਬਾ ਵੱਜਦਾ ਨਾ ਤਾਰ ਤੋਂ ਬਿਨਾਂ' (ਜਗਮੋਹਣ ਕੌਰ), 'ਕੰਘੀ ਵਾਹਵਾਂ ਤਾਂ ਦੁਖਣ ਮੇਰੇ ਵਾਲ਼ ਨੀਂ ਮਾਏ', 'ਮੈਨੂੰ ਹੀਰੇ ਹੀਰੇ ਆਖੇ ਨੀਂ ਮੁੰਡਾ ਲੰਬੜਾਂ ਦਾ', 'ਇੱਕ ਮੇਰੀ ਅੱਖ ਕਾਸ਼ਣੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ...'(ਸੁਰਿੰਦਰ ਕੌਰ) ਗੀਤਾਂ ਨੇ ਉਸ ਨੂੰ ਅੰਤਰ-ਰਾਸ਼ਟਰੀ ਗੀਤਕਾਰ ਬਣਾਇਆ। ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ, ਡੌਲੀ ਗੁਲੇਰੀਆ, ਹੰਸ ਰਾਜ ਹੰਸ, ਹਰਭਜਨ ਮਾਨ ਸਮੇਤ ਹੋਰ ਅਨੇਕਾਂ ਗਾਇਕਾਂ ਨੇ ਉਸ ਦੇ ਗੀਤਾਂ ਨੂੰ ਆਪਣੀਆਂ ਸੁਰੀਲੀਆਂ ਅਵਾਜ਼ਾਂ ਦਿੱਤੀਆਂ।

'ਐਚ.ਐਮ.ਵੀ' ਨੇ ਸਨਮੁੱਖ ਸਿੰਘ ਅਜ਼ਾਦ ਨੂੰ ਲੰਮਾ ਸਮਾਂ ਰਾਇਲਟੀ ਦਿੱਤੀ। ਉਹਨੇ ਜ਼ਿੰਦਗੀ ਦੇ ਖ਼ੂਬ ਨਜ਼ਾਰੇ ਲਏ। ਯਾਰ-ਬੇਲੀ ਉਹ ਦੇ ਦੁਆਲੇ ਝੁੰਡ ਬਣਾ ਕੇ ਬੈਠੇ ਰਹਿੰਦੇ। ਉਹ ਉਨ੍ਹਾਂ ਨੂੰ ਗੀਤ ਸੁਣਾਉਂਦਾ...ਟਿੱਚਰਾਂ ਕਰਦਾ ਤੇ ਹਾਸਾ ਖਿਲਾਰਦਾ...।' ਜਗਦੇਵ ਸਿੰਘ ਜੱਸੋਵਾਲ, ਹਾਕਮ ਬਖਤੜੀਵਾਲਾ ਅਤੇ ਕਈ ਹੋਰਨਾਂ ਨੇ ਉਸ ਦੀ ਬਣਦੀ-ਸਰਦੀ ਮੱਦਦ ਕੀਤੀ।

ਸਨਮੁੱਖ ਸਿੰਘ ਅਜ਼ਾਦ ਵਾਂਗ ਹੀ ਚਤਰ ਸਿੰਘ ਪਰਵਾਨਾ ਅਨੇਕਾਂ ਹਿੱਟ ਗੀਤ ਲਿਖਣ ਦੇ ਬਾਜਵੂਦ ਠੋਕਰਾਂ ਖਾਣ ਲਈ ਮਜਬੂਰ ਹੈ। ਰੋਜ਼ੀ-ਰੋਟੀ ਦੇ ਜੁਗਾੜ ਲਈ ਪਰਵਾਨਾ ਅੱਜ-ਕੱਲ੍ਹ ਛੋਟੇ ਮੋਟੇ ਮੇਲਿਆਂ 'ਤੇ ਗਾ ਕੇ ਦੋ-ਦੋ, ਚਾਰ-ਚਾਰ ਸੌ ਇਕੱਠਾ ਕਰ ਰਿਹਾ ਹੈ। ਇਹੋ ਹਾਲਤ ਮਿਰਜ਼ਾ ਸੰਗੋਵਾਲੀਆ ਦੀ ਹੈ, ਜਿਸ ਦਾ ਲਿਖਿਆ ਗੀਤ, 'ਕੱਢ ਦੇਊ ਤੇਰੀਆਂ ਰੜਕਾਂ ਬਾਪੂ ਦਾ ਖੂੰਡਾ' ਅੱਜ ਤੱਕ ਸਭਨਾਂ ਦੇ ਚੇਤਿਆਂ 'ਤੇ ਛਾਇਆ ਹੋਇਆ ਹੈ ਅਤੇ ਲਗਭਗ ਇਹੋ ਹਾਲ ਅਮਰ ਸਿੰਘ ਮਸਤਾਨਾ ਦਾ ਹੈ, ਜਿਸ ਨੇ 'ਕਦੇ ਕਦੇ ਖੇਡ ਲਿਆ ਕਰੀਂ' ਵਰਗੇ ਸਦਾਬਹਾਰ ਗੀਤ ਰਚੇ। ਸਾਨੂੰ ਅਤੇ ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਗੀਤਕਾਰਾਂ ਅਤੇ ਗਾਇਕਾਂ ਨੂੰ ਅਸੀਂ ਜਿਊਂਦੇ ਜੀਅ ਹੀ ਮਾਣ-ਸਤਿਕਾਰ ਦੇਈਏ, ਨਹੀਂ ਤਾਂ ਤੁਰ ਜਾਣ ਪਿੱਛੋਂ ਇਨ੍ਹਾਂ ਦੇ ਨਾਂ 'ਤੇ ਮੇਲੇ ਕਰਾਉਣ ਦਾ ਕੋਈ ਅਰਥ ਨਹੀਂ। ਉਨ੍ਹਾਂ ਮੇਲਿਆਂ 'ਤੇ ਰੱਜਿਆਂ ਨੂੰ ਹੋਰ ਰਜਾਉਣ ਦੀ ਥਾਂ ਜੇ ਅਸੀਂ ਇਨ੍ਹਾਂ ਥੁੜ੍ਹਾਂ ਮਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰੀਏ ਤਾਂ ਇਸ ਵਰਗੀ ਚੰਗੀ ਗੱਲ ਕੋਈ ਹੋਰ ਨਹੀਂ ਹੋਵੇਗੀ।

**ਬੱਬੂ ਮਾਨ ਫਿਰ ਬੁੜਕਿਆ ਪੱਤਰਕਾਰਾਂ ਖਿਲਾਫ :**ਜਨਾਬ ਜੀ, ਬੱਬੂ ਮਾਨ ਆਪਣੀ ਪੁਰਾਣੀ ਆਦਤ ਮੁਤਾਬਕ ਪਿਛਲੇ ਦਿਨੀਂ ਹੋਏ ਆਸਟ੍ਰੇਲੀਆ ਸ਼ੋਆਂ ਮੌਕੇ ਪੱਤਰਕਾਰਾਂ 'ਤੇ ਮੁੜ ਨਜ਼ਲਾ ਝਾੜ ਆਇਐ। ਪੱਤਰਕਾਰਾਂ ਤੋਂ ਉਸ ਨੂੰ ਖਾਸੀ ਐਲਰਜ਼ੀ ਹੈ ਤੇ ਉਹ ਜਿੱਥੇ ਵੀ ਜਾਂਦੈ, ਉਨ੍ਹਾਂ ਖਿਲਾਫ਼ ਬੋਲ ਕੇ ਆਪਣਾ ਢਿੱਡ ਹੌਲਾ ਕਰ ਆਉਂਦੈ। ਲੋਕ ਉਸ ਵਲੋਂ ਕੱਢੀਆਂ ਗਾਲ੍ਹਾਂ 'ਤੇ ਭੰਗੜੇ ਪਾਉਂਦੇ ਨੇ..ਬੱਕਰੇ ਬੁਲਾਉਂਦੇ ਨੇ, ਜਿਵੇਂ ਉਨ੍ਹਾਂ ਦੀਆਂ ਚਿਰਾਂ ਦੀਆਂ ਲਿਤਾੜੀਆਂ ਸਧਰਾਂ ਪੂਰੀਆਂ ਹੋ ਗਈਆਂ ਹੋਣ। ਬੱਬੂ ਦੀ ਪੱਤਰਕਾਰਾਂ 'ਤੇ ਤੋੜਾ ਝਾੜਨ ਵਾਲੀ ਕਲਾ ਨਵੀਂ ਨਹੀਂ, ਕਈ ਸਾਲ ਪੁਰਾਣੀ ਐ..ਪਰ ਹਰ ਕੋਈ ਉਸ ਦੀ ਇਹ ਗੱਲ ਇਉਂ ਅਣਗੌਲੀ ਕਰ ਛੱਡਦੈ, ਜਿਵੇਂ ਨਿਆਣੇ ਵਲੋਂ ਕੀਤੀਆਂ ਗਲਤੀਆਂ ਭੁੱਲ ਭੁਲਾ ਛੱਡੀਦੀਆਂ ਨੇ। ਬੱਬੂ ਦੀ ਇਹ ਆਦਤ ਬਿਲਕੁਲ ਇਵੇਂ ਹੈ ਜਿਵੇਂ ਕੋਈ ਨਿਆਣਾ ਆਪਣੇ ਬਾਪੂ ਦੀ ਦਾੜ੍ਹੀ ਖਿੱਚੀ ਜਾਵੇ.. ਤੇ ਬਾਪੂ ਆਖੇ, 'ਕੋਈ ਗੱਲ ਨਹੀਂ..ਜਵਾਕ ਏ..ਮਾੜੀ ਨੀਅਤ ਨਾਲ ਤਾਂ ਨਹੀਂ ਦਾੜ੍ਹੀ ਪੁੱਟਦਾ।' ਫੇਰ ਉਹ ਨਿਆਣਾ ਵੱਡਾ ਹੋ ਕੇ ਜਦੋਂ ਸੱਚੀਂ ਮੁੱਚੀਂ ਦਾੜ੍ਹੀ ਨੂੰ ਹੱਥ ਪਾ ਲੈਂਦੈ ਤਾਂ ਬਾਪੂ ਗੋਡਿਆਂ 'ਚ ਸਿਰ ਦੇ ਕੇ ਝੂਰਦੈ ਕਿ ਇਹਨੂੰ ਉਦੋਂ ਕਿਉਂ ਨਾ ਰੋਕਿਆ ਜਦੋਂ ਇਹ ਕੁੱਛੜ ਬੈਠ ਕੇ ਦਾੜ੍ਹੀ ਨਾਲ ਖੇਡਦਾ ਹੁੰਦਾ ਸੀ।

ਬੱਬੂ ਗਾਉਂਦਾ ਚੰਗੈ..ਲਿਖਦਾ ਚੰਗੈ..ਨੱਚਦਾ ਵੀ ਚੰਗੈ, ਲੋਕ ਉਸ ਨੂੰ ਪਸੰਦ ਵੀ ਬਹੁਤ ਕਰਦੇ ਨੇ...ਪਰ ਪੱਤਰਕਾਰਾਂ ਬਾਰੇ ਗੱਲ ਕਰਨ ਲੱਗਿਆਂ ਉਹ ਸਲੀਕਾ ਪਤਾ ਨਹੀਂ ਕਿਉਂ ਭੁੱਲ ਜਾਂਦੈ? ਉਹ ਸ਼ਰੇਆਮ ਸਟੇਜਾਂ 'ਤੇ ਕਹਿੰਦੈ, 'ਕੋਈ ਮੀਡੀਆ-ਮੂਡੀਆ ਨਹੀਂ ਕੰਮ ਕਰਦਾ..ਜੇ ਕੈਸਿਟ ਚੱਲਣੀ ਐ ਤਾਂ ਆਪੇ ਚੱਲ ਜਾਣੀ ਐ..ਤੇ ਜੇ ਨਹੀਂ ਚੱਲਣੀ ਤਾਂ ਫਿਰ ਕੋਈ ਨਹੀਂ ਚਲਾ ਸਕਦਾ..ਜਦੋਂ ਤੱਕ ਯਾਰਾਂ ਨੇ ਗਾਉਣੈ, ਠੋਕ-ਵਜਾ ਕੇ ਗਾਉਣੈ..ਤੇ ਜਦੋਂ ਨਾ ਚੱਲਣਾ ਹੋਇਆ, ਉਦੋਂ ਕੋਈ ਤਾਕਤ ਮੈਨੂੰ ਕਾਮਯਾਬ ਨਹੀਂ ਕਰ ਸਕਦੀ।'

ਬੱਬੂ ਕਹਿੰਦੈ, 'ਸੱਭਿਆਚਾਰ ਨੂੰ ਕੋਈ ਖਤਰਾ ਨਹੀਂ...ਪੱਤਰਕਾਰ ਤਾਂ ਐਵੇਂ ਕਲਮ ਘਸਾਈ ਕਰਦੇ ਰਹਿੰਦੇ ਨੇ...ਇਹ ਸਾਰਾ ਦਿਨ ਟੀ.ਵੀ. ਦੇਖ ਕੇ ਇੱਕ ਲੇਖ ਲਿਖਦੇ ਨੇ ਤੇ ਇਨ੍ਹਾਂ ਨੂੰ ਅਖ਼ਬਾਰਾਂ ਵਾਲੇ ਤਿੰਨ ਕੁ ਸੌ ਰੁਪਿਆ ਦੇ ਦਿੰਦੇ ਨੇ...।'

ਇਹ ਸੱਚ ਹੈ ਕਿ ਪੱਤਰਕਾਰ ਟੀ.ਵੀ. ਦੇਖ ਕੇ ਲਿਖਦੇ ਨੇ, ਉਨ੍ਹਾਂ ਦੀ ਰੋਟੀ ਵੀ ਇਸ ਕੰਮ 'ਤੇ ਟਿਕੀ ਹੋਈ ਹੈ, ਪਰ ਉਹਨੂੰ ਇਹ ਵੀ ਪਤਾ ਹੋਣਾ ਚਾਹੀਦੈ ਕਿ ਇਹ ਉਨ੍ਹਾਂ ਦੇ ਵੱਡੇ ਜ਼ੇਰੇ ਦਾ ਕਮਾਲ ਹੀ ਹੈ ਕਿ ਉਹ ਮਾੜੇ ਨੂੰ ਮਾੜਾ ਵੀ ਹਿੱਕ ਠੋਕ ਕੇ ਕਹਿੰਦੇ ਨੇ ਤੇ ਜਿਹੜੇ ਸਮਝੌਤਾਵਾਦੀ ਹੁੰਦੇ ਨੇ, ਉਨ੍ਹਾਂ ਦਾ ਪੱਤਰਕਾਰੀ ਵਿਚ ਘੱਟ ਤੇ ਕੌਲੀ ਚੱਟਾਂ ਵਿਚ ਵਧ ਨਾਂਅ ਹੁੰਦੈ। ਰਹੀ ਗੱਲ ਤਿੰਨ ਸੌ ਰੁਪਏ ਵਾਲੀ, ਉਹ ਦਾ ਜਵਾਬ ਇਹ ਐ ਕਿ ਇੱਥੇ ਹਰ ਕੰਮ ਲੋਟ ਆਏ ਦੀ ਗੱਲ ਐ।

ਇਥੇ ਉਹ ਲੋਕ ਵੀ ਨੇ ਜਿਹੜੇ ਸਾਰਾ ਦਿਨ ਖ਼ੂਨ-ਪਸੀਨਾ ਇਕ ਕਰਕੇ ਮਸਾਂ ਸੌ, ਸਵਾ ਸੌ ਰੁਪਿਆ ਕਮਾਉਂਦੇ ਨੇ ਤੇ ਬੱਬੂ ਵਰਗੇ ਵੀ ਨੇ ਜਿਹੜੇ ਦੋ ਘੰਟੇ ਗਾ ਕੇ ਲੱਖਾਂ ਕਮਾ ਲੈਂਦੇ ਨੇ। ਪਰ ਜਦੋਂ ਬੱਬੂ ਦੀ 'ਤੂੰ ਮੇਰੀ ਮਿਸ ਇੰਡੀਆ' ਨਹੀਂ ਸੀ ਆਈ, ਉਦੋਂ ਉਹ ਨੂੰ ਅੱਜ ਵਰਗੀਆਂ ਗੱਲਾਂ ਨਹੀਂ ਸਨ ਆਉਂਦੀਆ। ਇਹ ਗੱਲਾਂ ਚੰਗੀ ਆਰਥਿਕਤਾ ਤੇ 'ਲੋਟ ਆਉਣ' ਨਾਲ ਜੁੜੀਆਂ ਹੋਈਆਂ ਨੇ ਤੇ ਰੱਬ ਦੇ ਘਰ ਦਾ ਕੀ ਪਤੈ ਕਦੋਂ ਕੀਹਦੀ ਗੋਡਣੀ ਲਵਾ ਦੇਵੇ।

ਬੱਬੂ ਬਾਈ ਜ਼ਰਾ ਬੱਚ ਕੇ ਮੋੜ ਤੋਂ।

## ਸਰਦਾਰ ਕੈਰੋਂ ਨੂੰ ਕਿਸੇ ਨਾ ਯਾਦ ਕੀਤਾ

**ਲੁਧਿਆਣਾ :** ਸਾਂਝੇ ਪੰਜਾਬ ਦੇ ਮੁੱਖ ਮੰਤਰੀ ਸਵ. ਸ. ਪ੍ਰਤਾਪ ਸਿੰਘ ਕੈਰੋਂ, ਜਿਨ੍ਹਾਂ ਦਾ ਜਨਮ 2 ਅਕਤੂਬਰ 1901 ਨੂੰ ਹੋਇਆ ਸੀ, ਇਸ ਮਹਾਨ ਹਰੀ ਕ੍ਰਾਂਤੀ ਦੇ ਜਨਮ ਦਾਤਾ ਨੂੰ ਕਾਂਗਰਸ ਤੇ ਇਸ ਸਮੇਂ ਦੀ ਸੱਤਾਧਾਰੀ ਅਕਾਲੀ ਸਰਕਾਰ ਭੁੱਲ ਜਾਵੇਗੀ, ਇਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ, ਜਦੋਂ ਕਿ ਲੋਕ ਪ੍ਰਤਾਪ ਸਿੰਘ ਕੈਰੋਂ ਦੇ ਰਾਜ ਦੀਆਂ ਗੱਲਾਂ ਦੀਆਂ ਉਦਾਹਰਣਾਂ ਅੱਜ ਵੀ ਦੇ ਕੇ ਉਨ੍ਹਾਂ ਨੂੰ ਯਾਦ ਕਰਦੇ ਹਨ, ਜਿਨ੍ਹਾਂ ਨੇ ਆਪਣੇ ਰਾਜ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਤੋਂ ਇਲਾਵਾ ਅਜਿਹੇ ਕੰਮ ਕੀਤੇ, ਜੋ ਮੀਲ ਪੱਥਰ ਬਣ ਗਏ ਹਨ। ਬੜੇ ਦੁੱਖ ਦੀ ਗੱਲ ਹੈ ਕਿ ਅੱਜ ਉਸ ਮਹਾਨ ਨੇਤਾ ਨੂੰ ਪੰਜਾਬ ਦੀ ਅਕਾਲੀ ਸਰਕਾਰ ਤੇ ਉਸ ਦੀ ਮਾਂ ਪਾਰਟੀ ਕਾਂਗਰਸ ਨੇ ਬੁਰੀ ਤਰ੍ਹਾਂ ਮਨੋਂ ਵਿਸਾਰ ਦਿਤਾ ਹੈ। ਸਵ. ਕੈਰੋਂ ਦਾ ਜਨਮ ਦਿਨ ਸਰਕਾਰ ਤੇ ਕਾਂਗਰਸ ਵਲੋਂ ਨਾ ਮਨਾਉਣ ਤੇ ਪਾਸਾ ਵੱਟਣ ਦੇ ਮਾਮਲੇ 'ਤੇ ਰਾਜਸੀ ਹਲਕਿਆਂ 'ਚ ਇਹ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਦਾ ਸ਼ਾਇਦ ਇਸ ਕਰਕੇ ਜਨਮ ਦਿਨ ਨਹੀਂ ਮਨਾਇਆ ਕਿ ਸ. ਕੈਰੋਂ ਨੇ ਆਪਣੇ ਰਾਜ ਦੌਰਾਨ 40 ਹਜ਼ਾਰ ਅਕਾਲੀ ਵਰਕਰਾਂ ਨੂੰ ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਜੇਲ੍ਹਾਂ 'ਚ ਸੁੱਟਿਆ ਸੀ ਤੇ ਭਾਰੀ ਜੁਰਮਾਨੇ ਕੀਤੇ ਸਨ। ਦੂਜੇ ਪਾਸੇ ਸ.ਕੈਰੋਂ ਦੀ ਮਾਂ ਪਾਰਟੀ ਕਾਂਗਰਸ ਨੇ ਇਹ ਸੋਚ ਲਿਆ ਹੋਵੇਗਾ ਕਿ ਉਨ੍ਹਾਂ ਦਾ ਬੇਟਾ ਸੁਰਿੰਦਰ ਸਿੰਘ ਕੈਰੋਂ ਤੇ ਉਨ੍ਹਾਂ ਦਾ ਪੋਤਰਾ ਆਦੇਸ਼ ਪ੍ਰਤਾਪ ਸਿੰਘ ਅਕਾਲੀ ਦਲ ਦੇ ਜਹਾਜ਼ 'ਚ ਚੜ੍ਹ ਗਏ ਹਨ, ਇਸ ਲਈ ਹੁਣ ਅਕਾਲੀ ਸਰਕਾਰ ਸਵ. ਕੈਰੋਂ ਦਾ ਜਨਮ ਦਿਨ ਮਨਾਏਗੀ ਪਰ ਅੱਜ ਸਵ. ਕੈਰੋਂ ਦਾ ਜਨਮ ਦਿਨ ਦੋਵਾਂ ਪਾਰਟੀਆਂ ਨੇ ਨਾ ਮਨਾ ਕੇ ਵੱਡੀ ਭੁੱਲ ਕੀਤੀ ਹੈ।

## ਸੜਕ ਹਾਦਸੇ 'ਚ ਹਰੀਕੇ ਦੇ ਚਾਰ ਜਵਾਨਾਂ ਦੀ ਮੌਤ

**ਧਰਮਕੋਟ:** ਲੰਘੀ 30 ਸਤੰਬਰ ਨੂੰ ਰਾਤ ਦੇ ਗਿਆਰਾਂ ਕੁ ਵਜੇ ਦੇ ਕਰੀਬ ਇਥੋਂ ਚਾਰ ਕਿਲੋਮੀਟਰ ਦੂਰ ਪਿੰਡ ਬੱਡੂਵਾਲ ਨੇੜੇ ਵਾਪਰੇ ਇਕ ਸੜਕ ਹਾਦਸੇ ਵਿਚ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਜਦੋਂਕਿ ਹੋਰ ਚਾਰ ਜਣੇ ਗੰਭੀਰ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਪਿੰਡ ਹਰੀਕੇ (ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਅੱਠ ਨੌਜਵਾਨ ਤਿੰਨ ਮੋਟਰਸਾਈਕਲਾਂ ਅਤੇ ਇਕ ਸਕੂਟਰ 'ਤੇ ਸਵਾਰ ਹੋ ਕੇ ਕਿਸੇ ਕੰਮ-ਧੰਦੇ ਦੇ ਸੰਬੰਧ ਵਿਚ ਧਰਮਕੋਟ ਤੋਂ ਬੱਡੂਵਾਲ ਨੂੰ ਜਾ ਰਹੇ ਸਨ ਕਿ ਰਾਤ ਦੇ ਹਨੇਰੇ ਵਿਚ ਨਹਿਰ ਦੇ ਪੁਲ ਨੇੜੇ ਉਹ ਇਕ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਨਾਲ ਟਕਰਾ ਗਏ। ਇਸ ਹਾਦਸੇ ਵਿਚ ਕਮਲਜੀਤ ਸਿੰਘ, ਗੋਨਾ ਸਿੰਘ, ਜੰਗ ਸਿੰਘ ਅਤੇ ਗੁਰਪ੍ਰੀਤ ਸਿੰਘ (ਸਾਰੇ ਵਾਸੀ ਹਰੀਕੇ) ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਪਰਮਜੀਤ ਸਿੰਘ, ਪੂਰਨ ਸਿੰਘ, ਮੋਨਾ ਸਿੰਘ ਅਤੇ ਗੁਰਪਾਲ ਸਿੰਘ (ਸਾਰੇ ਵਾਸੀ ਹਰੀਕੇ) ਜ਼ਖ਼ਮੀ ਹੋ ਗਏ। ਜ਼ਖਮੀਆਂ ਨੂੰ ਨੇੜੇ ਦੇ ਲੋਕਾਂ ਨੇ ਇਲਾਜ ਲਈ ਤੁਰੰਤ ਮੋਗਾ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ।

## ਪੰਜਾਬ 'ਚ ਡੇਂਗੂ ਬੁਖਾਰ ਦੇ 30 ਮਾਮਲੇ ਸਾਹਮਣੇ ਆਏ

**ਲੁਧਿਆਣਾ:** ਸਵਾਇਨ ਫਲੂ ਦੇ ਖਤਰੇ ਦਾ ਸਾਹਮਣਾ ਕਰ ਰਹੇ ਪੰਜਾਬ ਵਿਚ ਹੁਣ ਡੇਂਗੂ ਨੇ ਵੀ ਦਸਤਕ ਦਿੱਤੀ ਹੈ। ਅੱਠ ਜ਼ਿਲਿਆਂ ਵਿਚ ਹਾਲੇ ਤੱਕ 30 ਮਰੀਜ਼ ਡੇਂਗੂ ਦੇ ਸਾਹਮਣੇ ਆ ਚੁੱਕੇ ਹਨ। ਪਿਛਲੇ ਸਾਲ ਡੇਂਗੂ ਦਾ ਦੁੱਖ ਭੋਗ ਚੁੱਕੇ ਪੰਜਾਬ ਨੂੰ ਮਰੀਜਾਂ ਦਾ ਇਹ ਆਂਕੜਾ ਡਰਾਉਣ ਲਈ ਬਹੁਤ ਹੈ।

ਲੁਧਿਆਣਾ, ਅੰਮ੍ਰਿਤਸਰ ਤੇ ਸੰਗਰੂਰ ਵਿਚ ਸਵਾਇਨ ਫਲੂ ਦੇ 3 ਅਤੇ ਮਰੀਜ ਪਜ਼ੇਟਿਵ ਪਾਏ ਜਾਣ ਤੋਂ ਬਾਅਦ ਡਰ ਦੋਗੁਣਾ ਹੋ ਗਿਆ ਹੈ। ਤਿਓਹਾਰਾਂ ਤੇ ਸ਼ਾਦੀਆਂ ਦੇ ਸੀਜ਼ਨ ਵਿਚ ਅਧਿਕਾਰੀਆਂ ਨੂੰ ਇਨਫੈਕਸ਼ਨ ਵਧਣ ਦੀ ਸ਼ੰਕਾ ਸਤਾ ਰਹੀ ਹੈ।

ਸਰਕਾਰ ਨੇ ਸਾਰਿਆਂ ਜਿਲ੍ਹਿਆਂ ਨੂੰ ਚੌਕੰਨਾ ਰਹਿਣ ਲਈ ਕਿਹਾ ਹੈ। ਸ਼ਨੀਵਾਰ ਨੂੰ ਚੰਡੀਗੜ੍ਹ ਵਿਚ ਪ੍ਰਿੰਸੀਪਲ ਸਕੱਤਰ (ਹੈਲਥ) ਨੇ ਰਾਜ ਭਰ ਦੇ ਸਿਵਲ ਸਰਜਨਾਂ ਤੇ ਸਿਹਤ ਵਿਭਾਗ ਦੇ ਆਲਾ ਅਫਸਰਾਂ ਦੀ ਬੈਠਕ ਕਰਕੇ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਲੁਧਿਆਣਾ 13 ਮਰੀਜਾਂ ਦੇ ਨਾਲ ਇਕ ਬਾਰ ਫਿਰ ਟਾਪ ਤੇ ਹੈ। ਬਠਿੰਡਾ ਦੇ 5, ਜਲੰਧਰ ਦੇ ਤਿੰਨ, ਹੁਸ਼ਿਆਰਪੁਰ ਦੇ ਦੋ, ਫਤਹਿਗੜ੍ਹ ਸਾਹਿਬ, ਫਿਰੋਜ਼ਪੁਰ, ਮੋਹਾਲੀ, ਨਵਾਂਸ਼ਹਿਰ ਤੋਂ ਇਕ ਇਕ ਮਰੀਜ਼ ਵੀ ਸ਼ਾਮਿਲ ਹੈ। ਦੋ ਮਰੀਜ਼ ਰਾਜਸਥਾਨ ਤੇ ਇਕ ਉੱਤਰ ਪ੍ਰਦੇਸ਼ ਵਿਚ ਵੀ ਹੈ। ਸਿਹਤ ਵਿਭਾਗ ਦੇ 'ਬਹੀ ਖਾਤੇ' ਵਿਚ ਸਿਰਫ ਪੰਜ ਸੱਤ ਮਰੀਜ਼ ਹੀ ਜੁੜੇ ਹਨ। ਅਧਿਕਾਰੀ ਤਰਕ ਦੇ ਰਹੇ ਹਨ ਕਿ ਰੈਪਿਡ ਟੈਸਟ ਵਿਚ ਮਰੀਜ਼ ਨੂੰ ਜਿਆਦਾ ਤੋਂ ਜ਼ਿਆਦਾ ਸ਼ੱਕੀ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਏਲੀਜਾ ਟੈਸਟ ਜ਼ਰੂਰੀ ਹੈ।

**ਮਾਹਿਰਾਂ ਵਲੋਂ ਚੇਤਾਵਨੀ:** ਪਿਛਲੇ ਅਤੇ ਇਸ ਸਾਲ ਦੇ ਅਕਤੂਬਰ ਤੱਕ ਦੇ ਕੇਸਾਂ ਦੀ ਤੁਲਨਾ ਦੇ ਅਧਾਰ ਤੇ ਇਸ ਬਾਰ ਹਾਲਤ ਕਾਬੂ ਵਿਚ ਮੰਨਣਾ ਖਤਰਾ ਸਮਝਿਆ ਜਾ ਸਕਦਾ ਹੈ। ਮਾਹਿਰਾਂ ਦੇ ਅਨੁਸਾਰ ਪਿਛਲੇ ਸਾਲ ਹੁਣ ਤਕ 850 ਕੇਸ ਆ ਚੁੱਕੇ ਸਨ, ਇਸ ਵਾਰ ਆਂਕੜਾ ਇਸਤੋਂ ਕਾਫੀ ਘੱਟ ਹੈ, ਪਰ ਅਸਲੀ ਖ਼ਤਰਾ ਇਹ ਹੈ ਕਿ ਬਾਰਿਸ਼ ਤੋਂ ਬਾਅਦ ਤਾਪਮਾਨ ਡਿਗਣਾ ਸ਼ੁਰੂ ਹੋਇਆ ਹੈ। ਇਕ ਹਸਪਤਾਲ ਦੇ ਡਾ. ਪ੍ਰਦੀਪ ਕਪੂਰ ਦੇ ਅਨੁਸਾਰ ਬਾਰਿਸ਼ ਤੇ ਤਾਪਮਾਨ ਵਿਚ ਗਿਰਾਵਟ ਨਾਲ ਖਤਰਾ ਵਧਿਆ ਹੈ। ਉਨਾਂ ਦੇ ਮੁਤਾਬਿਕ ਟਾਈਗਰ ਮੱਛਰ ਨੂੰ ਘੱਟ ਤੋਂ ਘੱਟ 16 ਤੇ ਜ਼ਿਆਦਾ 25 ਡਿਗਰੀ ਦੇ ਵਿਚ ਤਾਪਮਾਨ ਚਾਹੀਦਾ। ਬਾਰਿਸ਼ ਤੋਂ ਬਾਅਦ ਤਾਪਮਾਨ ਇਸੇ ਦੇ ਆਲੇ ਦੁਆਲੇ ਚਲ ਰਿਹਾ ਹੈ। ਬਾਰਿਸ਼ ਤੋਂ ਬਾਅਦ ਇਹੋ ਜਿਹੀਆਂ ਥਾਵਾਂ ਜਿਥੇ ਲੋਕ ਧਿਆਨ ਨਹੀਂ ਦਿੰਦੇ ਉਥੇ ਸੱਤ ਦਿਨ ਤਕ ਪਾਣੀ ਜਮ੍ਹਾ ਰਹਿ ਜਾਵੇ ਤਾਂ ਉਸ ਵਿਚ ਮੱਛਰ ਪੈਦਾ ਹੋਣ ਦੀ ਸ਼ੰਕਾ ਰਹਿੰਦੀ ਹੈ। ਕੂਲਰ ਦੇ ਆਨ ਰਹਿਣ ਤਕ ਪਾਣੀ ਰੁਟੀਨ ਵਿਚ ਬਦਲਿਆ ਜਾ ਰਿਹਾ ਹੁੰਦਾ ਹੈ। ਹੁਣ ਕੂਲਰ ਆਫ ਹੋਣ ਦੇ ਬਾਅਦ ਉਨ੍ਹਾਂ ਨੂੰ ਡਰਾਈ ਨਹੀਂ ਕੀਤਾ ਗਿਆ ਤਾਂ ਖਤਰਾ ਹੋ ਸਕਦਾ ਹੈ।

## ਗੁਰਦੁਆਰਾ ਚੋਣ ਕਮਿਸ਼ਨ ਦੀ ਨਿਯੁਕਤੀ ਬਾਰੇ ਵਿਵਾਦ ਮਘਿਆ

**ਚੰਡੀਗੜ੍ਹ:** ਜਸਟਿਸ ਜੇ.ਸੀ. ਵਰਮਾ ਨੂੰ ਗੁਰਦੁਆਰਾ ਚੋਣ ਕਮਿਸ਼ਨ ਦਾ ਪਹਿਲਾ ਗੈਰ-ਸਿੱਖ ਮੁੱਖ ਚੋਣ ਕਮਿਸ਼ਨਰ ਲਾਏ ਜਾਣ ਨਾਲ ਕੇਂਦਰ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਵੱਡਾ ਟਕਰਾਅ ਛਿੜ ਗਿਆ ਹੈ ਤੇ ਖੁਦ ਇਕ ਸਿੱਖ ਹੋਣ ਕਾਰਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲਈ ਇਹ ਮਾਮਲਾ ਬੇਲੋੜੀ ਪ੍ਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ।

ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਕਾਂਗਰਸ ਵਲੋਂ ਐਸ.ਜੀ.ਪੀ.ਸੀ. 'ਚ ਪੈਰ ਪਸਾਰਨ ਦੀ ਚਾਲ ਕਰਾਰ ਦਿੱਤਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸਾਰੇ ਮਹੱਤਵਪੂਰਨ ਗੁਰਦੁਆਰਿਆਂ ਦਾ ਕੰਮਕਾਜ ਸੰਭਾਲਦੀ ਹੈ ਤੇ ਸਿੱਟੇ ਵਜੋਂ ਪੰਜਾਬ ਰਾਜ ਦੀ ਸਿਆਸਤ 'ਚ ਅਹਿਮ ਪ੍ਰਭਾਵ ਰੱਖਦੀ ਹੈ। ਸ਼੍ਰੋਮਣੀ ਕਮੇਟੀ ਨੇ ਸਖਤ ਸ਼ਬਦਾਂ 'ਚ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਇਸ ਫੈਸਲੇ 'ਤੇ ਮੁੜ ਗੌਰ ਕਰਨ ਲਈ ਤੇ ਕਿਸੇ ਸਿੱਖ ਨੂੰ ਗੁਰਦੁਆਰਾ ਚੋਣਾਂ ਲਈ ਮੁੱਖ ਚੋਣ ਕਮਿਸ਼ਨਰ ਲਾਏ ਜਾਣ ਲਈ ਕਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਐਲਾਨ ਕੀਤਾ ਕਿ ਸਿੱਖ, ਇਕ ਗੈਰ-ਸਿੱਖ ਨੂੰ ਕਮਿਸ਼ਨ ਦਾ ਮੁੱਖੀ ਸਵੀਕਾਰ ਨਹੀਂ ਕਰਨਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਪੱਤਰ 'ਚ ਲਿਖਿਆ ਹੈ ਕਿ ਜਸਟਿਸ ਵਰਮਾ ਇਸ ਕਰਕੇ ਉਨ੍ਹਾਂ ਨੂੰ ਮਨਜ਼ੂਰ ਨਹੀਂ ਕਿਉਂਕਿ ਇਕ ਤਾਂ ਇਹ ਪਿਛਲੀਆਂ ਰਵਾਇਤਾਂ ਦੇ ਖਿਲਾਫ ਹੈ, ਦੂਜਾ ਇਹ ਸਿੱਖਾਂ ਦੀਆਂ ਭਾਵਨਾਵਾਂ ਨਾਲ ਵੀ ਖਿਲਵਾੜ ਹੈ। ਐਸ.ਜੀ.ਪੀ.ਸੀ. ਨੇ ਨੁਕਤਾ ਪੇਸ਼ ਕੀਤਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਵਲੋਂ ਸਿਫਾਰਸ਼ ਕੀਤੇ ਸੱਤ ਨਾਵਾਂ ਦੇ ਪੈਨਲ 'ਚ ਪੰਜ ਸਿੱਖ ਸਨ, ਤੇ ਦੋ ਗੈਰਸਿੱਖ ਸਨ, ਪਰ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖੇ ਬਿਨਾਂ ਹੀ ਸਾਰੇ ਸਿੱਖ ਜੱਜਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ।

ਸਿੱਖ ਗੁਰਦੁਆਰਾ ਐਕਟ ਦੇ ਸੈਕਸ਼ਨ 47 ਏ ਅਨੁਸਾਰ ਐਸ.ਜੀ.ਪੀ.ਸੀ. ਦੇ ਜਨਰਲ ਹਾਊਸ ਦੀ ਚੋਣ, ਨਿਗਰਾਨੀ ਤੇ ਦਿਸ਼ਾ ਨਿਰਦੇਸ਼ ਆਦਿ ਜਾਰੀ ਕਰਨ ਦਾ ਸਾਰਾ ਕੰਮ ਕਮਿਸ਼ਨ ਦਾ ਹੁੰਦਾ ਹੈ। ਰਵਾਇਤ ਅਨੁਸਾਰ ਪੈਨਲ ਦਾ ਮੁਖੀ ਸਿੱਖ ਜੱਜ ਹੀ ਲਾਇਆ ਜਾਂਦਾ ਰਿਹਾ ਹੈ,ਇਸੇ ਰਵਾਇਤ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ।

# ਪੁਲਿਸ ਨੂੰ ਰੁਲਦਾ ਸਿੰਘ ਦਾ ਕਤਲ ਵੀ ਸੁਪਾਰੀ ਰਾਹੀਂ ਹੋਣ ਦੀ ਸ਼ੱਕ

**ਚੰਡੀਗੜ੍ਹ:** ਬੱਬਰ ਖਾਲਸਾ ਇੰਟਰਨੈਸ਼ਨਲ ਦੀ ਵਧਦੀ ਤਾਕਤ ਅਤੇ ਹਿੰਸਕ ਕਾਰਵਾਈਆਂ ਲਈ ਜਥੇਬੰਦੀ ਵਲੋਂ ਅਪਣਾਈ ਜਾ ਰਹੀ ਰਣਨੀਤੀ ਨੇ ਪੰਜਾਬ ਪੁਲੀਸ ਦੇ ਪੈਰ ਉਖਾੜ ਦਿੱਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਦਹਿਸ਼ਤੀ ਜਥੇਬੰਦੀ ਆਪਣੀਆਂ ਕਾਰਵਾਈਆਂ ਲਈ ਵਿਦੇਸ਼ੀ ਨਾਗਰਿਕਾਂ ਦੀ ਮਦਦ ਲੈਣ ਵਿਚ ਕਾਮਯਾਬ ਹੋ ਰਹੀ ਹੈ।

ਰਾਸ਼ਟਰੀ ਸਿੱਖ ਸੰਗਤ (ਆਰ.ਐਸ.ਐਸ.) ਦੀ ਪੰਜਾਬ ਇਕਾਈ ਦੇ ਪ੍ਰਧਾਨ ਰੁਲਦਾ ਸਿੰਘ ਦੇ ਕਤਲ ਦੀ ਤਫਤੀਸ਼ ਦੌਰਾਨ ਹੋਏ ਖੁਲਾਸੇ ਮੁਤਾਬਕ ਰੁਲਦਾ ਸਿੰਘ ਨੂੰ ਦੋ ਬਰਤਾਨਵੀ ਨਾਗਰਿਕਾਂ, ਜਿਨ੍ਹਾਂ 'ਚੋਂ ਇੱਕ ਗੋਰਾ ਅਤੇ ਦੂਸਰਾ ਬਰਤਾਨੀਆ ਦਾ ਹੀ ਜੰਮਪਲ ਪੰਜਾਬੀ ਸੀ, ਨੇ ਕਥਿਤ ਤੌਰ 'ਤੇ ਕਤਲ ਕੀਤਾ ਹੈ। ਪੁਲੀਸ ਨੇ ਰੁਲਦਾ ਸਿੰਘ ਦੇ ਕਤਲ ਲਈ ਜ਼ਿੰਮੇਵਾਰ ਸਮਝੇ ਜਾਂਦੇ ਪੰਜਾਬੀ ਦੀ ਪਛਾਣ ਤਾਂ ਸਿੰਮੀ ਨਾਂ ਦੇ ਵਿਅਕਤੀ ਵਜੋਂ ਕਰ ਲਈ ਹੈ। ਪਰ ਗੋਰੇ ਅਪਰਾਧੀ ਦੀ ਪਛਾਣ ਪੁਲੀਸ ਲਈ ਬੁਝਾਰਤ ਬਣੀ ਹੋਈ ਹੈ। ਆਰ.ਐਸ.ਐਸ. ਦੀ ਇਸ ਆਗੂ ਦੇ ਕਤਲ ਦੀ ਸੁਪਾਰੀ 'ਬ੍ਰਿਟਿਸ਼ ਸਿੱਖ ਕੌਂਸਲ' ਨਾਮ ਦੀ ਜਥੇਬੰਦੀ ਨੇ ਦਿੱਤੀ ਸੀ।



ਪੁਲੀਸ ਸੂਤਰਾਂ ਮੁਤਾਬਕ ਗ੍ਰਿਫਤਾਰ ਦਹਿਸ਼ਤਗਰਦਾ ਨੇ ਪ੍ਰਗਟਾਵਾ ਕੀਤਾ ਹੈ ਕਿ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ ਇਸ ਵੇਲੇ ਜਥੇਬੰਦੀਆਂ 'ਚ ਨਵੀਂ ਰੂਹ ਫੂਕਣ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ। ਜਗਮੋਹਨ ਸਿੰਘ ਰਿੰਕੂ ਅਤੇ ਦਰਸ਼ਨ ਸਿੰਘ ਮਕਾਲੋਂ ਦਾ ਪੁਲੀਸ ਦੀ ਗ੍ਰਿਫਤ 'ਚ ਆਉਣਾ ਪੁਲੀਸ ਲਈ 'ਪੈਰ ਹੇਠ ਬਟੇਰ ਆਉਣ' ਵਾਲੀ ਹੀ ਘਟਨਾ ਸੀ ਪਰ ਇਸ ਤੋਂ ਬਾਅਦ ਹੋਏ ਖੁਲਾਸਿਆਂ ਨੇ ਪੁਲੀਸ ਨੂੰ ਬੱਬਰਾਂ ਦੀ ਵਧਦੀ ਤਾਕਤ ਦਾ ਅਹਿਸਾਸ ਕਰਾ ਦਿੱਤਾ।

ਇਨ੍ਹਾਂ ਵਿਅਕਤੀਆਂ ਤੋਂ ਕੀਤੀ ਪੁੱਛ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਸਿੰਮੀ ਅਤੇ ਉਸਦਾ ਸਾਥੀ ਬਰਤਾਨੀਆਂ ਤੋਂ ਸਿਰਫ਼ ਰੁਲਦਾ ਸਿੰਘ ਨੂੰ ਕਤਲ ਕਰਨ ਲਈ ਆਏ ਸਨ ਤੇ ਪੰਜਾਬ 'ਚ ਚਾਰ ਕੁ ਦਿਨ ਰਹਿ ਕੇ ਵਾਰਦਾਤ ਕਰਨ ਤੋਂ ਬਾਅਦ ਬਰਤਾਨੀਆਂ ਪਰਤ ਗਏ। ਰਿੰਕੂ ਅਤੇ ਦਰਸ਼ਨ ਨੂੰ ਤਾਂ ਕਥਿਤ ਕਾਤਲਾਂ ਦਾ ਸਿਰਫ਼ ਹੁਲੀਆ ਹੀ ਪਤਾ ਹੈ। ਇਸੇ ਹੁਲੀਏ ਦੇ ਅਧਾਰ 'ਤੇ ਪੁਲੀਸ ਨੇ ਸਿੰਮੀ ਦੀ ਪਛਾਣ ਕੀਤੀ ਹੈ। ਪੁਲੀਸ ਨੇ ਸਿੰਮੀ ਦੀਆਂ ਫੋਟੋਆਂ ਵੀ ਦੋਹਾਂ ਨੂੰ ਦਿਖਾਈਆਂ ਹਨ। ਰੁਲਦਾ ਸਿੰਘ ਦੇ ਕਤਲ ਪਿੱਛੇ ਪੁਲੀਸ ਮੁੱਖ ਤੌਰ 'ਤੇ ਭਾਵੇਂ ਬੱਬਰ ਖਾਲਸਾ ਇੰਟਰਨੈਸ਼ਨਲ ਨੂੰ ਹੀ ਜ਼ਿੰਮੇਵਾਰ ਮੰਨਦੀ ਰਹੀ ਹੈ ਪਰ ਹੁਣ ਬ੍ਰਿਟਿਸ਼ ਸਿੱਖ ਕੌਂਸਲ ਦਾ ਨਾਮ ਵੀ ਆ ਜੁੜਿਆ ਹੈ।

ਜਾਣਕਾਰੀ ਮੁਤਾਬਕ ਦੋ ਕੁ ਸਾਲ ਪਹਿਲਾਂ ਰੁਲਦਾ ਸਿੰਘ ਬਰਤਾਨੀਆਂ ਗਏ ਸਨ ਤੇ ਉੱਥੇ ਇਕ ਸਮਾਗਮ ਦੌਰਾਨ ਰੁਲਦਾ ਸਿੰਘ ਵਲੋਂ ਦਿੱਤੇ ਭਾਸ਼ਣ ਤੋਂ ਗਰਮ ਖਿਆਲੀ ਜਥੇਬੰਦੀਆਂ ਭੜਕ ਉੱਠੀਆਂ ਸਨ। ਰੁਲਦਾ ਸਿੰਘ ਨੂੰ ਉਥੇ ਜਨਤਕ ਤੌਰ 'ਤੇ ਬੇਇੱਜ਼ਤੀ ਦਾ ਸਾਹਮਣਾ ਵੀ ਕਰਨਾ ਪਿਆ ਸੀ। ਪੁਲੀਸ ਰੁਲਦਾ ਸਿੰਘ ਦੇ ਕਤਲ ਪਿੱਛੇ ਪੰਮਾ ਨਾਮ ਦਾ ਵਿਅਕਤੀ ਜੋ ਕਿ ਇੰਗਲੈਂਡ ਦਾ ਵਾਸੀ ਹੈ, ਦਾ ਦਿਮਾਗ ਮੰਨਦੀ ਹੈ ਜੋ ਬਰਤਾਨੀਆਂ 'ਚ ਰਹਿ ਰਿਹਾ ਹੈ। ਸੂਤਰਾਂ ਦਾ ਮੰਨਣਾ ਹੈ ਕਿ ਭਾੜੇ ਦੇ ਕਥਿਤ ਕਾਤਲਾਂ ਦਾ ਪ੍ਰਬੰਧ ਪੰਮਾ ਨੇ ਹੀ ਕੀਤਾ ਹੈ।

ਜਗਮੋਹਨ ਸਿੰਘ ਨੇ ਪੁਲੀਸ ਤਫਤੀਸ਼ ਦੌਰਾਨ ਮੰਨਿਆ ਹੈ ਕਿ ਉਹ ਮਲੇਸ਼ੀਆ ਰਾਸਤੇ ਪਾਕਿਸਤਾਨ ਗਿਆ ਸੀ ਜਿੱਥੇ ਉਸ ਦੀ ਮੁਲਾਕਾਤ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ ਬੱਬਰ ਨਾਲ ਕਰਾਈ ਗਈ। ਪਾਕਿਸਤਾਨ 'ਚ ਹੀ ਇਸ ਵਿਅਕਤੀ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਗਈ।

ਪੁਲੀਸ ਲਈ ਚਿੰਤਾ ਦਾ ਵਿਸ਼ਾ ਇਹ ਹੈ ਕਿ ਬੱਬਰਾਂ ਨੇ ਪੰਜਾਬ 'ਚ ਮਾਰ-ਧਾੜ ਕਰਾਉਣ ਲਈ 'ਸੁਪਾਰੀ' ਦਾ ਰਾਹ ਅਖਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸੇ ਤਫਤੀਸ਼ ਤੋਂ ਬਾਅਦ ਖੁਫੀਆ ਏਜੰਸੀਆਂ ਨੇ ਪੰਜਾਬ ਪੁਲੀਸ ਨੂੰ ਸੁਚੇਤ ਕੀਤਾ ਹੈ ਕਿ ਅਜਿਹੀਆਂ ਹੋਰ ਕਾਰਵਾਈਆਂ ਵੀ ਹੋ ਸਕਦੀਆਂ ਹਨ। ਖੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਪੰਜਾਬ 'ਚ ਸਰਗਰਮ ਦਹਿਸ਼ਤਗਰਦ ਜਥੇਬੰਦੀਆਂ 'ਚ ਸਿਰਫ਼ ਬੱਬਰ ਖਾਲਸਾ ਹੀ ਹੈ ਜੋ ਵੇਲੇ ਕੁਵੇਲੇ ਆਪਣੀ ਸ਼ਕਤੀ ਦਿਖਾਉਂਦੀ ਰਹਿੰਦੀ ਹੈ। ਸੂਤਰਾਂ ਅਨੁਸਾਰ ਰਾਜਸਥਾਨ ਪੁਲੀਸ ਵਲੋਂ ਗ੍ਰਿਫਤਾਰੀਆਂ ਤੋਂ ਬਾਅਦ ਹੀ ਪੰਜਾਬ ਪੁਲੀਸ ਰੁਲਦਾ ਸਿੰਘ ਦੇ ਕਾਤਲਾਂ ਦੀ ਪਛਾਣ ਕਰਨ 'ਚ ਕਾਮਯਾਬ ਹੋਈ ਹੈ ਪਰ ਇਨ੍ਹਾਂ ਗ੍ਰਿਫਤਾਰੀਆਂ ਪਿੱਛੇ ਪੰਜਾਬ ਪੁਲੀਸ ਦੇ ਸੀ.ਆਈ.ਡੀ. ਵਿੰਗ ਦੀ ਅਹਿਮ ਭੂਮਿਕਾ ਜ਼ਰੂਰ ਦੱਸੀ ਜਾ ਰਹੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਰੁਲਦਾ ਸਿੰਘ ਤੇ ਸੱਚਾ ਸੌਦਾ ਦੇ ਇਕ ਚੇਲੇ ਲਿਲੀ ਸ਼ਰਮਾ ਦੇ ਉਪਰੋਥਲੀ ਕਤਲ ਨਾਲ ਪੰਜਾਬ ਪੁਲਿਸ ਹੱਕੀ ਬੱਕੀ ਰਹਿ ਗਈ ਸੀ ਅਤੇ ਇਸ ਨੇ ਖਾੜਕੂਆਂ ਦੀ ਮੁੜ ਸਰਗਰਮੀ ਵੀ ਏਜੰਡੇ 'ਤੇ ਲੈ ਆਂਦੀ ਸੀ।

## 84 ਦੇ ਦੰਗਿਆਂ ਦੇ ਕੇਸ 'ਚੋਂ 3 ਮੁਲਜ਼ਮ ਬਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ 'ਚ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੱਛਮੀ ਵਿਹਾਰ ਦੇ ਇਕ ਇਲਾਕੇ 'ਚ ਇਕ ਨੌਜਵਾਨ ਦੇ ਕਤਲ ਨਾਲ ਸੰਬੰਧਤ ਕੇਸ 'ਚ ਨਾਮਜ਼ਦ ਤਿੰਨਾਂ ਕਥਿਤ ਦੋਸ਼ੀਆਂ ਨੂੰ ਬੀਤੀ 30 ਸਤੰਬਰ ਨੂੰ ਇਥੋਂ ਦੀ ਪਟਿਆਲਾ ਹਾਊਸ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ ਹੈ। ਉਧਰ ਪੀੜਤ ਧਿਰ ਵਲੋਂ ਇਸ ਫੈਸਲੇ ਦੀ ਕਾਪੀ ਮਿਲਣ ਮਗਰੋਂ ਹਾਈਕੋਰਟ 'ਚ ਇਸ ਨੂੰ ਚੁਣੌਤੀ ਦਿੱਤੀ ਜਾਵੇਗੀ।

ਪਟਿਆਲਾ ਹਾਊਸ ਦੀ ਅਦਾਲਤ 'ਚ ਵਧੀਕ ਜੱਜ ਮਿਸ ਪਿੰਕੀ ਦੀ ਅਦਾਲਤ ਵਲੋਂ ਆਏ ਫੈਸਲੇ 'ਚ ਕਿਹਾ ਗਿਆ ਕਿ ਤਿੰਨਾਂ ਮੁਲਜ਼ਮਾਂ ਨੂੰ ਬਰੀ ਕੀਤਾ ਜਾਂਦਾ ਹੈ। ਅਦਾਲਤ ਦੇ ਇਸ ਫੈਸਲੇ ਤੋਂ ਮੁਲਜ਼ਮਾਂ ਦੇ ਵਕੀਲ ਸੰਤੁਸ਼ਟ ਹਨ। ਗੁਰਬਖਸ਼ੀਸ਼ ਨਾਂ ਦੇ ਨੌਜਵਾਨ ਨੂੰ ਪਹਿਲੀ ਨਵੰਬਰ 1984 ਨੂੰ ਭੜਕੀ ਹੋਈ ਭੀੜ ਨੇ ਉਸ ਦੇ ਪੱਛਮ ਵਿਹਾਰ ਸਥਿਤ ਘਰ ਵਿਚੋਂ ਬਾਹਰ ਧੂਹ ਕੇ ਪਿਤਾ ਸਰਵਣ ਸਿੰਘ ਭਾਟੀਆ ਦੀਆਂ ਅੱਖਾਂ ਸਾਹਮਣੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਘਰ ਦੇ ਇਕ ਨੌਕਰ ਨੂੰ ਵੀ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ ਸੀ। ਸਰਵਣ ਸਿੰਘ ਭਾਟੀਆ ਵਲੋਂ 2008 ਨੂੰ ਆਪਣੀ ਗਵਾਹੀ 'ਚ ਜਗਦੀਸ਼, ਈਸ਼ਵਰ ਸਿੰਘ ਤੇ ਸੱਜਣ ਦੀ ਸ਼ਨਾਖਤ ਕੀਤੀ ਗਈ ਸੀ ਤੇ ਇਨ੍ਹਾਂ ਤਿੰਨਾਂ ਨੂੰ ਉਸ ਭੀੜ ਦਾ ਹਿੱਸਾ ਦੱਸਿਆ ਗਿਆ ਸੀ ਤੇ ਗਵਾਹੀ ਦਿੱਤੀ ਸੀ ਕਿ ਇਹ ਲੋਕ ਹਨ ਜੋ ਉਸ ਦੇ ਪੁੱਤਰ ਦੀ ਮੌਤ ਲਈ ਜ਼ਿੰਮੇਵਾਰ ਸਨ। ਇਸ ਸੰਬੰਧੀ ਪੱਛਮ ਵਿਹਾਰ ਥਾਣੇ 'ਚ ਮਾਮਲਾ ਦਰਜ ਕਰਕੇ ਜਾਂਚ ਆਰੰਭੀ ਗਈ ਸੀ। ਸਰਵਣ ਸਿੰਘ ਨੇ ਰੰਗਾਨਾਥਨ ਕਮਿਸ਼ਨ ਅੱਗੇ ਇਕ ਹਲਫੀਆ ਬਿਆਨ ਦੇ ਕੇ ਇਸ ਮਾਮਲੇ ਬਾਰੇ ਦੱਸਿਆ ਸੀ। 25 ਸਤੰਬਰ ਨੂੰ ਇਸ ਕੇਸ ਦੀ ਸੁਣਵਾਈ 30 ਸਤੰਬਰ 'ਤੇ ਪਾ ਦਿੱਤੀ ਗਈ ਸੀ ਤੇ ਅੱਜ ਤਿੰਨਾਂ ਨਾਮਜ਼ਦ ਲੋਕਾਂ ਜਗਦੀਸ਼, ਈਸ਼ਵਰ ਸਿੰਘ ਤੇ ਸੱਜਣ ਨੂੰ ਬਰੀ ਕੀਤਾ ਗਿਆ ਹੈ। ਸਰਵਣ ਸਿੰਘ ਭਾਟੀਆ ਆਪਣੀ ਪਤਨੀ, ਪੁੱਤਰ ਤੇ ਨੂੰਹ ਨਾਲ ਪੱਛਮ ਵਿਹਾਰ 'ਚ ਰਹਿੰਦਾ ਸੀ ਤੇ ਨਵੰਬਰ '84 ਨੂੰ ਹੋਏ ਸਿੱਖ ਕਤਲੇਆਮ ਵੇਲੇ ਦੰਗਿਆਂ ਦੀ ਜ਼ੱਦ 'ਚ ਆ ਗਿਆ ਸੀ।


KMAX Travel, Inc.

Professional customer service
Special discounted fares to India, Europe, Middle East, Pakistan, Bangladesh. LOW FARE!!!!!
Special Fares for Bangkok

ਵਾਜਬ ਭਾਅ ਤੇ ਹਵਾਈ ਟਿਕਟਾਂ
ਫਿਕਰ-ਰਹਿਤ ਸਫਰ



CALL TOLL FREE:
(866) 750-5629(KMAX)
or direct line at (847) 982-0178



ਪੰਥ ਕੀ ਜੀਤ — ੴ ਸਤਿਗੁਰ ਪ੍ਰਸਾਦਿ॥ — ਰਾਜ ਕਰੇਗਾ ਖਾਲਸਾ

ਆਗਿਆ ਭਈ ਅਕਾਲ ਕੀ ਤਬੈ ਚਲਾਇਉ ਪੰਥ ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਉ ਗਰੰਥ

ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ)

Guru Nanak Sikh Society, 1911 Hobart RD., Indianapolis IN 46203 (Ph:317-786-2331) www.indygurdwara.com



ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

ਵਿਸ਼ੇਸ਼ ਕੀਰਤਨ ਦੀਵਾਨ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ॥
ਗੁਰੂ ਪਿਆਰੀ ਸਾਧ ਸੰਗਤ ਜੀਉ,
ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਆਪ ਸੰਗਤਾਂ ਦੇ ਸਹਿਯੋਗ ਸਦਕਾ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਹਾੜੇ ਦੇ ਸਬੰਧ ਵਿਚ ਪੰਥ ਦੇ ਮਹਾਨ ਵਿਦਵਾਨ ਤੇ ਪ੍ਰਸਿੱਧ ਕੀਰਤਨੀਏ ਸਿੰਘ ਸਾਹਿਬ
**ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ**
*(ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)*
17 ਅਤੇ 18 ਅਕਤੂਬਰ, 2009 (ਸਨਿਚਰਵਾਰ ਤੇ ਐਤਵਾਰ) ਦੇ ਦੀਵਾਨ ਵਿਚ ਸ਼ਬਦ ਕੀਰਤਨ ਦੁਆਰਾ ਹਾਜ਼ਰੀ ਭਰਨਗੇ। ਇਲਾਕੇ ਦੀਆਂ ਸਮੂਹ ਸੰਗਤਾਂ ਅੱਗੇ ਸਨਿਮਰ ਬੇਨਤੀ ਹੈ ਕਿ ਵਕਤ ਸਿਰ ਪਹੁੰਚ ਕੇ ਇਨ੍ਹਾਂ ਘੜੀਆਂ ਦਾ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰੋ ਜੀ।

ਪ੍ਰੋਗਰਾਮ ਇਸ ਪ੍ਰਕਾਰ ਹੋਵੇਗਾ ਜੀ

17 ਅਕਤੂਬਰ (ਦਿਨ ਸਨਿਚਰਵਾਰ)
ਸਹਿਜ ਪਾਠ-ਸ਼ਾਮ 6 ਤੋਂ 7 ਵਜੇ ਤੱਕ
ਰਹਿਰਾਸ ਸਾਹਿਬ-ਸ਼ਾਮ 7 ਤੋਂ 7:30 ਵਜੇ ਤੱਕ
ਕੀਰਤਨ (ਭਾਈ ਸਵਿੰਦਰ ਸਿੰਘ)-ਸ਼ਾਮ 7:30 ਤੋਂ 8 ਵਜੇ ਤੱਕ
ਕੀਰਤਨ (ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ)-ਸ਼ਾਮ 8 ਤੋਂ 9 ਵਜੇ ਤੱਕ
ਆਨੰਦ ਸਾਹਿਬ, ਅਰਦਾਸ ਹੁਕਮਨਾਮਾ ਤੇ ਸੋਹਿਲਾ-ਰਾਤ 9 ਤੋਂ 9:30 ਤੱਕ

18 ਅਕਤੂਬਰ (ਦਿਨ ਐਤਵਾਰ)
ਸਹਿਜ ਪਾਠ ਦਾ ਭੋਗ-ਸਵੇਰੇ 10 ਤੋਂ 10:30 ਵਜੇ ਤੱਕ
ਕੀਰਤਨ (ਬੱਚਿਆਂ ਵਲੋਂ)-ਸਵੇਰੇ 10:30 ਤੋਂ 11ਵਜੇ ਤੱਕ
ਕੀਰਤਨ (ਭਾਈ ਸਵਿੰਦਰ ਸਿੰਘ)-ਸਵੇਰੇ 11 ਤੋਂ 12 ਵਜੇ ਤੱਕ
ਕੀਰਤਨ (ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ)-ਦੁਪਹਿਰ 12 ਤੋਂ 1:30 ਵਜੇ ਤੱਕ
ਆਨੰਦ ਸਾਹਿਬ, ਅਰਦਾਸ ਤੇ ਹੁਕਮਨਾਮਾ-ਬਾਅਦ ਦੁਪਹਿਰ 1:30 ਤੋਂ 2

ਗੁਰੂ ਕਾ ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ। ਨੋਟ : ਸਮਾਂ ਲੋੜ ਮੁਤਾਬਿਕ ਬਦਲਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ:ਫੋਨ 317-786-2331

# ਪੰਜਾਬ ਟਾਈਮਜ਼

ਸਨਿਚਰਵਾਰ, 10 ਅਕਤੂਬਰ, 2009

*ਕਿਤੇ ਵੀ ਹੋ ਰਿਹਾ ਅਨਿਆਂ ਹਰ ਥਾਂ ਦੇ ਨਿਆਂ ਲਈ ਖਤਰਾ ਹੈ-ਮਾਰਟਿਨ ਲੂਥਰ ਕਿੰਗ*


## ਸੰਪਾਦਕੀ

# ਕੁਦਰਤ, ਕਿਸਾਨ ਤੇ ਪ੍ਰਸ਼ਾਸਨ

ਪਿਛਲੇ ਕੁੱਝ ਸਮੇਂ ਤੋਂ ਖ਼ਾਸ ਕਰਕੇ ਕਮਜ਼ੋਰ ਮੌਨਸੂਨ ਦੇ ਸਿੱਟੇ ਵਜੋਂ ਇਕ ਪਾਸੇ ਤਾਂ ਦੇਸ਼ ਵਿਚ ਖਾਦ ਖੁਰਾਕ ਦੀਆਂ ਚੀਜ਼ਾਂ ਅਤਿ ਮਹਿੰਗੀਆਂ ਹੋ ਗਈਆਂ ਹਨ ਅਤੇ ਦੂਜੇ ਪਾਸੇ ਦੇਸ਼ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਘਟੀਆ ਪ੍ਰਸ਼ਾਸਨ ਕਾਰਨ ਕਿਸਾਨਾਂ ਦੀ ਝੋਨੇ ਦੀ ਫਸਲ ਇਕ ਵਾਰ ਫਿਰ ਮੰਡੀਆਂ ਵਿਚ ਰੁਲਣ ਲੱਗੀ ਹੈ। ਕਿਸਾਨੀ ਨੂੰ ਰੋਲਣ ਲਈ ਮੁੱਖ ਤੌਰ 'ਤੇ ਪੰਜਾਬ ਸਰਕਾਰ, ਅਫ਼ਸਰਸ਼ਾਹੀ ਅਤੇ ਸ਼ੈਲਰ ਮਾਲਕ ਜ਼ਿੰਮੇਵਾਰ ਹਨ। ਜਿਉਂ ਹੀ ਝੋਨੇ ਦੀ ਫਸਲ ਮੰਡੀਆਂ ਵਿਚ ਆਉਣੀ ਸ਼ੁਰੂ ਹੋਈ ਸ਼ੈਲਰ ਮਾਲਕਾਂ ਨੇ ਐਲਾਨ ਕਰ ਦਿੱਤਾ ਕਿ ਉਹ ਮੰਡੀਆਂ 'ਚੋਂ ਫਸਲ ਨਹੀਂ ਚੁੱਕਣਗੇ।

ਯਾਦ ਰਹੇ ਸਰਕਾਰੀ ਏਜੰਸੀਆਂ ਵਲੋਂ ਖਰੀਦਿਆ ਝੋਨਾ ਸ਼ੈਲਰਾਂ ਵਲੋਂ ਚੁੱਕਿਆ ਜਾਂਦਾ ਹੈ। ਇਸ ਤੋਂ ਇਲਾਵਾ ਹੁਣ ਪੰਜਾਬ ਦੀਆਂ ਖਰੀਦ ਏਜੰਸੀਆਂ ਦੇ ਉੱਪਰ ਅਧਾਰਤ ਫੂਡ ਗ੍ਰੇਨ ਏਜੰਸੀਸ ਦੀ ਤਾਲਮੇਲ ਕਮੇਟੀ ਨੇ ਵੀ ਝੋਨਾ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ। ਇਨ੍ਹਾਂ ਏਜੰਸੀਆਂ ਦਾ ਆਖਣਾ ਹੈ ਕਿ ਜਿੰਨਾ ਚਿਰ ਪਹਿਲਾਂ ਖਰੀਦਿਆਂ ਝੋਨਾ ਚੁੱਕਿਆ ਨਹੀਂ ਜਾਂਦਾ ਉਨਾ ਚਿਰ ਉਹ ਹੋਰ ਝੋਨਾ ਨਹੀਂ ਖਰੀਦਣਗੇ। ਉਧਰ ਸ਼ੈਲਰ ਮਾਲਕਾਂ ਦੀ ਹੜਤਾਲ ਜਾਰੀ ਹੈ ਅਤੇ ਉਹ ਆਪਣੀਆਂ ਮੰਗਾਂ ਦੇ ਪੱਖ ਵਿਚ ਅੜੇ ਹੋਏ ਹਨ। ਤੀਜੇ ਪਾਸੇ ਕੇਂਦਰੀ ਖੁਰਾਕ ਏਜੰਸੀ ਐਫ.ਸੀ.ਆਈ. ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਦੀਪਕ ਕੁਮਾਰ ਨੇ ਹਾਲ ਹੀ ਵਿਚ ਆਪਣੇ ਬਿਆਨ 'ਚ ਕਿਹਾ ਹੈ ਕਿ ਪੰਜਾਬ ਦੇ ਸ਼ੈਲਰਾਂ 'ਚ 7 ਲੱਖ ਮੀਟ੍ਰਿਕ ਟਨ ਚੌਲ ਪਏ ਹਨ ਪਰ ਇਹ ਐਫ.ਸੀ.ਆਈ. ਦੇ ਮਾਪਦੰਡਾਂ ਅਨੁਸਾਰ ਖਰੇ ਨਹੀਂ ਉਤਰਦੇ। ਉਨ੍ਹਾਂ ਅਨੁਸਾਰ ਸਿਰਫ ਇਕ ਲੱਖ 30 ਹਜ਼ਾਰ ਮੀਟ੍ਰਿਕ ਟਨ ਚੌਲ ਹੀ ਮਾਪਦੰਡਾਂ ਅਨੁਸਾਰ ਖਰੇ ਉਤਰਦੇ ਹਨ। ਇਸ ਦਰਮਿਆਨ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ 7 ਲੱਖ ਮੀਟ੍ਰਿਕ ਟਨ ਚੌਲਾਂ ਵਿਚੋਂ 3 ਲੱਖ ਮੀਟ੍ਰਿਕ ਟਨ ਚੌਲ ਸਹੀ ਹੈ। ਐਫ.ਸੀ. ਆਈ. ਦਾ ਆਖਣਾ ਹੈ ਕਿ ਖਰਾਬ ਚੌਲਾਂ ਦਾ ਇਕ ਵੀ ਦਾਣਾ ਨਹੀਂ ਚੁਕਿਆ ਜਾਵੇਗਾ। ਦੂਜੇ ਪਾਸੇ ਸ਼ੈਲਰ ਮਾਲਕ ਆਪਣੀ ਮੰਗ ਉੱਪਰ ਅੜੇ ਹੋਏ ਹਨ ਅਤੇ ਉਨ੍ਹਾਂ ਦਾ ਆਖਣਾ ਹੈ ਕਿ ਸ਼ੈਲਰਾਂ ਦੀ ਡੈਮੇਜ ਦਰ ਵਧਾਈ ਜਾਵੇ ਅਤੇ ਐਫ.ਸੀ.ਆਈ. ਇਹ ਗੱਲ ਮੰਨਣ ਲਈ ਤਿਆਰ ਨਹੀਂ ਹੈ। ਇੰਜ ਝੋਨੇ ਦੀ ਖਰੀਦ ਦੀ ਸ਼ੁਰੂਆਤ ਵਿਚ ਹੀ ਪੰਜਾਬ ਸਰਕਾਰ ਲਈ ਸਿਰਦਰਦੀ ਖੜੀ ਹੋ ਗਈ ਹੈ। ਸ਼ੈਲਰਾਂ ਦੇ ਮਾਲਕਾਂ ਵਲੋਂ ਕੀਤੀ ਗਈ ਹੜਤਾਲ ਕਾਰਨ ਪੰਜਾਬ ਸਰਕਾਰ ਦੀਆਂ ਖਰੀਦ ਏਜੰਸੀਆਂ ਨੇ ਵੀ ਝੋਨਾ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਤਰ੍ਹਾਂ ਕਿਸਾਨ ਪੰਜਾਬ ਦੀਆਂ ਮੰਡੀਆਂ ਵਿਚ ਰੁਲਣ ਲੱਗੇ ਹਨ।

ਉੱਧਰ ਕਿਸਾਨਾਂ ਦੀ ਬਦਕਿਸਮਤੀ ਨੂੰ ਮੌਸਮ ਵਿਭਾਗ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਦੇਸ਼ ਦੇ ਉੱਤਰੀ ਰਾਜਾਂ ਵਿਚ ਭਾਰੀ ਬਾਰਸ਼ ਹੋ ਸਕਦੀ ਹੈ। ਇਥੇ ਜ਼ਿਕਰਯੋਗ ਹੈ ਕਿ ਦੱਖਣੀ ਰਾਜਾਂ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵਿਚ ਹਾਲ ਹੀ ਵਿਚ ਭਾਰੀ ਬਾਰਿਸ਼ ਹੋਈ ਹੈ। ਡੇਢ ਸੌ ਦੇ ਕਰੀਬ ਲੋਕ ਹੜਾਂ ਕਾਰਨ ਮਾਰੇ ਗਏ ਹਨ ਅਤੇ ਬਹੁਤ ਸਾਰੇ ਘਰ ਢਹਿ ਢੇਰੀ ਹੋ ਗਏ ਹਨ। ਮੌਸਮ ਵਿਭਾਗ ਨੇ ਆਪਣੀ ਚਿਤਾਵਨੀ ਵਿਚ ਆਖਿਆ ਹੈ ਕਿ ਆਉਂਦੇ ਕੁਝ ਦਿਨਾਂ ਵਿਚ ਭਾਰਤ ਦੇ ਉੱਤਰੀ ਰਾਜਾਂ ਵਿਚ ਭਰਵੀਂ ਬਾਰਸ਼ ਹੋ ਸਕਦੀ ਹੈ । ਮੌਸਮ ਵਿਭਾਗ ਵਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਉੱਤਰਖੰਡ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਅਕਤੂਬਰ ਦੇ ਪਹਿਲੇ ਹਫਤੇ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਅਜਿਹੀਆਂ ਚਿਤਾਵਨੀਆਂ ਨੇ ਪੰਜਾਬ, ਹਰਿਆਣਾ ਦੇ ਕਿਸਾਨਾਂ ਦੀ ਜਾਨ ਮੁੱਠੀ ਵਿਚ ਲੈ ਆਂਦੀ ਹੈ। ਕਿਉਂਕਿ ਮੌਨਸੂਨ ਦੀ ਮਾੜੀ ਹਾਲਤ ਵਿਚ ਪਿਛਲੇ ਤਿੰਨ ਚਾਰ ਮਹੀਨੇ ਵਿਚ ਮਹਿੰਗੇ ਭਾਅ ਦਾ ਡੀਜ਼ਲ ਬਾਲ ਕੇ ਪਾਲੀ ਫ਼ਸਲ ਜਾਂ ਤਾਂ ਮੰਡੀਆਂ ਵਿਚ ਪਈ ਹੈ ਜਾਂ ਪੂਰੀ ਤਰ੍ਹਾਂ ਪੱਕੀ ਖੇਤਾਂ ਵਿਚ ਖੜ੍ਹੀ ਹੈ। ਜ਼ਿਆਦਾ ਬਾਰਸ਼ ਹੋਣ ਦੀ ਸੂਰਤ ਵਿਚ ਕਿਸਾਨਾਂ ਲਈ ਹੁਣ ਨੁਕਸਾਨ ਹੀ ਨੁਕਸਾਨ ਹੈ। ਉਂਜ ਭਾਵੇਂ ਪਿਛਲੇ ਕੁਝ ਦਿਨਾਂ ਤੋਂ ਵਧੀ ਗਰਮੀ ਤੋਂ ਅਜਿਹੀ ਬਾਰਿਸ਼ ਨਾਲ ਕੁਝ ਰਾਹਤ ਮਿਲ ਸਕਦੀ ਹੈ ਪਰ ਇਸ ਖਿੱਤੇ ਦੀ ਆਰਥਿਕਤਾ ਲਈ ਇਹ ਬਾਰਿਸ਼ ਬਹੁਤ ਹੀ ਮਾੜੀ ਸਿੱਧ ਹੋਵੇਗੀ।

ਕੁੱਲ ਮਿਲਾ ਕੇ ਵੇਖਿਆਂ ਸਾਰੀ ਸਥਿਤੀ ਕਿਸਾਨ ਆਰਥਿਕਤਾ ਦੇ ਉਲਟ ਭੁਗਤ ਰਹੀ ਹੈ। ਮੌਸਮ ਦੀ ਅਨਿਸ਼ਚਤਤਾ, ਪੰਜਾਬ ਸਰਕਾਰ ਦੀ ਅਸਫਲਤਾ, ਪ੍ਰਸ਼ਾਸਨ ਅਤੇ ਅਫ਼ਸਰਸ਼ਾਹੀ ਦੀ ਸੰਵੇਦਨਹੀਣਤਾ, ਸਾਰਾ ਕੁਝ ਰਲ ਕੇ ਕਿਸਾਨਾਂ ਦੀ ਬੇੜੀ ਵਿਚ ਵੱਟੇ ਪਾਉਣ ਲੱਗਾ ਹੈ। ਉਂਜ ਪੰਜਾਬ ਸਰਕਾਰ ਅਤੇ ਸਮੁੱਚੇ ਵਪਾਰੀ ਤਬਕੇ ਨੂੰ ਇਹ ਤੱਥ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉੱਤਰੀ ਭਾਰਤ ਦੀ ਅਤੇ ਖਾਸ ਕਰਕੇ ਪੰਜਾਬ ਦੀ ਆਰਥਿਕਤਾ ਖੇਤੀ ਆਰਥਿਕਤਾ ਦੀ ਮਜ਼ਬੂਤੀ ਉੱਪਰ ਹੀ ਨਿਰਭਰ ਹੈ। ਖੇਤੀ ਪੈਦਾਵਾਰ ਵਿਚੋਂ ਚੋਖੀ ਆਮਦਨ ਦੇ ਸਿੱਟੇ ਵਜੋਂ ਹੀ ਰਾਜ ਦੇ ਬਾਜ਼ਾਰਾਂ ਵਿਚ ਰੌਣਕ ਪਰਤਦੀ ਹੈ ਅਤੇ ਬਾਕੀ ਵਪਾਰੀ ਤਬਕਿਆਂ ਦਾ ਕਾਰੋਬਾਰ ਅੱਗੇ ਤੁਰਦਾ ਹੈ। ਇਸ ਲਈ ਸੰਕਟ ਦੀ ਘੜੀ ਸਾਰੀਆਂ ਧਿਰਾਂ ਨੂੰ ਰਲ ਕੇ ਕਿਸਾਨਾਂ ਨੂੰ ਪਰੇਸ਼ਾਨ ਕਰਨ ਦੀ ਥਾਂ ਸਗੋਂ ਮਸਲੇ ਦੇ ਹੱਲ ਤਲਾਸ਼ਣੇ ਚਾਹੀਦੇ ਹਨ। ਐਫ.ਸੀ.ਆਈ., ਰਾਜ ਦੀਆਂ ਖਰੀਦ ਏਜੰਸੀਆਂ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਝੋਨੇ ਦੀ ਖਰੀਦ ਦੇ ਮਾਮਲੇ ਨੂੰ ਫੌਰੀ ਹਲ ਕਰਨ ਦੀ ਲੋੜ ਹੈ। ਇਕ ਹੋਰ ਤੱਥ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਜਦੋਂ ਪੂਰਾ ਦੇਸ਼ ਸੋਕੇ ਦੀ ਮਾਰ ਝੱਲ ਰਿਹਾ ਹੈ ਤਾਂ ਇਹ ਪੰਜਾਬ ਹੀ ਹੈ ਜਿਥੇ ਦੇਸ਼ ਦੀ ਮੁੱਖ ਖੁਰਾਕੀ ਫ਼ਸਲ ਚੌਲਾਂ ਦੀ ਭਰਵੀਂ ਫ਼ਸਲ ਹੋਈ ਹੈ ਅਤੇ ਲਗਦਾ ਇੰਝ ਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਕੁਲ ਆਮਦ ਪਹਿਲੇ ਸਾਲਾਂ ਵਾਂਗ ਹੀ ਹੋ ਰਹੀ ਹੈ। ਸੋਕੇ ਵਾਲੀ ਹਾਲਤ ਵਿਚ ਵੀ ਪੰਜਾਬ ਦੀ ਕਿਸਾਨੀ ਨੇ ਜਾਨ ਮਾਰ ਕੇ ਇਹ ਫਸਲ ਪੈਦਾ ਕੀਤੀ ਹੈ। ਇਸਨੂੰ ਦੇਸ਼ ਦੀਆਂ ਖੁਰਾਕੀ ਲੋੜਾਂ ਲਈ ਸਾਂਭਣ ਦੀ ਲੋੜ ਹੈ ਨਾ ਕਿ ਇਸਦੀ ਬੇਕਦਰੀ ਦੀ। ਆਪੋ-ਆਪਣੇ ਹਿੱਤਾਂ ਲਈ ਸਿਆਸਤ ਕਰਨ ਦੀ ਥਾਂ ਕੇਂਦਰੀ ਅਤੇ ਰਾਜ ਦੀਆਂ ਖਰੀਦ ਏਜੰਸੀਆਂ, ਸ਼ੈਲਰ ਮਾਲਕਾਂ ਅਤੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਦੇਸ਼ ਦੇ ਲੋਕਾਂ ਦੇ ਵਡੇਰੇ ਹਿੱਤਾਂ ਅਤੇ ਖੁਰਾਕੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਸੋਚਣਾ ਬਣਦਾ ਹੈ। ਇਹੋ ਹੀ ਚੌਲ ਜੇ ਕਿਸੇ ਬਾਹਰਲੇ ਮੁਲਕ ਤੋਂ ਖਰੀਦਣੇ ਪਏ ਤਾਂ ਬਹੁਤ ਮਹਿੰਗੇ ਪੈਣਗੇ। ਅਜਿਹੀਆਂ ਗੱਲਾਂ ਬਾਰੇ ਸਰਕਾਰਾਂ ਨੂੰ ਚੇਤਨ ਹੋਣਾ ਚਾਹੀਦਾ ਹੈ ਅਤੇ ਪ੍ਰਧਾਨ ਮੰਤਰੀ ਨੂੰ ਇਸ ਸੰਕਟ ਵਿਚ ਖੁਦ ਦਖ਼ਲ ਦੇਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਲੀਹੋਂ ਲੱਥੀ ਗ੍ਰਹਿਸਤ ਗੱਡੀ

*ਸਹਿਣਸ਼ੀਲਤਾ ਉਡ ਗਈ ਖੰਭ ਲਾ ਕੇ,*
*ਭਲੇ ਮਾਣਸੀ ਈਦ ਦਾ ਚੰਦ ਹੋ ਗਈ।*
*ਧੀਆਂ-ਪੁੱਤਾਂ ਦੀ 'ਚੁਆਇਸ' ਅਲੱਗ ਹੋਈ,*
*ਮਾਂ-ਬਾਪ ਦੇ ਵੱਲ ਫਿਰ ਕੰਡ ਹੋ ਗਈ।*
*ਮਨ ਮਰਜ਼ੀਆਂ ਕਰਨ ਲਈ ਪੈਣ ਕਾਹਲੇ,*
*ਰਾਇ ਪੁੱਛਣੀ ਜਮ੍ਹਾਂ ਈ ਬੰਦ ਹੋ ਗਈ।*
*ਡਰ ਭਉ ਵੱਡਪਣ ਦਾ ਰਿਹਾ ਕੋਈ ਨਾ,*
*ਵੱਡੇ ਮੁਖੀਏ ਦੀ ਬੋਲਤੀ ਬੰਦ ਹੋ ਗਈ।*
*ਲੈਣ-ਦੇਣ ਤੱਕ ਪਿਆਰ ਮਹਿਦੂਦ ਹੋਇਆ,*
*ਖੜ੍ਹੀ ਸੱਚ 'ਤੇ ਦੋਸਤੀ ਭੰਡ ਹੋ ਗਈ।*
*ਟੱਬਰ ਵਿਚ ਇਤਫਾਕ ਨਾ ਰਿਹਾ ਕੋਈ,*
*ਗ੍ਰਹਿਸਤ ਗੱਡੀ ਵੀ ਦੁੱਖਾਂ ਦੀ ਪੰਡ ਹੋ ਗਈ।*

# ਕੌਮਾਂਤਰੀ ਮੁਦਰਕੋਸ਼ ਨੇ ਸੱਚ ਸਵੀਕਾਰ ਕੀਤਾ

**ਕੌਮਾਂਤਰੀ ਮੁਦਰਾ ਕੋਸ਼ ਆਮ ਤੌਰ 'ਤੇ ਨਿੱਜੀ ਖੇਤਰ ਦਾ ਸਮਰਥਨ ਕਰਦਾ ਹੈ। ਇਸੇ ਤਰ੍ਹਾਂ ਵਿਸ਼ਵ ਬੈਂਕ ਵੀ ਹੁਣ ਤੱਕ ਨਿੱਜੀਕਰਨ ਦਾ ਅਲੰਬਰਦਾਰ ਹੀ ਰਿਹਾ ਹੈ। ਪਰ ਇਸ ਤਾਜ਼ਾ ਮੰਦਵਾੜੇ ਨੇ ਇਨ੍ਹਾਂ ਦੋਹਾਂ ਵਿਸ਼ਵ ਪੱਧਰ ਦੇ ਵਿੱਤੀ ਅਦਾਰਿਆਂ ਨੂੰ ਇਹ ਤੱਥ ਸਪਸ਼ਟ ਕਰ ਦਿੱਤਾ ਕਿ ਅਰਥਚਾਰਿਆਂ ਨੂੰ ਆਰਥਿਕ ਸੰਕਟ 'ਚੋਂ ਸਿਰਫ਼ ਜਨਤਕ ਖੇਤਰ ਹੀ ਬਾਹਰ ਕੱਢ ਸਕਦਾ ਹੈ। ਨਿੱਜੀ ਖੇਤਰ ਦੀਆਂ ਇਕਾਈਆਂ ਦਾ ਅਜਿਹੇ ਸਮੇਂ ਦਿਵਾਲਾ ਨਿਕਲਣਾ ਇਕ ਆਮ ਜਿਹਾ ਵਰਤਾਰਾ ਹੈ। ਭਾਰਤ ਸਰਕਾਰ ਜੋ ਇਸ ਸੰਕਟ ਤੋਂ ਪਹਿਲਾਂ ਬਹੁਤ ਸ਼ਿੱਦਤ ਨਾਲ ਨਿੱਜੀਕਰਨ ਦਾ ਝੰਡਾ ਚੁੱਕੀ ਫ਼ਿਰਦੀ ਸੀ ਉਸ ਨੂੰ ਹੁਣ ਦੇਸ਼ ਦੀ ਖੱਬੀ ਧਿਰ ਦੀ ਸ਼ੁਕਰ ਗੁਜ਼ਾਰ ਹੋਣਾ ਪਿਆ ਕਿ ਉਸ ਨੇ ਪਿਛਲੀ ਯੂ ਪੀ ਏ ਦੀ ਸਰਕਾਰ ਨੂੰ ਅੰਨ੍ਹੇਵਾਹ ਨਿੱਜੀਕਰਨ ਨਹੀਂ ਕਰਨ ਦਿੱਤਾ ਸੀ।**

**ਡਾ. ਜਸਪਾਲ ਸਿੰਘ**

ਕੌਮਾਂਤਰੀ ਮੁਦਰਾ ਕੋਸ਼ ਨੇ ਬੀਤੇ ਵੀਰਵਾਰ 'ਵਿਸ਼ਵ ਆਰਥਿਕ ਦ੍ਰਿਸ਼' ਬਾਰੇ ਆਪਣੀ ਰਿਪੋਰਟ ਤੁਰਕੀ ਦੇ ਮਹਾਂਨਗਰ ਇਸਤਨਬੁਲ 'ਚ ਜਾਰੀ ਕੀਤੀ ਹੈ। ਇਸ ਰਿਪੋਰਟ 'ਚ ਵਿਸ਼ਵ ਮੁਦਰਾ ਕੋਸ਼ ਦੇ ਸੂਤਰਾਂ ਨੇ ਇਹ ਗੱਲ ਜ਼ੋਰ ਦੇ ਕੇ ਸਪਸ਼ਟ ਕੀਤੀ ਹੈ ਕਿ ਮੌਜੂਦਾ ਮੰਦੇ ਦੌਰਾਨ ਭਾਰਤ ਤੇ ਚੀਨ ਦੇ ਅਰਥਚਾਰਿਆਂ ਨੇ ਦੁਨੀਆ ਦੇ ਵਿਕਸਤ ਅਰਥਚਾਰਿਆਂ ਦੇ ਮੁਕਾਬਲੇ ਵਧੀਆ ਭੂਮਿਕਾ ਨਿਭਾਈ ਹੈ। ਇਸ ਵਰ੍ਹੇ ਮੰਦੇ ਦੇ ਬਾਵਜੂਦ ਭਾਰਤ ਦੀ ਵਿਕਾਸ ਦਰ 5.4 ਫ਼ੀਸਦੀ ਰਹੀ ਜਦ ਕਿ ਚੀਨ 8.5 ਫ਼ੀਸਦੀ ਦੀ ਵਿਕਾਸ ਦਰ ਨਾਲ ਤਰੱਕੀ ਕਰਦਾ ਰਿਹਾ। ਆਉਣ ਵਾਲੇ ਵਰ੍ਹੇ 'ਚ ਭਾਰਤ ਦੀ ਵਿਕਾਸ ਦਰ 6.4 ਫ਼ੀਸਦੀ ਰਹਿਣ ਦੀ ਸੰਭਾਵਨਾ ਹੈ ਜਦ ਕਿ ਚੀਨ ਦੀ ਵਿਕਾਸ ਦਰ 9 ਫ਼ੀਸਦੀ ਹੋਵੇਗੀ। ਇਸੇ ਤਰ੍ਹਾਂ ਇੰਡੋਨੇਸ਼ੀਆ ਦਾ ਅਰਥਚਾਰਾ ਵੀ ਇਸ ਸੰਕਟ ਦੇ ਸਮੇਂ 'ਚ ਠੀਕ ਹੀ ਰਿਹਾ ਹੈ।

ਭਾਰਤ ਤੇ ਚੀਨ ਦੇ ਅਰਥਚਾਰਿਆਂ ਵਲੋਂ ਇਸ ਸਮੇਂ ਦੌਰਾਨ ਪੱਛਮ ਦੇ ਮੁਕਾਬਲੇ ਜੋ ਵਧੀਆ ਕਾਰਗੁਜ਼ਾਰੀ ਵਿਖਾਈ ਗਈ ਹੈ ਉਸ ਦਾ ਮੁੱਖ ਕਾਰਨ ਇਹ ਰਿਹਾ ਹੈ ਕਿ ਇਨ੍ਹਾਂ ਅਰਥਚਾਰਿਆਂ 'ਚ ਜਨਤਕ ਖੇਤਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਭਾਰਤ 'ਚ ਬੈਂਕਿੰਗ ਖੇਤਰ ਦਾ ਵੱਡਾ ਹਿੱਸਾ ਜਨਤਕ ਖੇਤਰ 'ਚ ਹੈ। ਇਸੇ ਤਰ੍ਹਾਂ ਬੀਮਾ ਖੇਤਰ 'ਚ ਭਾਰਤ 'ਚ ਜਨਤਕ ਖੇਤਰ ਦੇ ਅਦਾਰੇ ਹੀ ਭਾਰੂ ਹਨ। ਇਥੋਂ ਤਕ ਕਿ ਤੇਲ, ਖਾਨਾਂ ਤੇ ਸਟੀਲ ਦੇ ਖੇਤਰ 'ਚ ਵੀ ਭਾਰਤ 'ਚ ਜਨਤਕ ਖੇਤਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਭਾਰਤ ਦੇ ਜਨਤਕ ਖੇਤਰ ਦੇ ਕੁਝ ਨਵਰਤਨ ਅਦਾਰੇ ਤਾਂ ਉਚੇ ਉਤਪਾਦਨ ਦੇ ਨਾਲ ਨਾਲ ਚੰਗਾ ਮੁਨਾਫ਼ਾ ਵੀ ਕਮਾ ਰਹੇ ਹਨ। ਭਾਰਤੀ ਰੇਲਵੇ ਜੋ ਕਿ ਇਕ ਦੈਂਤ ਕੱਦ ਜਨਤਕ ਅਦਾਰਾ ਹੈ, ਅਰਬਾਂ ਰੁਪਿਆਂ ਦਾ ਮੁਨਾਫ਼ਾ ਹਰ ਸਾਲ ਕਮਾ ਰਿਹਾ ਹੈ। ਦੇਸ਼ ਦੇ ਲਗਭਗ ਸਾਰੇ ਹੀ ਹਵਾਈ ਅੱਡੇ ਅਤੇ ਬੰਦਰਗਾਹਾਂ ਜਨਤਕ ਖੇਤਰ 'ਚ ਹਨ। ਹੋਰ ਵੀ ਹਜ਼ਾਰਾਂ ਹੀ ਉਤਪਾਦਨ, ਵਪਾਰਕ ਅਤੇ ਵਿੱਤੀ ਇਕਾਈਆਂ 'ਤੇ ਜਨਤਕ ਹਿੱਸੇਦਾਰੀ ਭਾਰੂ ਹੈ। ਰੱਖਿਆ ਨਾਲ ਸਬੰਧਤ ਲਗਭਗ ਸਾਰਾ ਹੀ ਤਾਣਾ-ਬਾਣਾ ਜਨਤਕ ਖੇਤਰ 'ਚ ਹੈ। ਪ੍ਰਮਾਣੂ ਖੋਜ ਤੇ ਊਰਜਾ ਦੇ ਖੇਤਰ 'ਚ ਜਨਤਕ ਅਦਾਰਿਆਂ ਦੀ ਇਜਾਰੇਦਾਰੀ ਹੈ। ਊਰਜਾ ਨਾਲ ਸਬੰਧਤ ਲਗਭਗ ਸਾਰੇ ਪ੍ਰੋਜੈਕਟ ਜਨਤਕ ਖੇਤਰ 'ਚ ਹਨ ਭਾਵੇਂ ਹੁਣ ਭਾਰਤ ਸਰਕਾਰ ਇਸ ਖੇਤਰ ਨੂੰ ਨਿੱਜੀ ਉਦਮੀਆਂ ਲਈ ਵੀ ਖੋਲ੍ਹ ਰਹੀ ਹੈ। ਪਰ ਫ਼ੇਰ ਵੀ ਕੁੱਲ ਮਿਲਾ ਕੇ ਭਾਰਤੀ ਅਰਥਚਾਰੇ ਦੇ ਬਹੁਤ ਸਾਰੇ ਅਹਿਮ ਅਦਾਰੇ, ਇਕਾਈਆਂ ਤੇ ਕੇਂਦਰ ਜਨਤਕ ਖੇਤਰ 'ਚ ਹਨ। ਇਹ ਹੀ ਕਾਰਨ ਹੈ ਜਦੋਂ ਪੱਛਮ ਦੇ ਨਿੱਜੀ ਖੇਤਰ ਦੇ ਅਦਾਰੇ ਡੁੱਬਣ ਲੱਗੇ ਤਾਂ ਭਾਰਤ 'ਚ ਇਸ ਦਾ ਬਹੁਤ ਹੀ ਥੋੜ੍ਹਾ ਪ੍ਰਭਾਵ ਪਿਆ। ਵਿਕਸਤ ਪੱਛਮੀ ਦੇਸ਼ਾਂ 'ਚ ਦੂਜੇ ਸੰਸਾਰ ਯੁੱਧ ਤੋਂ ਬਾਅਦ ਬਹੁਤਾ ਨਿਵੇਸ਼ ਨਿੱਜੀ ਖੇਤਰ 'ਚ ਹੀ ਹੋਇਆ ਹੈ। ਬਹੁਤ ਵੱਡੇ ਵੱਡੇ ਵਿੱਤੀ ਅਦਾਰੇ ਨਿੱਜੀ ਹੱਥਾਂ 'ਚ ਹੋਣ ਕਾਰਨ ਮੰਦੇ ਦਾ ਭਾਰ ਨਾ ਝੱਲ ਸਕੇ ਜਿਸ ਕਾਰਨ ਉਥੇ ਇਕ ਤੋਂ ਬਾਅਦ ਇਕ ਬੈਂਕ ਤੇ ਬੀਮਾ ਕੰਪਨੀਆਂ ਡੁੱਬਣ ਲੱਗੀਆਂ। ਬਹੁਤ ਸਾਰੇ ਬੈਂਕਾਂ ਤੇ ਬੀਮਾ ਕੰਪਨੀਆਂ ਦਾ ਤਾਣਾ-ਬਾਣਾ ਕੌਮਾਂਤਰੀ ਪੱਧਰ ਦਾ ਸੀ। ਸਿੱਟੇ ਵਜੋਂ ਇਸ ਸੰਕਟ ਦਾ ਪ੍ਰਭਾਵ ਹੋਰ ਦੇਸ਼ਾਂ 'ਚ ਪੈਣ ਲੱਗਾ। ਪਰ ਜਿਨ੍ਹਾਂ ਦੇਸ਼ਾਂ 'ਚ ਜਨਤਕ ਅਦਾਰੇ ਸਮਰੱਥ ਸਨ ਉਨ੍ਹਾਂ ਦੇਸ਼ਾਂ 'ਚ ਇਸ ਮੰਦਵਾੜੇ ਦਾ ਪ੍ਰਭਾਵ ਬਹੁਤਾ ਨਹੀਂ ਪਿਆ। ਵਿਕਸਤ ਪੱਛਮੀ ਦੇਸ਼ਾਂ ਨੂੰ ਵੀ ਇਸ ਸੰਕਟ 'ਚੋਂ ਕੱਢਣ ਲਈ ਜਨਤਕ ਖੇਤਰ 'ਚ ਭਾਰੀ ਨਿਵੇਸ਼ ਕਰਨਾ ਪਿਆ। ਬਹੁਤ ਸਾਰੇ ਵਿੱਤੀ ਅਦਾਰਿਆਂ ਦਾ ਰਾਸ਼ਟਰੀਕਰਨ ਕਰਨਾ ਪਿਆ। ਅਮਰੀਕੀ ਸਰਕਾਰ ਨੇ 700 ਅਰਬ ਡਾਲਰ ਤੋਂ ਵਧ ਰਾਸ਼ੀ ਸਿੱਧੇ ਤੌਰ 'ਤੇ ਡੁੱਬਦੇ ਅਦਾਰਿਆਂ ਨੂੰ ਖੜ੍ਹਾ ਕਰਨ ਲਈ ਨਿਵੇਸ਼ ਕੀਤੀ।

ਕੌਮਾਂਤਰੀ ਮੁਦਰਾ ਕੋਸ਼ ਆਮ ਤੌਰ 'ਤੇ ਨਿੱਜੀ ਖੇਤਰ ਦਾ ਸਮਰਥਨ ਕਰਦਾ ਹੈ। ਇਸੇ ਤਰ੍ਹਾਂ ਵਿਸ਼ਵ ਬੈਂਕ ਵੀ ਹੁਣ ਤੱਕ ਨਿੱਜੀਕਰਨ ਦਾ ਅਲੰਬਰਦਾਰ ਹੀ ਰਿਹਾ ਹੈ। ਪਰ ਇਸ ਤਾਜ਼ਾ ਮੰਦਵਾੜੇ ਨੇ ਇਨ੍ਹਾਂ ਦੋਹਾਂ ਵਿਸ਼ਵ ਪੱਧਰ ਦੇ ਵਿੱਤੀ ਅਦਾਰਿਆਂ ਨੂੰ ਇਹ ਤੱਥ ਸਪਸ਼ਟ ਕਰ ਦਿੱਤਾ ਕਿ ਅਰਥਚਾਰਿਆਂ ਨੂੰ ਆਰਥਿਕ ਸੰਕਟ 'ਚੋਂ ਸਿਰਫ਼ ਜਨਤਕ ਖੇਤਰ ਹੀ ਬਾਹਰ ਕੱਢ ਸਕਦਾ ਹੈ। ਨਿੱਜੀ ਖੇਤਰ ਦੀਆਂ ਇਕਾਈਆਂ ਦਾ ਅਜਿਹੇ ਸਮੇਂ ਦਿਵਾਲਾ ਨਿਕਲਣਾ ਇਕ ਆਮ ਜਿਹਾ ਵਰਤਾਰਾ ਹੈ। ਭਾਰਤ ਸਰਕਾਰ ਜੋ ਇਸ ਸੰਕਟ ਤੋਂ ਪਹਿਲਾਂ ਬਹੁਤ ਸ਼ਿੱਦਤ ਨਾਲ ਨਿੱਜੀਕਰਨ ਦਾ ਝੰਡਾ ਚੁੱਕੀ ਫ਼ਿਰਦੀ ਸੀ ਉਸ ਨੂੰ ਹੁਣ ਦੇਸ਼ ਦੀ ਖੱਬੀ ਧਿਰ ਦੀ ਸ਼ੁਕਰ ਗੁਜ਼ਾਰ ਹੋਣਾ ਪਿਆ ਕਿ ਉਸ ਨੇ ਪਿਛਲੀ ਯੂ ਪੀ ਏ ਦੀ ਸਰਕਾਰ ਨੂੰ ਅੰਨ੍ਹੇਵਾਹ ਨਿੱਜੀਕਰਨ ਨਹੀਂ ਕਰਨ ਦਿੱਤਾ ਸੀ। ਭਾਰਤ ਸਰਕਾਰ ਨੂੰ ਹੁਣ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਕੀਤੀ ਟਿੱਪਣੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤ 'ਚ ਜਨਤਕ ਖੇਤਰ ਦੀ ਪ੍ਰਬਲ ਭੂਮਿਕਾ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।

# ਮਾਲਵੇ ਦੇ ਮਜ਼ਦੂਰ ਅੰਦੋਲਨ ਨੇ ਮੁੱਦੇ ਉਭਾਰੇ

**ਹਰਭਗਵਾਨ ਭੀਖੀ**

ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਅੰਦਰ ਇਕ ਅਜਿਹਾ ਮੁੱਦਾ ਗੰਭੀਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸਨੂੰ ਵੀਆਨਾ ਕਾਂਡ ਅਤੇ ਸੌਦਾ ਸਾਧ ਅਤੇ ਸਿੱਖਾਂ ਵਿਚਕਾਰ ਚਲਦੇ ਟਕਰਾਅ ਦੇ ਬਾਵਜੂਦ, ਹਾਸ਼ੀਏ ਉਪਰ ਨਹੀਂ ਧੱਕਿਆ ਜਾ ਸਕਿਆ। ਸੂਬੇ ਦੀ ਸਿਆਸਤ ਨੂੰ ਇਸ ਮੁੱਦੇ ਦੇ ਹੱਕ ਜਾਂ ਵਿਰੋਧ ਵਿਚ ਆਪੋ ਆਪਣੇ ਬਿਆਨ ਦਰਜ ਕਰਵਾਉਣੇ ਪਏ ਹਨ। ਇਹ ਖ਼ਾਸ ਤੇ ਚਰਚਿਤ ਮੁੱਦਾ ਸੀ ਪੰਜਾਬ, ਖ਼ਾਸ ਤੌਰ 'ਤੇ ਮਾਲਵਾ ਬੈਲਟ ਅੰਦਰ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਅਤੇ ਇਸ ਦੇ ਜਨਤਕ ਸੰਗਠਨ ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਦੀ ਅਗਵਾਈ ਹੇਠ ਉਭਰਿਆ ਪੇਂਡੂ ਗਰੀਬਾਂ ਅਤੇ ਦਲਿਤ ਮਜ਼ਦੂਰਾਂ ਦੇ ਰਹਿਣ ਲਈ ਰਿਹਾਇਸ਼ੀ ਪਲਾਟਾਂ ਦਾ। ਵਿਧਾਨ ਸਭਾ ਚੋਣਾਂ ਮੌਕੇ ਅਕਾਲੀ-ਭਾਜਪਾ ਗਠਜੋੜ ਵਲੋਂ ਵੋਟਾਂ ਬਦਲੇ ਬੇ-ਘਰਿਆਂ ਨੂੰ 10-10 ਮਰਲਿਆਂ ਦੇ ਪਲਾਟ ਦੇਣ ਦਾ ਵਾਅਦਾ ਕੀਤਾ ਗਿਆ ਸੀ ਤੇ ਇਸ ਵਾਅਦੇ ਨੂੰ ਚੋਣ ਮੈਨੀਫੈਸਟੋ ਵਿਚ ਵੀ ਸ਼ਾਮਲ ਕੀਤਾ ਗਿਆ ਸੀ ਪਰ ਅੱਜ ਸਰਕਾਰ ਦਾ ਅੱਧਾ ਕਾਰਜਕਾਲ ਬੀਤਣ ਦੇ ਬਾਵਜੂਦ ਇਹ ਵਾਅਦਾ ਕਾਗਜ਼ਾਂ ਵਿਚ ਹੀ ਦਬਿਆ ਪਿਆ ਹੈ। ਇਹ ਵਾਅਦਾ ਵਫ਼ਾ ਨਾ ਹੋਣ ਦੇ ਰੋਸ ਵਜੋਂ ਪੇਂਡੂ ਗਰੀਬਾਂ ਤੇ ਦਲਿਤ ਮਜ਼ਦੂਰਾਂ ਨੇ ਲਾਮਬੰਦੀ ਕਰ ਕੇ ਬਾਦਲ ਸਰਕਾਰ ਵਲੋਂ ਕੀਤਾ ਵਾਅਦਾ ਪੂਰਾ ਕਰਵਾਉਣ ਲਈ ਮੁਹਿੰਮ ਵਿੱਢੀ। ਇਸ ਮੁਹਿੰਮ ਤਹਿਤ ਮਾਨਸਾ, ਸੰਗਰੂਰ ਤੇ ਬਠਿੰਡਾ ਦੇ ਲਗਭਗ 40 ਪਿੰਡਾਂ ਵਿਚ ਆਪਣੇ ਹਿੱਸੇ ਦੀ ਪਈ ਪੰਚਾਇਤੀ ਜ਼ਮੀਨ ਉਪਰ ਮਜ਼ਦੂਰਾਂ ਨੇ ਘਰ ਦਾ ਸੁਪਨਾ ਲੈ ਕੇ ਕੁੱਲੀਆਂ ਦੀ ਉਸਾਰੀ ਸ਼ੁਰੂ ਕਰ ਦਿਤੀ।

ਪਰ ਸਦੀਆਂ ਤੋਂ ਲਿਤਾੜੇ, ਦਬੇ ਕੁਚਲੇ ਲੋਕਾਂ ਵਲੋਂ, ਆਪਣੇ ਹੱਕ ਲੈਣ ਲਈ, ਇਸ ਤਰ੍ਹਾਂ ਲਲਕਾਰ ਬਣ ਉਠ ਖੜੇ ਹੋਣਾ ਧਨਾਢ ਚੌਧਰੀਆਂ ਲਈ ਹਜ਼ਮ ਕਰਨਾ ਅਸੰਭਵ ਹੋ ਗਿਆ ਜਿਸ ਕਾਰਨ 19 ਮਈ ਨੂੰ ਮਜ਼ਦੂਰਾਂ ਨੂੰ ਪਲਾਟ ਮੁਹਈਆ ਕਰਵਾਉਣ ਦਾ ਲਿਖਤੀ ਸਮਝੌਤਾ ਕਰਨ ਵਾਲੇ ਪ੍ਰਸ਼ਾਸਨ ਨੇ ਪੇਂਡੂ ਧਨਾਢਾਂ, ਸੱਤਾਧਾਰੀ ਲੀਡਰਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ, ਦਲਿਤ ਮਜ਼ਦੂਰਾਂ ਖ਼ਿਲਾਫ਼, ਬਣੇ ਨਾਪਾਕ ਗਠਜੋੜ ਦੇ ਚਲਦਿਆਂ ਸਮਝੌਤੇ ਨੂੰ ਪਾੜ ਸੁਟਿਆ। ਮਾਨਸਾ ਦੇ 7, ਸੰਗਰੂਰ ਦੇ 3 ਅਤੇ ਬਠਿੰਡਾ ਦੇ 1 ਥਾਣੇ ਵਿਚ ਐਫ.ਆਈ.ਆਰ. ਦਰਜ ਕਰ ਕੇ, ਰਿਹਾਇਸ਼ੀ ਪਲਾਟਾਂ ਦੀ ਮੰਗ ਕਰ ਰਹੇ ਸੰਘਰਸ਼ਸ਼ੀਲ ਮਜ਼ਦੂਰਾਂ ਤੇ ਆਗੂਆਂ ਨੂੰ ਲਾਠੀਚਾਰਜ ਤੋਂ ਬਾਅਦ 21 ਮਈ, 2009 ਨੂੰ ਗ੍ਰਿਫ਼ਤਾਰ ਕਰ ਕੇ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕਰ ਦਿਤਾ ਗਿਆ। ਪਰ ਮਜ਼ਦੂਰਾਂ ਦਾ ਸੰਘਰਸ਼ ਲਗਾਤਾਰ ਜਾਰੀ ਰਿਹਾ ਅਤੇ 1500 ਤੋਂ ਵੱਧ ਅੰਦੋਲਨਕਾਰੀਆਂ ਨੂੰ ਵੱਖ-ਵੱਖ ਧਾਰਾਵਾਂ ਲਾ ਕੇ ਜੇਲ੍ਹਾਂ ਅੰਦਰ ਬੰਦ ਕਰ ਦਿਤਾ ਅਤੇ ਉਨ੍ਹਾਂ ਵਲੋਂ ਉਸਾਰੇ ਗਏ ਮਕਾਨਾਂ ਉਪਰ ਬੁਲਡੋਜ਼ਰ ਚਲਵਾ ਕੇ ਅੰਦਰ ਪਏ ਸਾਮਾਨ ਨੂੰ ਭੰਨ ਤੋੜ ਦਿੱਤਾ। ਪਰ ਆਪਣੇ ਆਗੂਆਂ ਦੇ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ, ਮਜ਼ਦੂਰ, ਸਰਕਾਰ ਅੱਗੇ ਝੁਕੇ ਨਹੀਂ ਤੇ ਗ੍ਰਿਫਤਾਰੀਆਂ ਲਈ ਆਪਣੇ ਆਪ ਨੂੰ ਪੇਸ਼ ਕਰਦੇ ਰਹੇ। ਬੇਸ਼ੱਕ ਬਾਦਲ ਸਰਕਾਰ ਨੇ ਗ਼ੈਰ ਮਨੁੱਖੀ ਅਤੇ ਗ਼ੈਰ ਜਮਹੂਰੀ ਤਰੀਕਾ ਅਪਨਾ ਕੇ ਪੇਂਡੂ ਮਜ਼ਦੂਰਾਂ ਦੇ ਇਸ ਜੁਝਾਰੂ ਘੋਲ ਦੇ ਨਿਸ਼ਾਨੇ ਨੂੰ ਵਕਤੀ ਤੌਰ 'ਤੇ ਨਾਕਾਮ ਕਰ ਦਿਤਾ ਹੈ ਪਰ ਫਿਰ ਵੀ ਮਜ਼ਦੂਰਾਂ ਦਾ ਘੋਲ ਜੇਤੂ ਰੂਪ ਵਿਚ ਹੀ ਸਾਹਮਣੇ ਆਇਆ ਹੈ।

ਜਿਹੜੇ ਸੱਤਾਧਾਰੀਆਂ ਨੇ ਅੱਜ ਤਕ ਦਲਿਤ ਮਜ਼ਦੂਰਾਂ ਨੂੰ ਸਿਰਫ ਮੰਡੀ ਦਾ ਮਾਲ ਸਮਝ ਕੇ ਨਜ਼ਰਅੰਦਾਜ਼ ਕੀਤਾ ਸੀ, ਉਨ੍ਹਾਂ ਹੀ ਦਲਿਤ ਮਜ਼ਦੂਰਾਂ ਵਲੋਂ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਲੜੇ ਗਏ ਇਤਿਹਾਸਕ ਘੋਲ ਨੇ ਹਾਕਮਾਂ ਦੀ ਰਾਤਾਂ ਦੀ ਨੀਂਦ ਉਡਾ ਕੇ ਰੱਖ ਦਿਤੀ ਹੈ। ਹਮੇਸ਼ਾ ਹਾਸ਼ੀਏ ਤੇ ਰਹਿਣ ਵਾਲੇ ਲੋਕਾਂ ਨੇ, ਇਸ ਘੋਲ ਰਾਹੀਂ, ਮਜ਼ਦੂਰਾਂ ਦੇ ਸਵਾਲਾਂ ਨੂੰ ਸਿਆਸਤ ਦਾ ਮੁੱਖ ਏਜੰਡਾ ਬਣਾ ਧਰਿਆ ਹੈ। ਸਿਆਸਤ ਦੀ ਕੋਈ ਵੀ ਵਨਗੀ ਦਲਿਤ ਮਜ਼ਦੂਰਾਂ ਦੇ ਬੁਨਿਆਦੀ ਸਵਾਲਾਂ ਨੂੰ ਨਜ਼ਰਅੰਦਾਜ਼ ਕਰ ਕੇ ਅੱਗੇ ਨਹੀਂ ਲੰਘ ਸਕਦੀ। ਇਸ ਘੋਲ ਨੇ ਸਿਆਸੀ ਪਾਰਟੀਆਂ ਨੂੰ ਅੱਗੋਂ ਵਾਸਤੇ ਚੌਕਸ ਕਰ ਦਿਤਾ ਕਿ ਹੁਣ ਕੋਈ ਵੀ ਸਿਆਸੀ ਪਾਰਟੀ, ਵੋਟਾਂ, ਖ਼ਾਤਰ, ਝੂਠੇ ਲਾਰੇ ਲਾਉਣ ਤੋਂ ਪਹਿਲਾਂ ਮਜ਼ਦੂਰਾਂ ਦੇ ਇਸ ਘੋਲ ਨੂੰ ਸਾਹਮਣੇ ਰਖੇਗੀ।

# ਅਫ਼ਗਾਨਿਸਤਾਨ 'ਚੋਂ ਨਿਕਲਣਾ ਅਮਰੀਕਾ ਲਈ ਮੁਸੀਬਤ ਬਣਿਆ

**ਸੁਸ਼ਾਂਤ ਸਰੀਨ**

ਅਮਰੀਕੀ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਹ ਕਾਹਲੀ 'ਚ ਅਫਗਾਨਿਸਤਾਨ ਛੱਡ ਕੇ ਨਹੀਂ ਜਾਣਗੇ ਅਤੇ ਨਾ ਹੀ ਛੇਤੀ ਕਿਤੇ ਅਫ-ਪਾਕਿ ਖਿੱਤੇ ਪ੍ਰਤੀ ਕੀਤੇ ਆਪਣੇ ਕੌਲਾਂ ਤੋਂ ਪਿਛਾਂਹ ਹਟਣਗੇ। ਪਰ ਜ਼ਮੀਨੀ ਸਤਹਿ ਤੋਂ ਮਿਲਣ ਵਾਲੇ ਸੰਕੇਤ ਅਮਰੀਕੀ ਪ੍ਰਸ਼ਾਸਨ, ਕਾਂਗਰਸ (ਸੰਸਦ), ਪੈਂਟਾਗਨ ਤੇ ਵਿਚਾਰਵਾਨ ਮੱਠਾਂ (ਥਿੰਕ ਟੈਂਕਾਂ) ਦੇ ਠੋਕ ਵਜਾ ਕੇ ਕੀਤੇ ਜਾਂਦੇ ਬਿਆਨਾਂ ਦਾ ਪਾਜ਼ ਉਘੇੜਦੇ ਹਨ।

ਇਹ ਗੱਲ ਹੁਣ ਚਿੱਟੇ ਦਿਨ ਵਾਂਗ ਸਾਫ ਹੁੰਦੀ ਜਾ ਰਹੀ ਹੈ ਕਿ ਅਮਰੀਕਾ ਲੜਾਈ ਜਿੱਤਣ ਦੇ ਨੇੜੇ ਤੇੜੇ ਵੀ ਨਹੀਂ ਹੈ। ਉਨ੍ਹਾਂ ਦੀ ਫੌਜੀ ਰਣਨੀਤੀ ਕੰਮ ਨਹੀਂ ਦੇ ਰਹੀ। ਉਨ੍ਹਾਂ ਦੀ ਸਿਆਸੀ ਰਣਨੀਤੀ ਫੇਲ੍ਹ ਹੋ ਗਈ ਹੈ ਤੇ ਮਨੋਵਿਗਿਆਨਕ ਤੌਰ 'ਤੇ ਪੱਛਮੀ ਫੌਜ ਅਤੇ ਉਨ੍ਹਾਂ ਦੇ ਸਿਆਸੀ ਰਣਨੀਤੀਕਾਰਾਂ ਉਤੇ ਭਾਂਜਵਾਦੀ ਪਰਛਾਵਾਂ ਭਾਰੂ ਹੈ। ਇਨ੍ਹਾਂ ਹਾਲਤਾਂ ਵਿਚ ਇਕਲੌਤੀ ਮਹਾਂਸ਼ਕਤੀ ਨੂੰ ਉਸ ਥਾਂ ਇਕ ਬਦਨੁਮਾ ਤੇ ਤਰਾਸਦਿਕ ਹਾਰ ਤੋਂ ਕੋਈ ਕ੍ਰਿਸ਼ਮਾ ਹੀ ਬਚਾ ਸਕਦਾ ਹੈ, ਜਿਸ ਨੂੰ ਅਕਸਰ 'ਸਲਤਨਤਾਂ ਦੀ ਕਬਰ' ਕਿਹਾ ਜਾਂਦਾ ਹੈ।

ਖਿੱਤੇ ਅੰਦਰ ਆਮ ਪ੍ਰਭਾਵ ਇਹ ਬਣਿਆ ਹੋਇਆ ਹੈ ਕਿ ਇਹ ਕੇਵਲ ਸਮੇਂ ਦੀ ਗੱਲ ਹੈ ਕਿ ਅਮਰੀਕੀ ਅਫਗਾਨਿਸਤਾਨ ਵਿਚੋਂ ਕਦੋਂ ਆਪਣਾ ਬੋਰੀਆ ਬਿਸਤਰਾ ਬੰਨ੍ਹਦੇ ਹਨ। ਦਰਅਸਲ, ਇਹੀ ਧਾਰਨਾ ਹੈ ਜਿਹੜੀ 9/11 ਤੋਂ ਬਾਅਦ ਅਫਗਾਨਿਸਤਾਨ ਵਿਚ ਅਮਰੀਕੀਆਂ ਦੇ ਦਾਖਲੇ ਤੋਂ ਇਸਲਾਮੀ ਕੱਟੜਪੰਥੀਆਂ ਦੇ ਵਿਰੋਧ ਦੀ ਪ੍ਰੇਰਨਾ ਰਹੀ ਹੈ। ਹੁਣ ਭਾਵੇਂ ਅਮਰੀਕੀ ਕੁਝ ਵੀ ਕਹਿਣ ਤੇ ਕਰਨ, ਇਹ ਪ੍ਰਭਾਵ ਬਦਲਣ ਵਾਲਾ ਨਹੀਂ ਹੈ। ਅਮਰੀਕੀ ਕਾਂਗਰਸ (ਸੰਸਦ) ਤੇ ਰਾਸ਼ਟਰਪਤੀ ਦੀਆਂ ਚੋਣਾਂ ਦੇ ਹਿਸਾਬ ਨਾਲ ਸਮੇਂ ਦਾ ਪੈਮਾਨਾ ਮਿੱਥਦੇ ਹਨ ਜਦਕਿ ਇਸਲਾਮੀ ਕੱਟੜਪੰਥੀ ਸਾਪੇਖਤਾ ਦੇ ਚੌਖਟੇ 'ਚੋਂ ਦੇਖਦੇ ਹਨ। ਇਸ ਤਰ੍ਹਾਂ ਦੇ ਵੈਰੀ ਨੂੰ ਥਕਾਇਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਮਲੀਆਮੇਟ ਕਰਕੇ ਹੀ ਜਿੱਤ ਹਾਸਲ ਕੀਤੀ ਜਾ ਸਕਦੀ ਹੈ ਪਰ ਜਿਹੜੇ ਫੌਜੀ ਮਹਿਜ਼ ਡੁੱਲ੍ਹਿਆ ਖੂਨ ਦੇਖ ਕੇ ਸੁੰਨ ਹੋ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਦੁਸ਼ਮਣ 'ਤੇ ਗੋਲੀ ਚਲਾਉਣ ਤੋਂ ਪਹਿਲਾਂ ਮੈਨੂਅਲ ਖੋਲ੍ਹ ਕੇ ਪੜ੍ਹਨਾ ਪੈਂਦਾ, ਉਹ ਅਜਿਹੇ ਵੈਰੀ ਖਿਲਾਫ ਜਿੱਤਣਾ ਤਾਂ ਦੂਰ, ਲੜ ਵੀ ਨਹੀਂ ਸਕਦੇ।

ਅਫਗਾਨਿਸਤਾਨ ਵਿਚ ਨਾਟੋ ਫੌਜਾਂ ਦੀਆਂ ਬੜੀਆਂ ਸ਼ੇਖੀਆਂ ਮਾਰੀਆਂ ਜਾਂਦੀਆਂ ਹਨ ਪਰ ਅਸਲ ਲੜਾਈ ਅਮਰੀਕੀ ਹੀ ਲੜ ਰਹੇ ਹਨ। ਉਂਜ, ਬੰਦਿਆਂ ਤੇ ਸਮੱਗਰੀ ਪੱਖੋਂ ਹਰ ਰੋਜ਼ ਵਧ ਰਹੀ ਲਾਗਤ ਕਾਰਨ ਫੌਜੀ ਲੀਡਰਸ਼ਿਪ ਨੂੰ ਇਸਲਾਮਵਾਦੀਆਂ ਨਾਲ ਟਾਕਰੇ ਦੇ ਨਵੇਂ ਫੁਰਨੇ ਨਹੀਂ ਫੁਰ ਰਹੇ। ਨਾਲ ਹੀ ਅਮਰੀਕਾ ਵਿਚ ਜੰਗ ਦੇ ਹੱਕ ਵਿਚ ਲੋਕ ਹਮਾਇਤ ਤੇਜ਼ੀ ਨਾਲ ਘਟ ਰਹੀ ਹੈ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਸਿਆਸਤਦਾਨ ਵਾਪਸ ਆਉਣ ਦੇ ਰਾਹ ਲੱਭ ਰਹੇ (ਬਸ਼ਰਤੇ ਮੂੰਹ ਦਿਖਾਵੇ ਦਾ ਕੋਈ ਸਿਆਸੀ ਹੱਲ ਲੱਭ ਜਾਵੇ) ਜਦੋਂ ਕੋਈ ਵੀ ਪੇਸ਼ ਨਾ ਚੱਲ ਰਹੀ ਹੋਵੇ ਤਾਂ 'ਦਬਦਬਾ' ਬਣਾਉਣ ਦੀ ਯੋਜਨਾ ਦਾ ਵੀ ਬਹੁਤਾ ਲਾਭ ਨਹੀਂ ਮਿਲੇਗਾ ਅਤੇ ਇਹ ਨਾਕਾਮੀ ਨੂੰ ਹੀ ਹੋਰ ਪੱਕਾ ਕਰੇਗੀ।

ਇਸ ਵੇਲੇ ਏਨੀ ਕੁ ਫੌਜੀ ਸਥਿਤੀ ਮੁੜ ਬਣਾਉਣ ਦੀ ਆਖ਼ਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਕਿਸੇ ਕਿਸਮ ਦੇ



ਸਿਆਸੀ ਹੱਲ ਦਾ ਰਾਹ ਪੱਧਰਾ ਕੀਤਾ ਜਾ ਸਕੇ। ਇਕ ਵਾਰ ਇਹ ਹੋ ਗਿਆ ਤਾਂ ਅਮਰੀਕੀ ਆਪਣੀ ਬਚੀ-ਖੁਚੀ ਇੱਜ਼ਤ ਬਚਾ ਕੇ ਅਫਗਾਨਿਸਤਾਨ 'ਚੋਂ ਨਿਕਲਣ ਨੂੰ ਭੋਰਾ ਸਮਾਂ ਨਹੀਂ ਲਾਉਣਗੇ।

ਮੁਸ਼ਕਲ ਇਹ ਹੈ ਕਿ ਸਿਆਸੀ ਹੱਲ ਦੀ ਮਹਿਜ਼ ਗੱਲ ਜੋ ਅਸਲ (ਜਾਂ ਕਹੋ ਅਛੂਤ) ਤਾਲਿਬਾਨ ਲੀਡਰਸ਼ਿਪ ਨੂੰ ਸਾਹਮਣੇ ਬਿਠਾਉਣ ਨਾਲ ਹੀ ਕਾਰਗਰ ਸਾਬਤ ਹੋ ਸਕਦੀ ਹੈ। ਵੱਡੇ ਪੱਧਰ 'ਤੇ ਇਹ ਪ੍ਰਭਾਵ ਦੇਵੇਗੀ ਕਿ ਅਮਰੀਕੀਆਂ ਨੇ ਇਸਲਾਮੀ ਕੱਟੜਪੰਥੀਆਂ ਤੋਂ ਹਾਰ ਮੰਨ ਲਈ ਹੈ। ਤਾਲਿਬਾਨ ਨਾਲ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦਾ ਰਾਹ ਯਕੀਨਨ ਪਾਕਿਸਤਾਨੀਆਂ ਵਲੋਂ ਸਾਫ ਕੀਤਾ ਜਾਵੇਗਾ ਪਰ ਉਨ੍ਹਾਂ ਦੇ ਇਸ ਕੰਮ ਨਾਲ ਨਾ ਕੇਵਲ ਤਾਲਿਬਾਨ ਖਿਲਾਫ ਪਾਕਿਸਤਾਨੀ ਫੌਜ ਦੀ ਮੁਹਿੰਮ ਨੂੰ ਵੱਡਾ ਧੱਕਾ ਵੱਜੇਗਾ ਸਗੋਂ ਸਮੁੱਚੇ ਪਾਕਿਸਤਾਨ ਅੰਦਰ ਤਾਲਿਬਾਨ ਦੇ ਸਿਆਸੀ, ਵਿਚਾਰਧਾਰਕ ਤੇ ਫੌਜੀ ਟਾਕਰੇ ਲਈ ਵਿਕਸਤ ਹੋਈ ਆਮ ਸਹਿਮਤੀ ਨੂੰ ਵੀ ਢਾਹ ਲੱਗੇਗੀ।

ਹਾਲਾਂਕਿ ਇਹ ਪੂਰੀ ਤਰ੍ਹਾਂ ਸੰਭਵ ਹੈ ਕਿ ਤਾਲਿਬਾਨ ਅਮਰੀਕੀਆਂ ਨੂੰ ਇਹ ਭਰੋਸਾ ਦੇ ਸਕਦੇ ਹਨ ਕਿ ਉਹ ਅਫਗਾਨਿਸਤਾਨ ਨੂੰ ਅਲ-ਕਾਇਦਾ ਤੇ ਇਸਦੇ ਸੰਗੀਆਂ ਦੇ ਆਲਮੀ ਜਹਾਦ ਦਾ ਅੱਡਾ ਨਹੀਂ ਬਣਨ ਦੇਣਗੇ ਪਰ ਇਨ੍ਹਾਂ ਭਰੋਸਿਆਂ ਦੀ ਔਕਾਤ ਉਸ ਕਾਗਜ਼ ਦੇ ਟੁੱਕੜੇ ਜਿੰਨੀ ਵੀ ਨਹੀਂ ਹੋਣੀ ਜਿਸ 'ਤੇ ਇਹ ਲਿਖੇ ਹੋਣਗੇ। ਤਾਲਿਬਾਨ ਨੂੰ ਪਤਾ ਹੈ ਕਿ ਇਕ ਵਾਰ ਅਮਰੀਕੀ ਚਲੇ ਗਏ ਤਾਂ ਸਾਰੇ ਭਰੋਸਿਆਂ ਦੀਆਂ ਧੱਜੀਆਂ ਉਡਾ ਸਕਾਂਗੇ, ਕਿਉਂਕਿ ਅਮਰੀਕੀਆਂ ਦੇ ਮੁੜਨ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੋਵੇਗੀ। ਵਧ ਤੋਂ ਵਧ ਕੁਝ ਹਵਾਈ ਜਾਂ ਮਿਜ਼ਾਈਲ ਹਮਲੇ ਹੋ ਸਕਦੇ ਹਨ। ਅਜਿਹੇ ਸੰਭਾਵੀ ਹਮਲਿਆਂ ਤੋਂ ਡਰਨ ਦੀ ਬਜਾਏ ਉਹ ਅਫਗਾਨਿਸਤਾਨ ਤੇ ਪਾਕਿਸਤਾਨ ਦੋਵਾਂ ਵਿਚ ਧਾਰਮਿਕ ਜਨੂੰਨ ਭੜਕਾਉਣ ਲਈ ਇਨ੍ਹਾਂ ਦੀ ਵਰਤੋਂ ਕਰਨਗੇ।

ਬਹੁਤ ਸਾਰੇ ਪਾਕਿਸਤਾਨੀ (ਇਲਾਕਾਈ ਵੰਨਗੀ ਦੇ ਸਾਰੇ ਸੱਜੇ ਪੱਖੀ ਇਸਲਾਮੀ ਝੁਕਾਅ ਵਾਲੇ) ਇਸ ਗੱਲ ਦੇ ਕਾਇਲ ਹਨ ਕਿ ਅਫਗਾਨਿਸਤਾਨ ਦੇ ਪਾਕਿਸਤਾਨ ਵਿਚ ਅਤਿਵਾਦ ਦੇ ਖਾਤਮੇ ਲਈ ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜ ਦਾ ਦਿਲਾਸਾ ਜ਼ਰੂਰੀ ਅਗਾਊਂ ਸ਼ਰਤ ਹੈ। ਪਰ ਤੱਥ ਇਹ ਹੈ ਕਿ ਅਮਰੀਕੀਆਂ ਦੇ ਚਲੇ ਜਾਣ ਨਾਲ ਸਮੁੱਚੇ ਅਫ-ਪਾਕਿ ਖਿੱਤੇ ਵਿਚ ਹੁਣ ਨਾਲੋਂ ਅਸਥਿਰਤਾ ਤੇ ਅਫਰਾਤਫਰੀ ਹੋਰ ਵਧੇਗੀ। ਇਲਹਾਮ ਤਾਂ ਨਹੀਂ ਪਰ ਇਵੇਂ ਲੱਗਦਾ ਹੈ ਕਿ ਅਮਰੀਕਾ ਵਰਗੀ ਵੱਡੀ ਸ਼ਕਤੀ ਹਾਲੇ ਵੀ ਤਾਲਿਬਾਨ ਨਾਲ ਗੱਲਬਾਤ /ਜਾਂ ਅਫਗਾਨਿਸਤਾਨ ਛੱਡ ਕੇ ਜਾਣ ਦਾ ਜੋਖਮ ਉਠਾ ਸਕਦੀ ਹੈ ਪਰ ਇਹ ਦੋਵੇਂ ਗੱਲਾਂ ਪਾਕਿਸਤਾਨ ਨੂੰ ਵਾਰ ਨਹੀਂ ਖਾਂਦੀਆਂ। ਹਾਲਾਂਕਿ ਅਫਗਾਨਿਸਤਾਨ ਵਿਚ ਸਮਤੋਲ ਕਾਇਮ ਰੱਖਣ ਲਈ ਅਮਰੀਕਾ ਨੂੰ ਪਾਕਿਸਤਾਨ 'ਤੇ ਬਹੁਤ ਜ਼ਿਆਦਾ ਨਿਰਭਰ ਕਰਨਾ ਪਵੇਗਾ ਪਰ ਇਸ ਤਰ੍ਹਾਂ ਦੀ ਆਊਟਸੋਰਸਿੰਗ ਨਾਕਾਮ ਹੀ ਸਿੱਧ ਹੋਵੇਗੀ।

ਅਮਰੀਕਾ ਭਾਵੇਂ ਪਾਕਿਸਤਾਨ ਨੂੰ ਕਿੰਨੀ ਮਰਜ਼ੀ ਫੌਜੀ ਤੇ ਆਰਥਿਕ ਮਦਦ ਦੇਈ ਜਾਵੇ, ਉਹ ਪਾਕਿਸਤਾਨੀ ਖਿੱਤੇ ਦੇ ਵੱਡੇ ਹਿੱਸਿਆਂ ਨੂੰ ਤਾਲਿਬਾਨ ਪ੍ਰਭਾਵ ਹੇਠ ਆਉਣ ਤੋਂ ਰੋਕ ਨਹੀਂ ਪਾਵੇਗਾ। ਤਾਲਿਬਾਨ ਸਿਰਦਾਰਾਂ ਅਤੇ ਪਾਕਿਸਤਾਨੀ ਫੌਜ ਵਿਚ ਕਾਇਮ ਗੂੜ੍ਹੇ ਸਬੰਧ ਇਕ ਹੱਦ ਤਕ ਹੀ ਕੰਮ ਦੇ ਸਕਦੇ ਹਨ। ਜਿਸ ਵੇਲੇ ਤਾਲਿਬਾਨ ਪਾਕਿਸਤਾਨ ਦੇ ਬੇਹੱਦ ਰਿਣੀ ਸਨ ਉਦੋਂ ਵੀ ਉਹ ਡੂਰਾਂਡ ਲਾਈਨ ਨੂੰ ਮਾਨਤਾ ਦੇਣ ਅਤੇ ਅਫਗਾਨਿਸਤਾਨ ਵਿਚ ਪਨਾਹ ਲਈ ਬੈਠੇ ਤੰਗਨਜ਼ਰ ਦਹਿਸ਼ਤਗਰਦਾਂ ਦੀ ਸਪੁਰਦਗੀ ਦੇ ਮੁੱਦਿਆਂ 'ਤੇ ਪਾਕਿਸਤਾਨ ਵੀ ਅਕਸਰ ਨਾਫਰਮਾਨੀ ਕਰਦੇ ਸਨ। ਅਮਰੀਕਾ ਜਿਹੀ ਮਹਾਂਸ਼ਕਤੀ ਨੂੰ ਪਿੱਛੇ ਮੁੜਨ ਲਈ ਮਜਬੂਰ ਕਰਨ ਤੋਂ ਬਾਅਦ ਤਾਲਿਬਾਨ ਨੂੰ ਪਾਕਿਸਤਾਨੀ ਪ੍ਰਭਾਵ ਕਬੂਲਣ ਦੀ ਕੋਈ ਤੁੱਕ ਨਹੀਂ ਬਣਦੀ। ਖਾਸ ਕਰਕੇ ਉਦੋਂ ਜਦੋਂ ਪਾਕਿਸਤਾਨੀ ਇਕ 'ਮਹਾਂਸ਼ੈਤਾਨ' ਨਾਲ ਰਲਿਆ ਹੋਵੇ।

ਰਵਾਇਤੀ ਸੂਝ-ਬੂਝ ਦੇ ਉਲਟ ਅਫਗਾਨਿਸਤਾਨ ਵਿਚ ਤਾਲਿਬਾਨ ਹਕੂਮਤ ਪਾਕਿਸਤਾਨ ਲਈ ਰਣਨੀਤਕ ਹੌਲਨਾਕ ਸਾਬਤ ਹੋਵੇਗੀ। ਅਫਗਾਨਿਸਤਾਨ ਪਾਕਿਸਤਾਨ ਨੂੰ ਕੋਈ ਰਣਨੀਤਕ ਗਹਿਰਾਈ ਮੁਹਈਆ ਨਹੀਂ ਕਰਵਾਏਗਾ, ਸਗੋਂ ਪਾਕਿਸਤਾਨ ਖੁਦ ਤਾਲਿਬਾਨ ਨੂੰ ਰਣਨੀਤਕ ਗਹਿਰਾਈ ਦੇਵੇਗਾ ਤੇ ਉਹ ਪਾਕਿਸਤਾਨ ਦੇ ਧੁਰ ਅੰਦਰ ਤਕ ਆਪਣਾ ਪ੍ਰਭਾਵ ਪਾਉਣਗੇ। ਦੂਜੇ ਸ਼ਬਦਾਂ ਵਿਚ ਪਾਕਿਸਤਾਨੀਆਂ ਤੇ ਤਾਲਿਬਾਨ ਵਿਚਾਲੇ ਸਮੀਕਰਨ ਪਹਿਲਾਂ ਹੀ ਬਦਲ ਚੁੱਕੇ ਹਨ।

ਪਾਕਿਸਤਾਨ ਕੋਲ ਹੁਣ ਅਫਗਾਨਿਸਤਾਨ ਵਿਚ ਜ਼ਾਮਨ ਤੇ ਫਰਮਾਬਰਦਾਰ ਬਣਨ ਦੀ ਸਮਰੱਥਾ ਨਹੀਂ ਰਹੀ। ਨਾ ਹੀ ਪਾਕਿਸਤਾਨ ਤਾਲਿਬਾਨ ਕੰਮ ਵਿਚ ਰੰਗੇ ਅਫਗਾਨਿਸਤਾਨ ਤੋਂ ਅਛੂਤਾ ਰਹਿ ਸਕਦਾ ਹੈ। ਅਫਗਾਨਿਸਤਾਨ ਇਕ ਹੰਢਣਸਾਰ ਰਾਜ ਬਣੇ ਰਹਿਣ ਦੀ ਹਾਲਤ ਵਿਚ ਨਹੀਂ ਰਿਹਾ। ਇਸ ਦੇ ਮੱਦੇਨਜ਼ਰ ਤਾਲਿਬਾਨ ਸੁਭਾਵਕ ਤੌਰ 'ਤੇ ਹੰਢਣਸਾਰਤਾ ਪਾਉਣ ਲਈ ਪਾਕਿਸਤਾਨ ਦੇ ਸਰੋਤਾਂ ਅਤੇ ਅਸਾਸਿਆਂ ਵਲ ਹੱਥ ਵਧਾਉਣਗੇ। ਇਸ ਅਮਲ ਦੌਰਾਨ ਉਹ ਦੋਵੇਂ ਦੇਸ਼ਾਂ ਦੀ ਗੈਰ ਹੰਢਣਸਾਰਤਾ ਯਕੀਨੀ ਬਣਾ ਦੇਣਗੇ।

ਅਮਰੀਕੀਆਂ ਨੂੰ ਇਸ ਉਭਰਦੇ ਖਤਰੇ ਨੂੰ ਧਿਆਨ ਵਿਚ ਰੱਖਣਾ ਪਵੇਗਾ। ਇਸਦਾ ਮਤਲਬ ਹੈ ਕਿ ਅਮਰੀਕੀਆਂ ਕੋਲ ਮੋਟੇ ਤੌਰ 'ਤੇ ਚਾਰ ਰਾਹ ਬਚੇ ਹਨ, ਇਕ, ਅਮਰੀਕਾ ਮੌਜੂਦਾ ਭੰਬਲਭੂਸੇ ਵਾਲੀ ਪਹੁੰਚ ਜਾਰੀ ਰੱਖੇ ਜਿਸ ਦਾ ਮਤਲਬ ਪਿਛਲੇ ਅੱਠ ਸਾਲਾਂ ਦੀਆਂ ਨਾਕਾਮ ਨੀਤੀਆਂ ਦੀ ਪੈਰਵੀ ਅਤੇ ਨਾ ਹੀ ਕੋਈ ਛੋਟਾ-ਮੋਟਾ ਮੋੜਾ ਤੇ ਜਾਇਜ਼ਾ। ਦੂਜਾ, ਅਮਰੀਕਾ ਇਸਲਾਮੀ ਕੱਟੜਪੰਥੀਆਂ ਦੇ ਫੈਲਾਓ ਤੋਂ ਬਚਾਅ ਲਈ ਅਫ-ਪਾਕਿ ਖਿੱਤੇ ਦੁਆਲੇ ਲਛਮਣ ਰੇਖਾ ਖਿੱਚੇ ਪਰ ਅਜਹੀ ਕੋਈ ਲਛਮਣ ਰੇਖਾ ਸਹਿਜੇ ਉਲੰਘੀ ਜਾ ਸਕਦੀ ਹੈ। ਤੀਜਾ, ਅਮਰੀਕਾ ਅਫ-ਪਾਕਿ ਖਿੱਤੇ ਨੂੰ ਕਿਸੇ ਕੌਮਾਂਤਰੀ ਟ੍ਰਸਟੀਸ਼ਿਪ ਅਧੀਨ ਕਰ ਦੇਵੇ, ਜੋ ਇਸ ਖਿੱਤੇ ਦੀ ਦੇਖ-ਭਾਲ ਤੇ ਮੁੜ ਉਸਾਰੀ ਕਰੇ ਅਤੇ ਦੋਵਾਂ ਦੇਸ਼ਾਂ ਦੀ ਵਿਚਾਰਧਾਰਕ ਤਬਦੀਲੀ ਯਕੀਨੀ ਬਣਾਵੇ ਅਤੇ ਆਖਰੀ ਇਹ ਕਿ ਅਮਰੀਕਾ ਆਪਣਾ ਬੋਰੀ-ਬਿਸਤਰਾ ਚੁੱਕੇ ਤੇ ਰਵਾਨਾ ਹੋ ਜਾਵੇ। ਆਖਰੀ ਰਾਹ ਅਪਣਾ ਕੇ ਅਮਰੀਕਾ ਜਾਂ ਅਫਗਾਨਿਸਤਾਨ ਨੂੰ ਨਸਲੀ ਲੀਹਾਂ 'ਤੇ ਵੰਡ ਦੇਵੇਗਾ ਜਾਂ ਦੇਸ਼ ਨੂੰ ਇਕ ਢਿੱਲੀ ਢਾਲੀ ਕੁਲੀਸ਼ਨ ਸਰਕਾਰ ਸੌਂਪਣ ਦੀ ਜ਼ਿੰਮੇਵਾਰੀ ਲਵੇਗਾ ਜਾਂ ਫਿਰ ਅਫਗਾਨਿਸਤਾਨ ਦਾ ਕੰਮਕਾਜ (ਆਊਟ ਸੋਰਸ) ਪਾਕਿਸਤਾਨ ਨੂੰ ਸੌਂਪ ਦੇਵੇ।ਅਮਰੀਕਾ ਦੇ ਚਲੇ ਜਾਣ ਦਾ ਫੌਰੀ ਸਿੱਟਾ ਇਸਲਾਮੀ ਇੰਤਹਾਂਪਸੰਦੀ ਤੇ ਪ੍ਰਭਾਵ ਵਿਚ ਉਬਾਲ ਦੇ ਰੂਪ ਵਿਚ ਨਿਕਲੇਗਾ। ਉਂਜ, ਮਗਰੋਂ ਆਲਮੀ ਭਾਈਚਾਰਾ ਜਹਾਦੀ ਇੰਟਰਨੈਸ਼ਨਲ ਨਾਲ ਟਾਕਰੇ ਲਈ ਇਕ ਆਲਮੀ ਸੁਰੱਖਿਆ ਚੌਖਟਾ ਬਣਾ ਸਕਦਾ ਹੈ ਜਿਵੇਂ ਕਮਿਊਨਿਸਟ ਇੰਟਰਨੈਸ਼ਨਲ ਨਾਲ ਲੜਨ ਲਈ ਬਣਾਇਆ ਗਿਆ ਸੀ।

ਜਿੱਥੋਂ ਤਕ ਭਾਰਤ ਦਾ ਸਵਾਲ ਹੈ, ਜੇ ਅਮਰੀਕਾ ਅਫ-ਪਾਕਿ ਖਿੱਤੇ ਦਾ ਤਿੱਖੇ ਇਸਲਾਮਵਾਦ ਤੋਂ ਖਹਿੜਾ ਛੁਡਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਭਾਰਤ ਦੀ ਦਹਿਸ਼ਤਗਰਦੀ ਦੀ ਸਮੱਸਿਆ ਮੋਟੇ ਰੂਪ ਵਿਚ ਹੱਲ ਹੋ ਜਾਵੇਗੀ। ਦੂਜੇ ਪਾਸੇ ਜੇ ਅਮਰੀਕਾ ਅਫਗਾਨਿਸਤਾਨ ਵਿਚ ਹਾਰ ਜਾਂਦਾ ਹੈ ਤਾਂ ਇਕ ਪਾਸੇ ਭਾਰਤ ਤਿੱਖੇ ਇਸਲਾਮਾਵਾਦ ਦੇ ਟਾਕਰੇ ਲਈ ਇਕ ਮੋਹਰੀ ਰਾਜ ਬਣੇਗਾ ਤੇ ਦੂਜੇ ਪਾਸੇ ਇਹ ਇਸਲਾਮੀ ਖਤਰੇ ਨੂੰ ਲਾਂਭੇ ਰੱਖਣ ਲਈ ਡਾਲਰਾਂ ਦੀ ਬਰਸਾਤ ਦੇ ਰੂਪ ਵਿਚ ਫਰਾਖ਼ਦਿਲੀ ਦਾ ਆਨੰਦ ਮਾਣ ਸਕਦਾ ਹੈ।

---

# ਨਵੀਂ ਜਪਾਨੀ ਹਕੂਮਤ ਅਤੇ ਨਵਾਂ ਸੰਸਾਰ ਦ੍ਰਿਸ਼

**ਪੀ ਐਸ ਸੂਰੀਆਨਾਰਾਇਣ**

ਕੀ ਯੂਕੀਓ ਹਾਤੋਯਾਮਾ ਵਲੋਂ ਜਾਪਨ ਦੇ ਪ੍ਰਧਾਨ ਮੰਤਰੀ ਦੀ ਪਦਵੀਂ ਸੰਭਾਲਣ ਨਾਲ ਪੂਰਬੀ ਏਸ਼ੀਆ ਵਿਚ ਅਮਰੀਕੀ ਯੁੱਗ ਦੇ ਅੰਤ ਦਾ ਆਰੰਭ ਹੋ ਜਾਵੇਗਾ? ਜਾਂ ਕੀ ਜਾਪਾਨ ਅਤੇ ਅਮਰੀਕਾ, ਜੋ ਕਿ ਹੁਣ ਵਧੇਰੇ ਨੌਜਵਾਨ ਅਤੇ ਓਨੇ ਹੀ ਤਬਦੀਲੀ ਦੀ ਵਕਾਲਤ ਕਰਨ ਵਾਲੇ ਚੁਣੇ ਹੋਏ ਸ਼ਾਸਕਾਂ ਦੇ ਅਧੀਨ ਹਨ, ਅਮਰੀਕਾ ਦੀ ਭੂ ਯੁੱਧਨੀਤਕ ਭੂਮਿਕਾ ਨੂੰ ਨਵੀਆਂ ਰਣਨੀਤੀਆਂ ਨਾਲ ਪੁਨਰ-ਮਜ਼ਬੂਤ ਕਰਨ ਦਾ ਜਤਨ ਕਰਨਗੇ? ਸਿਆਸੀ ਨੇਤਾ ਅਤੇ ਪੰਡਤ ਇਸ ਹਾਲਤ ਵਿਚ ਨਹੀਂ ਹਨ ਕਿ ਉਹ ਉਸ ਬਾਰੇ ਪੱਕ ਨਾਲ ਭਵਿੱਖਬਾਣੀ ਕਰ ਸਕਣ, ਜਿਸ ਦਾ ਕਾਰਨ ਚੀਨ ਦੀ ਚਲੰਤ ਚੜ੍ਹਤ ਅਤੇ ਕੰਮ ਕਰ ਰਹੇ ਕਈ ਹੋਰ ਸਰਗਰਮ ਤੱਥ ਹਨ।

ਸਾਮਰਾਜੀ ਵਰਤਾਰੇ ਤੋਂ ਪਿੱਛੋਂ ਦੇ ਜਾਪਾਨ, ਜੋ ਕਿ ਦੂਜੇ ਸੰਸਾਰ ਯੁੱਧ ਦੇ ਖ਼ਾਤਮੇ ਤੋਂ ਬਾਅਦ ਅਮਰੀਕਾ ਵਲੋਂ ਇਸ ਉੱਪਰ ਥੋਪੇ ਗਏ ਅਕਿਰਿਆਸ਼ੀਲ ਸੰਵਿਧਾਨ ਅਧੀਨ ਕੰਮ ਕਰ ਰਿਹਾ ਹੈ, ਨੂੰ ਕਈ ਵਾਰੀ 'ਨਾਗਰਿਕ ਮਹਾਂ-ਸ਼ਕਤੀ' ਵੀ ਕਿਹਾ ਜਾਂਦਾ ਸੀ। ਇਹ ਹਾਲੇ ਵੀ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਹੈ, ਭਾਵੇਂ ਕਿ ਇਸਨੂੰ ਇਸ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਛੇਤੀ ਹੀ ਇਸ ਦੀ ਥਾਂ ਚੀਨ ਲੈ ਲਵੇਗਾ। ਇਸ ਲਈ ਸ੍ਰੀ ਹਾਤੋਯਾਮਾ ਦੀ ਦੇਸ਼ ਵਿਚ ਮੁੱਖ ਪ੍ਰਾਥਮਿਕਤਾ ਇਹ ਹੋਵੇਗੀ ਕਿ ਉਹ ਮੰਦੇ ਵਿਚ ਗ੍ਰੱਸੇ ਜਾਪਾਨ ਨੂੰ ਆਰਥਿਕ ਘੁੰਮਣਘੇਰੀ ਵਿਚੋਂ ਕੱਢਣ, ਪ੍ਰੰਤੂ ਇਸ ਵਾਅਦੇ ਅਨੁਸਾਰ ਬਦੇਸ਼ ਨੀਤੀ ਦੀ ਦਿਸ਼ਾ ਵਿਚ ਵੱਡੀ ਤਬਦੀਲ ਵੀ ਆਵੇਗਾ। ਸ੍ਰੀ ਹਾਤੋਯਾਮਾ ਦੇ ਏਜੰਡੇ ਵਿਚ ਕੁਝ ਅਜਿਹੀਆਂ ਲਿਸ਼ਕਦੀਆਂ ਗੱਲਾਂ ਹਨ, ਜਿਨ੍ਹਾਂ ਬਾਰੇ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਜਿਨ੍ਹਾਂ ਦਾ ਮੁੱਖ ਪੱਖ ਇਹ ਹੈ ਕਿ ਇਸ ਨਾਲ ਅਮਰੀਕਾ ਦੀ ਕੌਮਾਂਤਰੀ ਪਿੜ ਦੇ ਵੱਡੇ ਮਾਮਲਿਆਂ ਵਿਚੋਂ ਕੇਂਦਰੀ ਭੂਮਿਕਾ ਖਤਮ ਹੋ ਜਾਵੇਗਾ। ਪਰ ਪੂਰਬੀ ਏਸ਼ੀਆ ਦੇ ਰਾਜਨੀਤਕ ਵਿਸ਼ਲੇਸ਼ਣਕਾਰ ਬਰਾਕ ਓਬਾਮਾ ਤੋਂ ਇਹ ਆਸ ਨਹੀਂ ਰੱਖਦੇ ਕਿ ਉਹ ਆਪਣੇ ਦੇਸ਼ ਲਈ ਪਹਿਲਾਂ ਨਾਲੋਂ ਕਿਤੇ ਘੱਟ ਭੂਮਿਕਾ ਪ੍ਰਵਾਨ ਕਰ ਲੈਣਗੇ। ਯਕੀਨਨ ਹੀ 30 ਅਗਸਤ ਦੀਆਂ ਆਮ ਚੋਣਾਂ ਵਿਚ ਸ੍ਰੀ ਹਾਤੋਯਾਮਾ ਦੀਆਂ ਕੇਂਦਰ ਤੋਂ ਖੱਬੇ ਪਾਸੇ ਵਲ ਦੀਆਂ ਨੀਤੀਆਂ ਨੇ ਨਵੇਂ ਵਿਚਾਰਾਂ ਨੂੰ ਜਨਮ ਦਿੱਤਾ ਹੈ। ਉਹਨਾਂ ਦੀ ਜਿੱਤ ਨੇ ਜਾਪਾਨ ਦੇ ਆਰਥਕ ਅਤੇ ਸਿਆਸੀ ਦ੍ਰਿਸ਼ ਨੂੰ ਨਵਾਂ ਰੂਪ ਦੇਣ ਦੇ ਦਰ ਖੋਲ੍ਹ ਦਿੱਤੇ ਹਨ। ਜੇ ਉਹ ਬਦੇਸ਼ ਨੀਤੀ ਮੁੱਦਿਆਂ ਬਾਰੇ ਆਪਣੇ ਚੋਣ ਵਾਅਦੇ ਦਾ ਪਾਬੰਦ ਰਹਿੰਦਾ ਹੈ ਤਾਂ ਜਾਪਾਨ ਵਿਚ ਅਮਰੀਕਾ ਦੀ ਵਰਤਮਾਨ ਦਿੱਖ ਲਾਜ਼ਮੀ ਪ੍ਰਭਾਵਿਤ ਹੋਵੇਗੀ। ਅਮਰੀਕਾ ਦੇ ਜਾਪਾਨ ਵਿਚ ਨਾ ਕੇਵਲ ਪਹਿਲਾਂ ਤੋਂ ਤਾਇਨਾਤ ਫ਼ੌਜੀ ਅਤੇ ਸੰਚਾਲਤ ਫ਼ੌਜੀ ਅੱਡੇ ਹਨ, ਸਗੋਂ ਉਸ ਕੋਲ ਲੁਕਵੀਂ ਪ੍ਰਮਾਣੂ ਛਤਰੀ ਵੀ ਹੈ। ਜਾਪਾਨ ਅਮਰੀਕਾ ਦਾ ਮੁੱਖ ਏਸ਼ੀਆਈ ਇਤਹਾਦੀ ਹੈ, ਜੋ ਕਿ ਚੀਨ ਅਤੇ ਰੂਸ ਦੇ ਐਨ ਗਵਾਂਢ ਵਿਚ ਹੈ। ਦੱਖਣੀ ਕੋਰੀਆ ਤੇ ਆਸਟਰੇਲੀਆ, ਜੋ ਕਿ ਚੀਨ ਦੇ ਗਵਾਂਢੀ ਹਨ, ਨਵੇਂ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੇ ਗੱਠਜੋੜ ਦੇ ਮੈਂਬਰ ਹਨ ਤੇ ਜਾਪਾਨ ਵਾਂਗ ਅਮਰੀਕਾ ਦੀ ਪ੍ਰਮਾਣੂ ਛਤਰੀ ਦੇ ਲਾਭਪਾਤਰੀ ਹਨ।



**ਜਪਾਨ ਦੇ ਪ੍ਰਧਾਨ ਮੰਤਰੀ ਯੂਕੀਓ ਹਾਤੋਯਾਮਾ**

ਜੇ ਇਤਿਹਾਸ ਦੀ ਚਾਲ ਨੂੰ ਵੇਖਿਆ ਜਾਵੇ ਤਾਂ ਘੜੀ-ਮੁੜੀ ਨਵੀਨੀਕ੍ਰਿਤ ਅਮਰੀਕੀ-ਜਾਪਾਨੀ ਫੌਜੀ ਗੱਠਜੋੜ ਦੋਵਾਂ ਪਾਸਿਆਂ ਤੋਂ ਹਾਲਾਤ ਦੀ ਹੀ ਪੈਦਾਵਾਰ ਹੈ ਅਤੇ ਨਾਲ ਹੀ ਇਹ ਦੋਵਾਂ ਦੀ ਸਿਆਸੀ ਸੂਝ ਦਾ ਸਿੱਟਾ ਵੀ ਹੈ। ਪ੍ਰੰਤੂ ਇਸ ਖੇਤਰ ਦੇ ਕਈ ਕੁੰਜੀਵਤ ਦੇਸ਼, ਵਿਸ਼ੇਸ਼ ਕਰ ਕੇ ਜਿਹੜੇ ਦੱਖਣੀ-ਪੂਰਬੀ ਏਸ਼ੀਆ ਵਿਚ ਹਨ, ਹੁਣ ਤੱਕ ਅਮਰੀਕਾ ਨੂੰ ਪੂਰਬੀ ਏਸ਼ੀਆ ਵਿਚ ਅਮਨ ਅਤੇ ਸਥਿਰਤਾ ਦਾ ਜ਼ਾਮਨ ਸਮਝਦੇ ਹਨ। ਸ੍ਰੀ ਹਾਤੋਯਾਮਾ ਦਾ ਅਮਰੀਕਾ ਵਲ ਏਜੰਡਾ ਇਸ ਗੱਲ ਦੀ ਸੰਭਾਵਨਾ ਪੈਦਾ ਕਰਦਾ ਹੈ ਕਿ ਜਨਾਬ ਓਬਾਮਾ ਨਾਲ ਨਾਜ਼ੁਕ ਵਾਰਤਾਲਾਪ ਸ਼ੁਰੂ ਕੀਤੀ ਜਾਵੇ। ਤਿੰਨ ਮੁੱਦਿਆਂ ਵਿਚੋਂ ਇੱਕ ਜਿਹੜਾ ਤੁਰੰਤ ਧਿਆਨ ਮੰਗਦਾ ਹੈ, ਉਹ ਇਹ ਹੈ ਕਿ ਕੀ ਜਾਪਾਨ ਨੂੰ ਹਿੰਦ ਮਹਾਂਸਾਗਰ ਦੇ ਖਿੱਤੇ ਵਿਚ ਅਮਰੀਕਾ ਦੇ ਜੰਗੀ ਜਹਾਜ਼ਾਂ ਨੂੰ ਊਰਜ਼ਾ ਸਪਲਾਈ ਕਰਨ ਦਾ ਮਿਸ਼ਨ ਜਾਰੀ ਰੱਖਣਾ ਚਾਹੀਦਾ ਹੈ, ਜਾਂ ਇਸਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ? ਇਸ ਵੇਲੇ ਫ਼ੌਜੀ ਯੋਜਨਾਬੰਦੀ ਦਾ ਜਿਹੜਾ ਗ਼ੈਰ-ਘਾਤਕ ਮਿਸ਼ਨ ਚੱਲ ਰਿਹਾ ਹੈ, ਉਸ ਅਨੁਸਾਰ ਜਾਪਾਨੀ ਸਮੁੰਦਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਅਨੁਸਾਰ ਅਮਰੀਕੀ ਸਮੁੰਦਰੀ ਜਹਾਜ਼ਾਂ ਵਿਚ ਦੁਬਾਰਾ ਤੇਲ ਭਰਨਾ ਅਫ਼ਗਾਨਿਸਤਾਨ ਵਿਚ ਚੱਲ ਰਹੀ 'ਦਹਿਸ਼ਤ ਵਿਰੋਧੀ ਜੰਗ' ਲਈ ਜ਼ਰੂਰੀ ਹੈ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਸ੍ਰੀ ਓਬਾਮਾ ਨੇ ਹਾਤੋਯਾਮਾ ਨਾਲ ਮਿਲ ਕੇ ਕੰਮ ਕਰਨ ਦੀ ਦ੍ਰਿੜ੍ਹ ਇੱਛਾ ਪ੍ਰਗਟਾਈ ਹੈ, ਤਾਂ ਜੁ ਅਫ਼ਗਾਨਿਸਤਾਨ ਵਿਚ ਅਲ-ਕਾਇਦਾ ਅਤੇ ਉਸ ਦੇ ਇਤਹਾਦੀਆਂ ਨੂੰ ਸ਼ਿਕਸਤ ਦਿੱਤੀ ਜਾ ਸਕੇ। ਇਸ ਲਈ ਨਵੇਂ ਜਾਪਾਨੀ ਨੇਤਾ ਦਾ ਹੁੰਗਾਰਾ ਇਕ ਤੁਰੰਤ ਇਸ਼ਾਰਾ ਹੋਵੇਗਾ। ਉਸ ਦੀ ਡੈਮੋਕਰੇਟਿਕ ਪਾਰਟੀ ਆਫ ਜਾਪਾਨ, ਜਿਹੜੀ ਕਿ ਸੱਤਾ ਸੰਭਾਲਣ ਤੋਂ ਕੁਝ ਦਿਨ ਪਹਿਲਾਂ ਤੱਕ ਮੁੱਖ ਵਿਰੋਧੀ ਧਿਰ ਸੀ, ਚਾਹੁੰਦੀ ਸੀ ਕਿ ਅਜਿਹੇ ਮੁੱਦਿਆਂ ਬਾਰੇ ਸੰਸਦ ਦੀ ਆਖ਼ਰੀ ਗੱਲ ਕਹਿ ਸਕਦੀ ਹੈ।

ਉਸ ਦੀ ਪਾਰਟੀ ਅਤੇ ਉਸਦੇ ਗੱਠਜੋੜੀ ਭਾਈਵਾਲਾਂ, ਜੋ ਕਿ ਦੋਵੇਂ ਹੀ ਮਾਮੂਲੀ ਪਾਰਟੀਆਂ ਹਨ, ਨੂੰ ਸਾਂਝੇ ਰੂਪ ਵਿੱਚ ਹੇਠਲੇ ਸਦਨ ਵਿਚ ਵੀ ਅਤੇ ਉਪਰਲੇ ਸਦਨ ਵਿਚ ਵੀ ਬਹੁਮਤ ਹਾਸਲ ਹੈ। ਉਹ ਜੋ ਚਾਹੁਣਗੇ, ਉਹੀ ਆਖਰੀ ਫੈਸਲਾ ਹੋਵੇਗਾ। ਦਿਲਚਸਪੀ ਵਾਲੀ ਗੱਲ ਇਸ ਲਈ ਇਹ ਹੈ ਕਿ ਕੀ ਸ੍ਰੀ ਓਬਾਮਾ ਸ੍ਰੀ ਹਾਤੋਯਾਮਾ ਨੂੰ ਮਜ਼ਬੂਰ ਕਰਨਗੇ ਕਿ ਉਹ ਇਸ ਮੁਕਾਬਲਤਨ ਘੱਟ ਮਹੱਤਵਪੂਰਨ ਮੁੱਦੇ ਸਦਕਾ ਆਪਣਾ ਸਿਆਸੀ ਰਸਤਾ ਹੀ ਬਦਲ ਲਵੇ? ਇਸ ਦੇ ਉਲਟ ਜਨਾਬ ਓਬਾਮਾ ਨੇ ਹਾਲੇ ਤੱਕ ਜਾਪਾਨ ਵਿੱਚ ਆਪਣੇ ਫ਼ੌਜੀ ਅੱਡੇ ਦੇ ਮਹੱਤਵ ਬਾਰੇ ਆਪਣੀ ਗੱਲ ਹੀ ਨਹੀਂ ਕਹੀ। ਅਤੇ ਨਾ ਹੀ ਅਜੇ ਤੱਕ ਉਹਨਾਂ ਅਮਰੀਕੀ ਫ਼ੌਜਾਂ ਬਾਰੇ ਕੋਈ ਅਜਿਹੀ ਗੱਲ ਕਹੀ ਹੈ, ਜਿਸ ਨਾਲ ਜਾਪਾਨ ਨੂੰ ਕੋਈ ਮੁਸ਼ਕਲ ਪੇਸ਼ ਆਵੇ। ਪ੍ਰੰਤੂ ਜਨਾਬ ਹਾਤੋਯਾਮਾ ਵਲੋਂ ਚੋਣ ਮੁਹਿੰਮ ਦੌਰਾਨ ਸੋਫਾ ਅਤੇ ਜਾਪਾਨ ਵਿਚਲੇ ਅਮਰੀਕੀ ਫੌਜੀ ਅੱਡਿਆਂ ਬਾਰੇ ਕਹੀਆਂ ਗਈਆਂ ਗੱਲਾਂ ਅਮਰੀਕਾ ਦੇ ਤਬਦੀਲੀ ਚਾਹੁਣ ਵਾਲਿਆਂ ਲਈ ਕੋਈ ਬਹੁਤੀਆਂ ਸੁਹਾਵਣੀਆਂ ਨਹੀਂ ਹਨ । ਇਸ ਵਿੱਚ ਕਿਹਾ ਗਿਆ ਸੀ ਕਿ ਹੁਣ ਲੋੜ ਹੈ ਪੁਨਰ-ਨਿਰੀਖਣ ਦੀ ਸੇਧ ਵਲ ਵਧਣ ਦੀ ਕਿ ਜਾਪਾਨ ਵਿਚ ਅਮਰੀਕੀ ਫ਼ੌਜੀ ਅੱਡਿਆਂ ਦੀ ਭੂਮਿਕਾ ਕੀ ਹੋਵੇ। ਇਸੇ ਹੀ ਜ਼ੁਮਰੇ ਵਿਚ ਇਕ ਹੋਰ ਗੱਲ ਆਉਂਦੀ ਸੀ ਤੇ ਉਹ ਇਹ ਸੀ ਕਿ ਜਾਪਾਨ ਵਿਚ ਅਮਰੀਕੀ ਫ਼ੌਜੀ ਬਲਾਂ ਦੀ ਮੁੜ-ਸਥਾਪਨਾ ਬਾਰੇ ਪੁਨਰ-ਨਿਰੀਖਣ ਕੀਤਾ ਜਾਣਾ ਚਾਹੀਦਾ ਹੈ।

ਇਸ ਸਪੱਸ਼ਟ ਜਾਪਾਨ-ਅਮਰੀਕੀ ਅਸੰਗਤੀ ਦੇ ਉਲਟ ਦੋਵਾਂ ਦੇਸ਼ਾਂ ਦੇ ਨੇਤਾਵਾਂ, ਜਿਹੜੇ ਕਿ 2 ਸਤੰਬਰ ਨੂੰ ਇਕ ਦੂਜੇ ਨਾਲ ਗੱਲ ਕਰਨ ਲਈ ਮਿਲੇ, ਨੇ ਲੱਗਭੱਗ ਇੱਕੋ ਜਿਹੀ ਹੀ ਪਹੁੰਚ ਅਪਨਾਈ ਸੀ। ਵ੍ਹਾਈਟ ਹਾਊਸ ਅਨੁਸਾਰ ਉਨ੍ਹਾਂ ਜਾਪਾਨ-ਅਮਰੀਕੀ ਗੱਠਜੋੜ ਅਤੇ ਆਪਣੀ ਇਸ ਇੱਛਾ ਉੱਤੇ ਜ਼ੋਰ ਦਿੱਤਾ ਕਿ ਵਧੇਰੇ ਪ੍ਰਭਾਵਸ਼ੀਲ ਭਾਈਵਾਲੀ ਉਸਾਰੀ ਜਾਵੇ। ਸ੍ਰੀ ਹਾਤੋਯਾਮਾ ਨੇ ਖ਼ੁਦ ਇਹ ਕਿਹਾ ਕਿ ਉਹਨਾਂ ਸ੍ਰੀ ਓਬਾਮਾ ਨੂੰ ਇਹ ਗੱਲ ਕਹੀ ਸੀ ਕਿ ਜਾਪਾਨ-ਅਮਰੀਕੀ ਗੱਠਜੋੜ ਸਾਡੇ ਲਈ ਵੀ ਜੀਵਨ-ਰੇਖਾ ਹੈ।

ਪਰਦੇ ਪਿਛਲਾ ਮੁਲੰਕਣ ਇਹ ਹੈ ਕਿ ਸ੍ਰੀ ਹਾਤੋਯਾਮਾ ਅਤੇ ਉਹਨਾਂ ਦੀ ਪਾਰਟੀ ਨੇ ਹਾਲੇ ਤੱਕ ਇਸ਼ਾਰਾ ਇਹੋ ਹੀ ਦਿੱਤਾ ਹੈ ਕਿ ਉਹ ਕਿਸੇ ਕਾਹਲੀ ਵਿਚ ਜਾਪਾਨ-ਅਮਰੀਕੀ ਸਾਂਝ ਦੀ ਕਿਸ਼ਤੀ ਨੂੰ ਡੁਬੋਣਾ ਨਹੀਂ ਚਾਹੁਣਗੇ।

# ਵਿਰਸੇ ਦਾ ਮਸਲਾ ਮਖੌਲ ਦਾ ਨਹੀਂ ਏ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਗਲਾਂ ਵਿਚ ਫੱਟੀ-ਬਸਤੇ ਲਟਕਾਈ ਸਕੂਲੇ ਜਾਂਦਿਆਂ ਜਾਂ ਸਕੂਲੋਂ ਆਉਂਦਿਆਂ ਹੋਇਆਂ ਅਸੀਂ ਮਿਸਤਰੀਆਂ ਦੇ ਚੌੜ-ਚਪੱਟ ਵਿਹੜੇ ਵਿਚੋਂ ਲੰਘਦੇ ਹੁੰਦੇ ਸਾਂ। ਆਰਨਹਾਲੀ 'ਤੇ ਨਵੇਂ ਰੰਬੇ ਦਾਤੀਆਂ ਬਣਾ ਰਿਹਾ ਜਾਂ ਪੁਰਾਣੇ ਚੰਡ ਰਿਹਾ ਬਾਬਾ ਸੰਤਾ ਕਦੇ ਕਦੇ ਸਾਨੂੰ ਟਿੱਚਰ-ਮਸ਼ਕੂਲਾ ਕਰ ਲੈਂਦਾ ਅਤੇ ਕਦੇ ਯਾਦ ਰੱਖਣਯੋਗ ਗੱਲਾਂ ਦੇ ਉਪਦੇਸ਼ ਦੇਣ ਲੱਗ ਪੈਂਦਾ। ਕਦੀ-ਕਦਾਈਂ ਉਸਨੇ ਸਾਨੂੰ ਸਵਾਏ ਜਾਂ ਡਿਉਢੇ ਦਾ ਪਹਾੜਾ ਸੁਣਾਉਣ ਲਈ ਆਖਣਾ। ਸਾਨੂੰ 'ਸਵਾਏ-ਡਿਉਢੇ' ਦਾ ਨਾਂ ਸੁਣ ਕੇ ਬਿਟਰ ਬਿਟਰ ਝਾਕਦੇ ਦੇਖ ਉਸਨੇ ਇਹ ਦੋਵੇਂ ਪਹਾੜੇ ਪਾਣੀ ਵਾਂਗ ਪੜ੍ਹ ਕੇ, ਸਾਨੂੰ ਮਿਹਣਾ ਮਾਰਨਾ "ਹੂੰਅ-ਆਏ ਬੜੇ ਪੜ੍ਹਾਕੂ!"

'ਸੂਰਜਾ ਸੂਰਜਾ ਫੱਟੀ ਸੁਕਾ' ਵਾਲਾ ਗੀਤ ਪੜ੍ਹਦੇ ਜਾਂਦਿਆਂ ਨੂੰ, ਇਕ ਵਾਰ ਉਸਨੇ ਸਾਨੂੰ ਆਪਣੇ ਕੋਲ ਖੜ੍ਹਾਅ ਲਿਆ। 'ਕੈਥੀ 'ਚ ਪੜ੍ਹਦੇ ਐਂ ਬਈ ਜੁਆਕੋ?'' ਇਹ ਸਵਾਲ ਪੁੱਛਣ ਤੋਂ ਬਾਅਦ ਉਹ ਸਾਨੂੰ 'ਕੱਲੇ 'ਕੱਲੇ ਨੂੰ ਨਾਂ ਤੇ ਵਲਦੀਦ (ਪਿਤਾ ਦਾ ਨਾਂ) ਪੁੱਛਣ ਲੱਗ ਪਿਆ। ਆਪਣਾ ਨਾਂ ਬੋਲ ਕੇ ਜਦ ਮੈਂ ਬਾਪ ਦਾ ਨਾਮ 'ਕਰਮ ਸਿੰਘ' ਆਖਿਆ ਤਾਂ ਉਸਨੇ ਮੈਨੂੰ ਕੰਨ ਤੋਂ ਫੜ ਲਿਆ- "ਉਹ ਤੇਰਾ ਪਿਉ ਐ ਕਿ ਆੜੀ? ਆਹੀ ਅਕਲ ਦਿੰਦੇ ਐ ਮਾਹਟਰ ਥੁਆਨੂੰ...ਸਹੁਰੀ ਦਿਆ, ਸਰਦਾਰ ਕਰਮ ਸਿੰਘ ਕਿਹਾ ਕਰ!!'' ਮੇਰੀ ਦੁਰਗਤ ਤੋਂ ਸਬਕ ਲੈਂਦਿਆਂ ਮੇਰੇ ਨਾਲ ਦੇ ਮੁੰਡੇ ਆਪਣੇ ਆਪਣੇ ਪਿਉਆਂ ਦੇ ਨਾਵਾਂ ਨਾਲ 'ਸਰਦਾਰ' ਸ਼ਬਦ ਜੋੜ ਕੇ ਹੀ ਬੋਲੇ। ਸਾਡੀ ਢਾਣੀ ਵਿਚੋਂ ਹੀ ਇਕ ਹੋਰ ਮੁੰਡੇ ਨੂੰ ਉਸਨੇ ਨਾਂ ਪੁੱਛਿਆ। ਅੱਗਿਉਂ ਜਵਾਬ ਆਇਆ 'ਜੀ ਘੁੱਲਾ!' ਸੰਤਾ ਬੁੜ੍ਹਾ ਫਿਰ ਬਿਜਲੀ ਵਾਂਗ ਕੜਕਿਆ- "ਜਾਹ ਸਹੁਰੀ ਦਿਆ...ਆਹ ਕੀ ਹੋਇਆ!... ਘੁੱਲਾ!!... ਕੰਜਰ ਦਿਆ ਜਦ ਤੈਨੂੰ ਬੁੜ੍ਹੇ ਹੋਏ ਨੂੰ ਵੀ 'ਘੁੱਲਾ ਘੁੱਲਾ' ਕਹਿਣਗੇ ਫਿਰ ਤੈਨੂੰ ਤੜਿੰਗ ਲੱਗਿਆ ਕਰਨੈ...ਆਪਣਾ 'ਪੱਕਾ ਨਾਂ' ਹੀ ਦੱਸਿਆ ਕਰ!...ਹਲਾ? ਫਿਰ ਉਸਨੇ ਇਸੇ ਪ੍ਰਥਾਏ, ਸਾਨੂੰ ਕੋਲ ਬਿਠਾ ਕੇ ਨਸੀਹਤ-ਨੁਮਾ ਸਾਖੀ ਸੁਣਾਈ-

ਪਸ਼ੂਆਂ ਨੂੰ ਪੱਠੇ-ਦੱਥੇ ਪਾਉਣ ਲਈ ਕਿਸੇ ਜੱਟ ਜ਼ਿਮੀਂਦਾਰ ਨੇ ਕੋਈ ਨਵਾਂ-ਨਵਾਂ ਨੌਕਰ ਰੱਖਿਆ। ਜੱਟ ਕਿਤੇ ਸ਼ਹਿਰ ਗਿਆ ਹੋਇਆ ਸੀ। ਪਿੱਛੋਂ ਇਕ ਬਲਦ ਖੁਰਲ੍ਹੀ ਤੋਂ ਖੁੱਲ੍ਹ ਕੇ ਨੇੜੇ ਦੀ ਫਸਲ 'ਚ ਜਾ ਵੜਿਆ। ਜੱਟੀ ਨੇ ਦੇਖ ਲਿਆ ਕਿ ਬਲਦ ਨੁਕਸਾਨ ਕਰ ਰਿਹਾ ਹੈ। ਮੰਜੇ 'ਤੇ ਬੈਠੇ ਨੌਕਰ ਨੂੰ 'ਵਾਜ਼ ਮਾਰ ਕੇ ਆਖਣ ਲੱਗੀ, "ਵੇਹ ਨੂਰਿਆ, ਜਾਹ ਬਲਦ ਨੂੰ ਹਟਾ ਜਾ ਕੇ?'' ਨੂਰੇ ਨੇ ਜੱਟੀ ਵਲ ਮੂੰਹ ਭਵਾ ਕੇ ਵੀ ਨਾ ਦੇਖਿਆ। ਜਿਵੇਂ ਉਸਨੂੰ ਸੁਣਿਆ ਈ ਕੁਝ ਨਾ ਹੋਵੇ। ਜੱਟੀ ਨੇ ਫਿਰ ਖਿਝ ਕੇ ਪਹਿਲਾਂ ਵਾਲਾ ਵਾਕ ਹੀ ਬੋਲਿਆ ਪਰ ਨੂਰਾ ਟੱਸ ਤੋਂ ਮੱਸ ਨਾ ਹੋਇਆ। ਬਲਦ ਤਾਂ ਸੜੀ ਭੁੱਜੀ ਜੱਟੀ ਨੇ ਆਪੇ ਲਿਆ ਕੇ ਖੁਰਲੀ 'ਤੇ ਬੰਨ੍ਹ ਦਿੱਤਾ ਪਰ ਰਾਤ ਨੂੰ ਜਦ ਜੱਟ ਸਾਹਮਣੇ ਨੂਰੇ ਦੀ ਪੇਸ਼ੀ ਹੋਈ ਤਾਂ ਉਸਨੇ ਜੱਟੀ ਦਾ ਹੁਕਮ ਅਣ-ਸੁਣਿਆ ਕਰਨ ਦਾ ਕਾਰਨ ਇਹ ਦੱਸਿਆ। ਉਹ ਜੱਟੀ ਨੂੰ ਮੁਖਾਤਿਬ ਹੋ ਕੇ ਕਹਿੰਦਾ- "ਸੁਣ ਬੀਬੀ!''

"ਨਾ ਤੂੰ ਆਖਿਆ ਨੂਰ ਮੁਹੰਮਦ
ਨਾ ਤੂੰ ਆਖਿਆ ਜੀ ਨੂਰਾ।
ਅਹਿਮਕ ਜੱਟੀ...ਬਾਤ ਕਿਆ ਬੋਲੀ,
ਅਖੇ, ਬਲਦ ਹਟਾ ਲਿਆ ਵੇ ਨੂਰਾ!''

ਅਸੀਂ ਬਾਕੀ ਦੇ ਸਾਰੇ ਜਣੇ ਤਾਂ ਮੰਤਰ-ਮੁਗਧ ਹੋ ਕੇ ਕਹਾਣੀ 'ਚ ਖੁੱਭੇ ਰਹੇ, ਕਿਸੇ ਨੂੰ ਨਾ ਇਹ ਗੱਲ ਅਹੁੜੀ, ਪਰ ਹਿੰਮਤੀ ਸੁਭਾਅ ਵਾਲਾ ਮੰਗਲ ਸਿੰਘ ਦਲੇਰੀ ਜਿਹੀ ਕਰਕੇ ਸੰਤੇ ਮਿਸਤਰੀ ਨੂੰ ਕਹਿਣ ਲੱਗਾ, "ਤਾਇਆ, ਤੂੰ ਫਿਰ ਪਿੰਡ ਵਾਲਿਆਂ ਨੂੰ ਕਾਹਤੋਂ ਨਹੀਂ ਟੋਕਦਾ?..ਉਹ ਸਾਰੇ ਤੈਨੂੰ 'ਸੰਤਿਆ' ਕਹਿੰਦੇ ਰਹਿੰਦੇ ਆ!''

"ਉਏ ਸਹੁਰਿਆ, ਮੈਂ 'ਸੰਤਾ ਸੌਹ' ਕਿੱਦਾਂ ਕਹਾ ਸਕਦਾਂ ਭਲਾ, ਅਹਿ ਦੇਖੋ ਤਾਂ!'' ਭੂਸਲੀਆਂ ਜਿਹੀਆਂ ਮੁੱਛਾਂ 'ਚੋਂ 'ਫੀ..ਫੀ..ਫੀ' ਕਰਕੇ ਹੱਸਦਾ ਹੋਇਆ ਉਹ ਕੋਲ ਪਏ ਆਪਣੇ ਹੁੱਕੇ ਨੂੰ ਹੱਥ ਲਾ ਕੇ ਬੋਲਿਆ।

ਪੱਥਰ 'ਤੇ ਲੀਕ ਵਾਂਗ ਇਹ ਦੋਵੇਂ ਗੱਲਾਂ ਮੇਰੇ ਬਾਲ-ਮਨ 'ਤੇ ਡੂੰਘੀਆਂ ਉੱਕਰ ਗਈਆਂ ਕਿ ਹੁੱਕਾ-ਤੰਬਾਕੂ-ਸਿਗਰਟ ਪੀਣ ਵਾਲਾ ਬੰਦਾ 'ਸਿੰਘ' ਨਹੀਂ ਅਖਵਾ ਸਕਦਾ ਅਤੇ ਕਦੇ ਵੀ ਆਪਣਾ ਅੱਧ-ਪਚੱਧਾ ਜਿਹਾ ਨਾਮ ਨਹੀਂ ਬੋਲਣਾ ਚਾਹੀਦਾ। ਖਾਸ ਕਰਕੇ ਆਪਣੇ ਤੋਂ ਵੱਡਿਆਂ ਦਾ ਨਾਂ ਸਤਿਕਾਰ ਸਹਿਤ ਹੀ ਲੈਣਾ ਚਾਹੀਦਾ ਹੈ।

ਵੈਸੇ ਮੇਰੇ ਲਈ ਸੰਤੇ ਮਿਸਤਰੀ ਵਾਲਾ ਵਾਕਿਆ ਸੋਨੇ 'ਤੇ ਸੁਹਾਗੇ ਵਾਲੀ ਗੱਲ ਸੀ ਕਿਉਂਕਿ ਮੇਰੇ ਪਿਤਾ ਜੀ ਇਹ ਕਤੱਈ ਪਸੰਦ ਨਹੀਂ ਸਨ ਕਰਦੇ ਕਿ ਨਿਆਣਿਆਂ ਦੇ ਅਸਲ ਨਾਂਵਾਂ ਤੋਂ ਇਲਾਵਾ ਕੋਈ ਹੋਰ ਵਿੰਗੇ ਟੇਢੇ ਜਿਹੇ ਨਾਂ ਰੱਖੇ ਜਾਣ।

ਮੈਨੂੰ ਯਾਦ ਹੈ ਕਿ ਇਕ ਵਾਰ ਸਾਡੇ ਸਾਇੰਸ ਮਾਸਟਰ ਨੇ ਮੈਨੂੰ 'ਤੋਚਾ' ਕਹਿ ਕੇ ਬੁਲਾਇਆ। ਮੈਂ ਘਰੇ ਆ ਕੇ ਦੱਸ ਬੈਠਾ। ਦੂਜੇ ਦਿਨ ਪਿਤਾ ਜੀ ਸਾਝਰੇ ਸਕੂਲ ਜਾ ਪਹੁੰਚੇ ਤੇ ਮਾਸਟਰ ਹਰੀ ਦੇਵ ਨੂੰ ਉਲਾਂਭਾ ਦੇਣ ਦੇ ਨਾਲ ਨਾਲ ਇਹ ਚਿਤਾਵਨੀ ਵੀ ਦੇ ਆਏ ਕਿ ਸਾਡੇ ਕਿਸੇ ਨਿਆਣੇ ਦਾ ਅੱਧ-ਅਧੂਰਾ ਨਾਮ ਨਾ ਲਿਆ ਜਾਵੇ। ਇੰਜ ਭਾਈਆ ਜੀ ਦੀ ਕ੍ਰਿਪਾ ਸਦਕਾ ਮੈਂ 'ਤੋਚਾ' ਬਣਨੋਂ ਬਚ ਗਿਆ। ਇਹ ਉਨ੍ਹਾਂ ਦਾ ਪੱਕਾ ਅਸੂਲ ਸੀ ਕਿ ਹਮੇਸ਼ਾ ਹੀ ਉਹ ਕਿਸੇ ਨੂੰ ਬੁਲਾਉਣ ਲੱਗਿਆਂ, ਨਾਂ ਵਿਚ 'ਸਿੰਘ' ਜਾਂ 'ਕੌਰ' ਜਰੂਰ ਜੋੜਦੇ। ਸੱਤਿਆ ਨਾਂ ਵਾਲੀ ਇਕ ਨੇਕ ਇਸਤਰੀ ਨੂੰ ਸਦਾ ਸਤਵੰਤ ਕੌਰੇ ਹੀ ਆਖਦੇ। ਧਰਮੋਂ ਨੂੰ ਬੀਬੀ ਧਰਮ ਕੌਰੇ ਅਤੇ ਇਕ ਲਾਲੂ ਨਾਂ ਦੇ ਮੁੰਡੇ ਨੂੰ ਲਾਲ ਸਿੰਘਾ ਹੀ ਕਹਿੰਦੇ ਹੁੰਦੇ ਸਨ। ਪੰਜਾਬ ਦੇ ਸਭਿਆਚਾਰ ਵਿਚ ਇਹ ਬੜੇ ਫਖ਼ਰ ਨਾਲ ਆਖਿਆ ਜਾਂਦਾ ਹੈ ਕਿ ਜੇ ਕਰ ਮੈਂ ਫਲਾਣਾ ਫਲਾਣਾ ਕੰਮ ਨਾ ਕਰ ਸਕਿਆ ਤਾਂ ਮੇਰਾ ਨਾਂ ਵਟਾ ਦੇਣਾ! ਜਿਵੇਂ ਦੁੱਲਾ ਭੱਟੀ ਦੇ ਕਿੱਸੇ ਵਿਚ ਦੁੱਲਾ ਸੂਰਮਾ ਆਪਣੀ ਮਾਂ ਲੱਧੀ ਨੂੰ ਸਵੈ-ਮਾਣ ਨਾਲ ਕਹਿੰਦਾ ਹੈ:

'ਮੇਰਾ ਨਾਮ ਨਾ ਦੁੱਲਾ ਰੱਖਦੀ, ਮਾਏਂ ਰੱਖ ਦਿੰਦੀ ਕੁਝ ਹੋਰ ਨੀਂ..., ਨਾਂ ਦੀ ਲੱਜ ਪਾਲਣੀ ਜਾਂ ਨਾਂ ਨੂੰ ਵੱਟਾ ਲਾਉਣ' ਦੇ ਬਣੇ ਹੋਏ ਮੁਹਾਵਰੇ ਨਾਂਵਾਂ ਦੀ ਮਹਾਨਤਾ ਅਤੇ ਵਿਸ਼ੇਸ਼ਤਾ ਦੇ ਸੂਚਕ ਹੀ ਹਨ।

ਦਸਵੇਂ ਗੁਰੂ ਜੀ ਨੇ ਸਿੱਖਾਂ ਦੀ ਅਕਲ, ਸ਼ਕਲ ਅਤੇ ਰਹਿਤ-ਬਹਿਤ ਬਦਲਣ ਤੋਂ ਪਹਿਲਾਂ ਨਾਂ ਬਦਲੇ। ਉਨ੍ਹਾਂ ਇਹ ਪੱਕੇ ਤੌਰ 'ਤੇ ਮਰਿਯਾਦਾ ਬੰਨ੍ਹ ਦਿੱਤੀ ਕਿ ਮੈਂ ਆਪਣੇ ਸਿੱਖ-ਸਿੱਖਣੀਆਂ ਦੇ ਅੱਧੇ-ਅੱਧੇ ਨਾਮ ਰੱਖ ਦਿੱਤੇ ਹਨ, ਭਾਵ ਸਿੱਖ ਮਰਦ ਲਈ 'ਸਿੰਘ' ਅਤੇ ਬੀਬੀਆਂ ਲਈ 'ਕੌਰ' ਨਿਸ਼ਚਿਤ ਕਰ ਦਿੱਤੇ। ਬਾਕੀ ਦਾ ਅੱਧਾ ਨਾਂ ਰੱਖਣ ਲਈ ਮਰਦ-ਬੀਬੀਆਂ ਆਪਣੀ ਆਪਣੀ ਮਰਜ਼ੀ ਕਰ ਸਕਣਗੇ।

ਭਰਾਤਰੀ-ਭਾਵ ਅਤੇ ਕੌਮੀ ਏਕਤਾ ਬਣਾਉਣ ਦਾ ਇਹ ਇਕ ਸਰਵੋਤਮ ਨਿਯਮ ਸੀ। ਇਸ ਤੋਂ ਵੀ ਅੱਗੇ ਜਾਂਦਿਆਂ ਪੁਰਾਤਨ ਸਿੱਖ ਤਾਂ ਆਪਣੇ ਆਪ ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਵਸਨੀਕ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਪੂਜਯ ਮਾਤਾ ਸਾਹਿਬ ਕੌਰ ਜੀ ਦੇ ਪੁੱਤਰ ਅਖਵਾਇਆ ਕਰਦੇ ਸਨ।

ਕੀ ਇਹ ਗੁਰੂ ਵਲੋਂ ਬਖਸ਼ੇ ਹੋਏ ਨਾਮ ਦੀ ਉਸਤਤ ਵਾਲੀ ਗੱਲ ਨਹੀਂ? ਕਿ ਅਮਰੀਕਾ ਜਿਹੀ ਸੁਪਰ ਤਾਕਤ ਜਿਸ ਅਫ਼ਗਾਨਿਸਤਾਨ ਵਿਚ ਅੱਜ ਹੰਭੀ ਹੋਈ ਦਿਖਾਈ ਦਿੰਦੀ ਹੈ, ਦੋ ਕੁ ਸਦੀਆਂ ਪਹਿਲਾਂ ਉਸ ਧਰਤੀ ਦੀਆਂ ਮਾਂਵਾਂ ਆਪਣੇ ਬੱਚਿਆਂ ਨੂੰ ਸਿੱਖ ਜਰਨੈਲ ਹਰੀ ਸਿੰਘ ਨਲੂਏ ਦਾ ਨਾਂ ਲੈ ਕੇ ਚੁੱਪ ਕਰਾਉਂਦੀਆਂ ਸਨ! ਜ਼ਰਾ ਸੋਚੀਏ ਕਿ ਜੇ ਹਰੀ ਸਿੰਘ ਨਲੂਏ ਦੀ ਥਾਂ ਕੋਈ 'ਹੈਰੀ' ਜਾਂ 'ਨੀਲੂ' ਹੁੰਦਾ ਕੀ ਫਿਰ ਵੀ ਅਫਗਾਨ ਪਠਾਣ ਉਹਤੋਂ ਥਰ ਥਰ ਕੰਬਦੇ? ਕੀ ਫਿਰ ਵੀ ਦੱਰਾ ਖ਼ੈਬਰ ਦੀਆਂ ਘਾਟੀਆਂ ਵਿਚ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜਦੇ? ਕੀ ਫਿਰ ਵੀ ਕਿਲਾ ਜਮਰੌਦ ਦੀ ਫਸੀਲ 'ਤੇ ਕੇਸਰੀ ਨਿਸ਼ਾਨ ਝੂਲਦੇ?

ਨਵ-ਜਨਮੇ ਬੱਚੇ ਨੂੰ ਗੋਦੀ ਵਿਚ ਲੈ ਕੇ, ਬੜੇ ਹੀ ਮੋਹ ਭਿੱਜੇ ਚਾਅਵਾਂ ਮਲ੍ਹਾਰਾਂ ਨਾਲ ਸ਼ਰਧਾਲੂ ਮਾਂਵਾਂ ਆਪਣੇ ਟੱਬਰ ਸਮੇਤ ਗੁਰੂ ਘਰ ਵਿਖੇ ਪਹੁੰਚਦੀਆਂ ਹਨ। ਭਾਈ ਸਾਹਿਬ ਗੁਰੂ ਮਹਾਰਾਜ ਜੀ ਦੇ ਪਾਵਨ ਮੁੱਖ-ਵਾਕ ਦਾ ਪਹਿਲਾ ਅੱਖਰ ਦੱਸਦੇ ਹਨ। ਉਸ ਅੱਖਰ ਤੋਂ ਸ਼ੁਰੂ ਹੁੰਦੇ ਅਲੱਗ-ਅਲੱਗ ਨਾਵਾਂ 'ਤੇ ਚਾਚੇ, ਤਾਏ, ਮਾਮੇ ਅਤੇ ਹੋਰ ਰਿਸ਼ਤੇਦਾਰ ਵਿਚਾਰ ਕਰਦੇ ਹਨ। ਆਖਰ ਇਕ ਨਾਮ ਚੁਣ ਕੇ ਜੈਕਾਰਾ ਛੱਡਿਆ ਜਾਂਦਾ ਹੈ। ਵਿਰਸੇ ਦੀ ਰੀਝਾਂ ਨਾਲ ਪਾਲਣਾ ਕਰਨ ਵਾਲੇ ਹਾਲੇ ਵੀ ਉਕਤ ਰਵਾਇਤ ਦੀ ਪਾਲਣਾ ਕਰਦੇ ਹਨ। ਪਰ੍ਹਿਆ-ਪੰਚਾਇਤ ਵਿਚ ਸੋਹਣੇ-ਸੋਹਣੇ ਨਾਮ ਰੱਖ ਕੇ, ਫਿਰ ਕੁੱਤਿਆਂ ਬਿੱਲਿਆਂ ਦੇ ਨਾਵਾਂ ਵਰਗੇ ਕੁਚੱਜੇ ਤੇ ਕੁਟੱਢੇ ਜਿਹੇ ਨਾਂ ਧਰ ਦਿੱਤੇ ਜਾਂਦੇ ਹਨ। ਕਈ-ਕਈ ਬੱਚਿਆਂ ਦੇ ਨਾਂ ਐਸੇ-ਐਸੇ ਪੱਕ ਜਾਂਦੇ ਹਨ, ਜਿਨ੍ਹਾਂ ਨੂੰ ਬੋਲਦਿਆਂ ਜਾਂ ਸੁਣਦਿਆਂ ਵੀ ਸੰਗ ਆਉਂਦੀ ਹੈ।

ਨਾਮ ਨਾਲ ਤਖੱਲਸ ਦਾ ਛੱਜ ਬੰਨ੍ਹਣ ਦਾ ਰਿਵਾਜ਼ ਆਮ ਕਰਕੇ ਕਵੀਆਂ-ਲੇਖਕਾਂ ਦੁਆਰਾ ਸ਼ੁਰੂ ਕੀਤਾ ਮੰਨਿਆ ਜਾਂਦਾ ਹੈ ਪਰ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਭਾਈ ਵੀਰ ਸਿੰਘ, ਨਾਨਕ ਸਿੰਘ, ਗੁਰਦਿਆਲ ਸਿੰਘ, ਪ੍ਰੋ. ਮੋਹਣ ਸਿੰਘ, ਗਿਆਨੀ ਗਿਆਨ ਸਿੰਘ ਅਤੇ ਭਾਈ ਸੰਤੋਖ ਸਿੰਘ ਵਰਗੇ, ਬਿਨਾ ਕਲਮੀ-ਨਾਮ ਦੇ ਹੀ ਜਗਤ ਪ੍ਰਸਿੱਧ ਹੋ ਨਿੱਬੜੇ।

ਕਲਾਕਾਰਾਂ ਵਿਚੋਂ ਸੁਰਿੰਦਰ ਕੌਰ ਨੂੰ 'ਸੈਂਡੀ' ਜਾਂ ਪ੍ਰਕਾਸ਼ ਕੌਰ ਨੂੰ 'ਪਾਸ਼ੀ' ਅਤੇ ਰਣਜੀਤ ਕੌਰ ਨੂੰ 'ਰਾਣੀ' ਦੇ ਵਾਧੂ ਨਾਵਾਂ ਦਾ ਭਾਰ ਚੁੱਕਣ ਤੋਂ ਬਿਨਾ ਹੀ ਮਸ਼ਹੂਰੀ ਮਿਲ ਗਈ। ਕਈ ਮੇਰੇ ਵਰਗੇ ਆਪਣੇ ਨਾਂ ਨਾਲ ਪਿੰਡ, ਸ਼ਹਿਰ ਦਾ ਨਾਮ ਅੜੁੰਗੀ ਫਿਰਦੇ ਹਨ। ਮੇਰੇ ਖ਼ਿਆਲ 'ਚ ਇਹ ਪਿਰਤ, ਵੱਡੇ ਪੱਧਰ 'ਤੇ ਪਰਵਾਸ ਦੀਆਂ ਵਗਦੀਆਂ ਹਨੇਰੀਆਂ ਕਾਰਨ ਪੈ ਗਈ। ਆਪਣੀ ਜੰਮਣ-ਭੋਇੰ ਦੇ ਵਿਛੋੜੇ ਦਾ ਸੱਲ ਰਿਸਦਾ ਰੱਖਣ ਲਈ ਬਹੁਤਿਆਂ ਵਲੋਂ ਇਹੀ ਢੰਗ ਅਪਨਾਇਆ ਜਾਂਦਾ ਹੈ।

ਚਲੋ, ਆਪਣੀ ਭਾਈਚਾਰਕ ਪਰੰਪਰਾ ਅਨੁਸਾਰ ਰਾਮ, ਲਾਲ, ਚੰਦ, ਸਿੰਘ ਜਾਂ ਕੌਰ ਪਿੱਛੇ ਪਿੰਡ, ਸ਼ਹਿਰ ਜਾਂ ਗੋਤ ਦਾ ਨਾਂ ਜੋੜ ਲਿਆ, ਤਾਂ ਕੋਈ ਫਰਕ ਨਹੀਂ। ਲੇਕਿਨ ਇਹੋ ਜਿਹੇ ਨਾਂ ਰੱਖ ਲੈਣੇ, ਜਿਨ੍ਹਾਂ ਦਾ ਅਰਥ ਹੀ ਕੋਈ ਨਾ ਹੋਵੇ, ਹਾਸੋਹੀਣਤਾ ਹੀ ਪੈਦਾ ਕਰਦੇ ਹਨ। ਸਭ ਤੋਂ ਪਹਿਲਾਂ ਖੁੰਬਾਂ ਨਾਲੋਂ ਵੀ ਵਧ ਤੇਜ਼ੀ ਨਾਲ ਪੈਦਾ ਹੋਣ ਵਾਲੇ ਕਲਾਕਾਰਾਂ ਨੇ ਨਾਂਵਾਂ ਦੀ ਮਿੱਟੀ ਪਲੀਤ ਕੀਤੀ। ਖਾੜਕੂਵਾਦ ਦੇ ਭੰਨੇ ਪੰਜਾਬ ਵਿਚ ਪੰਜਾਬ ਦੇ ਅਣਖੀਲੇ ਸਭਿਆਚਾਰ ਨੂੰ ਮਲੀਆਮੇਟ ਕਰਨ ਵਾਲੀਆਂ ਸ਼ਕਤੀਆਂ ਦੇ ਢਹੇ ਚੜ੍ਹ ਕੇ ਇਨ੍ਹਾਂ ਕਲਾਕਾਰਾਂ ਨੇ ਐਸੀ ਕਾਲੀ ਬੋਲੀ ਹਨੇਰੀ ਚਲਾਈ ਕਿ ਨੌਜਵਾਨ ਪੀੜ੍ਹੀ ਦੇ ਚੇਤਿਆਂ ਵਿਚੋਂ ਇਹ ਗੱਲ ਕੱਢ ਹੀ ਦਿੱਤੀ ਕਿ ਸਾਡਾ ਅੱਧਾ ਨਾਂ ਸਿੰਘ ਜਾਂ ਕੌਰ ਗੁਰੂ ਨੇ ਰੱਖ ਦਿੱਤਾ ਹੋਇਐ! ਵਿਰਾਸਤ ਦੀ ਪੱਟੀ ਮੇਸਦਿਆਂ ਇਨ੍ਹਾਂ ਕਲਾਕਾਰ ਫੌਜਾਂ ਨੇ ਐਸੀ ਖੁਮਾਰੀ ਚਾੜ੍ਹ ਦਿੱਤੀ ਕਿ ਅਣ-ਲਿਖਤ ਬੇਦਾਵਾ ਹੀ ਦੇ ਦਿੱਤਾ ਗਿਆ, 'ਆਹ ਲੈ ਗੁਰੂਆ ਆਪਣਾ ਬਖਸ਼ਿਆ ਸਿੰਘ ਤੇ ਕੌਰ! ਹੁਣ ਤਾਂ ਸਾਡੀ ਮਰਜ਼ੀ ਦੇ ਨਾਂ ਨਾਲ ਜਾਤ-ਗੋਤ ਜਾਂ ਪਿੰਡ ਦਾ ਨਾਮ ਹੀ ਚਲੇਗਾ!!'

ਉਪਰੋਂ ਲੋਹੜਾ ਇਹ ਕਿ ਉਕਤ 'ਵਿਰਸਾ ਰੋਲੂ ਅਪਰੇਸ਼ਨ' ਚਲਾਇਆ ਗਿਆ ਤੇ ਚਲਾਇਆ ਜਾ ਰਿਹਾ ਹੈ ਪੰਜਾਬੀ ਸਭਿਆਚਾਰ ਦੀ 'ਸੇਵਾ' ਦੇ ਨਾਂ ਥੱਲੇ! ਬੜੀ ਸਜ-ਧਜ ਨਾਲ ਇਸ ਸੇਵਾ ਵਿਚ ਜੁਟੇ ਹੋਏ ਕਈ ਸੂਰਮੇ ਤਾਂ ਖੁਦ ਨੂੰ ਵਿਰਸੇ ਦੇ ਵਾਰਿਸ ਹੋਣ ਦਾ ਐਲਾਨ ਵੀ ਕਰਦੇ ਹਨ। ਪੰਜਾਬ ਦੀ ਧਰਤੀ 'ਤੇ ਹੋਏ ਬੀਤੇ ਕਈ 'ਅਪਰੇਸ਼ਨ' ਤਾਂ ਇਕ ਹਫਤਾ, ਦੋ ਹਫਤੇ ਜਾਂ ਚਾਰ ਹਫਤੇ ਚਲਦੇ ਰਹੇ, ਪ੍ਰੰਤੂ ਉਪਰੋਕਤ ਅਪਰੇਸ਼ਨ ਦਾ ਕੋਈ ਮੂੰਹ ਸਿਰਾ ਹੀ ਦਿਖਾਈ ਨਹੀਂ ਦੇ ਰਿਹਾ! ਹੁਣ ਤਾਂ ਇਸ ਦੀ ਮਾਰ ਥੱਲੇ ਪੰਜਾਬ ਦੀ 'ਮਾਂ-ਖੇਡ' ਕਬੱਡੀ ਖੇਡਣ ਵਾਲੇ ਖਿਡਾਰੀ ਵੀ ਆ ਗਏ ਹਨ। ਜਦ ਮੈਂ ਇਨ੍ਹਾਂ ਕਬੱਡੀ ਪ੍ਰੇਮੀਆਂ ਦੇ ਨਾਮ ਪੜ੍ਹਦਾ ਹਾਂ, ਜਿਵੇਂ ਭਿੰਦਾ ਭਾਣੋ ਵਾਲੀਆ, ਟਿੱਡੂ ਟੋਡਰ ਪੁਰੀਆ, ਗਿੰਦੂ ਗੁੱਜਰ ਪੁਰੀਆ, ਲਾਖਾ ਲੁਧਿਆਣੀਆ, ਮਿੰਟੂ ਮਟੌਰ ਵਾਲਾ ਵਗੈਰਾ ਵਗੈਰਾ, ਤਾਂ ਮੈਂ ਸੋਚਦਾਂ, ਬਈ ਮਾਂ-ਖੇਡ ਕਬੱਡੀ ਦੀ ਤਾਂ ਇਨ੍ਹਾਂ ਬਹਾਦੁਰਾਂ ਨੂੰ ਚਿੰਤਾ ਹੈ। ਲੇਕਿਨ 'ਪਿਉ ਵਲੋਂ' ਬਖਸ਼ੇ ਹੋਏ ਨਾਵਾਂ ਨਾਲ ਕਿਉਂ ਵੈਰ ਕਮਾਇਆ ਜਾ ਰਿਹਾ ਹੈ? ਜੇ ਮਿਲਖਾ ਸਿੰਘ 'ਮਿਲਖੀ ਜਾਂ ਮਿਲਖੂ' ਬਣੇ ਬਗੈਰ ਹੀ ਜੂੜੇ 'ਤੇ ਚਿੱਟਾ ਰੁਮਾਲ ਬੰਨ੍ਹ ਕੇ ਦੌੜਦਾ ਹੋਇਆ 'ਉਡਣਾ ਸਿੱਖ' ਬਣ ਸਕਦਾ ਹੈ ਤਾਂ ਕਬੱਡੀ ਵਾਲੇ ਵੀਰਾਂ ਨੂੰ ਸਿੰਡੂ-ਫਿੰਡੂ ਸਦਾਉਣ ਦੀ ਕਿਹੜੀ ਮਜ਼ਬੂਰੀ ਹੈ?

ਸਟੇਜ 'ਤੇ ਡੱਡੂ-ਛੜੱਪੇ ਨਹੀਂ, ਸਗੋਂ 'ਬੰਦਿਆਂ ਵਾਂਗ' ਬਹਿ ਕੇ ਗਾਉਣ ਵਾਲੇ ਸੰਜੀਦਾ ਸੂਫੀ ਗਾਇਕ ਤੇ ਕਵੀ, ਡਾਕਟਰ ਸਰਤਾਜ ਦੇ 'ਪਾਣੀ' ਨਾਂ ਵਾਲੇ ਗੀਤ ਦੀਆਂ ਇਹ ਸਤਰਾਂ ਜ਼ਰਾ ਦਿਲ ਦੀਆਂ ਡੂੰਘਾਈਆਂ ਵਿਚ ਉਤਰਨ ਦਿਉਗੇ?

ਦੇਖੋ ਕਿਹੋ ਜਿਹੇ ਰੰਗ ਚੜ੍ਹੇ ਨੌਜਵਾਨਾਂ ਉੱਤੇ,
ਮਾਣ ਭੋਰਾ ਵੀ ਨਹੀਂ ਰਿਹਾ
ਗੁਰੂ ਦੀਆਂ ਸ਼ਾਨਾਂ ਉੱਤੇ।
ਚਾਰ ਅੱਖਰਾਂ ਨੂੰ ਬੋਲਣੇ ਦਾ
ਕੋਲ ਹੈ ਨਹੀਂ ਸਮਾਂ,
ਨਾਮ ਗੁਰਮੀਤ ਸਿੰਘ ਸੀ
ਉਹ 'ਗੈਰੀ' ਹੋ ਗਿਆ...

ਇਸੇ ਗੀਤ ਵਿਚ ਉਹ ਨੌਜਵਾਨ ਪੀੜ੍ਹੀ ਅੱਗੇ ਤਰਲੇ ਕੱਢਦਾ ਹੈ;

ਤੇਰਾ ਖੂਨ ਠੰਢਾ ਹੋ ਗਿਆ
ਕਿਉਂ ਖੌਲਦਾ ਨਹੀਂ ਹੈ?
ਇਹ ਵਿਰਸੇ ਦਾ ਮਸਲਾ
ਮਖੌਲ ਦਾ ਨਹੀਂ ਹੈ!
ਤੁਸੀਂ ਬੈਠ ਕੇ ਵਿਚਾਰੋ
'ਸਰਤਾਜ' ਪਤਾ ਕਰੋ!
ਕਾਹਤੋਂ ਪੱਤਾ ਪੱਤਾ
ਟਾਹਣੀਆਂ ਦਾ ਵੈਰੀ ਹੋ ਗਿਆ...!

ਬਾਈ ਪੰਜਾਬੀਓ, ਵਿਚਾਰੋਗੇ ਇਸ ਮਸਲੇ ਨੂੰ?

**ਲੋਹੜਾ ਇਹ ਕਿ 'ਵਿਰਸਾ ਰੋਲੂ ਅਪਰੇਸ਼ਨ' ਚਲਾਇਆ ਗਿਆ ਤੇ ਚਲਾਇਆ ਜਾ ਰਿਹਾ ਹੈ ਪੰਜਾਬੀ ਸਭਿਆਚਾਰ ਦੀ 'ਸੇਵਾ' ਦੇ ਨਾਂ ਥੱਲੇ! ਬੜੀ ਸਜ-ਧਜ ਨਾਲ ਇਸ ਸੇਵਾ ਵਿਚ ਜੁਟੇ ਹੋਏ ਕਈ ਸੂਰਮੇ ਤਾਂ ਖੁਦ ਨੂੰ ਵਿਰਸੇ ਦੇ ਵਾਰਿਸ ਹੋਣ ਦਾ ਐਲਾਨ ਵੀ ਕਰਦੇ ਹਨ। ਪੰਜਾਬ ਦੀ ਧਰਤੀ 'ਤੇ ਹੋਏ ਬੀਤੇ ਕਈ 'ਅਪਰੇਸ਼ਨ' ਤਾਂ ਇੱਕ ਹਫਤਾ, ਦੋ ਹਫਤੇ ਜਾਂ ਚਾਰ ਹਫਤੇ ਚੱਲਦੇ ਰਹੇ, ਪ੍ਰੰਤੂ ਉਪਰੋਕਤ ਅਪਰੇਸ਼ਨ ਦਾ ਕੋਈ ਮੂੰਹ ਸਿਰ ਹੀ ਦਿਖਾਈ ਨਹੀਂ ਦੇ ਰਿਹਾ! ਹੁਣ ਤਾਂ ਇਸ ਦੀ ਮਾਰ ਥੱਲੇ ਪੰਜਾਬ ਦੀ 'ਮਾਂ-ਖੇਡ' ਕਬੱਡੀ ਖੇਡਣ ਵਾਲੇ ਖਿਡਾਰੀ ਵੀ ਆ ਗਏ ਹਨ।**

# ਜਾਗਦਿਆਂ ਨੂੰ ਕੱਟੀਆਂ

ਮੋਹਨ ਲਾਲ ਫਿਲੌਰੀਆ

'ਜਾਗਦਿਆਂ ਨੂੰ ਕੱਟੀਆਂ ਤੇ ਸੁੱਤਿਆਂ ਨੂੰ ਕੱਟੇ' ਇਸ ਕਹਾਵਤ ਦੇ ਅਰਥ ਹੁਣ ਬਦਲ ਗਏ ਹਨ, ਨਹੀਂ ਤਾਂ ਇਹ ਕਹਾਵਤ ਬੜੀ ਅਰਥ ਭਰਪੂਰ ਰਹੀ ਹੈ। ਪੇਂਡੂ ਸਮਾਜ ਖੇਤੀ ਨਾਲ ਸਬੰਧਤ ਰਿਹਾ ਹੈ। ਖੇਤੀ ਬਲਦਾਂ ਨਾਲ ਕੀਤੀ ਜਾਂਦੀ ਸੀ। ਗਾਂ ਉਹ ਚੰਗੀ ਮੰਨੀ ਜਾਂਦੀ ਸੀ ਜਿਹੜੀ ਵੱਛਾ ਦਿੰਦੀ ਸੀ ਤੇ ਮੱਝ ਉਹ ਚੰਗੀ ਮੰਨੀ ਜਾਂਦੀ ਸੀ, ਜਿਹੜੀ ਕੱਟੀ ਦੇਵੇ। ਕੱਟੀ ਵੱਡੀ ਹੋ ਕੇ ਮੱਝ ਬਣ ਕੇ ਦੁੱਧ ਦੇਵੇ। ਦੁੱਧ ਅੱਜ ਕੱਲ੍ਹ ਵੀਹ ਰੁਪਏ ਤੋਂ ਉਪਰ ਹੈ। ਦੁੱਧ ਦਾ ਵਪਾਰ ਹੋ ਰਿਹਾ ਹੈ ਤੇ ਵਪਾਰ ਕਰਕੇ ਪੈਸਾ ਕਮਾਇਆ ਜਾ ਰਿਹਾ ਹੈ ਤੇ ਜਿਸ ਕੋਲ ਪੈਸਾ ਹੈ ਉਹ ਹੀ ਮਹਾਨ ਹੈ।

ਕੱਟੀਆਂ ਦੀ ਅਹਿਮੀਅਤ ਬਹੁਤ ਵਧ ਗਈ ਹੈ, ਇਸੇ ਕਰਕੇ ਪਿਛਲੇ ਦਿਨੀਂ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਨੇ ਇਕ ਬਿਆਨ ਦਿੱਤਾ ਹੈ ਕਿ ਪੰਜਾਬ ਸਰਕਾਰ ਹੁਣ ਪੰਜਾਬ ਦੇ ਦਲਿਤਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਕੱਟੀਆਂ ਖਰੀਦ ਕੇ ਦੇਵੇਗੀ ਤਾਂ ਜੋ ਇਨ੍ਹਾਂ ਕੱਟੀਆਂ ਨੂੰ ਵਿਕਸਤ ਕਰਕੇ ਮੱਝਾਂ ਬਣਾ ਕੇ ਦੁੱਧ ਦੇ ਕਾਰੋਬਾਰ ਨਾਲ ਜੁੜ ਕੇ ਆਪਣਾ ਆਰਥਿਕ ਪੱਧਰ ਉੱਚਾ ਚੁੱਕ ਸਕਣ। ਮੰਤਰੀ ਦੇ ਬਿਆਨ 'ਤੇ ਕੋਈ ਸ਼ੰਕਾ ਨਹੀਂ ਹੈ। ਹਰ ਵਿਭਾਗ ਸਮੇਂ-ਸਮੇਂ 'ਤੇ ਦਲਿਤਾਂ ਦੇ ਵਿਕਾਸ ਦੀ ਗੱਲ ਕਰਦਾ ਹੈ ਅਤੇ ਬਿਆਨਬਾਜ਼ੀ ਚਲਦੀ ਰਹਿੰਦੀ ਹੈ। ਦਲਿਤਾਂ ਤੇ ਬੇਜ਼ਮੀਨੇ ਮਜ਼ਦੂਰਾਂ ਦੀ ਹਾਲਤ ਅੱਜ ਵੀ ਤਰਸਯੋਗ ਬਣੀ ਹੋਈ ਹੈ। ਜੇਕਰ ਆਜ਼ਾਦੀ ਤੋਂ ਬਾਅਦ ਦੀ ਗੱਲ ਕਰੀਏ ਤਾਂ ਦਲਿਤ ਸਮਾਜ ਦੇ ਲੋਕ ਜਨਰਲ ਸਮਾਜ ਦੇ ਬਰਾਬਰ ਨਹੀਂ ਆ ਸਕੇ ਤੇ ਜੇਕਰ ਮੁੱਠੀ ਭਰ ਲੋਕ ਉਠੇ ਵੀ ਹਨ ਤਾਂ ਜਨਰਲ ਸਮਾਜ ਨੇ ਉਨ੍ਹਾਂ ਮੁੱਠੀ ਭਰ ਲੋਕਾਂ ਨੂੰ "ਕਰੀਮੀ ਲੇਅਰ" ਦਾ ਦਰਜਾ ਤਾਂ ਦਿੱਤਾ ਹੈ, ਪਰ ਉਹ ਆਮ ਸਮਾਜ ਜਨਰਲ ਵਰਗ ਦਾ ਹਿੱਸਾ ਨਹੀਂ ਸਮਝੇ ਜਾਂਦੇ। ਨਤੀਜੇ ਵਜੋਂ ਫਰਕ, ਵਿਤਕਰਾ, ਨਫਰਤ, ਈਰਖਾ ਦੇ ਕਾਰਨ ਸਮਾਜ ਅੱਗੇ ਵਧਣ ਦੀ ਥਾਂ ਪਿੱਛੇ ਜਾ ਰਿਹਾ ਹੈ।

ਉਚੇਰੀ ਸਿੱਖਿਆ ਅੱਜ ਵੀ ਦਲਿਤਾਂ ਤੋਂ ਕੋਹਾਂ ਦੂਰ ਹੈ। ਕਿੱਤਾ ਮੁੱਖੀ ਕੋਰਸ ਖਾਸ ਕਰਕੇ ਦਲਿਤਾਂ ਦੀ ਪਹੁੰਚ ਤੋਂ ਬਾਹਰ ਹਨ। ਪੀ.ਐਚ.ਡੀ., ਐਮ.ਫਿਲ., ਐਮ.ਐੱਡ ਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਲਿਤਾਂ ਦੇ ਬੱਚਿਆਂ ਦੀ ਗਿਣਤੀ ਨਾ-ਮਾਤਰ ਹੈ। ਕਹਾਵਤ ਤਾਂ ਜਾਗਦਿਆਂ ਨੂੰ ਕੱਟੀਆਂ ਦੇਣ ਦੀ ਹੈ ਅਤੇ ਮੰਤਰੀ ਜੀ ਨੇ ਦਲਿਤਾਂ ਨੂੰ ਕੱਟੀਆਂ ਦੇਣ ਦੀ ਗੱਲ ਕੀਤੀ ਹੈ।

ਕੱਟੀਆਂ ਪਾਲਣ ਦਾ ਕੰਮ ਸੌਖਾ ਨਹੀਂ। ਬੇਜ਼ਮੀਨੇ ਤੇ ਦਲਿਤ ਕੱਟੀਆਂ ਲਈ ਚਾਰਾ ਕਿਥੋਂ ਲਿਆਉਣਗੇ? ਇਕ ਕੱਟੀ ਘਾਹ ਖਾਏਗੀ ਜਾਂ ਹੋਰ ਹਰਾ ਚਾਰਾ ਤੂੜੀ, ਜੋ ਕਿ ਬਹੁਤ ਮਹਿੰਗੇ ਹਨ। ਇਕ ਕੱਟੀ ਤਿੰਨ ਚਾਰ ਸਾਲ ਬਾਅਦ ਮੱਝ ਬਣ ਕੇ ਦੁੱਧ ਦੇਣ ਦੇ ਯੋਗ ਹੋਵੇਗੀ। ਰੱਬ ਨਾ ਕਰੇ ਕਦੋਂ ਬਿਮਾਰ ਹੋ ਜਾਵੇ, ਡੰਗਰਾਂ ਦੇ ਡਾਕਟਰ ਕੋਲੋਂ ਇਲਾਜ ਸੌਖਾ ਨਹੀਂ। ਪਸ਼ੂ ਪਾਲਣ ਵਾਲਾ ਵਿਅਕਤੀ ਪਸ਼ੂ ਨਾਲ ਪਸ਼ੂ ਬਣਿਆ ਰਹੇਗਾ। ਸਾਰਾ ਟੱਬਰ ਬੰਨ੍ਹਿਆ ਰਹਿੰਦਾ ਹੈ। ਬੱਚੇ ਪੜ੍ਹਨ ਨਹੀਂ ਜਾਂਦੇ। ਜ਼ਾਹਿਰ ਹੈ ਜਿਹੜੇ ਬੱਚੇ ਪਸ਼ੂਆਂ ਦੀ ਸੇਵਾ ਕਰਦੇ ਹਨ, ਉਹ ਸਕੂਲਾਂ ਤੋਂ ਦੂਰ ਚਲੇ ਜਾਂਦੇ ਹਨ। ਪੜ੍ਹਾਈ ਛੱਡ ਜਾਂਦੇ ਹਨ। ਕੱਟੀਆਂ ਦੀ ਮਹੱਤਤਾ ਨੂੰ ਦੇਖਦੇ ਹੋਏ ਸਾਨੂੰ ਕੱਟੀਆਂ ਬਾਰੇ ਵਿਚਾਰ ਕਰਨਾ ਪਵੇਗਾ। ਪੰਜਾਬੀ ਦੀ ਪੁਸਤਕ ਵਿਚ ੳ-ਅ-ੲ ਪੜ੍ਹੀਏ ਤਾਂ 'ਕ' ਤੋਂ ਕਾਂ ਹੀ ਪੜ੍ਹਦੇ ਆਏ ਹਾਂ। ਕਾਂ ਨੂੰ ਨਹਿਸ਼ ਮੰਨਿਆ ਜਾਂਦਾ ਹੈ। ਕੱਟੀ ਹੋਵੇ ਤਾਂ ਠੀਕ ਰਹੇਗਾ, ਪਰ ਇਧਰੋਂ ਕਿਤਿਓਂ ਆਵਾਜ਼ ਆਈ ਹੈ 'ਕ' ਤੋਂ ਕੰਪਿਊਟਰ ਵੀ ਬਣਦਾ ਹੈ। ਜੇਕਰ ਦਲਿਤਾਂ ਨੂੰ ਅਤੇ ਬੇਜ਼ਮੀਨਿਆਂ ਨੂੰ ਕੰਪਿਊਟਰ ਦਿੱਤੇ ਜਾਣ ਤਾਂ ਉਹ ਕਿਵੇਂ ਰਹੇਗਾ? ਪਰ ਦਲਿਤਾਂ ਨੂੰ ਕੰਪਿਊਟਰ ਤਾਂ ਸਿੱਖਿਆ ਮੰਤਰੀ ਹੀ ਦੇ ਸਕਦੇ ਹਨ, ਉਹ ਵੀ ਜੇਕਰ ਚਾਹੁੰਣ ਤਾਂ। ਕੰਪਿਊਟਰ ਲਈ ਬੰਦਾ ਪੜ੍ਹਿਆ ਹੋਣਾ ਚਾਹੀਦਾ ਹੈ। ਕੱਟੀ ਲੈਣ ਲਈ ਵੀ ਬੰਦਾ ਜਾਗਦਾ ਹੋਣਾ ਚਾਹੀਦਾ ਹੈ।

ਦਲਿਤ ਨੇ ਚਾਹੇ ਕੱਟੀ ਲੈਣੀ ਹੈ ਚਾਹੇ ਕੰਪਿਊਟਰ, ਉਸ ਦਾ ਜਾਗਣਾ ਬਹੁਤ ਜ਼ਰੂਰੀ ਹੈ। ਸੁੱਤਿਆਂ ਨੂੰ ਹੁਣ ਕੱਟਾ ਵੀ ਨਹੀਂ ਮਿਲਣਾ। ਟੀ.ਵੀ. 'ਤੇ ਅੱਜ ਕੱਲ੍ਹ ਇਕ ਇਸ਼ਤਿਹਾਰ ਆਉਂਦਾ ਹੈ 'ਜਾਗੋ ਗ੍ਰਾਹਕ ਜਾਗੋ।' ਇਹ ਇਸ਼ਤਿਹਾਰ ਤਾਂ ਹੁਣ ਆਉਣ ਲੱਗਾ ਹੈ। ਇਸ ਤੋਂ ਪਹਿਲਾਂ ਵੀ 'ਜਾਗੋ' ਦਾ ਨਾਅਰਾ ਲਾਇਆ ਜਾਂਦਾ ਹੈ। ਵਿਆਹ ਸ਼ਾਦੀ ਕਿਸੇ ਦੇ ਹੋਵੇ, ਬੋਲੀ ਪਾਈ ਜਾਂਦੀ ਹੈ "ਜੱਟਾ ਜਾਗ ਬਈ ਹੁਣ ਜਾਗੋ ਆਈ ਆ।'' ਦੇਖਿਆ ਜਾਵੇ ਤਾਂ ਦੇਸ਼ ਦਾ ਦਲਿਤ ਵੀ ਜੱਟ ਨੂੰ ਹੀ ਜਗਾਉਂਦਾ ਰਿਹਾ। ਜੇਕਰ ਦੇਣਾ ਹੀ ਹੈ ਤਾਂ ਮੱਝ ਦਿਓ ਜਿਹੜੀ ਦੁੱਧ ਦੇਵੇ ਤੇ ਸਾਰਾ ਟੱਬਰ ਪੀਵੇ-ਖਾਵੇ। ਦੇਣਾ ਹੀ ਹੈ ਤਾਂ ਕੰਪਿਊਟਰ ਦਿਓ। ਕੰਪਿਊਟਰ ਵੀ 'ਕ' ਤੋਂ ਬਣਦਾ ਹੈ। ਵੈਸੇ ਤਾਂ 'ਕ' ਤੋਂ ਕਲਮ, 'ਕ' ਤੋਂ ਕੋਰਸ, 'ਕ' ਤੋਂ ਕੰਮ, 'ਕ' ਤੋਂ ਕਿਰਤ ਸਭ 'ਕ' ਦੀ ਕਰਾਮਾਤ ਹੈ। ਵੈਸੇ 'ਕ' ਤੋਂ ਕੋਠੀ, 'ਕ' ਤੋਂ ਕਾਰ ਵੀ ਬਣਦਾ ਹੈ। ਪਰ 'ਕ' ਕੱਟੀਆਂ ਸ਼ਾਇਦ ਦਲਿਤਾਂ ਦਾ ਕੁਝ ਸਵਾਰ ਸਕਣ। ਉਂਜ ਕਦੀ ਦਲਿਤਾਂ ਲਈ ਪੰਜ ਏਕੜ ਜ਼ਮੀਨ ਤੇ ਕਦੀ ਪੰਜ ਮਰਲੇ ਦੇ ਪਲਾਟਾਂ ਦੇ ਲਾਰੇ ਲੱਪੇ ਚਲਦੇ ਹੀ ਰਹਿੰਦੇ ਹਨ। ਸ਼ਗਨ ਸਕੀਮਾਂ ਤੋਂ ਬਾਅਦ ਆਟਾ ਦਾਲ ਸਕੀਮ ਤੇ ਹੁਣ ਕੱਟੀਆਂ, ਪਰ ਹੁਣ ਤਾਂ ਕੰਪਿਊਟਰ ਪਾਲਣ ਦਾ ਸਮਾਂ ਹੈ ਕੱਟੀਆਂ ਪਾਲਣ ਦਾ ਨਹੀਂ? ਦਲਿਤ ਅਜੇ ਕੰਪਿਊਟਰ ਦੇ ਨਜ਼ਦੀਕ ਵੀ ਨਹੀਂ ਗਏ।

# ਅਖੇ ਆਂਟੀ ਕਈ ਥਾਈਂ ਜਾਣਾ ਵਰਤ ਖੁਲ੍ਹਵਾਉਣ !

## ਰੰਗ ’ਚ ਭੰਗ

**-ਸੁਰਿੰਦਰ ਅਤੈ ਸਿੰਘ**

ਕਹਿਣ ਨੂੰ ਅਸੀਂ ਇੱਕਵੀਂ ਸਦੀ ‘ਚ ਜੀਅ ਰਹੇ ਆਂ। ਵਿਦਿਅਕ ਅਦਾਰਿਆਂ ‘ਚ ਸੀਟਾਂ ਘੱਟ ਨੇ ਤੇ ਉਮੀਦਵਾਰ ਜ਼ਿਆਦਾ। ਨੋਟਾਂ ਦੇ ਬਰੀਫਕੇਸ ਭਰ ਕੇ ਦੇਣੇ, ਚਾਹੋ ਤਾਂ ਵੀ ਦਾਖਲਾ ਨਹੀਂ ਮਿਲਦਾ। ਜਿਹੜੇ ਪੜ੍ਹ ਗਏ, ਉਹ ਲੱਖਾਂ ਦੇ ਪੈਕੇਜ ਲੈ ਰਹੇ ਨੇ। ਵੱਡੀਆਂ ਵਿਦੇਸ਼ੀ ਕੰਪਨੀਆਂ ‘ਚ ਕੰਮ ਕਰਦੇ ਮੁੰਡੇ ਕੁੜੀਆਂ ਜ਼ਿੰਦਗੀ ਜੀਅ ਵੀ ਰਹੇ ਨੇ ਤੇ ਕਈ ਮਾਣ ਵੀ ਰਹੇ ਨੇ। ਪਰ ਸੋਚ ਤੇ ਨਜ਼ਰੀਆ ਵੀਹਵੀਂ ਸਦੀ ਤਾਂ ਛੱਡੋ, ਸਤਾਰਵੀਂ ਸਦੀ ਵਾਲਾ ਹੈ। ਕੱਲ੍ਹ ਹੀ ਸੈਰ ਕਰਦਿਆਂ ਦੋ ਜੁਆਨ ਕੁੜੀਆਂ ਨੂੰ ਕਰਵਾ-ਚੌਥ ਬਾਰੇ ਸਲਾਹ ਕਰਦਿਆਂ ਸੁਣਿਆ। ਹੈਰਾਨੀ ਹੋਈ। ਮਸਾਂ ਇਨ੍ਹਾਂ ਰੂੜੀਆਂ ਤੋਂ ਨਿਕਲ ਰਹੇ ਸਾਂ, ਫਿਰ ਉਹੋ ਕੁਝ ਹੋ ਰਿਹਾ ਹੈ, ਜੋ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ‘ਚ ਹੋ ਰਿਹਾ ਸੀ। ਸਮਾਜ ‘ਚ ਚੱਲ ਰਹੇ ਰੀਤੀ-ਰਿਵਾਜ਼ ਸਮੇਂ ਨਾਲ ਵੇਲਾ ਵਿਹਾ ਜਾਂਦੇ ਨੇ। ਬੜਾ ਕੁਝ ਸਮੇਂ ਦੇ ਨਾਲ ਨਵਾਂ ਅਪਣਾਉਣਾ ਪੈਂਦਾ ਹੈ। ਪੁਰਾਣਾ ਸਾਰਾ ਕੁਝ ਨਿੰਦਣ ਜਾਂ ਤਿਆਗਣ ਵਾਲਾ ਨਹੀਂ। ਪਰ ਕਿੰਨਾ ਕੁਝ ਵੇਲੇ ਦੇ ਨਾਲ ਬਦਲਣ ਵਾਲਾ ਹੋ ਜਾਂਦਾ ਹੈ। ਕਦੇ ਜੰਞਾਂ ਚਾਰ ਚਾਰ ਦਿਨ ਰਾਤ ਰੱਖੀਆਂ ਜਾਂਦੀਆਂ ਸਨ, ਪਰ ਉਦੋਂ ਆਵਾਜਾਈ ਦੇ ਸਾਧਨ ਨਹੀਂ ਸਨ। ਖਾਣ-ਪੀਣ, ਪਹਿਨਣ-ਪਚਰਨ ਤੇ ਲੈਣ ਦੇਣ ਵਿਚ ਸਾਦਗੀ ਸੀ। ਵਿਖਾਵਾ ਤੇ ਚਮਕ ਦਮਕ ਨਹੀਂ ਸੀ। ਆਰਥਿਕ ਹਾਲਾਤ, ਮਹਿੰਗਾਈ, ਵਿਦਿਆ ਦਾ ਪਾਸਾਰ ਤੇ ਸਮਾਜਕ ਚੇਤਨਾ ਨਾਲ ਬਰਾਤਾਂ ਦੀ ਸਾਦਿਹਾੜੀ ਵਾਪਸੀ ਦਾ ਰਿਵਾਜ ਆ ਗਿਆ, ਜੋ ਸਾਰਿਆਂ ਤਬਕਿਆਂ ਨੂੰ ਪ੍ਰਵਾਨ ਸੀ। ਇਹਦੇ ‘ਚ ਪੈਸੇ ਦੀ ਬੱਚਤ ਕੋਈ ਨਾ ਵੀ ਕਰੇ, ਘੱਟੋ-ਘੱਟ ਸਮੇਂ ਦੀ ਬੱਚਤ ਤਾਂ ਹੈ ਈ ਸੀ।

ਪੰਜਾਬ ਵਿਚ ਸਿੰਘ ਸਭਾ ਲਹਿਰ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਲਿਖਤਾਂ, ਇਪਟਾ ਲਹਿਰ, ਸਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਯਤਨਾਂ ਅਤੇ ਸਿੱਖਿਆ ਦੇ ਪਾਸਾਰ ਨਾਲ ਲੋਕ ਕਾਫੀ ਚੇਤੰਨ ਹੋਏ। ਖੱਬੇ-ਪੱਖੀ ਵਿਚਾਰਾਂ ਅਧੀਨ ਵੀ ਬੜਿਆਂ ਪਰਿਵਾਰਾਂ ਨੇ ਦਾਜ ਦੀ ਲਾਹਨਤ ਨੂੰ ਖ਼ਤਮ ਕਰਨ ਵਿਚ ਆਪਣਾ ਹਿੱਸਾ ਪਾਇਆ। ਸਾਡੀ ਪੀੜ੍ਹੀ ਦੀਆਂ ਪੜ੍ਹੀ-ਲਿਖੀਆਂ ਕੁੜੀਆਂ ਨੇ ਵਾਧੂ ਜਿਹੀਆਂ ਰਸਮਾਂ ਤੋਂ ਸਹਿਜੇ ਸਹਿਜੇ ਪਾਸਾ ਵੱਟ ਲਿਆ। ਮਾਪਿਆਂ-ਮਾਮਿਆਂ ਦੀ ਖੁਸ਼ੀ ਲਈ ਥੋੜ੍ਹੀਆਂ ਥੋੜ੍ਹੀਆਂ ਚੂੜੀਆਂ ਪਾ ਕੇ ਸ਼ਗਨ ਕਰ ਲਿਆ। (ਪੂਰੇ ਚੂੜੇ ਦੀ ਥਾਵੇਂ) ਮਹਿੰਦੀ, ਗੋਟੇ ਕਿਨਾਰੇ, ਟਿੱਕਿਆਂ, ਨੱਥਾਂ ਨੂੰ ਪਾਉਣ ਤੋਂ ਨਾਂਹ ਕਰ ਦਿੱਤੀ। ਵੱਡੇ ਵੱਡੇ ਸਗਲੇ ਪਾ ਕੇ ਛਣ ਛਣ ਕਰਨ ਦਾ ਅਹਿਸਾਸ ਹੀ ਹਾਸੋਹੀਣਾ ਲੱਗਣ ਲੱਗ ਪਿਆ। ਐਵੇਂ ਈ ਲਾਲ ਜੁਰਾਬਾਂ ਪਾ ਲੈਣੀਆਂ, ਵਿਆਹ ਵਾਲੀ ਜੋੜੀ ਨੇ। ਹਾੜ੍ਹ ਦਿਆਂ ਵਿਆਹਾਂ ‘ਚ ਕਿੰਨਾ ਔਖਾ ਹੁੰਦਾ ਹੋਵੇਗਾ ਰੰਗਦਾਰ ਜੁਰਾਬਾਂ ਪਾਉਣਾ। ਮੇਰੀ ਸੱਸ ਮਾਂ ਦੇ ਤਾਂ ਕੰਨ ਵੀ ਨਹੀਂ ਵਿੱਧੇ ਹੋਏ। ਸਾਰੀ ਉਮਰ ਕੋਈ ਗਹਿਣਾ ਨਹੀਂ ਪਾਇਆ। ਹਾਲਾਂਕਿ ਖੁਦ ਕਮਾਉਂਦੇ ਸਨ। ਮੇਰਾ ਆਪਣਾ ਕੋਈ ਦਾਜ ਨਹੀਂ, ਕੋਈ ਵਰੀ ਨਹੀਂ ਮਿਲੀ ਪਰ ਕੋਈ ਸ਼ਿਕਵਾ ਨਹੀਂ।



ਹੁਣ ਐਮ.ਬੀ.ਏ. ਪਾਸ, ਇੰਜੀਨੀਅਰ, ਡਾਕਟਰ, ਏਅਰ-ਹੋਸਟੈੱਸ ਅਤੇ ਪ੍ਰੋਫੈਸਰ ਅਧਿਆਪਕ ਕੁੜੀਆਂ ਇਨ੍ਹਾਂ ਨਿਕੰਮੀਆਂ ਰੂੜੀਆਂ ਨੂੰ ਖੁਸ਼ੀ ਖੁਸ਼ੀ ਗਲ ਨਾਲ ਲਾ ਰਹੀਆਂ ਨੇ। ਪੁਰਾਣੀਆਂ ਰਸਮਾਂ ਦੀ ਵਾਪਸੀ ਕਿਸੇ ਦੀ ਨਿੱਜੀ ਪਸੰਦ ਹੋ ਸਕਦੀ ਹੈ, ਪਰ ਇਹ ਤਾਂ ਵਾਧਾ ਕਰ ਰਹੀਆਂ ਹਨ। ਬਾਜ਼ਾਰ ਉਨ੍ਹਾਂ ਨੂੰ ਗੁੰਮਰਾਹ ਕਰ ਰਿਹਾ ਹੈ। ਪਿਛਲੇ ਸਾਲ ਨਿੱਕੀ ਜਿਹੀ ਹੋਈ ਬੀਤੀ ਨੇ ਸੋਚਣ ਲਈ ਮਜਬੂਰ ਕਰ ਦਿੱਤਾ। ਯੂਨੀਵਰਸਿਟੀ ‘ਚ ਫਿਜ਼ਿਕਸ ਡਿਪਾਰਟਮੈਂਟ ‘ਚ ਪ੍ਰੋਫੈਸਰ ਸਹੇਲੀ ਦੀ ਬੇਟੀ ਨੇ ਸ਼ਾਮੀਂ ਸਾਢੇ ਅੱਠ ਵਜੇ ਥੱਕੇ-ਹਾਰੇ ਕਾਲਜ ਪ੍ਰਿੰਸੀਪਲ ਪਿਤਾ (ਜਿਹੜੇ ਕਾਫੀ ਦੂਰ ਰੋਜ਼ਾਨਾ ਅਪ-ਡਾਊਨ ਕਰਦੇ ਹਨ) ਨੂੰ ਉਸੇ ਵੇਲੇ ਆਪਣੇ ਨਾਲ ਸ਼ਹਿਰ ਦੇ ਮੇਨ ਬਾਜ਼ਾਰ ਵਿਚ ਨਾਲ ਜਾਣ ਲਈ ਆਖਿਆ। ਬੇਟੀ ਵੀ ਡਾਕਟਰੀ ਦੇ ਆਖਰੀ ਸਾਲ ‘ਚ ਪੜ੍ਹ ਰਹੀ ਹੈ। ਮਾਂ ਨੇ ਆਖਿਆ ਵੀ ਕਿ ਏਥੇ ਕੈਂਪਸ ਵਿਚ ਵੀ ਦੋ ਤਿਨ ਸਟਾਲ ਲੱਗੇ ਨੇ ਮਹਿੰਦੀ ਦੇ, ਤੂੰ ਉਥੋਂ ਲੁਆ ਲੈ। ਕੁੜੀ ਦਾ ਤਰਕ ਸੀ ਕਿ ਇਹ ਪੈਸੇ ਬਹੁਤ ਜ਼ਿਆਦਾ ਮੰਗ ਰਹੇ ਨੇ, ਤਿੰਨ ਸੌ ਰੁਪਇਆ ਪ੍ਰਤੀ ਹੱਥ। ਮੇਨ ਬਾਜ਼ਾਰ ਕਿਸੇ ਵਾਕਫ ਨੇ ਸਟਾਲ ਲਾਇਆ ਤੇ ਉਹ ਸੌ ਰੁਪਇਆ ਹੀ ਲੈਣਗੇ। ਪਿਤਾ ਆਪਣੀ ਲਾਡਲੀ ਦਾ ਆਖਾ ਮੋੜ ਨਹੀਂ ਸਕਿਆ। ਮੇਨ ਬਾਜ਼ਾਰ ‘ਚ ਮਹਿੰਦੀ ਲੁਆਉਣ ਵਾਲੀਆਂ ਦੀ ਕਤਾਰ ਜ਼ਿਆਦਾ ਲੰਮੀ ਸੀ। ਜਿਹੜੀ ਵਾਕਫ ਸੀ, ਉਹ ਉਥੇ ਹੈ ਨਹੀਂ ਸੀ। ਸੋ ਇਕ ਵਜੇ ਰਾਤ ਤਕ ਭੁੱਖਣ-ਭਾਣਾ ਪਿਤਾ ਧੀ ਕੋਲ ਬੈਠਾ ਰਿਹਾ। ਰੁਪਈਆ ਤਿੰਨ ਸੌ ਹੀ ਲੱਗਿਆ। ਮੈਨੂੰ ਇਸ ਗੱਲ ਨੇ ਸਚਮੁੱਚ ਝੰਜੋੜਿਆ। ਸਿਰਫ ਮਹਿੰਦੀ ਲਈ, ਐਨੀ ਸਜ਼ਾ । ਉਹ ਰਾਤ ਵੀ ਕਰਵਾ ਚੌਥ ਦੀ, ਸੋ ਕਾਲਡ ਪੂਰਵ ਸੰਧਿਆ ਸੀ। ਉਸ ਬੱਚੀ ਨੇ ਵੀ ਵਰਤ ਰੱਖਣਾ ਸੀ। ਅਮਰੀਕਾ ਤੋਂ ਪੜ੍ਹਾਈ ਕਰਕੇ ਆਈ, ਬੇਹੱਦ ਲਾਇਕ ਤੇ ਸਾਦੀ ਉਹਦੀ ਮਾਂ, ਜਿਸ ਦੇ ਕੰਨ ਤੱਕ ਨਹੀਂ ਵਿੰਨ੍ਹੇ ਹੋਏ। ਪਿਤਾ ਵੀ ਉੱਘੇ ਵਿਗਿਆਨੀ।

ਅਗਲੇ ਦਿਨ ਦੀਆਂ ਅਖਬਾਰਾਂ ਵੀ ਕਰਵੇ ਚੌਥ ਦੇ ਸੋਹਲੇ ਗਾ ਰਹੀਆਂ ਸਨ। ਚੰਡੀਗੜ੍ਹ ਦੇ ਕਾਲਜਾਂ ਦੀਆਂ ਕੁੜੀਆਂ ਦੇ ਵਿਚਾਰ ਛਾਪੇ ਹੋਏ। ਨਾਲ ਹੀ ਕੁੜੀਆਂ ਦੀਆਂ ਤਸਵੀਰਾਂ। ਕੁੜੀਆਂ ਦੱਸ ਰਹੀਆਂ ਸਨ ਕਿ ਵਰਤ ਆਪੋ-ਆਪਣੇ ਬੁਆਏ ਫਰੈਂਡ ਲਈ ਰੱਖਿਆ ਹੋਇਆ। ਰਾਤ ਨੂੰ ਉਸੇ ਦਾ ਚਿਹਰਾ ਵੇਖ ਕੇ ਵਰਤ ਖੋਲ੍ਹਣਾ ਹੈ। ਵਿਆਹ ਤੋਂ ਬਾਅਦ ਪਤੀ ਲਈ ਰੱਖ ਲਵਾਂਗੇ। ਉਨ੍ਹਾਂ ਦੇ ਵਿਚਾਰ ਸੁਣ ਕੇ ਮਾਯੂਸੀ ਹੋਈ। ਇਹ ਵਰਤ ਤਾਂ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਲੰਮੀ ਉਮਰ ਦੀ ਆਸ ਨਾਲ ਰੱਖਦੀਆਂ ਨੇ। (ਮੇਰੇ ਤਾਂ ਸਹੁਰਿਆਂ-ਪੇਕਿਆਂ ‘ਚ ਕਦੇ ਕਿਸੇ ਔਰਤ ਨੇ ਰੱਖਿਆ ਹੀ ਨਹੀਂ) ਜਿਹੜੀ ਕੁੜੀ ਦੀ ਕੁੜਮਾਈ (ਮੰਗਣੀ) ਹੋ ਜਾਂਦੀ ਹੈ, ਉਹਦਾ ਵਰਤ ਰੱਖਣਾ ਵੀ ਜਾਇਜ਼ ਮੰਨਿਆ ਜਾ ਸਕਦਾ, ਕੁਝ ਹੱਦ ਤੱਕ। ਪਰ ਬੁਆਏ ਫਰੈਂਡ ਤਾਂ ਅੱਜ ਕੱਲ੍ਹ ਸੱਤਵੀਂ-ਨੌਵੀਂ ‘ਚ ਪੜ੍ਹਦੀਆਂ ਕੁੜੀਆਂ ਦੇ ਵੀ ਹੈਗੇ ਨੇ। ਉਹ ਫਰਾਕਾਂ-ਸਕਰਟਾਂ ਪਾਈ ਮੰਦਰਾਂ ‘ਚ ਥਾਲੀਆਂ ਚੁੱਕੀ ਤੁਰੀਆਂ ਫਿਰਦੀਆਂ। ਉਹੋ ਜਿਹੇ ਮਾਪੇ ਨੇ, ਜਿਹੜੇ ਤਿੜ-ਤਿੜ ਕੇ ਦੱਸਦੇ ਨੇ ਕਿ ਇਹਨੇ ਵੀ ਵਰਤ ਰੱਖਿਆ। ਭਲਿਉ! ਆਪਣੀ ਬਾਲੜੀ ਨੂੰ ਗੁੱਡੀਆਂ-ਪਟੋਲਿਆ ਨਾਲ ਖੇਡਣ ਦਿਉ। ਉਹਦੀ ਇਹ ਉਮਰ ਹੱਸਣ-ਖੇਡਣ, ਰੁੱਸਣ-ਮੰਨਣ ਤੇ ਕੁਝ ਸਿੱਖਣ ਦੀ ਹੈ। ਇਹੋ ਜਿਹੇ ਨਾਟਕਾਂ ਲਈ ਤਾਂ ਸਾਰੀ ਉਮਰ ਪਈ ਹੈ। ਸ਼ਾਮ ਨੂੰ ਟੈਲੀਵੀਜ਼ਨ ‘ਤੇ ਇਹੋ ਹੀ ਭੱਖਵਾਂ ਮਸਲਾ ਕੌਮ ਨੂੰ ਦਰਪੇਸ਼ ਸੀ। ਟੀ.ਵੀ. ਹੋਸਟ ਮਾਰਕੀਟ ‘ਚ ਤੁਰੀਆਂ ਫਿਰ ਰਹੀਆਂ ਸਨ,ਹੱਥਾਂ ਵਿਚ ਮਾਈਕ ਫੜੀ। ਮਾਈਕ ਜਿਹਦੇ ਮਰਜ਼ੀ ਮੂੰਹ ਮੂਹਰੇ ਕਰ ਦੇਂਦੀਆਂ। ਇਕ ਜੁਆਨ ਲੜਕੀ ਬੜੇ ਚੁਲਬੁਲੇ ਅੰਦਾਜ਼ ਵਿਚ ਦੱਸ ਰਹੀ ਸੀ ਕਿ ‘ਸ਼ਾਦੀ ਕੇ ਬਾਅਦ ਯੇਹ ਮੇਰਾ ਪਹਿਲਾ ਵਰਤ ਹੈ। ਮੈਂ ਬਹੁਤ ਐਕਸਾਈਟਿਡ ਹੂੰ। ਯੇਹ ਮੁਝੇ ਡਾਇਮੰਡ ਲੇ ਕੇ ਦੇ ਰਹੇ ਹੈਂ ਔਰ ਏਕ ਮਲੇਸ਼ੀਆ ਕਾ ਟੂਰ ਭੀ।’ ਉਸ ਮਾਡਰਨ ਲੜਕੀ ਨੇ ਬਾਹਾਂ ਤੱਕ ਚੂੜਾ ਪਾਇਆ ਹੋਇਆ ਸੀ। ਮੰਗਲਸੂਤਰ ਵੀ ਪਾਇਆ ਤੇ ਸਿੰਧੂਰ ਵੀ ਲਾਇਆ ਹੋਇਆ। ਡਰੈੱਸ ਉਹਦੀ ਪੱਛਮੀ।

ਕੈਪਰੀ ਤੇ ਟੀ-ਸ਼ਰਟ। ਜੇ ਭਾਰਤੀ ਕਲਚਰ ਨਾਲ ਏਨਾ ਹੀ ਲਗਾਉ ਹੈ ਤਾਂ ਸੂਟ ਸਾੜ੍ਹੀਆਂ ਤੇ ਗੋਟੇ ਕਿਨਾਰੀਆਂ ਤੋਂ ਪਰਹੇਜ਼ ਕਿਉਂ? ਘੱਗਰਾ-ਲਹਿੰਗਾ ਵੀ ਚਲੇਗਾ। ਲੰਮੀਆਂ ਗੁੱਤਾਂ ਤੇ ਜੂੜੇ ਵੀ ਬਹੁਤ ਫੱਬਦੇ ਨੇ। ਕਿਸੇ ਦੂਸਰੇ ਚੈਨਲ ਵਾਲੇ ਕਿਸੇ ਹੋਰ ਕਾਲਜ ਦੀਆਂ ਕੁੜੀਆਂ ਨਾਲ ਗੱਲਬਾਤ ਕਰਦੇ ਵਿਖਾਏ ਜਾ ਰਹੇ ਸਨ। ਕੁੜੀਆਂ ਖਿੜ-ਖਿੜ ਕੇ ਆਪਣੇ ਆਪਣੇ ਬੁਆਏ ਫਰੈਂਡ ਦਾ ਨਾਂ ਵੀ ਦੱਸ ਰਹੀਆਂ ਸਨ। ਹੋਸਟ ਨੇ ਤਾਂ ਇਹ ਸਵਾਲ ਨਹੀਂ ਸੀ ਪੁੱਛਿਆ, ਪਰ ਮੇਰਾ ਜੀਅ ਕਰਦਾ ਸੀ ਪੁੱਛਿਆ ਜਾਵੇ ਕਿ ਇਸ ਬੁਆਏ ਫਰੈਂਡ ਨਾਲ ਕਿੰਨਾ ਕੁ ਚਿਰ ਮਨ ਲੱਗਾ ਰਹੇਗਾ। ਕੀ ਅਗਲੇ ਸਾਲ ਵੀ ਤੁਸੀਂ ਇਸੇ ਲਈ ਵਰਤ ਰੱਖੋਗੇ। ਟੀ.ਵੀ. ਬੰਦ ਕਰਕੇ ਰਸੋਈ ‘ਚ ਵੜੀ ਤਾਂ ਸਹੇਲੀ ਦਾ ਦਸਵੀਂ ‘ਚ ਪੜ੍ਹਦਾ ਪੁੱਤਰ ਆ ਗਿਆ। ਉਹ ਮੇਰੇ ਪੁੱਤਰ ਨੂੰ ਮਿਲਣ ਆਇਆ ਸੀ, ਪਰ ਉਹਦੇ ਘਰ ਨਾ ਹੋਣ ਕਰਕੇ ਖੜ੍ਹੇ ਪੈਰੀ ਮੁੜ ਗਿਆ। ਵਾਜਾਂ ਮਾਰਦੀ ਗੇਟ ਤੱਕ ਮਗਰ ਗਈ। ਮੋਟਰਸਾਈਕਲ ‘ਤੇ ਚੜ੍ਹਦਿਆਂ ਹੌਲੀ ਜਿਹੀ ਦੱਸ ਗਿਆ, ‘ਆਂਟੀ! ਕਈ ਥਾਈਂ ਜਾਣਾ, ਵਰਤ ਖੁਲਵਾਉਣ। ਮੈਨੂੰ ਉਡੀਕੀ ਜਾਂਦੀਆਂ ਕਈ ਜਣੀਆਂ। ਇਹੋ ਜਿਹੇ ਤਾਂ ਲੱਛਣ ਨੇ ਇਸ ਪੀੜ੍ਹੀ ਦੇ। ਕੁੜੀਆਂ ਵੀ ਕੋਈ ਘੱਟ ਨਹੀਂ। ਸਰਘੀ ਵੇਲੇ ਕਿਸੇ ਹੋਰ ਦਾ ਮੂੰਹ ਚਿਤਵਣਗੀਆਂ ਤੇ ਤਿਕਾਲਾਂ ਨੂੰ ਚੰਦਰਮਾ ਚੜ੍ਹੇ ਤੋਂ, ਛਾਣਨੀ ‘ਚ ਕਿਸੇ ਹੋਰ ਦਾ ਮੂੰਹ ਵੇਖਣਗੀਆਂ।


ੴ ਸਤਿਗੁਰ ਪ੍ਰਸਾਦਿ

ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਪਾਏ ਪੂਰਨਿਆਂ ’ਤੇ ਚੱਲਦਿਆਂ ਸਿੱਖ ਕੌਮ ਲਈ ਜਾਨਾਂ ਕੁਰਬਾਨ ਕਰਨ ਵਾਲੇ
ਮਹਾਨ ਸ਼ਹੀਦਾਂ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਯਾਦ ਵਿਚ

# ਮਹਾਨ ਸ਼ਹੀਦੀ ਸਮਾਗਮ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ॥



ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ (ਡਿਟਰਾਇਟ) ਦੀ ਇਮਾਰਤ

**ਪ੍ਰੋਗਰਾਮ**

18 ਅਕਤੂਬਰ, 2009 (ਐਤਵਾਰ)
ਸਵੇਰੇ 8:00 ਵਜੇ
ਸਹਿਜ ਪਾਠ ਦਾ ਭੋਗ
10:00 ਤੋਂ 12:00 ਵਜੇ ਤੱਕ
ਦੀਵਾਨ ਸਜੇਗਾ।
ਹਜ਼ੂਰੀ ਰਾਗੀ ਭਾਈ ਸੁਰਜੀਤ ਸਿੰਘ
ਕੀਰਤਨ ਕਰਨਗੇ।
12:00 ਤੋਂ 12:30 ਵਜੇ ਤੱਕ
ਤਕਰੀਰਾਂ ਹੋਣਗੀਆਂ



ਸਿੱਖ ਕੌਮ ਦੇ ਅਜੋਕੇ ਯੁੱਗ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ ਸ਼ਹੀਦੀ ਦਿਹਾੜਾ ਮਿਸ਼ੀਗਨ ਦੀਆਂ ਸਮੂਹ ਸੰਗਤਾਂ ਵਲੋਂ ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ ਵਿਖੇ ਉਪਰੋਕਤ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਆਓ ਸਾਰੇ ਰਲ ਕੇ ਇਨ੍ਹਾਂ ਮਹਾਨ ਸ਼ਹੀਦਾਂ ਦੀ ਸ਼ਹਾਦਤ ਨੂੰ ਸਲਾਮ ਕਰੀਏ।

**ਸਥਾਨ:ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ**

**3310 S. Canton Center Road, Canton. MI-48188, Ph. #. 734-397-7281**

# ਨਾਟਕ 'ਮਿਟੀ ਧੁੰਧ ਜਗਿ ਚਾਨਣੁ ਹੋਆ' ਦੀ ਸ਼ਿਕਾਗੋ 'ਚ ਪਲੇਠੀ ਪੇਸ਼ਕਾਰੀ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਨਿਰਦੇਸ਼ਕ ਹਰਬੰਸ ਸਿੰਘ ਲਾਟਾ ਦੇ ਤਿਆਰ ਕੀਤੇ ਨਾਟਕ 'ਮਿਟੀ ਧੁੰਧ ਜਗਿ ਚਾਨਣੁ ਹੋਆ' ਦਾ ਇਥੇ ਨਵਰਾਜ ਕੌਰ ਪ੍ਰੋਡਕਸ਼ਨ ਇੰਕ ਦੀ ਮੇਜ਼ਬਾਨੀ ਹੇਠ ਵਰਲਡ ਪ੍ਰੀਮੀਅਰ ਕੀਤਾ ਗਿਆ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ 'ਤੇ ਆਧਾਰਤ ਇਹ ਨਾਟਕ ਸ਼ਿਕਾਗੋ ਉਪਰੰਤ ਅਮਰੀਕਾ, ਕੈਨੇਡਾ ਅਤੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿਚ ਖੇਡਿਆ ਜਾਵੇਗਾ। ਨਾਟਕ ਮੂਲ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ 'ਤੇ ਆਧਾਰਤ ਹੈ ਅਤੇ ਇਸ ਨੂੰ ਪੇਸ਼ ਕਰਨ ਲਈ ਸਜੀਵ ਪਾਤਰਾਂ ਦੇ ਨਾਲ ਨਾਲ ਬਾਰਾਂ ਫੁੱਟ ਦੀ ਇਕ ਫਿਲਮੀ ਸਕਰੀਨ ਦੀ ਵੀ ਵਰਤੋਂ ਕੀਤੀ ਗਈ ਹੈ। ਇਸੇ ਕਰਕੇ ਇਸ ਨੂੰ ਸਾਈਟ ਐਂਡ ਸਾਊਂਡ ਸ਼ੋਅ ਦਾ ਨਾਂ ਦਿੱਤਾ ਗਿਆ ਹੈ।

ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਉਘੇ ਸਿੱਖਿਆ ਸਾਸ਼ਤਰੀ, ਲਾਇਬਰੇਰੀਅਨ ਅਤੇ ਸਿੱਖ ਵਿਦਵਾਨ ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ ਉਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਦੇ ਸਭ ਧਰਮਾਂ ਦੇ ਮਹਾਨ ਪੁਰਖਾਂ ਵਿਚ ਗੁਰੂ ਨਾਨਕ ਹੀ ਇਕ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੇ ਆਪਣੇ ਸਮਿਆਂ ਵਿਚ ਚਾਰ ਉਦਾਸੀਆਂ ਰਾਹੀਂ ਇੱਡੀ ਵੱਡੀ ਯਾਤਰਾ ਕੀਤੀ।

ਨਾਟਕ ਵਿਚ ਬਹੁਤਾ ਜ਼ੋਰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਵੇਲੇ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਉਤੇ ਦਿੱਤਾ ਗਿਆ ਸੀ ਅਤੇ ਅਜਿਹਾ ਕਰਦਿਆਂ ਜਨਮ-ਸਾਖੀਆਂ ਵਿਚਲੀਆਂ ਕਰਾਮਾਤਾਂ ਨੂੰ ਵੀ ਉਵੇਂ ਹੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਨਾਟਕ ਦੀ ਸਮਾਪਤੀ ਵੀ ਅਚਾਨਕ ਹੀ ਕਰ ਦਿੱਤੀ ਗਈ। ਇਸ ਵਿਚ ਗੁਰੂ ਸਾਹਿਬ ਦੇ ਜੀਵਨ ਦੀ ਮੱਕੇ ਮਦੀਨੇ ਯਾਤਰਾ, ਬਗਦਾਦ ਫੇਰੀ, ਬਾਬਰ ਦੇ ਹਮਲੇ ਅਤੇ ਇਥੋਂ ਤੱਕ ਕੇ ਗੁਰੂ ਨਾਨਕ ਸਾਹਿਬ ਦੇ ਕਰਤਾਰਪੁਰ ਸਾਹਿਬ ਆ ਕੇ ਟਿਕਣ ਦੇ ਸਮੇਂ ਨੂੰ ਵੀ ਪੇਸ਼ ਨਹੀਂ ਕੀਤਾ ਗਿਆ ਜਿਥੇ ਕਿ ਉਨ੍ਹਾਂ ਨੇ ਆਪਣੀ ਉਮਰ ਦੇ ਸਤਾਰਾਂ ਸਾਲ ਗੁਜ਼ਾਰੇ ਅਤੇ ਭਾਈ ਲਹਿਣਾ ਨੂੰ ਗੁਰੂ ਅੰਗਦ ਦੇਵ ਬਣਾ ਕੇ ਗੁਰਗੱਦੀ ਦਿੱਤੀ। ਉਂਜ ਸਮੁੱਚੇ ਤੌਰ 'ਤੇ ਨਾਟਕ ਹਾਜ਼ਰ ਦਰਸ਼ਕਾਂ ਨੂੰ ਕੀਲ ਕੇ ਰੱਖਣ ਵਿਚ ਕਾਮਯਾਬ ਰਿਹਾ। ਨਾਟਕ ਦੀ ਸਾਰੀ ਵਾਰਤਾਲਾਪ ਸਕਰੀਨ ਉਤੇ ਅੰਗਰੇਜ਼ੀ ਸਬ ਟਾਈਟਲਾਂ ਵਿਚ ਪੇਸ਼ ਕੀਤੇ ਜਾਣ ਦਾ ਉਨ੍ਹਾਂ ਦਰਸ਼ਕਾਂ ਨੂੰ ਖਾਸ ਲਾਭ ਹੋਇਆ ਜਿਨ੍ਹਾਂ ਨੂੰ ਪੰਜਾਬੀ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ। ਨਾਟਕ ਵਿਚ ਵੇਸ਼ਭੂਸਾ ਸ੍ਰੀਮਤੀ ਪਰਮਜੀਤ ਕੌਰ ਲਾਟਾ ਦੀ ਸੀ ਜਦੋਂਕਿ ਅਦਾਕਾਰਾਂ ਵਿਚ ਸਤਪਾਲ ਸਿੰਘ ਅਤੇ ਉਮੇਸ਼ ਕੁਮਾਰ ਚੰਡੀਗੜ੍ਹ ਤੋਂ ਸਨ। ਦੋ ਸਥਾਨਕ ਕਲਾਕਾਰ ਚਰਨਜੀਤ ਸਿੰਘ (ਰੇਡੀਓ ਪ੍ਰੋਗਰਾਮ ਦੇਸੀ ਜੰਕਸ਼ਨ ਦਾ ਹੋਸਟ) ਅਤੇ ਸੁਖਰਾਜ ਸਿੰਘ ਬਸਾਤੀ ਵੀ ਨਾਟਕ ਵਿਚ ਲਏ ਗਏ ਸਨ।



ਨਾਟਕ ਦੇ ਸ਼ੁਰੂ ਵਿਚ ਨਵਰਾਜ ਕੌਰ ਬਾਸਤੀ ਨੇ ਆਏ ਦਰਸ਼ਕਾਂ ਨੂੰ ਜੀ ਆਇਆਂ ਆਖਿਆ। ਅਖੀਰ ਵਿਚ ਸ੍ਰੀ ਠਾਕੁਰ ਸਿੰਘ ਬਾਸਤੀ ਨੇ ਆਏ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਰਮਦੇਵ, ਸ੍ਰੀਮਤੀ ਰਾਜਿੰਦਰ ਕੌਰ ਬਸਾਤੀ, ਦੇਸੀ ਜੰਕਸ਼ਨ ਦੇ ਜਸਵਿੰਦਰ ਪਰਮਾਰ ਅਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਰੋਨੀ ਕੁਲਾਰ ਨੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਦੇਣ ਵਿਚ ਹੱਥ ਵਟਾਇਆ। ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਗ੍ਰੰਥੀ ਭਾਈ ਮਹਿੰਦਰ ਸਿੰਘ ਇਸ ਸ਼ੋਅ ਦੇ ਮੁੱਖ ਮਹਿਮਾਨ ਸਨ।

## ਨਾਮੀ ਕਬੱਡੀ ਖਿਡਾਰੀ ਦੇਵ ਅੱਟੇ ਵਾਲੇ ਦਾ ਦਿਹਾਂਤ

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਆਪਣੇ ਜ਼ਮਾਨੇ ਦੇ ਨਾਮੀ ਕਬੱਡੀ ਖਿਡਾਰੀ ਗੁਰਦੇਵ ਸਿੰਘ ਅੱਟਾ (ਦੇਵ ਅੱਟੇ ਵਾਲਾ) ਦਾ ਸੰਖੇਪ ਜਿਹੀ ਬਿਮਾਰੀ ਉਪਰੰਤ ਪਿਛਲੇ ਦਿਨੀਂ ਦਿਹਾਂਤ ਹੋ ਗਿਆ। ਉਹ 74 ਸਾਲਾਂ ਦੇ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਦੇਵ ਅੱਟੇ ਵਾਲੇ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਅੱਟਾ ਨੇੜੇ ਗੋਰਾਇਆ ਵਿਚ ਕਰ ਦਿੱਤਾ ਗਿਆ।

## ਹੁਣ ਕੈਨੇਡਾ ਸਰਕਾਰ ਵੀ ਸਿੱਖ ਕਿਰਪਾਨ ਬਾਰੇ ਨੀਤੀ ਨੂੰ ਰਵਿਊ ਕਰਨ ਲੱਗੀ

**ਚੰਡੀਗੜ੍ਹ :** ਕੈਨੇਡਾ ਵਿਚ ਭਾਵੇਂ ਸਿੱਖਾਂ ਦੀ ਕਾਫ਼ੀ ਆਬਾਦੀ ਵਸਦੀ ਹੈ ਪਰ ਫਿਰ ਵੀ ਉਥੋਂ ਦੇ ਪ੍ਰਸ਼ਾਸਨ ਨੂੰ ਸਿੱਖਾਂ ਲਈ ਕਿਰਪਾਨ ਦੀ ਧਾਰਮਕ ਮਹੱਤਤਾ ਬਾਰੇ ਜਾਣਕਾਰੀ ਨਹੀਂ ਹੈ। ਅਜਿਹੀ ਹੀ ਇਕ ਘਟਨਾ ਕੈਨੇਡਾ ਸਰਕਾਰ ਲਈ ਨਮੋਸ਼ੀ ਦਾ ਸਬੱਬ ਬਣੀ। ਕੈਲਗਰੀ ਸ਼ਹਿਰ ਵਿਚ ਲੰਘੀ 4 ਅਕਤੂਬਰ ਨੂੰ ਗੁਰਦਾਸ ਮਾਨ ਦਾ ਸ਼ੋਅ ਕਰਵਾਉਣ ਵਾਲੇ ਪ੍ਰਮੋਟਰ ਨਿਰਮਲ ਸਿੰਘ ਧਾਲੀਵਾਲ ਸਣੇ ਹੋਰਨਾਂ ਸਿੱਖਾਂ ਨੂੰ ਸਿਰਫ਼ ਇਸ ਲਈ ਕਨਵੈਨਸ਼ਨ ਸੈਂਟਰ ਵਿਚ ਦਾਖ਼ਲ ਹੋਣ ਤੋਂ ਰੋਕ ਦਿਤਾ ਗਿਆ ਕਿਉਂਕਿ ਉਨ੍ਹਾਂ ਨੇ ਕ੍ਰਿਪਾਨ ਪਹਿਨੀ ਹੋਈ ਸੀ ਜਿਸ ਕਾਰਨ ਸਿੱਖਾਂ ਵਿਚ ਰੋਸ ਦੀ ਲਹਿਰ ਚਲ ਪਈ ਹੈ। ਸਿੱਖਾਂ ਦੇ ਰੋਸ ਨੂੰ ਵੇਖਦਿਆਂ ਕਨਵੈਨਸ਼ਨ ਸੈਂਟਰ ਨੇ ਗੁਰਦਾਸ ਮਾਨ ਦੇ ਉਸ ਸ਼ੋਅ ਨੂੰ ਰੱਦ ਕਰ ਦਿੱਤਾ ਅਤੇ ਭੀੜ ਨੂੰ ਖਿੰਡਾਉਣ ਲਈ ਪੁਲਿਸ ਸੱਦਣੀ ਪਈ। ਇਸ ਘਟਨਾ ਤੋਂ ਬਾਅਦ ਕੈਨੇਡਾ ਸਰਕਾਰ ਨੇ ਸਿੱਖਾਂ ਵਲੋਂ ਧਾਰਨ ਕੀਤੀ ਜਾਣ ਵਾਲੀ ਕਿਰਪਾਨ ਬਾਰੇ ਨੀਤੀ ਨੂੰ ਮੁੜ ਤੋਂ ਘੋਖਣ ਦਾ ਫ਼ੈਸਲਾ ਕੀਤਾ ਹੈ। ਵੈਨਕੂਵਰ ਦੇ ਰਹਿਣ ਵਾਲੇ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਕਨਵੈਨਸ਼ਨ ਸੈਂਟਰ ਵਿਰੁਧ ਕਾਨੂੰਨੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਹੇ ਹਨ।

ਕਨਵੈਨਸ਼ਨ ਸੈਂਟਰ ਦੇ ਬੁਲਾਰੇ ਨੇ ਕਿਹਾ ਕਿ ਸੁਰੱਖਿਆ ਸਟਾਫ਼ ਨੇ 12 ਸੈਂਟੀਮੀਟਰ ਤਕ ਲੰਬੀਆਂ ਕਿਰਪਾਨਾਂ ਨੂੰ ਹਥਿਆਰ ਮੰਨ ਕੇ ਉਨ੍ਹਾਂ ਵਿਅਕਤੀਆਂ ਨੂੰ ਅੰਦਰ ਜਾਣ ਤੋਂ ਰੋਕ ਦਿਤਾ, ਜਿਨ੍ਹਾਂ ਨੇ ਇਹ ਪਹਿਨੀਆਂ ਹੋਈਆਂ ਸਨ। ਕੈਨੇਡਾ ਦੇ ਸਿੱਖਾਂ ਦਾ ਕਹਿਣਾ ਹੈ ਕਿ 100 ਸਾਲ ਤੋਂ ਵੀ ਵੱਧ ਸਮੇਂ ਤੋਂ ਉਹ ਇਥੇ ਰਹਿ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਇਸ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਜੋ ਸਰਾਸਰ ਧੱਕੇਸ਼ਾਹੀ ਹੈ। ਕੈਲਗਰੀ ਸ਼ਹਿਰ ਦੇ ਪ੍ਰਸ਼ਾਸਨ ਨੇ ਘਟਨਾ ਦਾ ਪਤਾ ਲਗਦਿਆਂ ਹੀ ਕਨਵੈਨਸ਼ਨ ਸੈਂਟਰ ਦੇ ਸੁਰੱਖਿਆ ਸਟਾਫ਼ ਨੂੰ ਤਲਬ ਕਰ ਲਿਆ।

## ਜਾਇਦਾਦ ਐਲਾਨਣ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਜਾਣਕਾਰੀ ਰੋਕੀ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਕਿਹਾ ਕਿ ਜੱਜਾਂ ਵਲੋਂ ਜਾਇਦਾਦ ਦੇ ਐਲਾਨ ਬਾਰੇ ਵੇਰਵਾ ਇਸ ਲਈ ਨਹੀਂ ਦੱਸਿਆ ਜਾ ਸਕਦਾ, ਕਿਉਂਕਿ ਦਿੱਲੀ ਹਾਈਕੋਰਟ ਦੇ ਹੁਕਮਾਂ ਖਿਲਾਫ਼ ਇੱਕ ਅਪੀਲ ਦਾਇਰ ਕੀਤੇ ਜਾਣ ਲਈ ਤਿਆਰ ਹੈ।

ਜੱਜਾਂ ਵਲੋਂ ਜਾਇਦਾਦ ਦਾ ਐਲਾਨ ਕੀਤੇ ਜਾਣ ਬਾਰੇ ਵੇਰਵਾ 30 ਸਤੰਬਰ ਤੱਕ ਦਿੱਤਾ ਜਾਣਾ ਸੀ, ਪਰ ਤੈਅ ਤਰੀਕ ਤੱਕ ਅਜਿਹਾ ਨਹੀਂ ਹੋ ਸਕਿਆ। ਸੁਪਰੀਮ ਕੋਰਟ ਨੇ ਵੇਰਵੇ ਲਈ ਸੂਚਨਾ ਦਾ ਅਧਿਕਾਰ ਐਕਟ ਤਹਿਤ ਅਰਜ਼ੀ ਦਾਖ਼ਲ ਕਰਨ ਬਾਰੇ ਸੁਭਾਸ਼ ਚੰਦਰ ਅਗਰਵਾਲ ਨੂੰ ਇੱਕ ਪੱਤਰ ਦੇ ਮਾਧਿਅਮ ਰਾਹੀਂ ਦੱਸਿਆ, "ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ 2 ਸਤੰਬਰ 2009 ਨੂੰ ਇੱਕ ਰਿੱਟ ਪਟੀਸ਼ਨ 'ਤੇ ਫ਼ੈਸਲੇ ਖਿਲਾਫ਼ ਇਕ ਅਪੀਲ ਦਾਇਰ ਕਰਨ ਲਈ ਤਿਆਰ ਹੈ।" ਸੁਪਰੀਮ ਕੋਰਟ ਦੇ ਵਧੀਕ ਰਜਿਸਟਰਾਰ ਨੇ ਪੱਤਰ ਵਿਚ ਲਿਖਿਆ ਹੈ ਕਿ ਅਪੀਲ ਇਸ ਲਈ ਦਾਇਰ ਨਹੀਂ ਕੀਤੀ ਜਾ ਸਕਦੀ, ਕਿਉਂਕਿ ਦਿੱਲੀ ਹਾਈਕੋਰਟ 'ਚ ਛੁੱਟੀਆਂ ਹਨ ਅਤੇ ਰਜਿਸਟਰੇਸ਼ਨ ਦਾ ਕੰਮ ਬੰਦ ਹੈ। ਉਨ੍ਹਾਂ ਕਿਹਾ ਕਿ ਇਸ ਲਈ ਅਪੀਲ ਜਿੰਨੀ ਛੇਤੀ ਹੋਵੇ ਦਾਇਰ ਕਰ ਦਿੱਤੀ ਜਾਵੇਗੀ, ਉਨੀ ਜਲਦੀ ਅਸੀਂ ਜਾਣਕਾਰੀ ਦੇਣ ਦੀ ਹਾਲਤ 'ਚ ਹੋਵਾਂਗੇ। ਪਹਿਲਾਂ ਕੇਂਦਰੀ ਸੂਚਨਾ ਕਮਿਸ਼ਨ ਨੇ ਕਿਹਾ ਸੀ ਕਿ ਚੀਫ਼ ਜਸਟਿਸ ਦਾ ਅਹੁਦਾ ਸੂਚਨਾ ਦੇ ਅਧਿਕਾਰ ਐਕਟ ਦੇ ਦਾਇਰੇ 'ਚ ਆਉਂਦਾ ਹੈ ਅਤੇ ਉਸ ਨੂੰ ਕਾਨੂੰਨ ਦੇ ਦਾਇਰੇ 'ਚ ਆਪਣੇ ਅਧਿਕਾਰ ਦੀ ਵਰਤੋਂ ਕਰਨ ਬਾਰੇ ਕਿਸੇ ਵੀ ਬਿਨੈਕਾਰ ਨੂੰ ਸੂਚਨਾ ਦੇਣੀ ਚਾਹੀਦੀ ਹੈ।

ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਨੇ ਦਿੱਲੀ ਹਾਈਕੋਰਟ 'ਚ ਚੁਣੌਤੀ ਦਿੱਤੀ ਸੀ। ਹਾਈਕੋਰਟ ਨੇ ਸੁਪਰੀਮ ਕੋਰਟ ਦੀ ਦਲੀਲ ਖਾਰਜ ਕਰਦਿਆਂ ਵਿਵਸਥਾ ਦਿੱਤੀ ਕਿ ਚੀਫ਼ ਜਸਟਿਸ ਕੋਲ ਜਿਹੜੀ ਜਾਣਕਾਰੀ ਹੈ ਉਹ ਸੂਚਨਾ ਦੇ ਅਧਿਕਾਰ ਐਕਟ ਦੇ ਦਾਇਰੇ 'ਚ ਆਉਣੀ ਚਾਹੀਦੀ ਹੈ, ਜਸਟਿਸ ਰਵਿੰਦਰ ਭੱਟ ਨੇ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮਾਂ ਨੂੰ ਬਰਕਰਾਰ ਰੱਖਿਆ, ਜਿਸ ਵਿਚ ਕਿਹਾ ਗਿਆ ਸੀ ਕਿ ਸੁਪਰੀਮ ਕੋਰਟ ਦੇ ਜੱਜਾਂ ਵਲੋਂ 30 ਸਤੰਬਰ ਤੱਕ ਜਾਇਦਾਦ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਸ ਦੀ ਜਾਣਕਾਰੀ ਬਿਨੈਕਾਰ ਨੂੰ ਦਿੱਤੀ ਜਾਵੇ। ਬਿਨੈਕਾਰ ਨੇ ਇਹ ਜਾਣਕਾਰੀ ਮੰਗੀ ਸੀ। ਪਰ ਸੁਪਰੀਮ ਕੋਰਟ ਨੇ ਇਹ ਜਾਣਕਾਰੀ ਹਾਲ ਦੀ ਘੜੀ ਰੋਕ ਲਈ ਹੈ।

**ਚੀਫ ਜਸਟਿਸ ਨੂੰ ਦੇਣਗੇ ਜੱਜ ਜਾਇਦਾਦ ਦੇ ਵੇਰਵੇ:** ਦਿੱਲੀ ਹਾਈ ਕੋਰਟ ਵਲੋਂ ਸਮਾਂ-ਹੱਦ ਦਿਤੇ ਜਾਣ ਤੋਂ 5 ਦਿਨ ਬਾਅਦ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਸ ਦੇ ਸਭ ਜੱਜ ਮੁਖ ਜੱਜ ਦੇ ਸਾਹਮਣੇ ਆਪਣੀ ਜਾਇਦਾਦ ਦਾ ਵੇਰਵਾ ਦੇ ਰਹੇ ਹਨ। ਇਸਤੋਂ ਪਹਿਲਾਂ ਸੁਪਰੀਮ ਕੋਰਟ ਰਜਿਸਟਰੀ ਨੇ ਆਰ.ਟੀ.ਆਈ. ਬਿਨੈਕਾਰ ਸੁਭਾਸ਼ ਚੰਦਰ ਅਗਰਵਾਲ ਨੂੰ ਇਸ ਸੰਬੰਧੀ ਕੋਈ ਵੀ ਸੂਚਨਾ ਦੇਣ ਤੋਂ ਨਾਂਹ ਕਰ ਦਿਤੀ ਸੀ। ਉਨ੍ਹਾਂ ਇਸ ਸੰਬੰਧੀ ਸੂਚਨਾ ਮੰਗੀ ਸੀ ਕਿ ਕਿੰਨੇ ਜੱਜ ਪੂਰਨ ਅਦਾਲਤ ਦੇ 7 ਮਈ 1997 ਦੇ ਪ੍ਰਸਤਾਵ ਦਾ ਪਾਲਣ ਕਰ ਰਹੇ ਹਨ ਜਿਸ ਵਿਚ ਜੱਜਾਂ ਨੇ ਆਪਣੀ ਜਾਇਦਾਦ ਦੇ ਵੇਰਵੇ ਮੁੱਖ ਜੱਜ ਸਾਹਮਣੇ ਪ੍ਰਗਟ ਕਰਨ ਦਾ ਫੈਸਲਾ ਕੀਤਾ ਹੈ।

# ਫ਼ਰਾਂਸ 'ਚ ਪਹਿਲੀ ਸਿੱਖ ਯੂਨੀਵਰਸਿਟੀ ਦੀ ਸਥਾਪਨਾ



### ਫਰਾਂਸ ਦੇ 23 ਬੱਚਿਆਂ ਨੂੰ ਸਕੂਲ ਛੱਡਣਾ ਪਿਆ ਅਤੇ ਕਈਆਂ ਨੇ ਕੇਸ ਕਤਲ ਕਰਵਾ ਦਿੱਤੇ

**ਚੰਡੀਗੜ੍ਹ:** ਫ਼ਰਾਂਸ ਵਿਚ ਪਹਿਲੀ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਹੋ ਚੁਕੀ ਹੈ। ਇਕ ਸਿੱਖ ਵਲੋਂ ਖੋਲ੍ਹੀ ਗਈ ਯੂਨੀਵਰਸਿਟੀ, ਸਕੂਲ ਅਤੇ ਆਈ.ਟੀ.ਕਾਲਜ ਵਿਚ ਫ਼ਰਾਂਸਿਸੀ ਬੰਧਨਾਂ ਤੋਂ ਮੁਕਤ ਹੋ ਕੇ ਸਾਰੇ ਧਰਮਾਂ ਦੇ ਬੱਚੇ ਆਪਣੇ ਧਰਮ-ਵਿਰਸੇ ਮੁਤਾਬਕ ਸਿਖਿਆ ਗ੍ਰਹਿਣ ਕਰ ਸਕਦੇ ਹਨ। ਫ਼ਰਾਂਸ ਵਿਚ ਪੈਰਿਸ ਸਟਾਰ ਬਿਜ਼ਨਸ ਸਕੂਲ ਨਾਮਕ ਇਕ ਯੂਨੀਵਰਸਿਟੀ ਨੂੰ ਖੋਲ੍ਹਣ ਵਾਲੇ ਸ. ਗੁਰਦਿਆਲ ਸਿੰਘ ਹਨ। ਇਨ੍ਹਾਂ ਨੇ ਹੀ ਫ਼ਰਾਂਸ ਵਿਖੇ ਪਗੜੀ ਦਾ ਮੁੱਦਾ ਚੁਕਿਆ ਸੀ। ਸ. ਗੁਰਦਿਆਲ ਸਿੰਘ ਨੇ ਦਸਿਆ ਕਿ ਯੂਨੀਵਰਸਿਟੀ ਦਾ ਪਹਿਲਾ ਵਿਦਿਅਕ ਸੈਸ਼ਨ ਅਕਤੂਬਰ, ਦੂਸਰਾ ਫ਼ਰਵਰੀ ਅਤੇ ਤੀਸਰਾ ਜੁਲਾਈ 'ਚ ਸ਼ੁਰੂ ਹੋਵੇਗਾ। ਉਨ੍ਹਾਂ ਦਸਿਆ ਕਿ ਯੂਨੀਵਰਸਿਟੀ ਵਿਚ ਐਮ.ਬੀ.ਏ., ਐਮ.ਆਈ.ਬੀ. ਅਤੇ ਐਮ.ਆਈ.ਟੀ.ਦੇ ਕੋਰਸ ਕਰਵਾਏ ਜਾਣਗੇ। ਸ. ਗੁਰਦਿਆਲ ਸਿੰਘ ਜੋ ਇਸ ਸਿਖਿਆ ਸੰਸਥਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਵੀ ਹਨ, ਨੇ ਦਸਿਆ ਕਿ ਯੂਨੀਵਰਸਿਟੀ ਤੋਂ ਇਲਾਵਾ ਇਕ ਸਕੂਲ ਅਤੇ ਸੀ.ਐਫ.ਐਮ. ਆਈ.ਟੀ. ਸਕੂਲ ਵੀ ਅਕਤੂਬਰ ਤੋਂ ਚਾਲੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਆਈ.ਟੀ.ਸਕੂਲ ਦੀ ਪੜ੍ਹਾਈ ਫ਼ਰੈਂਚ ਭਾਸ਼ਾ ਅਤੇ ਯੂਨੀਵਰਸਿਟੀ ਵਿਖੇ ਅੰਗਰੇਜ਼ੀ ਮਾਧਿਅਮ ਰਾਹੀਂ ਹੋਵੇਗੀ। ਉਨ੍ਹਾਂ ਦਸਿਆ ਕਿ ਸਕੂਲ ਵਿਚ ਸਾਰੇ ਧਰਮਾਂ ਦੇ ਬੱਚੇ ਪੜ੍ਹਨਗੇ ਅਤੇ ਦਸਤਾਰ, ਕੜਾ ਜਾਂ ਬਾਕੀ ਧਰਮਾਂ ਦੇ ਰਵਾਇਤੀ ਬਾਨਿਆਂ 'ਤੇ ਕੋਈ ਰੋਕ ਨਹੀਂ ਹੋਵੇਗੀ ਜਦਕਿ ਫ਼ਰਾਂਸ ਦੇ ਸਕੂਲਾਂ ਵਿਚ ਇਹ ਪਾਬੰਦੀ ਹੈ।

ਸੰਸਥਾ ਦੇ ਸੀ.ਈ.ਓ. ਨੇ ਦਸਿਆ ਕਿ ਯੂਨੀਵਰਸਿਟੀ ਵਾਂਗ ਸਕੂਲ ਫ਼ਰਾਂਸ ਵਿਚ ਪਹਿਲੀ ਵਾਰ ਕਿਸੇ ਭਾਰਤੀ ਖ਼ਾਸ ਕਰ ਕੇ ਸਿੱਖ ਵਲੋਂ ਖੋਲ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ, ਆਈ.ਟੀ.ਸਕੂਲ ਅਤੇ ਸਕੂਲ ਇਕੋ ਛੱਤ ਹੇਠਾਂ ਹੀ ਖੋਲ੍ਹੇ ਗਏ ਹਨ। ਇਹ ਤਿੰਨੋਂ ਸੰਸਥਾਵਾਂ ਸ਼ੇਰੇ ਪੰਜਾਬ ਕੰਪਲੈਕਸ ਵਿਖੇ ਖੋਲ੍ਹੀਆਂ ਗਈਆਂ ਹਨ। ਉਨ੍ਹਾਂ ਦਸਿਆ ਕਿ ਵਿਦਿਆਰਥੀਆਂ ਦੀ ਪਲੇਸਮੈਂਟ ਸੈੱਲ ਲਈ ਕੰਪਲੈਕਸ ਵਿਖੇ ਫ਼ਰਾਂਸ ਦੀਆਂ ਪ੍ਰਸਿੱਧ 55 ਕੰਪਨੀਆਂ ਦੇ ਦਫ਼ਤਰ ਵੀ ਖੁਲ੍ਹ ਗਏ ਹਨ। ਉਨ੍ਹਾਂ ਦਸਿਆ ਕਿ ਭਾਰਤ ਵਿਚ ਬੰਬੇ, ਹੈਦਰਾਬਾਦ ਅਤੇ ਦਿੱਲੀ ਵਿਖੇ ਸੈਂਟਰ ਖੋਲ੍ਹੇ ਜਾ ਚੁਕੇ ਹਨ। ਇਸੇ ਦੌਰਾਨ ਉਹਨਾਂ ਦਸਿਆ ਕਿ 9 ਅਕਤੂਬਰ ਨੂੰ ਇਸ ਯੂਨੀਵਰਸਿਟੀ ਦਾ ਪੰਜਾਬ ਵਿਚ ਇਕਲੌਤਾ ਸੈਂਟਰ ਦੋਰਾਹਾ ਵਿਖੇ ਖੋਲ੍ਹਿਆ ਜਾ ਰਿਹਾ ਹੈ ਜੋ ਫ਼ਰਾਂਸ ਵਿਚ ਐਮ.ਬੀ.ਏ., ਐਮ.ਆਈ.ਬੀ. ਅਤੇ ਐਮ.ਆਈ.ਟੀ. ਦੇ ਮਾਸਟਰ ਕੋਰਸ ਕਰਨ ਲਈ ਇਕ ਸਲਾਹਕਾਰ ਵਜੋਂ ਕੰਮ ਕਰੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਿਖਿਆ ਸੰਸਥਾਵਾਂ ਲਈ ਫ਼ਰਾਂਸ ਵਿਚ ਤਿੰਨ ਸਾਲ ਪਹਿਲਾਂ ਸਾਲ 2006 'ਚ ਰਜਿਸਟ੍ਰੇਸ਼ਨ ਕਰਵਾਈ ਸੀ ਜਿਸ ਦੀ ਇਸ ਸਾਲ ਮਨਜ਼ੂਰੀ ਮਿਲ ਚੁਕੀ ਹੈ।

ਇਸੇ ਦੌਰਾਨ ਫਰਾਂਸ ਦੇ ਸਕੂਲਾਂ ਵਿਚ ਸਿੱਖ ਬੱਚਿਆਂ ਦੇ ਪੱਗ ਬੰਨ੍ਹਣ 'ਤੇ ਲੱਗੀ ਪਾਬੰਦੀ ਦਾ ਮਾਮਲਾ ਉਠਾਉਣ ਵਾਲੇ ਸ. ਗੁਰਦਿਆਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪ੍ਰਧਾਨ ਮੰਤਰੀ ਨੂੰ ਦੋਸ਼ੀ ਠਹਿਰਾਉਂਦੇ ਹੋਏ ਕਿਹਾ ਕਿ ਕੋਈ ਵੀ ਇਸ ਮਾਮਲੇ ਨੂੰ ਹੱਲ ਕਰਵਾਉਣ ਬਾਰੇ ਸੁਹਿਰਦ ਦਿਖਾਈ ਨਹੀਂ ਦੇ ਰਿਹਾ। ਸ. ਗੁਰਦਿਆਲ ਸਿੰਘ ਨੇ ਪੰਜਾਬ ਫੇਰੀ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਜ੍ਹਾ ਕਰਕੇ ਲਗਭਗ ਪਿਛਲੇ ਪੰਜ ਸਾਲਾਂ ਤੋਂ ਫਰਾਂਸ ਵਿਚ ਪੱਗ ਦਾ ਮਾਮਲਾ ਹੱਲ ਨਹੀਂ ਹੋ ਸਕਿਆ।

ਉਨ੍ਹਾਂ ਕਿਹਾ ਕਿ ਉਂਝ ਤਾਂ ਫਰਾਂਸ ਸਰਕਾਰ ਸਿੱਖਾਂ ਨੂੰ ਇਮਾਨਦਾਰ ਅਤੇ ਮਿਹਨਤੀ ਮੰਨਦੀ ਹੈ। ਬਸ ਜੇ ਭਾਰਤ ਸਰਕਾਰ ਮਾਮਲੇ ਦੀ ਸਹੀ ਤਰੀਕੇ ਨਾਲ ਪੈਰਵੀ ਕਰੇ ਤਾਂ ਹਮੇਸ਼ਾ ਲਈ ਇਹ ਮਾਮਲਾ ਹੱਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਨੀਆਂ ਭਰ ਦੇ ਸਿੱਖਾਂ ਦੇ ਹਿਤਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੀ ਹੈ ਪਰ ਇਸ ਮਾਮਲੇ ਵਿਚ ਅਖ਼ਬਾਰੀ ਬਿਆਨਾਂ ਤੋਂ ਸਿਵਾਏ ਕੁਝ ਵੀ ਨਹੀਂ ਹੋਇਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਤਿੰਨ ਸਾਲ ਪਹਿਲਾਂ ਭਰੋਸਾ ਦਿੱਤਾ ਸੀ ਕਿ ਸਿੱਖ ਰਹਿਤ ਮਰਿਆਦਾ ਅਤੇ ਸਿੱਖਾਂ ਦੀ ਪਛਾਣ ਬਾਰੇ ਕਿਤਾਬਚਾ ਸਾਰੀਆਂ ਭਾਸ਼ਾਵਾਂ ਵਿਚ ਛਾਪ ਕੇ ਉਨ੍ਹਾਂ ਦੇਸ਼ਾਂ ਵਿਚ ਭੇਜਿਆ ਜਾਵੇਗਾ ਜਿਥੇ ਸਿੱਖ ਕਾਫੀ ਗਿਣਤੀ ਵਿਚ ਵਸਦੇ ਹਨ। ਅਜਿਹਾ ਹੋਣ ਨਾਲ ਸੰਬੰਧਤ ਮੁਲਕਾਂ ਦੀਆਂ ਸਰਕਾਰਾਂ ਨੂੰ ਸਿੱਖਾਂ ਅਤੇ ਸਿੱਖੀ ਬਾਰੇ ਪੂਰੀ ਜਾਣਕਾਰੀ ਮਿਲ ਸਕੇਗੀ ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਮੱਕੜ ਦਾ ਦਾਅਵਾ ਸਿਰਫ ਸਿਆਸੀ ਭਰੋਸਾ ਹੀ ਨਿਕਲਿਆ।

ਉਨ੍ਹਾਂ ਕਿਹਾ, "ਮੇਰਾ ਜੀਅ ਇਸੇ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਨੂੰ ਨਹੀਂ ਕੀਤਾ ਕਿਉਂਕਿ ਉਨ੍ਹਾਂ ਦਾ ਸਮੁੱਚਾ ਕਮੇਟੀ 'ਤੇ ਕਬਜ਼ਾ ਹੈ ਅਤੇ ਇਸ ਮਾਮਲੇ ਵਿਚ ਬਾਦਲ ਤੇ ਮੱਕੜ ਦਰਮਿਆਨ ਕੋਈ ਫ਼ਰਕ ਨਹੀਂ।"

ਗੁਰਦਿਆਲ ਸਿੰਘ ਨੇ ਆਖਿਆ ਕਿ ਹੋਰਨਾਂ ਤੋਂ ਇਲਾਵਾ ਡਾ. ਮਨਮੋਹਨ ਸਿੰਘ ਵੀ ਬਰਾਬਰ ਦੇ ਦੋਸ਼ੀ ਹਨ ਜੋ ਇਸ ਮਸਲੇ ਦੇ ਹੱਲ ਵਿਚ ਦਿਲਚਸਪੀ ਨਹੀਂ ਲੈ ਰਹੇ। ਪ੍ਰਧਾਨ ਮੰਤਰੀ ਦੋ ਵਾਰ ਫਰਾਂਸ ਗਏ ਪਰ ਉਥੇ ਵਸਦੇ ਸਿੱਖਾਂ ਨੂੰ ਨਹੀਂ ਮਿਲੇ ਜਦਕਿ ਸਿੱਖਾਂ ਨੇ ਡਾ. ਮਨਮੋਹਨ ਸਿੰਘ ਨੂੰ ਮਿਲਣ ਦੀ ਬਹੁਤ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਉਂਝ ਤਾਂ ਬਾਦਲ ਦਲ ਛੋਟੇ-ਛੋਟੇ ਮੁੱਦਿਆਂ 'ਤੇ ਧਰਨੇ ਲਗਾ ਕੇ ਸਿੱਖ ਮੋਰਚਾ ਬਣਾ ਲੈਂਦੇ ਹਨ ਪਰ ਪਿਛਲੇ ਪੰਜ ਸਾਲਾਂ ਤੋਂ ਲਟਕ ਰਹੇ ਇਸ ਮਾਮਲੇ ਬਾਰੇ ਕਿਸੇ ਨੇ ਫਰਾਂਸੀਸੀ ਸਫਾਰਤਖਾਨੇ ਵਿਚ ਆਵਾਜ਼ ਉਠਾਉਣ ਦੀ ਲੋੜ ਨਹੀਂ ਸਮਝੀ।

ਸ੍ਰ:ਗੁਰਦਿਆਲ ਸਿੰਘ ਨੇ ਦੱਸਿਆ ਕਿ ਭਾਰਤੀ ਸਫਾਰਤਖਾਨੇ ਵਲੋਂ ਫਰਾਂਸ ਵਿਚ ਕਰਵਾਏ ਸੰਮੇਲਨ 'ਚ ਹਿੱਸਾ ਲੈਣ ਗਏ ਵਿਦੇਸ਼ ਮੰਤਰੀ ਐੱਸ. ਐੱਮ. ਕ੍ਰਿਸ਼ਨਾ ਵੀ ਪੱਗ ਦੇ ਮਾਮਲੇ ਨੂੰ ਹੱਲ ਕਰਵਾਉਣ ਦਾ ਭਰੋਸਾ ਦੇ ਕੇ ਮੁੜ ਆਏ। ਸ. ਗੁਰਦਿਆਲ ਸਿੰਘ ਨੇ ਕਿਹਾ ਕਿ 23 ਸਕੂਲੀ ਬੱਚਿਆਂ ਨੂੰ ਇਸ ਪਾਬੰਦੀ ਕਾਰਨ ਮਜਬੂਰੀ ਵਸ ਸਕੂਲ ਛੱਡਣਾ ਪਿਆ।

ਪੱਗ ਦੇ ਕਾਰਣ ਹੀ ਕਈ ਮਾਪਿਆਂ ਨੂੰ ਆਪਣੇ ਬੱਚੇ ਸਕੂਲਾਂ ਵਿਚੋਂ ਹਟਾਣੇ ਪਏ ਅਤੇ ਕਈਆਂ ਨੇ ਕੇਸ ਹੀ ਕਤਲ ਕਰਵਾ ਦਿੱਤੇ।

## ਬਾਠ ਵਲੋਂ ਸ. ਰੱਖੜਾ ਦੀ ਨਿਯੁਕਤੀ ਦਾ ਸਵਾਗਤ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਦੀ ਅਮਰੀਕਾ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਬਾਠ ਨੇ ਐਨ.ਆਰ.ਆਈ. ਵਿੰਗ ਦੇ ਮੁਖੀ ਸ੍ਰੀ ਸੁਰਜੀਤ ਸਿੰਘ ਰੱਖੜਾ ਦੀ ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਵਜੋਂ ਨਿਯੁਕਤੀ ਦਾ ਭਰਪੂਰ ਸਵਾਗਤ ਕੀਤਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਬਾਠ ਨੇ ਆਖਿਆ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਤਰੱਕੀ ਕਰ ਰਿਹਾ ਹੈ। ਅਸੀਂ ਸ. ਬਾਦਲ ਅਤੇ ਸ. ਸੁਰਜੀਤ ਸਿੰਘ ਰੱਖੜਾ ਦੀ ਵਧੀਆ ਸੋਚ 'ਤੇ ਪਹਿਰਾ ਦਿੰਦੇ ਰਹਾਂਗੇ। ਉਨ੍ਹਾਂ ਕਿਹਾ ਕਿ ਸ. ਰੱਖੜਾ ਦੀ ਹਿੰਮਤ ਸਕਦਾ ਅਕਾਲੀ ਦਲ ਦੀ ਅਮਰੀਕਾ ਇਕਾਈ ਵਿਚ ਚੰਗੇ ਆਗੂਆਂ ਦੀ ਸ਼ਮੂਲੀਅਤ ਹੋਈ ਹੈ। ਸ. ਬਾਠ ਨੇ ਸ. ਰੱਖੜਾ ਵਲੋਂ ਸ. ਸੁਖਵੰਤ ਸਿੰਘ ਬੱਲ, ਸ. ਜਗਮਿੰਦਰ ਸਿੰਘ ਬਿੱਲੂ, ਸ. ਸਰਦੂਲ ਸਿੰਘ ਦਿਓਲ ਅਤੇ ਸ. ਪਿਆਰਾ ਸਿੰਘ ਬਰਨਾਲਾ ਦੀ ਕੀਤੀ ਗਈ ਨਿਯੁਕਤੀ ਦਾ ਵੀ ਸਵਾਗਤ ਕੀਤਾ। ਉਨ੍ਹਾਂ ਅਮਰੀਕਾ ਵਿਚ ਅਕਾਲੀ ਦਲ (ਬਾਦਲ) ਦੇ ਵਰਕਰਾਂ ਅਤੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਡਟ ਕੇ ਕੰਮ ਕਰਨ।

# INDIA HOUSE BANQUET

## PROUDLY ANNOUNCES

## A Complimentary Food Taste Testing & Bridal Expo

On Sunday

November 1st. 2009

From 12 Noon Through 8 p.m.





Please come & try our newly renovated Banquet Hall with new line of Food Items. (Proof of future event required)

## Planning an event in 2010!

### Let India House Banquet Save You Some $$$

Book your party now & pay the estimated amount in full by November 30th, 2009
To avail of 30% discount & by February 15th, 2010 to avail of 20% discount
& by April 15th, 2010 to avail of 10% discount








Please contact: MR. RAVI RAWAT @ 847-895-5501 OR-224-200-5795-Cell
E-mail: indiahouse2010@yahoo.com

### Your Favorite Venue to Celebrate

"Weddings, Receptions, Anniverssaries, Engagements, Mehandi, Birthdays, Graduations, Fudraisers, Diwali, Corporate Events etc."

## INDIA HOUSE BANQUETS

1521 w. Schaumburg Rd. Schaumburg IL 60194
(Newly Remodled)

# ਪੰਜਾਬ ਦੀ ਆਰਥਿਕਤਾ ਪਰਵਾਸੀ ਪੰਜਾਬੀਆਂ ਸਹਾਰੇ:ਜੱਸੀ ਖੰਘੂੜਾ

**ਬਾਲਟੀਮੋਰ, ਮੈਰੀਲੈਂਡ (ਪੰਜਾਬ ਟਾਈਮਜ਼ ਬਿਊਰੋ):** ਜੇ ਪੰਜਾਬ ਦੀ ਆਰਥਿਕਤਾ ਅਜੇ ਵੀ ਗਰਕਣ ਤੋਂ ਬਚੀ ਹੋਈ ਹੈ ਤਾਂ ਇਹ ਬਾਹਰ ਜਾ ਵੱਸੇ ਪੰਜਾਬੀਆਂ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਪਿਛੇ ਪੰਜਾਬ ਭੇਜੇ ਜਾਂਦੇ ਪੈਸੇ ਕਰਕੇ ਹੀ ਹੈ। ਜੇ ਇਸ ਕਮਾਈ ਦਾ ਆਸਰਾ ਨਾ ਹੁੰਦਾ ਤਾਂ ਪੰਜਾਬ ਦੀ ਮਾਲੀ ਹਾਲਤ ਹੁਣ ਨਾਲੋਂ ਕਿਤੇ ਵੱਧ ਡਿੱਗੀ ਹੁੰਦੀ। ਪੰਜਾਬ ਦੀ ਆਰਥਿਕ ਹਾਲਤ ਬਾਰੇ ਇਹ ਵਿਚਾਰ ਇਥੇ ਇਕ ਸਮਾਗਮ ਵਿਚ ਪੇਸ਼ ਕਰਦਿਆਂ ਕਿਲਾ ਰਾਇਪੁਰ ਤੋਂ ਪਹਿਲੀ ਵਾਰ ਵਿਧਾਇਕ ਬਣੇ ਸ੍ਰੀ ਜੱਸੀ ਖੰਘੂੜਾ ਨੇ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਨੂੰ ਪੰਜਾਬ ਦੀ ਮਾਲੀ ਹਾਲਤ ਨਾਲ ਕੋਈ ਸਰੋਕਾਰ ਨਹੀਂ ਜਾਪਦਾ। ਸਗੋਂ ਇਹ ਤਾਂ ਨਿਕੰਮੇ ਪੁੱਤ ਵਾਂਗ ਆਪਣੇ ਪਿਓ ਦਾਦੇ ਦੀ ਜਾਇਦਾਦ ਵੇਚਣ ਵਾਂਗ ਸਰਕਾਰੀ ਜ਼ਮੀਨਾਂ ਵੇਚ ਕੇ ਕੰਮ ਚਲਾਉਣ 'ਤੇ ਤੁਲੀ ਹੋਈ ਹੈ। ਸ੍ਰੀ ਜੱਸੀ ਖੰਘੂੜਾ ਇਨ੍ਹੀਂ ਦਿਨੀਂ ਅਮਰੀਕਾ ਅਤੇ ਕੈਨੇਡਾ ਦੇ ਦੌਰੇ 'ਤੇ ਹਨ। ਬਾਲਟੀਮੋਰ 'ਚ ਉਨ੍ਹਾਂ ਦੇ ਮਾਣ ਵਿਚ ਰਾਤ ਦਾ ਖਾਣਾ ਦਿੱਤਾ ਗਿਆ ਸੀ।

ਬਰਤਾਨੀਆ ਦੀ ਨਾਗਰਿਕਤਾ ਛੱਡ ਕੇ ਪੰਜਾਬ ਦੀ ਸਿਆਸਤ ਵਿਚ ਕੁੱਦੇ ਪੰਜਾਬ ਦੇ ਪਹਿਲੇ ਸਾਬਕਾ ਪਰਵਾਸੀ ਵਿਧਾਇਕ ਨੇ ਆਖਿਆ ਕਿ ਉਨ੍ਹਾਂ ਪੰਜਾਬ ਦੇ ਪਿੰਡਾਂ ਦੀਆਂ ਛੋਟੀਆਂ ਛੋਟੀਆਂ ਗਲੀਆਂ ਵਿਚ ਜਾ ਕੇ ਗਰੀਬ ਲੋਕਾਂ ਦੀ ਰਹਿਣ ਸਹਿਣ ਦੀ ਹਾਲਤ ਨੂੰ ਨੇੜੇ ਹੋ ਕੇ ਦੇਖਿਆ ਅਤੇ ਫੈਸਲਾ ਕਰ ਲਿਆ ਕਿ ਮੈਂ ਇਨ੍ਹਾਂ ਦੀ ਮਾਲੀ ਹਾਲਤ ਬਦਲਣ ਲਈ ਜ਼ਰੂਰ ਕੁਝ ਕਰਾਂਗਾ। ਇਸੇ ਸੁਪਨੇ ਨੂੰ ਪੂਰਾ ਕਰਨ ਲਈ ਹੀ ਮੈਂ ਪੰਜਾਬ ਦੀ ਰਾਜਨੀਤੀ ਵਿਚ ਦਾਖਲ ਹੋਇਆ। ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਦੀ ਗੱਲ ਕਰਦਿਆਂ ਸ੍ਰੀ ਖੰਘੂੜਾ ਨੇ ਆਖਿਆ ਕਿ ਉਨ੍ਹਾਂ ਦਾ ਯਕੀਨ ਸਿਰਫ ਗੱਲੀਂਬਾਤੀਂ ਪੋਚਾਪਾਚੀ ਕਰਨ ਵਿਚ ਨਹੀਂ ਜਿਵੇਂ ਕਿ ਇਸ ਵੇਲੇ ਕੁਝ ਅਕਾਲੀ ਆਗੂ ਕਰੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਜੇ ਪੰਜਾਬ ਵਿਚ ਠੀਕ ਮਾਹੌਲ ਮਿਲੇ ਤਾਂ ਪਰਵਾਸੀ ਪੰਜਾਬੀ ਆਪਣੇ ਨਿਵੇਸ਼ ਨਾਲ ਪੰਜਾਬ ਦੀ ਨੁਹਾਰ ਹੀ ਬਦਲ ਕੇ ਰੱਖ ਸਕਦੇ ਹਨ। ਮੇਰੀ ਕੋਸ਼ਿਸ਼ ਇਹੋ ਹੈ ਕਿ ਜਦੋਂ ਪਰਵਾਸੀ ਪੰਜਾਬੀ ਪੰਜਾਬ ਜਾਣ ਤਾਂ ਉਨ੍ਹਾਂ ਨੂੰ ਘੱਟ ਤੋਂ ਘੱਟ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇ।

ਲੁਧਿਆਣਾ ਜ਼ਿਲੇ ਦੇ ਪਿੰਡ ਲਤਾਲਾ ਵਿਚ ਜਨਮੇ ਅਤੇ ਦੋ ਸਾਲ ਦੀ ਉਮਰ ਵਿਚ ਹੀ ਆਪਣੇ ਮਾਪਿਆਂ ਨਾਲ ਚਾਲੀ ਸਾਲ ਤੋਂ ਵੱਧ ਇੰਗਲੈਂਡ ਰਹਿਣ ਉਪਰੰਤ ਜਦੋਂ ਸ੍ਰੀ ਖੰਘੂੜਾ ਪੰਜਾਬ ਪਰਤੇ ਤਾਂ ਉਨ੍ਹਾਂ 2007 'ਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਿਲਾ ਰਾਇਪੁਰ ਤੋਂ ਜਿੱਤ ਹਾਸਲ ਕੀਤੀ ਜੋ ਕਿ ਰਵਾਇਤੀ ਤੌਰ 'ਤੇ ਅਕਾਲੀ ਸੀਟ ਗਿਣੀ ਜਾਂਦੀ ਹੈ।

ਸ੍ਰੀ ਖੰਘੂੜਾ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਪੰਜਾਬ ਨੂੰ ਝੋਨੇ ਅਤੇ ਕਣਕ ਦੇ ਫਸਲੀ ਚੱਕਰ ਵਿਚੋਂ ਕੱਢ ਕੇ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਨੂੰ ਪ੍ਰਫੁੱਲਤ ਕਰਨ ਦੀ ਲੋੜ ਹੈ। ਇਸੇ ਮਨੋਰਥ ਨੂੰ ਮੁੱਖ ਰੱਖ ਕੇ ਉਨ੍ਹਾਂ ਡੇਅਰੀ ਫਾਰਮਿੰਗ ਦਾ ਇਕ ਵੱਡਾ ਪ੍ਰਾਜੈਕਟ ਬਣਾਇਆ ਅਤੇ ਹਲਕੇ ਦੇ ਲੋਕਾਂ ਨੂੰ ਇਸ ਨਾਲ ਜੋੜਿਆ।






ਇਥੇ ਜ਼ਿਕਰਯੋਗ ਹੈ ਕਿ ਡਾਕਟਰੀ ਦਾ ਪੇਸ਼ਾ ਛੱਡ ਕੇ ਬਿਜਨਸਮੈਨ ਬਣੇ ਸ੍ਰੀ ਖੰਘੂੜਾ ਨੇ ਲੁਧਿਆਣਾ ਆ ਕੇ ਹੋਟਲ ਮੈਜੇਸਟਿਕ ਇੰਨ ਖੋਲ੍ਹਿਆ ਅਤੇ ਨੌਜਵਾਨ ਮੁੰਡੇ ਅਤੇ ਕੁੜੀਆਂ ਨੂੰ ਰੁਜ਼ਗਾਰ ਦੇਣ ਲਈ ਹੋਟਲ ਕਿਚਨ ਮੈਨੇਜਮੈਂਟ ਕੋਰਸ ਸ਼ੁਰੂ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨਾਰੰਗਵਾਲ ਕਾਲਜ ਦੇ ਵਿਕਾਸ ਲਈ ਕੰਮ ਕੀਤਾ ਅਤੇ ਸਕੂਲਾਂ ਵਿਚ ਕੰਪਿਊਟਰ ਮੁਹੱਈਆ ਕਰਵਾਏ।

ਇਸ ਤੋਂ ਪਹਿਲਾਂ ਸ੍ਰੀ ਜੱਸੀ ਖੰਘੂੜਾ ਨੂੰ ਜੀ ਆਇਆਂ ਆਖਦਿਆਂ ਸਥਾਨਕ ਆਗੂ ਸ. ਧਰਮ ਸਿੰਘ ਗੋਰਾਇਆ ਨੇ ਪੰਜਾਬ ਦੀ ਸਿਆਸੀ ਅਤੇ ਆਰਥਿਕ ਹਾਲਤ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਸ ਸਮੇਂ ਪੰਜਾਬ ਦੀ ਹਾਲਤ ਇਹ ਹੈ ਕਿ ਕਿਸਾਨ ਕਰਜ਼ਾਈ ਹੈ ਅਤੇ ਖੁਸਕੁਸ਼ੀਆਂ ਲਈ ਮਜਬੂਰ ਹੈ। ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿਚ ਜਾਂ ਨਸ਼ਿਆਂ ਵੱਲ ਵਧ ਰਿਹਾ ਹੈ ਜਾਂ ਫਿਰ ਬਾਹਰ ਜਾਣ ਲਈ ਹੱਥ-ਪੱਲਾ ਮਾਰ ਰਿਹਾ ਹੈ। ਸਿਆਸਤਦਾਨਾਂ ਨੂੰ ਪੰਜਾਬ ਦੀ ਕੋਈ ਸੁਰਤ ਨਹੀਂ ਅਤੇ ਦਫਤਰਸ਼ਾਹੀ ਦਾ ਬੋਲਬਾਲਾ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਰਜੀਤ ਸਿੰਘ ਸੰਧੂ ਨੇ ਪਰਵਾਸੀ ਪੰਜਾਬੀਆਂ ਨੂੰ ਆਪਣੀ ਜਾਇਦਾਦ ਸਬੰਧੀ ਆਉਂਦੀਆਂ ਮੁਸ਼ਕਲਾਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਕਿਵੇਂ ਮਾਲ ਮਹਿਕਮਾ ਜਾਣ ਬੁੱਝ ਕੇ ਬਾਹਰੋਂ ਆਏ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ ਅਤੇ ਪੁਲਿਸ ਜਾਇਦਾਦ ਹੜੱਪ ਕਰਨ ਲਈ ਪਰਵਾਸੀ ਪੰਜਾਬੀਆਂ ਵਿਰੁਧ ਝੂਠੇ ਮੁਕੱਦਮੇ ਦਰਜ ਕਰਦੀ ਹੈ। ਡਾ. ਸੁਖਜੀਤ ਸਿੰਧੂ (ਮੈਰੀਲੈਂਡ) ਅਤੇ ਸ. ਭੁਪਿੰਦਰ ਸਿੰਘ ਸਿੰਧੂ (ਟੋਰਾਂਟੋ) ਨੇ ਵੀ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਦੇ ਸਿਆਸਤਦਾਨਾਂ ਵਿਚੋਂ ਇਕੋ ਇਕ ਸ੍ਰੀ ਜੱਸੀ ਖੰਘੂੜਾ ਹੀ ਹਨ ਜੋ ਕਿ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਗੰਭੀਰ ਹਨ ਕਿਉਂਕਿ ਉਹ ਖੁਦ ਪਰਵਾਸੀ ਪੰਜਾਬੀ ਰਹੇ ਹਨ।

ਇਸ ਸਮਾਗਮ ਦਾ ਇੰਤਜ਼ਾਮ ਬੀਬੀ ਰਾਜਦੀਪ ਕੌਰ ਗਿੱਲ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕੀਤਾ ਗਿਆ ਸੀ। ਇਸ ਸਮਾਗਮ ਵਿਚ ਸ੍ਰੀ ਖੰਘੂੜਾ ਦੇ ਨਿੱਜੀ ਮਿੱਤਰਾਂ-ਦੋਸਤਾਂ ਤੋਂ ਇਲਾਵਾ ਲੁਧਿਆਣਾ ਅਤੇ ਪੰਜਾਬ ਦੇ ਹੋਰਨਾਂ ਜ਼ਿਲਿਆਂ ਤੋਂ ਆਏ ਲੋਕ ਸ਼ਾਮਲ ਹੋਏ। ਬਾਲਟੀਮੋਰ ਤੋਂ ਬਾਅਦ ਸ੍ਰੀ ਖੰਘੂੜਾ ਨਿਊ ਜਰਸੀ ਅਤੇ ਨਿਊ ਯਾਰਕ ਵੀ ਗਏ। ਡਿਟਰਾਇਟ (ਮਿਸ਼ੀਗਨ) ਵਿਚ ਇਕ ਸਮਾਗਮ ਨੂੰ ਸੰਬੋਧਨ ਕਰਨ ਤੋਂ ਬਾਅਦ ਕੈਨੇਡਾ ਲਈ ਰਵਾਨਾ ਹੋ ਗਏ ਜਿਥੇ ਉਹ ਵੈਨਕੂਵਰ, ਟੋਰਾਂਟੋ, ਐਡਮੰਟਨ ਅਤੇ ਹੋਰਨਾਂ ਥਾਵਾਂ 'ਤੇ ਸਮਾਗਮਾਂ ਵਿਚ ਸ਼ਰੀਕ ਹੋਣਗੇ।

# ਸਪਰਿੰਗਫੀਲਡ ਦੇ ਮੇਲੇ ਵਿਚ ਗਿੱਧੇ ਦੇ ਭੰਗੜੇ ਨੇ ਬੰਨ੍ਹਿਆ ਪੰਜਾਬੀ ਰੰਗ

**ਸਪਰਿੰਗਫੀਲਡ, ਓਹਾਇਓ (ਚਰਨਜੀਤ ਸਿੰਘ ਗੁਮਟਾਲਾ):** ਅਮਰੀਕਾ ਵੱਖ ਵੱਖ ਨਸਲਾਂ, ਬੋਲੀਆਂ ਅਤੇ ਸਭਿਆਚਾਰਾਂ ਦਾ ਸੰਗਮ ਹੈ। ਇਥੇ ਵੱਖੋ ਵੱਖ ਸਭਿਆਚਾਰਾਂ ਦੇ ਲੋਕਾਂ ਵਲੋਂ ਆਪੋ ਆਪਣੇ ਸਭਿਆਚਾਰ ਨਾਲ ਜੁੜਨ ਲਈ ਮੇਲੇ ਲਾਏ ਜਾਂਦੇ ਹਨ ਪਰ ਸਰਕਾਰੀ ਸਰਪ੍ਰਸਤੀ ਹੇਠ ਲੱਗਦੇ ਭਾਈਚਾਰਕ ਮੇਲੇ ਜਾਂ ਕਮਿਊਨਿਟੀ ਫੇਅਰ ਜਿਥੇ ਵੱਖ ਵੱਖ ਸਭਿਆਚਾਰਕ ਰੰਗਾਂ ਦੀ ਨੁਮਾਇਸ਼ ਕਰਦੇ ਹਨ ਉਥੇ ਜਾਣਕਾਰੀ ਦਾ ਵੀ ਭਰਪੂਰ ਸੋਮਾ ਬਣਦੇ ਹਨ। ਪਿਛਲੇ ਦਿਨੀਂ ਇਥੇ ਸਿਟੀ ਹਾਲ ਪਲਾਜ਼ਾ ਵਿਚ ਲੱਗਾ ਕਮਿਊਨਿਟੀ ਫੇਅਰ ਵੀ ਅਜਿਹਾ ਹੀ ਇਕ ਮੇਲਾ ਸੀ। ਇਸ ਮੇਲੇ ਦੀ ਖਾਸ ਗੱਲ ਇਹ ਰਹੀ ਕਿ ਇਸ ਦੀ ਸ਼ੁਰੂਆਤ ਪੰਜਾਬੀ ਗਿੱਧੇ ਰਾਹੀਂ ਹੋਈ ਅਤੇ ਇਸ ਦੀ ਸਮਾਪਤੀ ਵੀ ਪੰਜਾਬੀ ਭੰਗੜੇ ਨਾਲ।






ਮੇਲੇ ਦਾ ਰਸਮੀ ਉਦਘਾਟਨ ਮੇਅਰ ਵੈਰਨ ਕੋਪਲੈਂਡ ਨੇ ਕੀਤਾ। ਸਟੇਜ 'ਤੇ ਵੱਖ ਵੱਖ ਦੇਸ਼ਾਂ-ਚੀਨ, ਜਪਾਨ, ਆਇਰਲੈਂਡ, ਅਫਰੀਕਾ ਕੰਬੋਡੀਆ ਆਦਿ ਤੋਂ ਆਏ ਲੋਕਾਂ ਨੇ ਆਪੋ ਆਪਣੇ ਸੰਗੀਤ ਨਾਲ ਦਰਸ਼ਕਾਂ ਦਾ ਮਨ ਮੋਹਿਆ। ਮੇਲੇ ਦੀ ਸ਼ੁਰੂਆਤ ਪੰਜਾਬੀ ਗਿੱਧੇ ਨਾਲ ਕੀਤੀ ਗਈ। ਸਰਬਜੀਤ ਕੌਰ, ਕਮਲਦੀਪ ਕੌਰ ਗਰੇਵਾਲ, ਤਰਨਦੀਪ ਕੌਰ ਗਰੇਵਾਲ, ਕਿਰਨਦੀਪ ਕੌਰ, ਮੋਨਿਕਾ ਨਾਗਦੇਵ, ਨਵਪ੍ਰੀਤ ਕੌਰ ਬਾਸੀ, ਰਾਜਦੀਪ ਕੌਰ ਬਾਸੀ, ਜਸਬੀਰ ਕੌਰ ਗਰੇਵਾਲ, ਚਰਨਜੀਤ ਕੌਰ, ਪਲਵਿੰਦਰ ਕੌਰ ਤੇ ਤੇਜ ਕੌਰ ਦੇ ਇਸ ਗਿੱਧੇ ਨੇ ਖੂਬ ਰੰਗ ਬੰਨ੍ਹਿਆ ਤੇ ਅਮਰੀਕਨਾਂ ਨੇ ਤਾੜੀਆਂ ਮਾਰ ਮਾਰ ਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ। ਆਇਰਲੈਂਡ ਦੀਆਂ ਛੋਟੀਆਂ-ਛੋਟੀਆਂ ਬੱਚੀਆਂ ਨੇ ਵੀ ਕਮਾਲ ਦਾ ਡਾਂਸ ਪੇਸ਼ ਕੀਤਾ। ਇਥੋਂ ਦੇ ਅਫਰੀਕੀ-ਅਮਰੀਕੀਆਂ ਨੇ ਵੀ ਆਪਣੇ ਰਵਾਇਤੀ ਸੰਗੀਤ ਨਾਲ ਖੂਬ ਰੌਣਕਾਂ ਲਾਈਆਂ। ਸ਼ਾਮ ਸਮੇਂ ਮੇਲੇ ਦੀ ਸਮਾਪਤੀ ਵੇਲੇ ਪੇਸ਼ ਕੀਤੇ ਗਏ ਭੰਗੜੇ ਵਿਚ ਸੁਖਦੀਪ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਤਨਵੀਰ ਸਿੰਘ, ਰਵਜੋਤ ਕੌਰ, ਪ੍ਰਭਜੋਤ ਕੌਰ, ਹਰਲੀਨ ਕੌਰ ਬਜਾਜ ਅਤੇ ਗੁਨਵੀਨ ਕੌਰ ਬਜਾਜ ਨੇ ਖੂਬ ਧਮਾਲ ਪਾਈ। ਜਿਉਂ ਹੀ ਢੋਲ ਵੱਜਿਆ ਸਾਰਾ ਹਜੂਮ ਪੰਡਾਲ ਵੱਲ ਦੌੜਾ ਆਇਆ। ਢੋਲ ਦੀ ਤਾਲ 'ਤੇ ਅਮਰੀਕੀ ਨੱਚਣ ਲੱਗ ਪਏ। ਸ. ਲਖਵਿੰਦਰ ਸਿੰਘ ਮੱਟੂ ਤੇ ਸ. ਸਿਮਰਜੀਤ ਸਿੰਘ ਨੇ ਢੋਲ ਵਜਾਉਣ ਦੀ ਜ਼ਿੰਮੇਵਾਰੀ ਨਿਭਾਈ।

ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਲਗਾਈ ਗਈ ਪ੍ਰਦਰਸ਼ਨੀ ਵਿਚ ਹਾਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜ੍ਹੀ, ਆਟਾ ਪੀਹਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਸਿੱਖ ਫੌਜੀਆਂ, ਡਾ. ਮਨਮੋਹਨ ਸਿੰਘ ਦੀਆਂ ਰਾਸ਼ਟਰਪਤੀ ਓਬਾਮਾ ਅਤੇ ਸਾਬਕਾ ਰਾਸ਼ਟਰਪਤੀ ਬੁਸ਼ ਨਾਲ ਤਸਵੀਰਾਂ ਅਤੇ ਸਿੱਖ ਧਰਮ ਨਾਲ ਸਬੰਧਿਤ ਤਸਵੀਰਾਂ ਵਾਲੀਆਂ ਪੁਸਤਕਾਂ ਰੱਖੀਆਂ ਗਈਆਂ ਸਨ। ਅਮਰੀਕਨਾਂ ਨੇ ਇਨ੍ਹਾਂ ਵਿਚ ਕਾਫੀ ਦਿਲਚਸਪੀ ਦਿਖਾਈ ਅਤੇ ਬਹੁਤ ਸਾਰਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਖਰੀਦਣ ਦੀ ਇੱਛਾ ਜਾਹਿਰ ਕੀਤੀ। ਅਮਰੀਕਨਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਸ. ਕਰਨਵੀਰ ਸਿੰਘ ਤੇ ਕਿਰਨਦੀਪ ਕੌਰ ਨੇ ਦਿੱਤੀ ਤੇ ਇਕ ਹਜ਼ਾਰ ਦੇ ਕਰੀਬ ਪੈਂਫਲਿਟ ਵੰਡੇ।

ਮਿਸਟਰ ਕ੍ਰਿਸ ਮੂਰ ਜੋ ਕਿ ਇਸ ਪ੍ਰੋਗਰਾਮ ਦੇ ਪ੍ਰਧਾਨ ਸਨ, ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। ਸੁਰੱਖਿਆ ਦੀ ਜ਼ਿੰਮੇਵਾਰੀ ਸ਼ੈਰਿਫ ਮਿਸਟਰ ਜੀਨ ਕੈਲੀ ਨੇ ਨਿਭਾਈ। ਜਿਥੇ ਲੋਕਾਂ ਨੇ ਜਾਪਾਨੀ, ਕੰਬੋਡੀਆਈ, ਚੀਨੀ, ਮੈਕਸੀਕਨ-ਅਮਰੀਕਨ ਖਾਣਿਆਂ ਦਾ ਸੁਆਦ ਮਾਣਿਆ ਉਥੇ ਜੀਤ ਇੰਡੀਆ ਵਲੋਂ ਮੁਹੱਈਆ ਕੀਤੇ ਗਏ ਪੰਜਾਬੀ ਖਾਣੇ ਦਾ ਲੁਤਫ ਵੀ ਉਨ੍ਹਾਂ ਨੇ ਖੂਬ ਉਠਾਇਆ। ਕੁਝ ਅਮੀਕੀਆਂ ਨੇ ਗੱਲਬਾਤ ਕਰਨ 'ਤੇ ਦੱਸਿਆ ਕਿ ਉਹ ਸਾਗ-ਪਨੀਰ ਤੇ ਮੈਂਗੋ-ਲੱਸੀ ਨੂੰ ਬਹੁਤ ਪਸੰਦ ਕਰਦੇ ਹਨ। ਕੁਝ ਨੇ ਚਿਕਨ ਕਰੀ ਨੂੰ ਸਭ ਤੋਂ ਵੱਧ ਪਸੰਦ ਦੱਸਿਆ। ਕੁਝ ਨੇ ਤਾਂ ਇੱਥੋਂ ਤੀਕ ਕਿਹਾ ਕਿ ਉਹ ਪੰਜਾਬੀ ਖਾਣੇ ਖਾਣ ਲਈ ਉਚੇਚਾ ਇਸ ਮੇਲੇ ਵਿਚ ਆਉਂਦੇ ਹਨ ਕਿਉਂਕਿ ਸਪਰਿੰਗਫੀਲਡ ਦੇ ਆਸ-ਪਾਸ ਕੋਈ ਇੰਡੀਅਨ ਰੈਸਟੋਰੈਂਟ ਨਹੀਂ ਹੈ। ਐਗਜ਼ੈਕਟਿਵ ਇਨ ਮੋਟਲ ਦੇ ਮਾਲਕ ਸ. ਅਵਤਾਰ ਸਿੰਘ ਦਾ ਸਾਰਾ ਪਰਿਵਾਰ ਸਰਦਾਰਨੀ ਸਰਬਜੀਤ ਕੌਰ ਦੀ ਅਗਵਾਈ ਵਿਚ ਇਸ ਮੇਲੇ ਵਿਚ ਸਟਾਲ ਲਾਉਣ ਅਤੇ ਸਭਿਆਚਾਰ ਪ੍ਰੋਗਰਾਮ ਤਿਆਰ ਕਰਨ ਵਿਚ ਕਈ ਦਿਨ ਲੱਗਾ ਰਿਹਾ ਤੇ ਉਸ ਦੀ ਅਗਵਾਈ ਅਤੇ ਨਿਗਰਾਨੀ ਵਿਚ ਮੇਲੇ ਵਿਚ ਪ੍ਰੋਗਰਾਮ ਪੇਸ਼ ਕੀਤੇ ਗਏ। ਫ਼ਸਟ ਬੈਪਟਿਸਟ ਚਰਚ, ਸਪਰਿੰਗਫੀਲਡ ਅਤੇ ਫਰੈਂਡਜ਼ ਆਫ਼ ਜੀਸਸ ਨੇ ਇਸਾਈ ਧਰਮ ਬਾਰੇ ਸਮਗਰੀ ਵੰਡੀ ਅਤੇ ਪੌਪ ਕੌਰਨ ਦਾ ਲੰਗਰ ਲਾ ਕੇ ਦਰਸ਼ਕਾਂ ਦੀ ਵਾਹਵਾ ਖੱਟੀ।

ਇਸ ਮੌਕੇ ਵੱਖ ਵੱਖ ਸਰਕਾਰੀ ਵਿਭਾਗਾਂ ਵਲੋਂ ਆਪਣੇ ਸਟਾਲ ਲਾਏ ਗਏ ਜਿਨ੍ਹਾਂ ਵਿਚ ਲੋਕਾਂ ਨੂੰ ਆਮ ਜੀਵਨ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕੀਤੀ ਗਈ। ਕਲਾਰਕ ਕਾਊਂਟੀ ਦੇ ਰੁਜ਼ਗਾਰ ਅਤੇ ਪਰਿਵਾਰਕ ਸੇਵਾਵਾਂ ਵਿਭਾਗ ਵਲੋਂ ਵੰਡੇ ਗਏ ਸਾਹਿਤ ਵਿਚ ਇਹ ਜਾਣਕਾਰੀ ਦਿੱਤੀ ਗਈ ਕਿ ਬੱਚਿਆਂ ਨੂੰ ਦੂਜਿਆਂ ਦੀ ਹਵਸ ਤੋਂ ਕਿਵੇਂ ਬਚਾਇਆ ਜਾਵੇ, ਇਸ ਸਬੰਧੀ ਮਾਪੇ ਕੀ ਕਰਨ ਅਤੇ ਕਿਹੜੇ ਵਿਭਾਗ ਦੀ ਸਹਾਇਤਾ ਲਈ ਜਾਵੇ। ਇਸ ਸਟਾਲ 'ਤੇ ਮੈਡੀਕੇਡ ਅਤੇ ਮੈਡੀਕੇਅਰ ਬਾਰੇ ਵੀ ਜਾਣਕਾਰੀ ਮੁਹੱਈਆ ਕੀਤੀ ਗਈ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਬਾਰੇ ਹੋਰ ਵੀ ਜਾਣਕਾਰੀ ਮੁਹੱਈਆ ਕੀਤੀ ਗਈ।

ਸਿਸਟਰਜ਼ ਯੂਨਾਈਟਿਡ ਫਾਰ ਪ੍ਰਿਵੈਨਸ਼ਨ ਆਫ ਕੈਂਸਰ ਸੁਸਾਇਟੀ ਵਲੋਂ ਲਾਏ ਗਏ ਸਟਾਲ ਉਤੇ ਕੈਂਸਰ ਬਾਰੇ ਜਾਣਕਾਰੀ ਵਾਲਾ ਸਾਹਿਤ ਵੰਡਿਆ ਜਾ ਰਿਹਾ ਸੀ। ਇਕ ਹੋਰ ਸਟਾਲ ਉਤੇ ਬੋਲੇ ਬੱਚਿਆਂ ਨੂੰ ਇਸ਼ਾਰਿਆਂ ਰਾਹੀਂ ਪੜ੍ਹਾਉਣ ਲਈ ਮੌਜੂਦ ਸਹੂਲਤਾਂ ਬਾਰੇ ਦੱਸਿਆ ਜਾ ਰਿਹਾ ਸੀ। ਮਰਦਮਸ਼ੁਮਾਰੀ ਵਿਭਾਗ ਵਲੋਂ ਲਾਏ ਗਏ ਸਟਾਲ ਉਤੇ ਅਗਲੇ ਸਾਲ ਹੋਣ ਵਾਲੀ ਮਰਦਮਸ਼ੁਮਾਰੀ ਬਾਰੇ ਜਾਣਕਾਰੀ ਦੇਣ ਲਈ ਪੈਂਫਲਿਟ ਵੰਡੇ ਜਾ ਰਹੇ ਸਨ। ਇਸ ਤੋਂ ਇਲਾਵਾ ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀ ਨੇ ਵੀ ਆਪੋ ਆਪਣੇ ਸਟਾਲ ਲਾਏ ਹੋਏ ਸਨ।

ਸਮਾਗਮ ਵਿਚ ਸ. ਅਵਤਾਰ ਸਿੰਘ ਸਪਰਿੰਗਫੀਲਡ, ਸ. ਪਿਆਰਾ ਸਿੰਘ ਸੈਂਬੀ, ਡਾ. ਦਰਸ਼ਨ ਸਿੰਘ ਸਹਿਬੀ, ਇੰਜੀ. ਰਾਜਪਾਲ ਸਿੰਘ ਬਜਾਜ, ਸ. ਕਰਤਾਰ ਸਿੰਘ, ਇੰਜੀ. ਦਲਜੀਤ ਸਿੰਘ ਦਿਉਲ, ਇੰਜੀ. ਸਮੀਪ ਸਿੰਘ ਗੁਮਟਾਲਾ, ਸ. ਮਹਿੰਦਰ ਸਿੰਘ ਤੱਖੜ, ਸ੍ਰੀਮਤੀ ਕੁਲਵੰਤ ਕੌਰ ਤੱਖੜ, ਸ. ਜਸਵੰਤ ਸਿੰਘ ਗਰੇਵਾਲ, ਸ. ਪ੍ਰਗਨ ਸਿੰਘ, ਸ੍ਰੀਮਤੀ ਚਰਨਜੀਤ ਕੌਰ, ਮਿਸ ਸਾਗਾਰਿਕਾ ਆਦਿ ਸ਼ਾਮਲ ਸਨ।

## ਅੰਟਾਰਕਟਿਕਾ ਦੇ ਗਰਮ ਹੋਣ ਦੇ ਸਹੀ ਕਾਰਨਾਂ ਦਾ ਪਤਾ ਨਹੀਂ

**ਪਣਜੀ:** ਅੰਟਾਰਕਟਿਕਾ ਤੇ ਮਹਾਂਸਾਗਰਾਂ ਸਬੰਧੀ ਕੌਮੀ ਖੋਜ ਕੇਂਦਰ ਦੇ ਪ੍ਰੋਗਰਾਮ ਡਾਇਰੈਕਟਰ ਥਾਂਬਨ ਮਿਲੋਥ ਦਾ ਕਹਿਣਾ ਹੈ ਕਿ ਬਰਫੀਲਾ ਮਹਾਂਦੀਪ ਅੰਟਾਰਕਟਿਕਾ ਲਗਾਤਾਰ ਗਰਮ ਹੋ ਰਿਹਾ ਹੈ, ਪਰ ਇਹਦੇ ਲਈ ਖੋਜਕਾਰ ਕਿਸੇ ਇਕ ਕਾਰਨ ਨੂੰ ਜ਼ਿੰਮੇਵਾਰ ਨਹੀਂ ਮੰਨ ਰਹੇ। ਉਨ੍ਹਾਂ ਨੇ ਦੱਸਿਆ ਕਿ ਪਿਛਲੀ ਸਦੀ ਵਿਚ ਇਕ ਦਹਾਕੇ ਵਿਚ ਤਾਪਮਾਨ ਵਧਣ ਦੀ ਔਸਤ ਦਰ 0.10 ਡਿਗਰੀ ਸੈਲਸੀਅਸ ਸੀ, ਜੋ ਪਿਛਲੇ ਕੁਝ ਦਹਾਕਿਆਂ ਤੋਂ 0.36 ਹੋ ਚੁੱਕੀ ਹੈ।

**ਚੋਣਾਂ ਹਰਿਆਣੇ ਦੀਆਂ**

## ਵੱਖ ਵੱਖ ਪਾਰਟੀਆਂ ਨੇ 34 ਪੰਜਾਬੀ ਖੜ੍ਹੇ ਕੀਤੇ

**ਚੰਡੀਗੜ੍ਹ:** ਹਰਿਆਣਾ 'ਚ 13 ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਦੀ ਅਹਿਮ ਭੂਮਿਕਾ ਰਹੇਗੀ। ਸੱਤਾਧਾਰੀ ਪਾਰਟੀ ਕਾਂਗਰਸ, ਇੰਡੀਅਨ ਨੈਸ਼ਨਲ ਲੋਕ ਦਲ ਅਤੇ ਭਾਜਪਾ ਨੇ 34 ਸਿੱਖ ਤੇ ਪੰਜਾਬੀ ਉਮੀਦਵਾਰਾਂ 'ਤੇ ਭਰੋਸਾ ਪ੍ਰਗਟਾਇਆ ਹੈ। ਇਨ੍ਹਾਂ 'ਚੋਂ ਸਭ ਤੋਂ ਵਧ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਇੰਡੀਅਨ ਨੈਸ਼ਨਲ ਲੋਕ ਦਲ ਨੇ 14 ਸਿੱਖ ਤੇ ਪੰਜਾਬੀ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ। ਇਨ੍ਹਾਂ 14 ਉਮੀਦਵਾਰਾਂ 'ਚੋਂ 8 ਸਿੱਖ ਹਨ। ਸ੍ਰੀ ਚੌਟਾਲਾ ਨੇ 8 ਸਿੱਖ ਉਮੀਦਵਾਰਾਂ ਨੂੰ ਟਿਕਟਾਂ ਦੇ ਕੇ ਰਾਜ ਅੰਦਰ ਵਖਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਠਿੱਬੀ ਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਇਨੈਲੋ ਆਗੂਆਂ ਅਨੁਸਾਰ 4 ਸਿੱਖ ਉਮੀਦਵਾਰ ਬੜੇ ਆਰਾਮ ਨਾਲ ਸੀਟ ਕੱਢ ਸਕਦੇ ਹਨ। ਉਂਜ ਵੀ ਫ਼ਿਲਹਾਲ ਇਨੈਲੋ ਵਲੋਂ ਸਿੱਖਾਂ ਨੂੰ 8 ਟਿਕਟਾਂ ਦੇਣ ਨਾਲ ਹਰਿਆਣਾ ਦੇ 13 ਲੱਖ ਸਿੱਖ ਵੋਟਰ ਯਕੀਨਨ ਪਾਸਾ ਪਲਟਣ ਲਈ ਸੋਚ ਸਕਦੇ ਹਨ ਕਿਉਂਕਿ ਮੌਜੂਦਾ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਲਗਭਗ ਸਾਢੇ ਚਾਰ ਸਾਲ ਹਰਿਆਣਾ ਦੇ ਸਿੱਖਾਂ ਨੂੰ ਵੱਖਰੀ ਸ਼੍ਰੋਮਣੀ ਕਮੇਟੀ ਦੇ ਮੁੱਦੇ 'ਤੇ ਭਰਮਾਈ ਰਖਿਆ।

ਇਨੈਲੋ ਦੇ 8 ਸਿੱਖ ਉਮੀਦਵਾਰਾਂ ਵਿਚੋਂ ਦੋ ਸ਼੍ਰੋਮਣੀ ਅਕਾਲੀ ਦਲ ਦੇ ਹਨ। ਅਕਾਲੀ ਦਲ ਵੀ ਪਹਿਲੀ ਵਾਰ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਲੜ ਰਿਹਾ ਹੈ। ਇਸ ਤੋਂ ਪਹਿਲਾਂ ਦਿੱਲੀ ਅਸੈਂਬਲੀ ਲਈ ਪਾਰਟੀ ਨੇ 4 ਸੀਟਾਂ 'ਤੇ ਚੋਣ ਲੜੀ ਸੀ। ਸਿਆਸੀ ਹਲਕਿਆਂ ਅਨੁਸਾਰ ਸ੍ਰੀ ਚੌਟਾਲਾ ਨੇ ਪ੍ਰਕਾਸ਼ ਸਿੰਘ ਬਾਦਲ ਦੇ ਕਹਿਣ 'ਤੇ ਹੀ ਵਧ ਤੋਂ ਵਧ ਸਿੱਖਾਂ ਨੂੰ ਟਿਕਟਾਂ ਦਿੱਤੀਆਂ ਹਨ ਤਾਂ ਜੋ ਕਾਂਗਰਸ ਦੀ ਵੱਖਰੀ ਸ਼੍ਰੋਮਣੀ ਕਮੇਟੀ ਦੀ ਸਾਜ਼ਸ਼ ਨੂੰ ਤਾਰਪੀਡੋ ਕੀਤਾ ਜਾ ਸਕੇ। ਇਨ੍ਹਾਂ ਸਿੱਖਾਂ ਤੇ ਪੰਜਾਬੀ ਉਮੀਦਵਾਰਾਂ 'ਚ ਸਾਬਕਾ ਖੇਤੀਬਾੜੀ ਮੰਤਰੀ ਜਸਵਿੰਦਰ ਸਿੰਘ ਸੰਧੂ (ਪਿਹੋਵਾ), ਦਿਲਬਾਗ ਸਿੰਘ ਮੜ੍ਹੈਲ (ਯਮਨਾਨਗਰ), ਰਾਮ ਸਿੰਘ ਕੋੜਬਾ (ਨਰੈਣਗੜ੍ਹ) ਯੋਗਰਾਜ ਸਿੰਘ (ਪੰਚਕੂਲਾ), ਨਿਸ਼ਾਨ ਸਿੰਘ (ਟੋਹਾਣਾ), ਬਲਵੰਤ ਸਿੰਘ (ਸਢੌਰਾ), ਚਰਨਜੀਤ ਕੌਰ (ਅੰਬਾਲਾ ਸਿਟੀ), ਚਰਨਜੀਤ ਸਿੰਘ (ਕਾਲਾਂਵਾਲੀ), ਅਸ਼ੋਕ ਅਰੋੜਾ (ਥਨੇਸਰ), ਸਵਤੰਤਰ ਬਾਲਾ (ਫ਼ਤਿਹਾਬਾਦ), ਕੈਲਾਸ਼ ਭਗਤ (ਕੈਥਲ), ਡਾ. ਹਰੀਚੰਦ ਮਿੱਢਾ (ਜੀਂਦ) ਅਤੇ ਅਸ਼ੋਕ ਧਾਨਕ (ਕਰਨਾਲ) ਸ਼ਾਮਲ ਹਨ। ਦੂਜੇ ਪਾਸੇ ਕਾਂਗਰਸ ਪਾਰਟੀ ਵਲੋਂ ਕੁਲ 10 ਉਮੀਦਵਾਰਾਂ ਨੂੰ ਟਿਕਟ ਦਿਤੀ ਗਈ ਹੈ ਜਿਨ੍ਹਾਂ ਵਿਚੋਂ ਤਿੰਨ ਸਿੱਖ ਉਮੀਦਵਾਰ ਹਨ ਜਦਕਿ ਬਾਕੀ 7 ਪੰਜਾਬੀ ਉਮੀਦਵਾਰ ਹਨ। ਇਨ੍ਹਾਂ ਵਿਚ ਖੇਤੀਬਾੜੀ ਮੰਦਰੀ ਹਰਮੋਹਿੰਦਰ ਸਿੰਘ ਚੱਠਾ, ਫੂਲ ਚੰਦ ਮੌਲਾਨਾ ਆਦਿ ਮੁੱਖ ਤੌਰ 'ਤੇ ਸ਼ਾਮਲ ਹਨ। ਉਧਰ ਇਨੈਲੋ ਦੀ ਸਹਿਯੋਗੀ ਪਾਰਟੀ ਭਾਜਪਾ ਨੇ ਸਿਰਫ਼ ਇਕ ਸਿੱਖ ਨੂੰ ਹੀ ਟਿਕਟ ਦਿਤੀ ਹੈ ਜਦਕਿ 9 ਪੰਜਾਬੀ ਉਮਦੀਵਾਰ ਹਨ।

## ਭਾਰਤ ਵਿਚ 20 ਲੱਖ ਬੱਚੇ 5 ਸਾਲ ਨਹੀਂ ਕੱਟਦੇ

**ਨਵੀਂ ਦਿੱਲੀ:** ਕਰੋੜਪਤੀਆਂ ਦੀ ਵਧ ਰਹੀ ਗਿਣਤੀ ਦੇ ਬਾਵਜੂਦ ਭਾਰਤ ਵਿਚ ਪੰਜ ਸਾਲ ਦੀ ਉਮਰ ਤੋਂ ਘੱਟ ਦੇ 20 ਲੱਖ ਬੱਚੇ ਸਾਲਾਨਾ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ। ਇਹ ਗਿਣਤੀ ਸੰਸਾਰ 'ਚ ਸਭ ਤੋਂ ਵਧੇਰੇ ਹੈ। ਇਨ੍ਹਾਂ ਵਿਚ ਅਧੇ ਬੱਚੇ ਜਨਮ ਤੋਂ ਬਾਅਦ ਮਹੀਨਾ ਵੀ ਨਹੀਂ ਕੱਟਦੇ ਅਤੇ ਚਾਰ ਲੱਖ ਬੱਚੇ ਜਨਮ ਤੋਂ 24 ਘੰਟੇ ਬਾਅਦ ਹੀ ਮਰ ਜਾਂਦੇ ਹਨ। ਇੱਥੋਂ ਤੱਕ ਕਿ ਨਵੀਂ ਦਿੱਲੀ 'ਚ ਜਿੱਥੇ 20 ਫੀਸਦੀ ਲੋਕ ਝੁੱਗੀਆਂ-ਝੋਪੜੀਆਂ 'ਚ ਰਹਿੰਦੇ ਹਨ, ਇਕ ਸਾਲ 'ਚ ਨਵਜਾਤ ਬੱਚਿਆਂ ਦੀ ਮੌਤ ਦੀ ਦਰ ਦੁੱਗਣੀ ਹੋ ਗਈ ਹੈ।

ਪਾਲੀਸੀ ਐਂਡ ਐਡਵੋਕੇਸੀ, ਸੇਵ ਦਾ ਚਾਇਲਡ ਦੇ ਮੁਖੀ ਸ਼ੀਰੀਨ ਮਿਲਰ ਨੇ ਕਿਹਾ ਕਿ ਅਮੀਰਾਂ ਅਤੇ ਗਰੀਬਾਂ 'ਚ ਪਾੜਾ ਬਹੁਤ ਜ਼ਿਆਦਾ ਹੈ। ਦਿੱਲੀ ਜਿਹੇ ਸ਼ਹਿਰ 'ਚ ਔਰਤਾਂ ਪੁਲਾਂ ਹੇਠ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ। ਸਿਹਤ ਸੇਵਾਵਾਂ ਕੁਝ ਨਹੀਂ ਕਰ ਰਹੀਆਂ।

# ਏਅਰ ਇੰਡੀਆ ਦੇ ਪਾਇਲਟਾਂ ਦੀ ਹੜਤਾਲ ਖਤਮ

**ਨਵੀਂ ਦਿੱਲੀ:** ਏਅਰ ਇੰਡੀਆ 'ਤੇ ਆਇਆ ਸੰਕਟ ਸਮਾਪਤ ਹੋ ਗਿਆ ਹੈ। ਸਰਕਾਰ ਦੀ 29 ਸਤੰਬਰ ਦੀ ਘੁਰਕੀ ਦੇ ਮੱਦੇਨਜ਼ਰ ਪੰਜ ਦਿਨਾਂ ਤੋਂ ਹੜਤਾਲ ਕਰ ਰਹੇ ਪਾਇਲਟਾਂ ਨੇ ਅਗਲੇ ਦਿਨ ਯਾਨੀ 30 ਸਤੰਬਰ ਨੂੰ ਆਪਣੀ ਹੜਤਾਲ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ। ਹੜਤਾਲੀ ਪਾਇਲਟਾਂ ਦੇ ਨੁਮਾਇੰਦੇ ਕੈਪਟਨ ਵੀ. ਕੇ. ਭੱਲਾ ਨੇ ਕਿਹਾ, "ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਦੇ ਭਰੋਸਾ ਦੇਣ ਪਿਛੋਂ ਹੜਤਾਲ ਸਮਾਪਤ ਕਰ ਦਿੱਤੀ ਗਈ ਹੈ।" ਸ੍ਰੀ ਪਟੇਲ ਨੇ ਕਿਹਾ ਕਿ ਉਹ ਇਸ ਗੱਲੋਂ ਖੁਸ਼ ਅਤੇ ਧੰਨਵਾਦੀ ਹਨ ਕਿ ਪਾਇਲਟਾਂ ਨੇ ਹੜਤਾਲ ਸਮਾਪਤ ਕਰ ਦਿੱਤੀ ਹੈ। ਏਅਰ ਇੰਡੀਆ ਦੇ ਸੀ. ਐੱਮ. ਡੀ. ਹੁਣ ਜਲਦ ਹੀ ਇਕ ਕਮੇਟੀ ਦਾ ਗਠਨ ਕਰਨਗੇ। ਏਅਰ ਇੰਡੀਆ ਦੇ ਐਗਜ਼ੈਕਟਿਵ ਡਾਇਰੈਕਟਰ ਜਤਿੰਦਰ ਭਾਰਗਵ ਨੇ ਕਿਹਾ ਕਿ ਕੌਮਾਂਤਰੀ ਉਡਾਣਾਂ ਦੀ ਪਹਿਲਾਂ ਵਾਲੀ ਸਥਿਤੀ ਬਹਾਲ ਹੋ ਗਈ ਹੈ।

ਇਸ ਤੋਂ ਪਹਿਲਾਂ ਕਲ੍ਹ ਸ਼ਾਮੀਂ ਏਅਰ ਲਾਈਨਜ਼ ਹਾਊਸ ਵਿਚ ਪਾਇਲਟਾਂ ਅਤੇ ਏਅਰ ਇੰਡੀਆ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਅਰਵਿੰਦਰ ਯਾਦਵ ਵਿਚਾਲੇ ਗੱਲਬਾਤ ਹੁੰਦੀ ਰਹੀ। ਏਅਰ ਇੰਡੀਆ ਨੇ ਇਕ ਹੁਕਮ ਜਾਰੀ ਕਰਕੇ 24 ਸਤੰਬਰ ਨੂੰ ਭੱਤੇ ਕੱਟਣ ਬਾਰੇ ਦਿੱਤਾ ਨੋਟਿਸ ਅਜੇ ਰੋਕ ਲਿਆ ਹੈ। ਇਸ ਸੰਬੰਧੀ ਫੈਸਲਾ ਉਚ ਪੱਧਰੀ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਲਿਆ ਜਾਵੇਗਾ। ਇਸ ਗੱਲਬਾਤ ਦਾ ਹਿੱਸਾ ਰਹੇ ਕੈਪਟਨ ਆਰ. ਐੱਲ. ਮਾਥੁਰ ਨੇ ਕਿਹਾ ਕਿ ਸਾਰੇ ਪਾਇਲਟ ਤੁਰੰਤ ਡਿਊਟੀ 'ਤੇ ਪੁੱਜ ਜਾਣਗੇ।

ਭੱਤਿਆਂ (ਪੀ. ਐੱਲ. ਆਈ.) ਵਿਚ ਕਮੀ ਕਰਨ ਦੇ ਹੁਕਮ ਪਿਛੋਂ ਏਅਰ ਇੰਡੀਆ ਦੇ ਕਰੀਬ 200 ਪਾਇਲਟ 'ਬਿਮਾਰ' ਪੈ ਗਏ ਸਨ, ਜਿਸ ਕਾਰਨ 240 ਉਡਾਣਾਂ ਰੱਦ ਕਰਨੀਆਂ ਪਈਆਂ। ਏਅਰ ਇੰਡੀਆ ਨੂੰ ਹੜਤਾਲ ਕਾਰਨ ਕਰੀਬ 100 ਕਰੋੜ ਦਾ ਘਾਟਾ ਪਿਆ ਹੈ।

ਇਸੇ ਕਾਰਨ ਸਰਕਾਰ ਨੇ ਹੜਤਾਲੀ ਪਾਇਲਟਾਂ ਨੂੰ ਘੂਰਿਆ ਸੀ ਕਿ ਜਾਂ ਕੰਮ 'ਤੇ ਪਰਤ ਆਵੋ ਜਾਂ ਫੇਰ ਕਾਰਵਾਈ (ਐਕਸ਼ਨ) ਲਈ ਤਿਅਰ ਹੋ ਜਾਵੋ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸ੍ਰੀ ਪਟੇਲ ਦਾ ਮਾਮਲਾ ਨਿਪਟਾਉਣ ਲਈ ਧੰਨਵਾਦ ਕਰਦਿਆਂ ਸ੍ਰੀ ਭੱਲਾ ਨੇ ਕਿਹਾ ਕਿ ਉਹ ਸਾਰੇ ਯਾਤਰੀਆਂ ਤੋਂ ਮੁਆਫੀ ਮੰਗਦੇ ਹਨ। ਹੜਤਾਲ ਕਾਰਨ ਯਾਤਰੀਆਂ ਨੂੰ ਬੇਲੋੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਪਾਇਲਟਾਂ ਨੂੰ ਸਰਕਾਰ ਵਲੋਂ ਭਰੋਸੇ ਦਾ ਸੁਨੇਹਾ ਮਿਲ ਗਿਆ ਹੈ।

ਇਹ ਪੁੱਛੇ ਜਾਣ 'ਤੇ ਕਿ ਪਾਇਲਟਾਂ ਦਾ ਵੱਡਾ ਹਿੱਸਾ ਹੜਤਾਲ ਜਾਰੀ ਰੱਖਣ ਦੇ ਹੱਕ ਵਿਚ ਹੈ ਤਾਂ ਸ੍ਰੀ ਪਾਟਿਲ ਨੇ ਕਿਹਾ ਕਿ ਏਅਰ ਇੰਡੀਆ ਦੇ ਪ੍ਰਬੰਧਕ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਸੁਤੰਤਰ ਹੋਣਗੇ। ਸ੍ਰੀ ਪਾਟਿਲ ਨੇ ਕਿਹਾ ਕਿ ਏਅਰ ਇੰਡੀਆ ਦੀ ਡਟ ਕੇ ਹਮਾਇਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਮੇਟੀ ਵਿਚ ਏਅਰ ਇੰਡੀਆ ਅਤੇ ਪਾਇਲਟਾਂ ਦੋਹਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਇਹ ਕਮੇਟੀ ਸਾਰੇ ਮਸਲਿਆਂ 'ਤੇ ਵਿਚਾਰ ਕਰੇਗੀ।

**ਕਮਟੀ ਬਣੇਗੀ:** ਸ਼ਹਿਰੀ ਹਵਾਬਾਜ਼ੀ ਮੰਤਰੀ ਪੀ. ਪਟੇਲ ਨੇ ਕਿਹਾ ਕਿ ਏਅਰਲਾਈਨ ਬਹੁਤ ਜਲਦੀ ਹੀ ਇਕ ਕਮੇਟੀ ਦਾ ਗਠਨ ਕਰੇਗੀ, ਜਿਸ ਵਿਚ ਹਵਾਬਾਜ਼ੀ ਮੰਤਰਾਲਾ ਅਤੇ ਪਾਇਲਟਾਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ। ਇਹ ਕਮੇਟੀ ਪਾਇਲਟਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਬਾਰੇ ਵਿਚਾਰ ਚਰਚਾ ਕਰੇਗੀ ਅਤੇ ਸਮੱਸਿਆ ਦੇ ਨਿਪਟਾਰੇ ਲਈ ਆਪਣੇ ਸੁਝਾਅ ਦੇਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਏਅਰ ਇੰਡੀਆ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰੇਗੀ। ਇਸ ਸੰਬੰਧੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਨੂੰ ਵੀ ਸਾਰੀ ਜਾਣਕਾਰੀ ਦੇ ਦਿੱਤੀ ਗਈ ਹੈ।

## ਪ੍ਰਸ਼ਾਂਤ ਸਾਗਰ ਸੁਨਾਮੀ ਨਾਲ 277 ਮੌਤਾਂ

**ਸਮੋਆ :** ਪਿਛਲੇ ਦਿਨੀਂ ਦੱਖਣੀ ਪ੍ਰਸ਼ਾਂਤ ਸਾਗਰ ਵਿਚ ਆਈ ਜ਼ਬਰਦਸਤ ਸੁਨਾਮੀ ਨਾਲ ਘੱਟੋ ਘੱਟ 377 ਵਿਅਕਤੀਆਂ ਦੇ ਮਰਨ ਦੀ ਖਬਰ ਹੈ ਅਤੇ ਉੱਥੋਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਵੀ ਸਕਦੀ, ਕਿਉਂਕਿ ਹਾਲੇ ਤੱਕ ਕਈ ਖੇਤਰਾਂ ਦੀ ਤਲਾਸ਼ੀ ਲੈਣੀ ਬਾਕੀ ਹੈ।

ਸਮੋਇਆ ਦੇ ਮੰਤਰੀ ਟਿਊਲਏਪਾ ਸਾਇਲੇਲੀ ਨੇ ਪ੍ਰਭਾਵਿਤ ਖੇਤਰ ਦਾ ਦੌਰਾ ਕਰਨ ਤੋਂ ਬਾਅਦ ਨਿਊਜ਼ੀਲੈਂਡ ਨੈਸ਼ਨਲ ਰੇਡੀਓ ਨੂੰ ਦੱਸਿਆ ਕਿ ਇਹ ਸੁਨਾਮੀ ਬਹੁਤ ਭਿਆਨਕ ਸੀ। ਕੁਝ ਪਿੰਡ ਤਾਂ ਪੂਰੀ ਤਰ੍ਹਾਂ ਨਸ਼ਟ ਹੋ ਗਏ ਹਨ ਅਤੇ ਇਹ ਸਾਰਾ ਕਾਰਾ ਜ਼ਬਰਦਸਤ ਸੁਨਾਮੀ ਨੇ ਕੇਵਲ 10 ਮਿੰਟਾਂ ਵਿਚ ਹੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਆਪਣਾ ਪਿੰਡ ਵੀ ਪੂਰੀ ਤਰ੍ਹਾਂ ਨਸ਼ਟ ਹੋ ਗਿਆ ਅਤੇ ਇਸੇ ਤਰ੍ਹਾਂ ਸਮੋਆ, ਅਮਰੀਕੀ ਸਮੋਆ ਅਤੇ ਟਾਂਗਾ ਵਿਚ ਵੀ ਕਈ ਪਿੰਡ ਪੂਰੀ ਤਰ੍ਹਾਂ ਨਸ਼ਟ ਹੋ ਗਏ। ਭਾਰਤੀ ਸਮੇਂ ਅਨੁਸਾਰ ਸਮੋਇਆ ਵਿਚ ਭੁਚਾਲ ਆਇਆ ਸੀ। ਇਸ ਤੋਂ ਤੁਰੰਤ ਬਾਅਦ ਚਾਰ ਸੁਨਾਮੀ ਲਹਿਰਾਂ ਜਿਹੜੀਆਂ 15 ਤੋਂ 20 ਫੁੱਟ ਤੱਕ ਉੱਚੀਆਂ ਸਨ, ਨੇ ਟਾਪੂ ਦੇ 1.5 ਕਿਲੋਮੀਟਰ ਅੰਦਰ ਤੱਕ ਤਬਾਹੀ ਮਚਾ ਦਿੱਤੀ।

ਸਮੋਆ ਪ੍ਰਧਾਨ ਮੰਤਰੀ ਟਿਊਲਏਪਾ ਨੇ ਦੱਸਿਆ ਕਿ ਇਸ ਤੂਫਾਨ ਵਿਚ ਵੱਡੀ ਗਿਣਤੀ 'ਚ ਵਿਅਕਤੀ ਮਾਰੇ ਗਏ ਹਨ, ਜਿਨ੍ਹਾਂ 'ਚ ਜ਼ਿਆਦਾਤਰ ਬਜ਼ੁਰਗ ਅਤੇ ਬੱਚੇ ਸ਼ਾਮਲ ਹਨ। ਅਮਰੀਕੀ ਸਮੋਇਆ ਵਿਚ ਘੱਟੋ-ਘੱਟ 32 ਵਿਅਕਤੀਆਂ ਦੀ ਮੌਤ ਹੋ ਗਈ ਹੈ ਕਿ ਟਾਂਗਾ ਵਿਚ ਵੀ ਕਾਫੀ ਵਿਅਕਤੀ ਇਸ ਦੀ ਲਪੇਟ ਵਿਚ ਆਏ ਹਨ। ਸਮੋਆ ਦੇ ਪੁਲਸ ਕਮਾਂਡਰ ਲੀਓ ਨੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਵੀ ਸਕਦੀ ਹੈ। ਉਨ੍ਹਾਂ ਕਿਹਾ ਕਿ ਟਾਪੂਆਂ ਦੀ ਪੂਰੀ ਤਲਾਸ਼ੀ ਲਈ ਇਕ ਜਾਂ ਦੋ ਹਫਤੇ ਲੱਗ ਸਕਦੇ ਹਨ।ਬਹੁਤ ਸਾਰੇ ਲੋਕ ਲਾਪਤਾ ਹਨ।

ਪੇਸੀਫਿਕ ਸੁਨਾਮੀ ਵਾਰਨਿੰਗ ਸੈਂਟਰ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਚਿਤਾਵਨੀ ਜਾਰੀ ਕੀਤੀ ਸੀ, ਪਰ ਛੱਲਾਂ ਇੰਨੀ ਛੇਤੀ ਆ ਗਈਆਂ ਕਿ ਨਾਗਰਿਕਾਂ ਨੂੰ ਆਪਣੇ ਬਚਾਅ ਲਈ ਕੇਵਲ 10 ਮਿੰਟ ਹੀ ਮਿਲੇ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



PUNJAB AUTO WERKS
Akal Transport Corp

1930 W. Hubbard St., Chicago, IL

For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars

ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ



ਟੈਕਸੀ ਕੈਬ ਵੀ ਲੀਜ਼ 'ਤੇ ਦਿੰਦੇ ਹਾਂ

Call
Gurcharn Singh Jhaj
Jaidev Singh Bhattal
Sukhraj Singh Takhar

Tel. 312-243-3344, 312-243-2255
Fax: 312-243-2277

# ਵੀਜ਼ੇ ਦੇ ਮਾਮਲੇ 'ਚ ਚੀਨ ਨਾਲ ਤਣਾਅ ਜਾਰੀ

**ਚੰਡੀਗੜ੍ਹ:** ਚੀਨ ਨੇ ਵੀਜ਼ਾ ਮਾਮਲੇ ਵਿਚ ਨਵਾਂ ਬਖੇੜਾ ਤੇ ਅੜਿਕਾ ਖੜ੍ਹਾ ਕਰ ਦਿੱਤਾ ਹੈ। ਇਕ ਵਾਰ ਫੇਰ ਭੜਕਾਉਣ ਵਾਲੀ ਕਾਰਵਾਈ ਕਰਦੇ ਹੋਏ ਚੀਨੀ ਸਫਾਰਤਖਾਨੇ ਨੇ ਜੰਮੂ ਕਸ਼ਮੀਰ ਦੇ ਨਿਵਾਸੀਆਂ ਨੂੰ ਭਾਰਤ ਸਰਕਾਰ ਵਲੋਂ ਜਾਰੀ ਪਾਸਪੋਰਟ ਦੀ ਬਜਾਏ ਅਲੱਗ ਇਕ ਵਿਸ਼ੇਸ਼ ਕਾਗਜ਼ ਉੱਤੇ ਵੀਜ਼ਾ ਜਾਰੀ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਨੇ ਚੀਨ ਦੇ ਇਸ ਕਦਮ 'ਤੇ ਸਖ਼ਤ ਇਤਰਾਜ਼ ਜਿਤਾਉਂਦੇ ਹੋਏ ਕਿਹਾ ਕਿ ਨਵੀਂ ਦਿੱਲੀ ਨੇ ਚੀਨ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾ ਦਿੱਤਾ ਹੈ, ਲੇਕਿਨ ਸੂਤਰ ਦੱਸਦੇ ਹਨ ਕਿ ਚੀਨ ਦੇ ਸਾਹਮਣੇ ਦਰਜ ਕਰਾਏ ਇਨ੍ਹਾਂ ਇਤਰਾਜ਼ਾਂ ਵਿਚ ਭਾਰਤ ਦਾ ਲਹਿਜ਼ਾ ਸਖ਼ਤ ਨਹੀਂ ਹੈ। ਨਵੀਂ ਦਿੱਲੀ ਦੀ ਯੂ.ਪੀ.ਏ. ਸਰਕਾਰ ਨੇ ਪੂਰੀ ਸੰਜੀਦਗੀ ਨਾਲ ਆਪਣੀ ਨਰਾਜ਼ਗੀ ਜਿਤਾਈ ਹੈ। ਕੂਟਨੀਤਕ ਪੱਧਰ 'ਤੇ ਇਸ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੇਕਿਨ ਅਗਰ ਚੀਨ ਨਹੀਂ ਮੰਨਦਾ ਤਾਂ ਭਾਰਤ ਸਰਕਾਰ ਗੋਡੇ ਨਹੀਂ ਟੇਕੇਗੀ। ਉਧਰ ਤਿੱਬਤ ਵਾਸੀਆਂ ਨੂੰ ਵੀਜ਼ਾ ਦੇਣ ਦੇ ਮਸਲੇ ਵਿਚ ਭਾਰਤੀ ਸਫਾਰਤਖਾਨਾ ਭਾਰਤੀ ਦੂਤਾਵਾਸ ਵੀ ਇਸੇ ਤਰ੍ਹਾਂ ਦਾ ਵਿਸਥਾਰ ਕਰ ਸਕਦਾ ਹੈ। ਚੀਨ ਨੇ ਅਜਿਹਾ ਪਹਿਲੀ ਵਾਰ ਨਹੀਂ ਕੀਤਾ ਹੈ। ਅਰੁਣਾਚਲ ਪ੍ਰਦੇਸ਼ ਦੇ ਨਾਗਰਿਕਾਂ ਦੇ ਮਾਮਲੇ ਵਿਚ ਵੀ ਉਹ ਅਜਿਹਾ ਹੀ ਕਰਦਾ ਆ ਰਿਹਾ ਹੈ। ਚੀਨ ਦੇ ਇਸ ਕਦਮ ਤੋਂ ਅਜਿਹਾ ਲੱਗ ਰਿਹਾ ਹੈ ਕਿ ਉਹ ਜੰਮੂ-ਕਸ਼ਮੀਰ ਨੂੰ ਵੀ ਅਰੁਣਾਚਲ ਪ੍ਰਦੇਸ਼ ਦੀ ਸ਼੍ਰੇਣੀ ਵਿਚ ਰੱਖਣਾ ਚਾਹੁੰਦਾ ਹੈ।

ਸਮਝਿਆ ਜਾ ਰਿਹਾ ਹੈ ਕਿ ਅਕਤੂਬਰ ਦੇ ਅਖੀਰਲੇ ਸਪਤਾਹ ਵਿਚ ਚੀਨ ਦੇ ਵਿਦੇਸ਼ ਮੰਤਰੀ ਯਾਂਗ ਜਯੇਚੀ ਤੋਂ ਇਸ ਬਾਬਤ ਚਰਚਾ ਹੋਵੇਗੀ। ਮਾਲੂਮ ਹੁੰਦਾ ਹੈ ਕਿ ਚੀਨ ਦੀ ਇਹ ਚਿੜ੍ਹ ਤਿੱਬਤੀ ਧਰਮ ਗੁਰੂ ਨੂੰ ਭਾਰਤ ਦੁਆਰਾ ਮਹਿਮਾਨ ਦੇ ਤੌਰ 'ਤੇ ਸ਼ਹਿ ਦੇਣ ਦੇ ਕਾਰਨ ਵਧੀ ਹੈ। ਦਲਾਈ ਲਾਮਾ ਅਰੁਣਾਚਲ ਪ੍ਰਦੇਸ਼ ਦਾ ਦੌਰਾ ਕਰਨ ਵਾਲੇ ਹਨ। ਇਸੇ ਨੂੰ ਲੈ ਕੇ ਚੀਨ ਦੇ ਮੱਥੇ 'ਤੇ ਚਿੜ੍ਹ ਦੀਆਂ ਲਕੀਰਾਂ ਹਨ। ਯਾਦ ਰਹੇ ਚੀਨੀ ਦੂਤਘਰ ਨੇ ਪਿਛਲੇ ਹਫਤੇ ਕੁਝ ਕਸ਼ਮੀਰੀਆਂ ਲਈ ਪਾਸਪੋਰਟਾਂ ਦੀ ਥਾਂ ਇਕ ਵੱਖਰੇ ਕਾਗਜ਼ 'ਤੇ ਵੀਜ਼ਿਆਂ ਉੱਤੇ ਮੋਹਰਾਂ ਲਗਾਉਣ ਦੀ ਪਿਰਤ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਸਰਕਾਰ ਨੇ ਚੀਨ ਕੋਲ ਰੋਸ ਦਰਜ ਕਰਾਇਆ ਹੈ। ਵੀਜ਼ਿਆਂ ਲਈ ਪਾਸਪੋਰਟ ਦੇ ਨਾਲ ਨੱਥੀ ਕੀਤੇ ਵੱਖਰੇ ਪੇਪਰਾਂ 'ਤੇ ਮੋਹਰਾਂ ਲਗਾਉਣ ਦੀ ਪਿਰਤ ਪਹਿਲਾਂ ਜਿਹੇ ਤੋਂ ਅਰੁਣਾਚਲ ਪ੍ਰਦੇਸ਼ ਦੇ ਵਸਨੀਕਾਂ ਲਈ ਸ਼ੁਰੂ ਕੀਤੀ ਗਈ ਸੀ। ਚੀਨ ਅਰੁਣਾਚਲ ਪ੍ਰਦੇਸ਼ ਉੱਤੇ ਆਪਣਾ ਹੱਕ ਜਤਾਉਂਦਾ ਹੈ। ਕਸ਼ਮੀਰੀ ਯਾਤਰੀਆਂ ਦੇ ਸਬੰਧ ਵਿਚ ਕੀਤੀ ਕਾਰਵਾਈ ਰਾਹੀਂ ਚੀਨ ਵਲੋਂ ਜੰਮੂ-ਕਸ਼ਮੀਰ ਦੇ ਭਾਰਤ ਦੇ ਅੰਗ ਵਜੋਂ ਦਰਜੇ 'ਤੇ ਕਿੰਤੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਸ਼ਨੂੰ ਪ੍ਰਕਾਸ਼ ਨੇ ਦੱਸਿਆ ''ਅਸੀਂ ਇਸ ਸਬੰਧੀ ਆਪਣੇ ਵਾਜਬ ਸਰੋਕਾਰ ਚੀਨ ਸਰਕਾਰ ਤੱਕ ਪਹੁੰਚਾ ਦਿੱਤੇ ਹਨ। ਇਹ ਸਾਡਾ ਸੋਚਿਆ ਵਿਚਾਰਿਆ ਮੱਤ ਅਤੇ ਪੁਜ਼ੀਸ਼ਨ ਹੈ ਕਿ ਭਾਰਤੀ ਕੌਮੀਅਤ ਦੇ ਵੀਜ਼ਾ ਬਿਨੈਕਾਰਾਂ ਨਾਲ ਵਸੇਬੇ ਜਾਂ ਨਸਲ ਦੇ ਆਧਾਰ 'ਤੇ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।'' ਉਧਰ ਚੀਨੀ ਦੂਤਘਰ ਦੇ ਇਕ ਅਧਿਕਾਰੀ ਨੇ ਕਿਹਾ, ''ਅਸੀਂ ਜੋ ਜਾਰੀ ਕੀਤਾ ਉਹ ਸਹੀ ਤੇ ਵਾਜਬ ਦਸਤਾਵੇਜ਼ ਹੈ। ਇਹ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ (ਦਿੱਲੀ) ਉਤੇ ਤੁਹਾਡੇ ਅਧਿਕਾਰੀਆਂ ਦੀ ਸਮੱਸਿਆ ਹੈ। ਵੱਖਰੇ ਕਾਗਜ਼ਾਂ 'ਤੇ ਵੀਜ਼ੇ ਜਾਰੀ ਕਰਨ ਦੀ ਇਹ ਪਿਰਤ ਸਾਲਾਂ ਤੋਂ ਚਲੀ ਆ ਰਹੀ ਹੈ।''

ਇਸੇ ਦੌਰਾਨ, ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਕਸ਼ਮੀਰੀਆਂ ਲਈ ਉਨ੍ਹਾਂ ਦੇ ਪਾਸਪੋਰਟਾਂ ਦੀ ਥਾਂ ਵੱਖਰੇ ਕਾਗਜ਼ਾਂ 'ਤੇ ਵੀਜ਼ੇ ਜਾਰੀ ਕੀਤੇ ਜਾਣ ਦੇ ਮੁੱਦੇ 'ਤੇ ਸਰਕਾਰ ਚੁੱਪ ਬੈਠੀ ਹੈ ਅਤੇ ਉਸ ਨੇ ਮੰਗ ਕੀਤੀ ਹੈ ਕਿ ਇਹ ਮੁੱਦਾ ਗੁਆਂਢੀ ਦੇਸ਼ ਕੋਲ ਉਠਾਇਆ ਜਾਵੇ। ਪਾਰਟੀ ਦੇ ਬੁਲਾਰੇ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ, ''ਅਸੀਂ ਚੀਨੀ ਦੂਤਘਰ ਵਲੋਂ ਵੀਜ਼ਾ ਦੇਣ ਸਮੇਂ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਵੱਖਰੇ ਕਰਨ ਦੀ ਕਾਰਵਾਈ ਦੀ ਸਖ਼ਤ ਨਿੰਦਾ ਕਰਦੇ ਹਾਂ। ਇਹ ਕਿਉਂ ਕੀਤਾ ਗਿਆ?'' ਉਨ੍ਹਾਂ ਕਿਹਾ ਕਿ ਪਾਰਟੀ ਚੀਨ ਨਾਲ ਚੰਗੇ ਸੰਬੰਧ ਬਣਾਉਣ ਦੇ ਪੱਖ ਵਿਚ ਹੈ ਪਰ ਇਹ ਦੇਸ਼ ਦੀ ਸੁਰੱਖਿਆ ਦੀ ਕੀਮਤ 'ਤੇ ਨਹੀਂ ਕੀਤਾ ਜਾ ਸਕਦਾ। ਇਸ ਦੌਰਾਨ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਹੈ ਕਿ ਉਸ ਦੀ ਚੀਨ ਪ੍ਰਤੀ ਨੀਤੀ ਕਮਜ਼ੋਰ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਦੀ ਨੀਤੀ ਇਸੇ ਤਰ੍ਹਾਂ ਰਹੀ ਤਾਂ 1962 ਵਰਗੇ ਹਾਲਾਤ ਪੈਦਾ ਹੋ ਜਾਣਗੇ।

ਪੱਤਰਕਾਰ ਸੰਮੇਲਨ 'ਚ ਰਾਜਨਾਥ ਸਿੰਘ ਨੇ ਕਿਹਾ ਕਿ ਅਜਿਹੇ ਵਿਚ ਜਦੋਂ ਚੀਨ ਖੁਦ ਨੂੰ ਇਕ ਮਹਾਂਸ਼ਕਤੀ ਦੇ ਰੂਪ ਵਿਚ ਸਥਾਪਿਤ ਕਰਨ ਲਈ ਇਸ ਸਾਲ ਹੈਲੀਕਾਪਟਰ ਰਾਹੀਂ ਘੁਸਪੈਠ ਕਰਨ ਤੋਂ ਇਲਾਵਾ 270 ਵਾਰੀ ਅਤੇ ਪਿਛਲੇ ਸਾਲ 1,040 ਵਾਰੀ ਘੁਸਪੈਠ ਕਰਕੇ ਦਬਾਅ ਬਣਾ ਰਿਹਾ ਹੈ, ਤਦ ਕੇਂਦਰ ਸਰਕਾਰ ਅਫਸੋਸਜਨਕ ਰੂਪ ਵਿਚ ਇਸਨੂੰ ਮੀਡੀਆ ਦਾ ਪ੍ਰਚਾਰ ਦੱਸ ਰਹੀ ਹੈ। ਰਾਜਨਾਥ ਸਿੰਘ ਨੇ ਚੀਨ ਦੀ ਸਰਗਰਮ ਨੀਤੀ ਤੋਂ ਦੇਸ਼ ਦੀ ਰੱਖਿਆ ਦੀ ਮੰਗ ਕੀਤੀ।

# ਭਾਰਤ-ਚੀਨ ਸੰਬੰਧ ਤੋੜਨ ਲਈ ਸਰਗਰਮ ਅਮਰੀਕਾ



ਪ੍ਰਕਾਸ਼ ਕਾਰਤ

**ਨਵੀਂ ਦਿੱਲੀ:** ਸੀ ਪੀ ਐਮ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਰਣਨੀਤਕ ਗੱਠਜੋੜ ਦੇ ਯਤਨਾਂ 'ਚ ਲੱਗੀ ਲਾਬੀ ਵਲੋਂ ਨਵੀਂ ਦਿੱਲੀ ਅਤੇ ਬੀਜਿੰਗ ਦੇ ਰਿਸ਼ਤਿਆਂ 'ਚ ਉਲਝਣਾਂ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਪੀਪਲਜ਼ ਡੈਮੋਕਰੇਸੀ 'ਚ ਪ੍ਰਕਾਸ਼ਤ ਆਪਣੇ ਲੇਖ 'ਚ ਪਾਰਟੀ ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਸੰਸਾਰ ਦੀ ਆਰਥਿਕਤਾ 'ਤੇ ਕਾਬਜ਼ ਲੋਕਾਂ ਲਈ ਭਾਰਤ ਅਤੇ ਚੀਨ ਵਿਚਕਾਰ ਦੁਸ਼ਮਣੀ ਅਤੇ ਟਕਰਾਅ ਤੋਂ ਵਧੀਆ ਹੋਰ ਗੱਲ ਹੋ ਹੀ ਨਹੀਂ ਸਕਦੀ।

ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਅੰਦਰ ਹੀ ਇਕ ਲਾਬੀ ਵਲੋਂ ਅਮਰੀਕਾ ਤੋਂ ਹਥਿਆਰਾਂ ਦੀ ਖ਼ਰੀਦ ਦਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਹ ਲਾਬੀ ਅਮਰੀਕਾ ਨਾਲ ਰਣਨੀਤਕ ਭਾਈਵਾਲੀ ਪੱਕੀ ਕਰਨਾ ਚਾਹੁੰਦੀ ਹੈ ਅਤੇ ਇਸੇ ਲਈ ਉਸ ਵਲੋਂ ਭਾਰਤ ਚੀਨ ਸਹਿਯੋਗ 'ਚ ਅੜਿੱਕੇ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਪ੍ਰਕਾਸ਼ ਕਰਤ ਨੇ ਇਸ ਸੰਬੰਧ 'ਚ 'ਵਾਸ਼ਿੰਗਟਨ ਪੋਸਟ' ਦੀ ਇਕ ਰਿਪੋਰਟ ਦਾ ਜ਼ਿਕਰ ਕੀਤਾ, ਜਿਸ ਵਿਚ ਦਿੱਲੀ ਦੇ ਪੰਜ ਤਾਰਾ ਹੋਟਲ 'ਚ ਅਮਰੀਕਾ ਦੇ ਰਿਟਾਇਰਡ ਫੌਜੀ ਅਧਿਕਾਰੀਆਂ ਦੀਆਂ ਭਾਰਤ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗਾਂ ਦਾ ਜ਼ਿਕਰ ਹੈ।

ਉਨ੍ਹਾਂ ਕਿਹਾ ਕਿ ਇਕ ਵਰਗ ਵਲੋਂ ਕਾਰਪੋਰੇਟ ਮੀਡੀਆ 'ਚ ਵੀ ਚੀਨ ਵਿਰੋਧੀ ਮਾਹੌਲ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਮੀਡੀਆ ਵਲੋਂ ਭਾਰਤੀ ਇਲਾਕੇ 'ਚ ਚੀਨੀ ਫੌਜ ਦੀ ਘੁਸਪੈਠ ਦੀਆਂ ਖ਼ਬਰਾਂ ਨੂੰ ਵਧਾ ਚੜ੍ਹਾ ਕੇ ਪ੍ਰਕਾਸ਼ਤ ਕੀਤਾ ਗਿਆ ਹੈ, ਹਾਲਾਂਕਿ ਸਰਕਾਰ ਅਜਿਹੀ ਗੱਲ ਦਾ ਖੰਡਨ ਕਰਦੀ ਆ ਰਹੀ ਹੈ।

ਕਮਿਊਨਿਸਟ ਆਗੂ ਨੇ ਕਿਹਾ ਕਿ ਸੱਜੇ ਪੱਖੀ ਭਾਰਤੀ ਜਥੇਬੰਦੀਆਂ ਵੀ ਚੀਨ ਤੋਂ ਖ਼ਤਰੇ ਦਾ ਪ੍ਰਚਾਰ ਕਰ ਰਹੀਆਂ ਹਨ ਅਤੇ ਵਿਜੈ ਦਸ਼ਮੀ ਮੌਕੇ ਆਪਣੇ ਸਾਲਾਨਾ ਭਾਸ਼ਣ 'ਚ ਆਰ ਐਸ ਐਸ ਮੁਖੀ ਨੇ ਵੀ ਚੀਨ ਤੋਂ ਖ਼ਤਰੇ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀ ਬਿਆਨਬਾਜ਼ੀ ਦੇ ਨਾਲ-ਨਾਲ ਉਨ੍ਹਾਂ ਵਲੋਂ ਚੀਨ ਵਿਰੁਧ ਰੱਖਿਆ ਤਿਆਰੀਆਂ ਮਜ਼ਬੂਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਇਹ ਸਭ ਕੁਝ ਅਮਰੀਕਾ ਨਾਲ ਰਣਨੀਤਕ ਭਾਈਵਾਲੀ ਮਜ਼ਬੂਤ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਸਾਰ ਦੀਆਂ ਦੋ ਮੁੱਖ ਉੱਭਰਦੀਆਂ ਆਰਥਿਕ ਤਾਕਤਾਂ ਹੋਣ ਨਾਤੇ ਭਾਰਤ ਅਤੇ ਚੀਨ ਲਈ ਡਬਲਯੂ ਟੀ ਓ ਗੱਲਬਾਤ ਅਤੇ ਜਲਵਾਯੂ ਤਬਦੀਲੀ ਵਰਗੇ ਮੁੱਦਿਆਂ 'ਤੇ ਸਹਿਯੋਗ ਜ਼ਰੂਰੀ ਹੈ।

## ਵਪਾਰਕ ਖ਼ਬਰਨਾਮਾ

# ਕੌਮਾਂਤਰੀ ਮੁਦਰਾ ਫੰਡ ਨੂੰ ਵਿਕਾਸ ਦਰ ਵਧਣ ਦੀ ਉਮੀਦ

**ਇਸਤੰਬੋਲ:** ਕੌਮਾਂਤਰੀ ਮੁਦਰਾ ਫੰਡ ਨੇ ਕਈ ਦੇਸ਼ਾਂ ਦੇ ਅਰਥਚਾਰੇ ਲਈ ਉੱਚੀ ਵਿਕਾਸ ਦਰ ਦੀ ਪੇਸ਼ੀਨਗੋਈ ਕੀਤੀ ਹੈ ਅਤੇ ਕਿਹਾ ਹੈ ਕਿ ਸਮੁੱਚੇ ਵਿਸ਼ਵ ਅਰਥਚਾਰੇ ਵਿਚ ਮੰਦੇ ਦਾ ਅਸਰ ਘਟੇਗਾ। ਮੁਦਰਾ ਫੰਡ ਨੇ ਕਿਹਾ ਹੈ ਕਿ ਸਾਲ 2010 ਵਿਚ ਵਿਕਾਸ ਦਰ 3.1 ਫੀਸਦੀ ਆ ਜਾਵੇਗੀ। ਇਸ ਤੋਂ ਪਹਿਲਾਂ ਜੁਲਾਈ ਵਿਚ ਕਿਹਾ ਗਿਆ ਸੀ ਕਿ 2010 ਤਕ ਵਿਕਾਸ ਦਰ 2.5 ਫੀਸਦੀ 'ਤੇ ਹੀ ਪੁੱਜ ਸਕੇਗੀ। ਫੰਡ ਨੇ ਆਪਣੀ ਛਿਮਾਹੀ ਰਿਪੋਰਟ ਵਿਚ ਕਿਹਾ ਹੈ ਕਿ ਵਿਸ਼ਵ ਪੱਧਰੀ ਮੰਦੇ ਪਿੱਛੋਂ ਆਰਥਿਕ ਵਿਕਾਸ ਸ਼ੁਰੂ ਹੋ ਗਿਆ ਹੈ, ਮੰਗ ਵਧੀ ਹੈ ਅਤੇ ਅਨਿਸ਼ਚਿਤਤਾ ਘਟੀ ਹੈ। ਇਸ ਤਰ੍ਹਾਂ ਵਿੱਤੀ ਨੀਤੀਆਂ ਵਿਚ ਸਿਸਟੇਮੈਟਿਕ ਰਿਸਕ ਵੀ ਘੱਟ ਹੋਇਆ ਹੈ। ਹੁਣ ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਅਧਿਕਾਰੀਆਂ ਤੇ ਮਾਹਰਾਂ ਵਿਚਾਲੇ ਆਉਂਦੇ ਦਿਨੀਂ ਮੀਟਿੰਗ ਹੋਵੇਗੀ। ਜਿੱਥੇ ਰਿਪੋਰਟ ਦੇ ਸਾਰੇ ਮੁੱਦੇ ਵਿਚਾਰੇ ਜਾਣਗੇ।

ਅਮਰੀਕੀ ਅਰਥਚਾਰੇ ਨੇ ਵੀ ਵਿਕਾਸ ਦੇ ਝਲਕਾਰੇ ਦਿਖਾਏ ਹਨ ਅਤੇ ਫੰਡ ਅਨੁਸਾਰ ਸਾਲ 2010 ਵਿਚ ਵਿਕਾਸ ਦਰ 1.5 ਫੀਸਦੀ ਹੋ ਜਾਵੇਗੀ। ਤਿੰਨ ਮਹੀਨੇ ਪਹਿਲਾਂ 16 ਦੇਸ਼ਾਂ ਦੇ ਯੂਰਪੀ ਜ਼ੋਨ ਵਿਚ ਵਿਕਾਸ ਦਰ ਮਨਫੀ ਵਿਚ ਰਹਿਣ ਦੀ ਉਮੀਦ ਕੀਤੀ ਗਈ ਸੀ ਪਰ ਇਸ ਵਕਤ ਕਿਹਾ ਜਾ ਰਿਹਾ ਹੈ ਕਿ 2010 ਤਕ ਵਿਕਾਸ ਦਰ 0.3 ਫੀਸਦੀ ਹੋ ਜਾਵੇਗੀ ਭਾਵ ਆਰਥਿਕ ਗੱਡੀ ਵਿਕਾਸ ਦੀ ਲੀਹ 'ਤੇ ਪੈ ਜਾਵੇਗੀ।

ਵਿਕਾਸਸ਼ੀਲ ਦੇਸ਼ਾਂ ਦੇ ਤੇਜ਼ੀ ਨਾਲ ਉਭਰ ਰਹੇ ਦੇਸ਼ਾਂ ਦੀ ਵਿਕਾਸ ਦਰ 5.1 ਫੀਸਦੀ 2010 ਤਕ ਹੋਣ ਦੀ ਉਮੀਦ ਰੱਖੀ ਸੀ ਪਰ ਨਵੇਂ ਟੀਚਿਆਂ ਅਨੁਸਾਰ ਚੀਨ ਦੀ ਵਿਕਾਸ ਦਰ 9 ਫੀਸਦੀ ਅਤੇ ਭਾਰਤ ਦੀ 6.4 ਫੀਸਦੀ ਰਹਿਣ ਦੀ ਆਸ ਕੀਤੀ ਜਾ ਰਹੀ ਹੈ। ਏਸ਼ੀਆ ਦੇ ਦੇਸ਼ਾਂ ਵਿਚ ਮੰਦੇ ਦਾ ਅਸਰ ਉਸ ਕਦਰ ਘਾਤਕ ਨਹੀਂ ਰਿਹਾ ਜਿਸ ਤਰ੍ਹਾਂ ਯੂਰਪੀ ਤੇ ਹੋਰ ਵਿਕਸਤ ਦੇਸ਼ਾਂ ਵਿਚ ਸੀ।

## ਨਿਊਜ਼ੀਲੈਂਡ ਦੇ ਪੰਜਾਬੀ ਵੀ ਮੰਦੇ ਤੋਂ ਪ੍ਰਭਾਵਿਤ

**ਨਿਊਜ਼ੀਲੈਂਡ:** ਇਥੇ ਪੰਜਾਬੀ ਸਮੁਦਾਏ ਦੇ ਲੋਕਾਂ ਨੇ ਚੰਗੀ ਖਾਸੀ ਤਰੱਕੀ ਕੀਤੀ ਹੈ। ਖੇਤੀਬਾੜੀ ਯਾਨੀ ਕਿਵੀ ਕਦੇ ਕੰਮ ਵਿਚ ਪੰਜਾਬੀਆਂ ਦਾ ਜ਼ਿਕਰਯੋਗ ਹਿੱਸਾ ਲਗਾ ਹੋਇਆ ਹੈ। ਟੈਕਸੀ ਚਾਲਕਾਂ ਵਿਚ ਵੀ ਪੰਜਾਬੀਆਂ ਦੀ ਚੰਗੀ ਖਾਸੀ ਗਿਣਤੀ ਹੈ। ਪਰ ਰੈਸਟੋਰੈਂਟਾਂ ਅਤੇ ਸਟੋਰਾਂ ਵਿਚ ਸਭ ਤੋਂ ਜ਼ਿਆਦਾ ਪੰਜਾਬੀ ਕੰਮ ਕਰ ਰਹੇ ਹਨ। ਇਥੇ ਨਵੇਂ ਆਉਣ ਵਾਲੇ ਪੰਜਾਬੀ ਪਰਿਵਾਰ ਦੋ ਤਿੰਨ ਸਾਲ ਸਖ਼ਤ ਮਿਹਨਤ ਕਰਨ ਦੇ ਬਾਅਦ ਚੰਗੇ ਸੱਤਰ ਦਾ ਜੀਵਨ ਜੀਣ ਲਗਦੇ ਹਨ।

ਵਿਦਿਆਰਥੀਆਂ ਨੂੰ ਉਥੇ ਬਹੁਤ ਮਿਹਨਤ ਕਰਨੀ ਜ਼ਰੂਰੀ ਹੈ। ਖਾਣ-ਪੀਣ,ਰਹਾਇਸ਼,ਕਾਲਜ ਦੀ ਫੀਸ ਵੀ ਦੇਣੀ ਪੈਂਦੀ ਹੈ। ਫਿਰ ਉਪਰ ਤੋਂ ਸਰਕਾਰ ਨੇ ਵਿਦਿਆਰਥੀਆਂ ਨੂੰ ਹਫਤੇ ਵਿਚ 20 ਘੰਟੇ ਕੰਮ ਕਰਨ ਦੀ ਹੀ ਅਗਿਆ ਦਿੱਤੀ ਹੈ। ਜੇਕਰ ਕੋਈ ਵਿਦਿਆਰਥੀ 20 ਘੰਟੇ ਤੋਂ ਜ਼ਿਆਦਾ ਕੰਮ ਕਰਦੇ ਪਕੜੇ ਜਾਣ, ਤਾਂ ਉਸਨੂੰ ਡਿਪੋਰਟ ਤਕ ਕੀਤਾ ਜਾ ਸਕਦਾ ਹੈ। ਵਿਸ਼ਵ ਭਰ ਵਿਚ ਫੈਲੇ ਮੰਦੀ ਨੂੰ ਤਾਂ ਨਿਊਜ਼ੀਲੈਂਡ ਵਿਚ ਵੀ ਦੇਖਿਆ ਜਾ ਸਕਦਾ ਹੈ, ਪਰ ਉਥੇ ਇਸਦਾ ਪ੍ਰਭਾਵ ਜ਼ਿਆਦਾ ਨਹੀਂ ਹੈ, ਇਸ ਲਈ ਨੌਕਰੀਆਂ ਦੀ ਗਿਣਤੀ ਜਾਂ ਤਨਖਾਹ ਵਿਚ ਕਟੌਤੀ ਜਿਹੀਆਂ ਖ਼ਬਰਾਂ ਵਿਚ ਨਿਊਜ਼ੀਲੈਂਡ ਦਾ ਨਾਮ ਸ਼ਾਮਿਲ ਨਹੀਂ ਹੈ। ਉਂਝ ਪੰਜਾਬੀਆਂ ਲਈ ਇਸ ਮੁਲਕ ਵਿਚ ਵੀ ਸੰਕਟ ਦੀ ਘੜੀ ਆਸਰਾ ਗੁਰਦੁਆਰੇ ਹੀ ਹਨ।

## ਅਮਰੀਕੀ ਅਮੀਰਾਂ ਨੂੰ 300 ਅਰਬ ਡਾਲਰ ਤਕ ਨੁਕਸਾਨ

**ਨਿਊਯਾਰਕ:** ਵਿਸ਼ਵ ਮੰਦੀ ਕਾਰਨ ਅਮਰੀਕਾ ਦੇ ਕਈ ਅਮੀਰ ਵਿਅਕਤੀਆਂ ਨੂੰ 300 ਅਰਬ ਅਮਰੀਕੀ ਡਾਲਰ ਤਕ ਦਾ ਨੁਕਸਾਨ ਹੋਇਆ ਹੈ ਜਦੋਂਕਿ ਸਾਫਟਵੇਅਰ ਸਰਤਾਜ ਬਿਲ ਗੇਟਸ ਨੂੰ ਅਜੇ ਵੀ ਅਮਰੀਕਾ ਵਿਚ 16ਵੀਂ ਵਾਰ ਲਗਾਤਾਰ ਸਭ ਤੋਂ ਵੱਧ ਅਮੀਰ ਵਿਅਕਤੀ ਐਲਾਨਿਆ ਗਿਆ ਹੈ। ਬਿਲ ਗੇਟਸ ਦੀ ਕੁੱਲ ਪੂੰਜੀ 50 ਅਰਬ ਅਮਰੀਕੀ ਡਾਲਰ ਦੱਸੀ ਜਾ ਰਹੀ ਹੈ। ਗੇਟਸ ਤੋਂ ਬਾਅਦ ਦੂਸਰੇ ਨੰਬਰ 'ਤੇ ਅਮਰੀਕੀ ਨਿਵੇਸ਼ਕਾਰ ਵੈਰੇਨ ਬੁਫੇਟ ਦਾ ਨਾਂ ਆਉਂਦਾ ਹੈ ਜਿਸ ਦੀ ਪੂੰਜੀ 40 ਅਰਬ ਅਮਰੀਕੀ ਡਾਲਰ ਹੈ।



ਬਿਜ਼ਨਸ ਮੈਗਜ਼ੀਨ ਫੋਰਬਜ਼ ਵਲੋਂ ਬੀਤੀ 1 ਅਕਤੂਬਰ ਨੂੰ ਅਮਰੀਕਾ ਦੇ 400 ਅਮੀਰ ਵਿਅਕਤੀਆਂ ਦੀ ਸਾਲਾਨਾ ਸੂਚੀ ਜਾਰੀ ਕੀਤੀ ਗਈ ਹੈ, ਜਿਨ੍ਹਾਂ ਵਿਚ ਚਾਰ ਵਿਅਕਤੀ ਭਾਰਤ ਮੂਲ ਦੇ ਵੀ ਸ਼ਾਮਲ ਹਨ। ਭਾਰਤੀ ਮੂਲ ਦੇ ਇਨ੍ਹਾਂ ਵਿਅਕਤੀਆਂ ਵਿਚ ਭਾਰਤ ਡੇਸਾਈ ਅਤੇ ਫੈਮਿਲੀ ਜਿਨ੍ਹਾਂ ਦੀ ਪੂੰਜੀ 1.65 ਅਰਬ, ਅਮਰੀਕੀ ਡਾਲਰ ਰਾਮ ਸ਼੍ਰੀਰਾਮ ਜਿਨ੍ਹਾਂ ਦੀ ਪੂੰਜੀ 1.45 ਅਮਰੀਕੀ ਡਾਲਰ, ਰਾਮੇਸ਼ ਵਧਵਾਨੀ (1.4 ਅਰਬ ਅਮਰੀਕੀ ਡਾਲਰ) ਸ਼ਾਮਲ ਹਨ। ਭਾਰਤ ਡੇਸਾਈ ਅਮਰੀਕਾ ਵਿਚ 212ਵੇਂ ਰੈਂਕ 'ਤੇ ਹਨ।

# ਬਰਤਾਨੀਆ 'ਚ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਨੇਮ ਲਾਗੂ

**ਲੰਡਨ:** ਬਰਤਾਨੀਆ ਨੇ ਭਾਰਤ ਸਮੇਤ ਸਾਰੇ ਵਿਦੇਸ਼ੀ ਵਿਦਿਆਰਥੀਆਂ ਲਈ ਸਖ਼ਤ ਵੀਜ਼ਾ ਨੇਮ ਲਾਗੂ ਕਰ ਦਿੱਤੇ ਹਨ, ਜਿਨ੍ਹਾਂ ਤਹਿਤ ਬਿਨੈ ਪੱਤਰ ਦੇਣ ਵਾਲਿਆਂ ਕੋਲ ਆਪਣੇ ਜਾਂ ਆਪਣੇ ਮਾਪਿਆਂ ਦੇ ਖਾਤਿਆਂ ਵਿਚ ਘੱਟੋ-ਘੱਟ 28 ਦਿਨ ਪਹਿਲਾਂ ਲੋੜੀਂਦੇ ਫੰਡ ਹੋਣੇ ਲਾਜ਼ਮੀ ਹੋਣਗੇ। ਅੰਕ ਆਧਾਰਤ ਸਿਸਟਮ ਦੇ ਟੀਅਰ 4 ਤਹਿਤ ਵਿਦੇਸ਼ੀ ਵਿਦਿਆਰਥੀਆਂ ਲਈ ਤੀਜੇ ਗੇੜ ਦੇ ਨੇਮ 1 ਅਕਤੂਬਰ ਤੋਂ ਲਾਗੂ ਹੋ ਗਏ ਹਨ। ਯੂ.ਕੇ. ਬਾਰਡਰ ਏਜੰਸੀ ਮੁਤਾਬਕ ਵਿਦੇਸ਼ੀ ਵਿਦਿਆਰਥੀਆਂ ਨੂੰ ਇਹ ਸਿੱਧ ਕਰਨਾ ਪਵੇਗਾ ਕਿ ਇਸ ਸਾਲ ਮਾਰਚ ਤੋਂ ਲਾਗੂ ਕੀਤੀਆਂ ਗਈਆਂ ਨਵੀਆਂ ਵੀਜ਼ਾ ਲੋੜਾਂ ਤਹਿਤ ਕਿਸੇ ਲਾਇਸੈਂਸੀ ਕਾਲਜ, ਯੂਨੀਵਰਸਿਟੀ ਜਾਂ ਸਕੂਲ ਵਿਚ ਉਨ੍ਹਾਂ ਨੂੰ ਬਿਨਾਂ ਸ਼ਰਤ ਪੇਸ਼ਕਸ਼ ਹੋਈ ਹੈ। ਵਿਦਿਆਰਥੀਆਂ ਨੂੰ ਵਿਦਿਅਕ ਅਦਾਰੇ ਨੂੰ ਦਾਖਲੇ ਲਈ ਦਿੱਤੇ ਸਾਰੇ ਵੇਰਵੇ ਤੇ ਸਬੂਤ ਵੀ ਦਿਖਾਉਣੇ ਪੈਣਗੇ। ਉਨ੍ਹਾਂ ਨੂੰ ਇਹ ਸਾਬਤ ਕਰਨਾ ਪੈਣਾ ਹੈ ਕਿ ਉਹ ਘੱਟੋ-ਘੱਟ ਨੌਂ ਮਹੀਨਿਆਂ ਲਈ ਆਪ ਅਤੇ ਆਪਣੇ ਨਿਰਭਰਾਂ ਨੂੰ ਮਾਲੀ ਤੌਰ 'ਤੇ ਮਦਦ ਦੇਣ ਦੇ ਸਮਰਥ ਹਨ। 5 ਅਕਤੂਬਰ ਤੋਂ ਟੀਅਰ 4 ਸਪਾਂਸਰਸ਼ਿਪ ਮੈਨੇਜਮੈਂਟ ਸਿਸਟਮ ਲਈ ਇੱਛੁਕ-ਕਾਲੀ ਤਜ਼ਰਬਾ ਸ਼ੁਰੂ ਕੀਤਾ ਜਾਵੇਗਾ। 28 ਦਿਨਾਂ ਦਾ ਸਮਾਂ ਵੀਜ਼ਾ ਬਿਨੈ-ਪੱਤਰ ਦੀ ਤਾਰੀਖ ਤੋਂ ਇਕ ਮਹੀਨੇ ਤੋਂ ਵਧ ਨਹੀਂ ਹੋਣਾ ਚਾਹੀਦਾ। ਏਜੰਸੀ ਨੇ ਕਿਹਾ ਕਿ ਬਿਨੈਕਾਰਾਂ ਨੂੰ ਆਫਿਸ਼ੀਅਲ ਟੀਅਰ 4 ਦਿਸ਼ਾ ਮਾਰਗਾਂ ਵਿਚ ਉਚੇਚੇ ਤੌਰ 'ਤੇ ਦੱਸੇ ਸਬੂਤ ਅਤੇ ਬੈਂਕ ਸਟੇਟਮੈਂਟਾਂ ਦਿਖਾਉਣੀਆਂ ਜ਼ਰੂਰੀ ਹਨ। ਅਗਲੀ ਫਰਵਰੀ ਤੋਂ ਸਪਾਂਸਰਸ਼ਿਪ ਮੈਨੇਜਮੈਂਟ ਸਿਸਟਮ ਦੀ ਵਰਤੋਂ ਲਾਜ਼ਮੀ ਹੋਵੇਗੀ। ਉਂਜ ਉਦੋਂ ਤਕ ਬਰਤਾਨੀਆ ਵਿਚ ਪੜ੍ਹਾਈ ਲਈ ਬਿਨੈ ਦੀ ਪੁਸ਼ਟੀ ਵੀਜ਼ਾ ਪੱਤਰਾਂ ਦੇ ਮੌਜੂਦਾ ਨੇਮਾ ਤਹਿਤ ਹੀ ਹੋਵੇਗੀ। ਬਰਤਾਨੀਆ ਵਿਚ ਪੜ੍ਹਾਈ ਲਈ ਆਉਣ ਵਾਲਿਆਂ ਨੂੰ ਫਰਵਰੀ 2010 ਤਕ ਵੀਜ਼ਾ ਪੱਤਰ ਦੇ ਨਾਲ ਵੀਜ਼ਾ ਅਰਜ਼ੀ ਦਿੰਦੇ ਰਹਿਣਾ ਪਵੇਗਾ।

## ਬਰਤਾਨੀਆ 'ਚ ਸੁਪਰੀਮ ਕੋਰਟ ਦੀ ਸਥਾਪਨਾ

**ਲੰਡਨ:** ਬੀਤੇ ਦਿਨੀਂ ਗਿਆਰਾਂ ਜੱਜਾਂ ਦੇ ਸਹੁੰ ਚੁੱਕਣ ਨਾਲ ਬਰਤਾਨੀਆ ਵਿਚ ਪਹਿਲੀ ਵਾਰ ਸੁਪਰੀਮ ਕੋਰਟ ਹੋਂਦ ਵਿਚ ਆ ਗਈ ਹੈ। ਹੁਣ ਤੱਕ ਹਾਊਸ ਆਫ ਲਾਰਡਜ਼ ਹੀ 'ਸਰਬਉੱਚ ਅਪੀਲ ਟ੍ਰਿਬਿਊਨਲ' ਸੀ ਅਤੇ ਇਸ ਤਰ੍ਹਾਂ ਹੁਣ ਦੇਸ਼ ਅੰਦਰ ਨਿਆਂਪਾਲਿਕਾ ਦੀ ਸੁਤੰਤਰਤਾ ਸਥਾਪਤ ਹੋ ਜਾਵੇਗੀ। ਬੀਤੇ ਦਿਨੀਂ ਕੇਂਦਰੀ ਲੰਡਨ ਦੇ ਪਾਰਲੀਮੈਂਟ ਚੌਕ ਦੇ ਸਾਹਮਣੇ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਵਿਚ ਗਿਆਰਾਂ ਜੱਜਾਂ ਦੇ ਹੋਏ ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਮਹਿਮਾਨਾਂ ਵਿਚ ਭਾਰਤ ਦੇ ਕਾਨੂੰਨ ਮੰਤਰੀ ਐਮ.ਵੀਰੱਪਾ ਮੋਇਲੀ ਸ਼ਾਮਲ ਸਨ।

ਬਰਤਾਨਵੀ ਪਾਰਲੀਮੈਂਟ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਦਾ ਲਾਅ ਲਾਰਡਜ਼ ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਲਈ 1876 ਤੋਂ ਲੈ ਕੇ ਅਪੀਲ ਦੀ ਅੰਤਿਮ ਅਦਾਲਤ ਦੀ ਭੂਮਿਕਾ ਨਿਭਾਉਂਦਾ ਰਿਹਾ। ਇਸ ਤੋਂ ਪਹਿਲਾਂ ਆਮ ਪੀਅਰਜ਼ ਇਹ ਕੰਮ ਕਰਦੇ ਸਨ। ਇਹ ਅਦਾਲਤ ਸੰਸਦ ਤੋਂ ਸੁਤੰਤਰ ਹੋਵੇਗੀ।

## 50000 ਤੋਂ ਵਧ ਦੇ ਤੋਹਫੇ 'ਤੇ ਦੇਣਾ ਪਵੇਗਾ ਟੈਕਸ

**ਨਵੀਂ ਦਿੱਲੀ:** ਪਹਿਲੀ ਅਕਤੂਬਰ ਤੋਂ ਕਰਦਾਤਾਵਾਂ ਨੂੰ 50,000 ਰੁਪਏ ਦੇ ਜਾਂ ਇਸ ਤੋਂ ਵਧ ਮੁੱਲ ਦੇ ਤੋਹਫੇ ਸਵੀਕਾਰ ਕਰਨ 'ਤੇ ਕਰ ਅਦਾ ਕਰਨਾ ਪਵੇਗਾ। ਇਸਦਾ ਮਤਲਬ ਇਹ ਹੋਇਆ ਕਿ ਕਿਸੇ ਵੀ ਕਿਸਮ ਦਾ ਤੋਹਫਾ ਜਿਸ ਦਾ ਮੁੱਲ 50,000 ਰੁਪਏ ਤੋਂ ਵਧ ਹੋਵੇਗਾ, ਦਾ ਕਰ ਉਸ ਵਿਅਕਤੀ ਨੂੰ ਦੇਣਾ ਹੋਵੇਗਾ ਜਿਹੜਾ ਇਸ ਨੂੰ ਹਾਸਲ ਕਰੇਗਾ। ਹੁਣ ਤਕ ਸਿਰਫ ਨਕਦੀ ਰੂਪ ਵਿਚ ਇੰਨੀ ਹੀ ਕੀਮਤ ਦਾ ਤੋਹਫਾ ਅਦਾ ਕਰਨਯੋਗ ਸੀ। ਫੇਰ ਵੀ ਕੁਝ ਖਾਸ ਵਰਗ ਦੇ ਤੋਹਫਿਆਂ ਨੂੰ ਇਸ ਕਰ ਤੋਂ ਛੋਟ ਦਿੱਤੀ ਗਈ ਹੈ। ਜਿਵੇਂ ਵਿਆਹ ਦੇ ਮੌਕੇ ਰਿਸ਼ਤੇਦਾਰ ਵਲੋਂ ਦਿਤਾ ਜਾਣ ਵਾਲਾ ਤੋਹਫਾ, ਵਸੀਅਤ ਤਹਿਤ ਜਾਂ ਪਿਤਾ ਪੁਰਖੀ ਜਾਇਦਾਦ ਦਾ ਤੋਹਫਾ ਜਾਂ ਸਥਾਨਕ ਅਧਿਕਾਰੀ, ਫੰਡ ਜਾਂ ਟਰੱਸਟ ਵਲੋਂ ਦਿਤਾ ਗਿਆ ਤੋਹਫਾ। ਅਜਿਹੇ ਤੋਹਫਿਆਂ ਉਤੇ ਕਰ ਨਹੀਂ ਲੱਗੇਗਾ।

# ਮਾਰੂਤੀ ਕਾਰਾਂ ਦੀ ਵਿਕਰੀ 'ਚ ਵਾਧਾ ਹੋਇਆ

**ਨਵੀਂ ਦਿੱਲੀ:** ਦੇਸ਼ ਦੀ ਪ੍ਰਮੁੱਖ ਕਾਰ ਕੰਪਨੀ ਮਾਰੂਤੀ ਸੁਜ਼ੂਕੀ ਇੰਡੀਆ ਦੀ ਵਿਕਰੀ ਵਿਚ ਸਤੰਬਰ ਦੌਰਾਨ 17.3 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਇਸ ਮਹੀਨੇ ਦੌਰਾਨ ਕੰਪਨੀ ਦੀਆਂ 83306 ਗੱਡੀਆਂ ਵਿਕੀਆਂ। ਕੰਪਨੀ ਨੇ ਬੀਤੀ 1 ਅਕਤੂਬਰ ਨੂੰ ਬੀ.ਐਸ.ਈ. ਨੂੰ ਭੇਜੀ ਸੂਚਨਾ ਵਿਚ ਕਿਹਾ ਹੈ ਕਿ ਕੰਪਨੀ ਦੀ ਘਰੇਲੂ ਬਾਜ਼ਾਰ ਵਿਚ 71594 ਵਾਹਨਾਂ ਦੀ ਵਿਕਰੀ ਹੋਈ। ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦੌਰਾਨ 64682 ਵਾਹਨਾਂ ਦੀ ਵਿਕਰੀ ਹੋਈ ਸੀ। ਇਸ ਤਰ੍ਹਾਂ ਵਾਧਾ ਦਰ 10.7 ਫੀਸਦੀ ਦਰਜ ਕੀਤੀ ਗਈ। ਇਸ ਮਹੀਨੇ ਕੰਪਨੀ ਦਾ ਨਿਰਯਾਤ 85.4 ਫੀਸਦੀ ਦੇ ਵਾਧੇ ਨਾਲ 11712 ਵਾਹਨ ਰਿਹਾ ਪਰ ਪਿਛਲੇ ਸਾਲ ਇਸੇ ਮਹੀਨੇ ਦੌਰਾਨ 6318 ਵਾਹਨਾਂ ਦੀ ਹੀ ਵਿਕਰੀ ਹੋਈ ਸੀ। ਕੰਪਨੀ ਦੇ ਸਭ ਤੋਂ ਵਧ ਲੋਕਪ੍ਰਿਆ ਰਹੇ ਮਾਡਲ ਮਾਰੂਤੀ 800 ਦੀ ਵਿਕਰੀ ਸਤੰਬਰ ਦੌਰਾਨ 7.5 ਫੀਸਦੀ ਘਟ ਕੇ 3207 ਕਾਰਾਂ 'ਤੇ ਪੁੱਜ ਗਈ। ਪਿਛਲੇ ਸਾਲ



ਇਸੇ ਮਹੀਨੇ 3467 ਕਾਰਾਂ ਵਿਕੀਆਂ ਸਨ। ਪਰ ਏ.ਦੋ ਵਰਗ ਦੀਆਂ ਕਾਰਾਂ ਆਲਟੋ, ਵੈਗਨ ਆਰ.ਸਵਿਫਟ, ਏ-ਸਟਾਰ ਤੇ ਰਿਟਜ਼ ਆਦਿ ਦੀ ਵਿਕਰੀ ਵਿਚ 15.1 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਵਰਗ ਦੀਆਂ ਕਾਰਾਂ ਇਸ ਮਹੀਨੇ 52508 ਵਿਕੀਆਂ।

ਪਿਛਲੇ ਸਾਲ ਇਸੇ ਮਹੀਨੇ ਦੌਰਾਨ 45621 ਕਾਰਾਂ ਦੀ ਵਿਕਰੀ ਹੋਈ ਸੀ ਪਰ ਏ-3 ਵਰਗ ਦੀਆਂ ਕਾਰਾਂ ਦੀ ਵਿਕਰੀ ਵਿਚ 0.8 ਫੀਸਦੀ ਦੀ ਕਮੀ ਆਈ ਹੈ ਅਤੇ ਇਸ ਸਾਲ ਸਤੰਬਰ ਵਿਚ ਪਿਛਲੇ ਸਾਲ 7413 ਕਾਰਾਂ ਦੀ ਵਿਕਰੀ ਦੇ ਮੁਕਾਬਲੇ 7356 ਕਾਰਾਂ ਹੀ ਵਿਕੀਆਂ।

# ਬੜਾ ਔਖੈ ਰਾਜਨੀਤੀ ਦੇ ਇਸ ਉਲਝੇ ਵਿਲਟੇ ਗੋਰਖ ਧੰਦੇ ਨੂੰ ਸਮਝਣਾ

**-ਜਤਿੰਦਰ ਪਨੂੰ**

ਸਾਡੇ ਵਿਚੋਂ ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਰਾਜਨੀਤੀ ਦੀ ਵਾਹਵਾ ਜਾਣਕਾਰੀ ਹੈ। ਦੁਨੀਆ ਭਰ ਦੀਆਂ ਸਰਕਾਰਾਂ ਤੇ ਲੀਡਰਾਂ ਬਾਰੇ ਗੱਲਾਂ ਉਹ ਇੰਜ ਕਰਦੇ ਹਨ, ਜਿਵੇਂ ਉਹ ਲੋਕ ਇਹਨਾਂ ਦੀ ਸਲਾਹ ਨਾਲ ਹੀ ਚੱਲਦੇ ਹੋਣ। ਹਕੀਕਤ ਇਹ ਹੈ ਕਿ ਰਾਜਸੀ ਖੇਤਰ ਦੇ ਘੁਲਾਟੀਆਂ ਬਾਰੇ ਉਨ੍ਹਾਂ ਦੇ ਨਜ਼ਦੀਕੀ ਸਹਿਯੋਗੀ ਤੇ ਖੱਬੇ-ਸੱਜੇ ਰਾਤ-ਦਿਨ ਨਾਲ ਘੁੰਮਦੇ ਫ਼ਰਮਾਬਰਦਾਰ ਵੀ ਬਹੁਤਾ ਕੁਝ ਨਹੀਂ ਜਾਣਦੇ ਹੁੰਦੇ। ਲੀਡਰ ਤਾਂ ਖੜੇ ਪੈਰ ਪੈਂਤੜਾਂ ਤੈਅ ਕਰਦਾ ਤੇ ਉਸ ਉਤੇ ਅਮਲ ਕਰਦਾ ਹੈ, ਕੋਈ ਇਹੋ ਜਿਹੀ ਪੰਜ-ਸਾਲਾ ਯੋਜਨਾ ਬਣਾ ਕੇ ਕਦੇ ਨਹੀਂ ਚੱਲਦਾ, ਜਿਸ 'ਤੇ ਹੁੰਦੇ ਕੰਮ ਨੂੰ ਪਰਖਿਆ-ਤੋਲਿਆ ਜਾ ਸਕੇ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ।

ਇਕ ਮਿਸਾਲ ਤਾਂ ਪੰਜਾਬ ਦੀ ਰਾਜਨੀਤੀ ਵਿਚ ਅਹਿਮ ਭੂਮਿਕਾ ਨਿਭਾਉਂਦੇ ਅਨੰਦਪੁਰ ਦੇ ਮਤੇ ਦੀ ਵੀ ਹੈ। ਜਦੋਂ ਇਹ ਮਤਾ ਪਾਸ ਕੀਤਾ ਜਾਣਾ ਸੀ, ਅਕਾਲੀ ਪਾਰਟੀ ਉੱਪਰੋਂ ਇੱਕ ਸੀ, ਪਰ ਅੰਦਰੋਂ ਪੂਰੀ ਤਰ੍ਹਾਂ ਦੋ ਧੜੇ ਬਣੇ ਪਏ ਸਨ। ਦੋਵੇਂ ਧੜਿਆਂ ਨੂੰ ਮਤੇ ਦੀਆਂ ਮੱਦਾਂ ਨਾਲੋਂ ਵਧ ਚਿੰਤਾ ਦੂਜੇ ਧੜੇ ਨੂੰ ਖੁੱਡੇ ਲਾਉਣ ਦੀ ਸੀ। ਮਤੇ ਦਾ ਲੇਖਕ ਪਹਿਲਾਂ ਅੰਗਰੇਜ਼ ਸਰਕਾਰ ਦਾ ਤੇ ਅਜ਼ਾਦੀ ਪਿੱਛੋਂ ਨਹਿਰੂ ਸਰਕਾਰ ਦਾ ਅਫ਼ਸਰ ਰਹਿ ਚੁੱਕਾ ਹੋਣ ਕਰਕੇ ਇਹੋ ਜਿਹੀਆਂ ਗੁੰਝਲਾਂ ਕੱਢਣੀਆਂ ਜਾਣਦਾ ਸੀ। ਉਸਨੇ ਇੱਕ ਧੜੇ ਵਾਲਿਆਂ ਨੂੰ ਮਿਲ ਕੇ ਕਿਹਾ ਕਿ ਇਹ ਮਤਾ ਇਹੋ ਜਿਹਾ ਹੈ, ਜੇ ਪਾਸ ਹੋ ਗਿਆ ਤਾਂ ਦੂਜੇ ਧੜੇ ਵਾਲੇ ਬੁਰੀ ਤਰ੍ਹਾਂ ਫਸ ਜਾਣਗੇ, ਤੁਸੀਂ ਵਿਰੋਧ ਨਾ ਕਰਿਓ। ਸਾਰੀ ਗੱਲ ਸਮਝਾ ਕੇ ਅੱਧੀ ਰਾਤ ਨੂੰ ਉਹ ਦੂਜੇ ਧੜੇ ਦੇ ਕੰਨਾਂ ਵਿਚ ਇਸੇ ਮੰਤਰ ਦੀ ਫੂਕ ਮਾਰ ਆਇਆ। ਅਗਲੇ ਦਿਨ ਦੋਵੇਂ ਧਿਰਾਂ ਨੇ ਆਪੋ ਆਪਣੇ ਗੋਲ-ਮੋਲ ਭਾਸ਼ਣ ਕੀਤੇ ਤੇ ਜੈਕਾਰਾ ਛੱਡ ਕੇ ਉਹ ਮਤਾ ਪਾਸ ਕਰ ਦਿੱਤਾ, ਜਿਸ ਦੀ ਉਨ੍ਹਾਂ ਵਿਚੋਂ ਕਿਸੇ ਨੂੰ ਸਮਝ ਵੀ ਨਹੀਂ ਸੀ। ਮਤਾ ਤਾਂ ਓਥੇ ਕੋਈ ਪਾਸ ਹੀ ਨਹੀਂ ਸੀ ਹੋਇਆ, ਭਾਸ਼ਣ ਹੀ ਹੋਏ ਸਨ ਤੇ ਉਹ ਸਾਰੇ ਭਾਸ਼ਣ ਮਤੇ ਤੋਂ ਪਰੇ-ਪਰੇ ਰਹੇ ਸਨ। ਜਦੋਂ 'ਮਤਾ' ਪਾਸ ਹੋ ਗਿਆ, ਮਤੇ ਦਾ ਲੇਖਕ ਸਾਬਕਾ ਅਫ਼ਸਰ ਤੋਂ ਰਾਜਸੀ ਲੀਡਰ ਤੱਕ ਦੀ ਆਪਣੀ ਮੁਹਾਰਤ ਨੂੰ ਬਿਆਨ ਕਰਦੇ ਹੋਏ ਅਖ਼ਬਾਰਾਂ ਨਾਲ ਇੰਟਰਵਿਊ ਦੇਂਦਿਆਂ ਇਹ ਕਹਿੰਦਾ ਸੀ, 'ਮਤਾ ਕਾਹਦਾ, ਇੱਕ ਛਣਕਣਾ ਦੇ ਦਿੱਤਾ ਹੈ ਅਕਾਲੀਆਂ ਨੂੰ, ਜਿਸ ਦੇ ਛਣਕਾਟੇ ਉਤੇ ਉਹ ਨੱਚਦੇ ਰਹਿਣਗੇ।' ਮੈਨੂੰ ਅਫਸੋਸ ਹੈ ਕਿ ਮਤੇ ਅਤੇ ਇਸ ਨੂੰ ਪਾਸ ਕਰਨ ਵਾਲੇ ਅਕਾਲੀਆਂ ਬਾਰੇ ਜੋ ਲਫਜ਼ ਉਸਨੇ ਵਰਤੇ ਸਨ, ਉਹ ਇੰਨ-ਬਿੰਨ ਮੇਰੇ ਤੋਂ ਲਿਖੇ ਨਹੀਂ ਜਾ ਸਕਣੇ। ਉਸ ਪਿੱਛੋਂ ਲਗਾ ਦਿੱਤੀ ਗਈ ਐਮਰਜੈਂਸੀ। ਕੱਟੜਪੰਥੀਆਂ ਦਾ ਆਗੂ ਸਮਝੇ ਜਾਂਦੇ ਇਕ ਅਕਾਲੀ ਲੀਡਰ ਨੂੰ ਇੰਦਰਾ ਗਾਂਧੀ ਨੇ ਪੰਜਾਬ ਦੀ ਵਾਗਡੋਰ ਸੰਭਾਲਣ ਦਾ ਵਾਅਦਾ ਦੇ ਦਿੱਤਾ, ਜਿਸ ਦੇ ਬਦਲੇ ਉਸਨੇ ਐਮਰਜੈਂਸੀ ਦੀ ਹਮਾਇਤ ਕਰਨੀ ਸੀ। ਕਾਂਗਰਸੀਆਂ ਦੇ ਜਿਸ ਧੜੇ ਨੇ ਉਸ ਦੀ ਗੱਲ ਕਰਵਾਈ ਸੀ ਉਸ ਨੇ ਕੱਟੜਪੰਥੀ ਅਕਾਲੀ ਆਗੂ ਦੇ ਵਿਰੋਧੀ ਮਾਡਰੇਟ ਧੜੇ ਨੂੰ ਚੁਗਲੀ ਕਰ ਦਿੱਤੀ। ਕੱਟੜਪੰਥੀਆਂ ਦਾ ਜੋੜੀਦਾਰ ਹਾਲੇ ਦਿੱਲੀ ਤੋਂ ਨਹੀਂ ਸੀ ਮੁੜਿਆ ਕਿ ਮਾਡਰੇਟਾਂ ਦੇ ਆਗੂ ਨੇ ਅਕਾਲੀ ਦਲ ਦੇ ਪ੍ਰਧਾਨ ਤੋਂ ਐਮਰਜੈਂਸੀ ਵਿਰੁਧ ਮੋਰਚਾ ਲਾਉਣ ਤੇ ਜੇਲ੍ਹਾਂ ਭਰਨ ਦਾ ਐਲਾਨ ਕਰਵਾ ਦਿੱਤਾ ਸੀ।

1992 ਦੀਆਂ ਵਿਧਾਨ ਸਭਾ ਚੋਣਾਂ ਦਾ ਜ਼ਰਾ ਕੁ ਚੇਤਾ ਕਰੀਏ। ਉਹ ਚੋਣਾਂ ਕਾਂਗਰਸ ਦੀ ਕੇਂਦਰ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੇ ਲੌਂਗੋਵਾਲ ਅਕਾਲੀ ਦਲ ਨੂੰ ਪੰਜਾਬ ਦੀ ਕਮਾਨ ਸੌਂਪਣ ਦਾ ਢਕਵੰਜ ਰਚਣ ਲਈ ਕਰਵਾਈਆਂ ਸਨ। ਹੋਇਆ ਇਹ ਕਿ ਲੌਂਗੋਵਾਲ ਅਕਾਲੀ ਦਲ ਨੂੰ ਲੋਕਾਂ ਨੇ ਖੈਰ ਨਾ ਪਾਈ ਤੇ ਬਾਦਲ ਅਕਾਲੀ ਦਲ ਦੇ ਬਾਈਕਾਟ ਕਾਰਨ ਕਾਂਗਰਸ ਖੁਦ ਹੀ ਹੂੰਝਾ ਮਾਰ ਗਈ। ਓਦੋਂ ਕਾਂਗਰਸ ਦੀ ਪੰਜਾਬ ਦੀ ਪ੍ਰਧਾਨਗੀ ਭਾਵੇਂ ਬੇਅੰਤ ਸਿੰਘ ਕੋਲ ਸੀ, ਰਾਜਸੀ ਕੱਦ ਹਰਚਰਨ ਸਿੰਘ ਬਰਾੜ ਦਾ ਉੱਚਾ ਸੀ ਤੇ ਗਵਰਨਰੀ ਦਾ ਤਜ਼ਰਬਾ ਹੋਣ ਕਰਕੇ ਗੁਣਾ ਮੁੱਖ ਮੰਤਰੀ ਵਜੋਂ ਓਸੇ ਦਾ ਪੈਣਾ ਸੀ। ਨਤੀਜੇ ਆਉਣ ਵੇਲੇ ਉਹ ਦਿੱਲੀ ਵਿਚ ਕਈ ਕੇਂਦਰੀ ਲੀਡਰਾਂ ਨਾਲ ਗੱਲਬਾਤ ਵੀ ਕਰ ਚੁੱਕਾ ਸੀ ਤੇ ਉਨ੍ਹਾਂ ਨੇ ਬਿਨਾਂ ਸਾਫ਼ ਕਹੇ ਤੋਂ ਰਾਜ ਉਸ ਨੂੰ ਸੌਂਪਣ ਦਾ ਸੰਕੇਤ ਦੇ ਦਿੱਤਾ ਸੀ। ਇਸ



*ਪ੍ਰਕਾਸ਼ ਸਿੰਘ ਬਾਦਲ ਤੇ ਦੇਵੀ ਲਾਲ*

ਸੰਕੇਤ ਨੇ ਉਸ ਦੇ ਤੌਰ ਬਦਲ ਦਿੱਤੇ ਤੇ ਉਹ ਕੱਲ੍ਹ ਤੱਕ ਦੇ ਆਪਣੇ ਇਕ ਸਹਿਯੋਗੀ ਲੀਡਰ ਨੂੰ ਜ਼ਰਾ ਕੁ ਟੌਹਰ ਵਿਖਾ ਬੈਠਾ। ਸਹਿਯੋਗੀ ਲੀਡਰ ਜਾਣਦਾ ਸੀ ਕਿ ਭਲਕੇ ਬਰਾੜ ਨੇ ਜਲੰਧਰ ਜਾਣਾ ਹੈ, ਉਸਨੇ ਬੇਅੰਤ ਸਿੰਘ ਨੂੰ ਰਾਤੋ ਰਾਤ ਸਾਰੇ ਕਾਂਗਰਸੀ ਵਿਧਾਇਕ ਦਿੱਲੀ ਸੱਦਵਾ ਕੇ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਸਲਾਹ ਦੇ ਦਿੱਤੀ। ਬੇਅੰਤ ਸਿੰਘ ਹੁਰੀਂ ਜਦੋਂ ਸਾਰੇ ਵਿਧਾਇਕ ਲੈ ਕੇ ਨਰਸਿਮਹਾ ਰਾਓ ਨੂੰ ਜਾ ਕੇ ਮਿਲੇ ਤੇ ਇਹ ਕਿਹਾ ਕਿ ''ਅਸੀਂ ਤੁਹਾਨੂੰ ਤੁਹਾਡੀ ਅਗਵਾਈ ਹੇਠ ਕਾਂਗਰਸ ਵਲੋਂ ਪੰਜਾਬ ਦੀ ਚੋਣ ਜਿੱਤਣ ਦੀ ਵਧਾਈ ਦੇਣ ਆਏ ਹਾਂ।'' ਓਦੋਂ ਹਰਚਰਨ ਸਿੰਘ ਬਰਾੜ ਇੱਕਲਾ ਗੈਰ-ਹਾਜ਼ਰ ਸੀ। ਬਾਗੋ ਬਾਗ ਹੋਏ ਨਰਸਿਮਹਾ ਰਾਓ ਨੇ ਅੱਗੇ ਇਹ ਕਿਹਾ; ''ਮੈਂ ਤਾਂ ਦਿੱਲੀ ਵਿਚ ਸੀ, ਕਾਂਗਰਸ ਨੇ ਤੁਹਾਡੀ ਅਗਵਾਈ ਵਿਚ ਹੀ ਜਿੱਤ ਪ੍ਰਾਪਤ ਕੀਤੀ ਹੈ, ਤੁਸੀਂ ਜਾ ਕੇ ਪੰਜਾਬ ਸਰਕਾਰ ਦੀ ਕਮਾਨ ਸਾਂਭੋ ਤੇ ਅਮਨ ਕਾਇਮ ਕਰੋ।'' ਇੰਜ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣਦਾ-ਬਣਦਾ ਬੇਅੰਤ ਸਿੰਘ ਦੀ ਸਰਕਾਰ ਵਿਚ ਦੋ ਨੰਬਰ ਦਾ ਵਜ਼ੀਰ ਬਣ ਕੇ ਰਹਿ ਗਿਆ ਸੀ। ਏਦਾਂ ਦਾ ਇੱਕ ਮੌਕਾ ਉਸ ਤੋਂ ਪਹਿਲਾਂ ਕੇਂਦਰ ਦੀ ਚੰਦਰ ਸ਼ੇਖਰ ਸਰਕਾਰ ਵੇਲੇ ਦਾ ਮੈਨੂੰ ਯਾਦ ਆਉਂਦਾ ਹੈ। ਉਸ ਸਰਕਾਰ ਨੇ ਲੁਧਿਆਣੇ ਦੇ ਕੁਝ ਬੁੱਧੀਜੀਵੀ ਵਿਚ ਪਾ ਕੇ ਕੁਝ ਖਾਲਿਸਤਾਨੀ ਗਰੁੱਪਾਂ ਨਾਲ ਸਮਝੌਤੇ ਦੀ ਗੱਲ ਚਲਾਈ ਸੀ। ਐਨ ਉਸ ਮੌਕੇ ਅਕਾਲੀਆਂ ਤੇ ਕਾਂਗਰਸ ਦੇ ਵਿਚਾਲੇ ਘੁੰਮਦੇ ਰਹਿਣ ਦੇ ਇਕ ਸ਼ੌਕੀਨ ਨੇ ਜਾ ਕੇ ਗੁਰਬਚਨ ਸਿੰਘ ਮਾਨੋਚਾਹਲ ਨੂੰ ਚੁੱਕਿਆ ਤੇ ਉਸ ਤੋਂ ਇੱਕ ਖੁੱਲ੍ਹੀ ਚਿੱਠੀ ਰਾਹੀਂ ਗੱਲਬਾਤ ਸਾਬੋਤਾਜ ਕਰਵਾ ਦਿੱਤੀ ਸੀ। ਅਖ਼ਬਾਰਾਂ ਵਿਚ ਛਪੀ ਉਸ ਖੁੱਲ੍ਹੀ ਚਿੱਠੀ ਵਿਚ ਮਾਨੋਚਾਹਲ ਵਲੋਂ ਇਹੋ ਜਿਹੇ ਸ਼ਬਦ ਵਰਤੇ ਗਏ ਸਨ ਕਿ ਕੇਂਦਰ ਦੀ ਸਰਕਾਰ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕੋਈ ਨਹੀਂ ਕੀਤੀ ਜਾ ਸਕਦੀ, ਅਸੀਂ ਵੱਖਰੇ ਮੁਲਕ ਦੀ ਸਥਾਪਨਾ ਲਈ ਲੜ ਰਹੇ ਹਾਂ, ਇਸ ਕਰਕੇ ਜੇ ਭਾਰਤ ਸਰਕਾਰ ਨੇ ਗੱਲਬਾਤ ਕਰਨੀ ਹੈ ਤਾਂ ਇਹ ਨਿਰਪੱਖ ਦੇਸ਼ ਸਵਿਟਜ਼ਰਲੈਂਡ ਵਿਚ ਕਰਨੀ ਹੋਵੇਗੀ, ਜਿੱਥੇ ਭਾਰਤ ਦਾ ਰਾਸ਼ਟਰਪਤੀ ਅਤੇ ਪੰਥਕ ਕਮੇਟੀ ਦਾ ਮੁਖੀ ਆਹਮੋ-ਸਾਹਮਣੇ ਬਰਾਬਰ ਬੈਠ ਕੇ ਗੱਲ ਕਰਨਗੇ। ਨਤੀਜਾ ਇਸ ਦਾ ਇਹ ਨਿਕਲਿਆ ਕਿ ਗੋਲੀਬੰਦੀ ਦਾ ਇੱਕ ਰਾਹ ਨਿਕਲਦਾ-ਨਿਕਲਦਾ ਰਹਿ ਗਿਆ ਤੇ ਇਸ ਚਿੱਠੀ ਨਾਲ ਖਾਲਿਸਤਾਨੀ ਧਿਰਾਂ ਅੰਦਰ ਭਰਾ-ਮਾਰ ਜੰਗ ਤੇਜ਼ ਹੋ ਗਈ ਸੀ।

ਐਨ ਉਹਨੀਂ ਦਿਨੀਂ ਇੱਕ ਵਾਰੀ ਮੈਂ ਦਿੱਲੀ ਵਿਚ ਭਾਰਤੀ ਰਿਜ਼ਰਵ ਬੈਂਕ ਦੇ ਮੁਲਾਜ਼ਮਾਂ ਦੀ ਯੂਨੀਅਨ ਦੇ ਇੱਕ ਸੀਨੀਅਰ ਆਗੂ ਦੇ ਘਰ ਠਹਿਰਿਆ ਸਾਂ। ਮੈਨੂੰ ਇੱਕ ਅਖ਼ਬਾਰ ਦੇ ਸੰਪਾਦਕ ਵਲੋਂ ਫੋਨ ਉੱਤੇ ਇਹ ਸੁਨੇਹਾ ਮਿਲਿਆ ਕਿ ਚੌਧਰੀ ਦੇਵੀ ਲਾਲ ਮਿਲਣਾ ਚਾਹੁੰਦੇ ਹਨ। ਚੌਧਰੀ ਦੇਵੀ ਲਾਲ ਓਦੋਂ ਉੱਪ ਪ੍ਰਧਾਨ ਮੰਤਰੀ ਸਨ। ਅਗਲੇ ਦਿਨ ਮੈਂ ਵਾਪਸ ਚਲੇ ਜਾਣਾ ਸੀ ਤੇ ਇਸ ਮਜਬੂਰੀ ਕਾਰਨ ਮੈਨੂੰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਸਾਢੇ ਕੁ ਛੇ ਵਜੇ ਮਿਲਣ ਦਾ ਸਮਾਂ ਦੇ ਦਿੱਤਾ ਗਿਆ। ਗਹਿਰੀ ਧੁੰਦ ਵਿਚ ਮੇਰਾ ਇਕ ਮਿੱਤਰ ਮੈਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਛੱਡ ਆਇਆ। ਚਾਹ ਦੇ ਕੱਪ ਪਿੱਛੋਂ ਚੌਧਰੀ ਸਾਹਿਬ ਸੈਰ ਲਈ ਕੋਠੀ ਦੇ ਪਿਛਲੀ ਗਰਾਊਂਡ ਵਿਚ ਨਿਕਲੇ ਤੇ ਅੱਧੇ ਘੰਟੇ ਦੀ ਸੈਰ ਦੌਰਾਨ ਅਸੀਂ ਗੱਲਾਂ ਕੀਤੀਆਂ। ਉਹ ਪੰਜਾਬ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਦੇਣ ਬਾਰੇ ਚੰਦਰ ਸ਼ੇਖਰ ਸਰਕਾਰ ਦੀ ਇਕ ਕੱਚੀ-ਪੱਕੀ ਤਜਵੀਜ਼ ਦੇ ਵਿਰੁਧ ਬੋਲਦੇ ਹੋਏ ਇਹ ਕਹਿਣ ਲੱਗ ਪਏ ਕਿ ਜੇ ਸਸਪੈਂਡ ਹੋਈ ਵਿਧਾਨ ਸਭਾ ਬਹਾਲ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਮੌਕਾ ਦਿੱਤਾ ਜਾਵੇ ਤਾਂ ਠੀਕ ਰਹੇਗਾ।

ਉਸੇ ਦਿਨ ਆਨੰਦਪੁਰ ਸਾਹਿਬ ਵਿਚ ਇਕ ਅਕਾਲੀ ਇਕੱਠ ਹੋਣਾ ਸੀ ਤੇ ਸਾਰੇ ਦਲਾਂ ਦੀ ਅਗਵਾਈ ਸਿਮਰਨਜੀਤ ਸਿੰਘ ਮਾਨ ਨੂੰ ਸੌਂਪੀ ਜਾਣੀ ਸੀ। ਮੈਂ ਹੱਸ ਕੇ ਕਿਹਾ ਕਿ ਬਾਦਲ ਸਾਹਿਬ ਨੇ ਤਾਂ ਅੱਜ ਮਾਨ ਦੀ ਲੀਡਰੀ ਕਬੂਲ ਕਰ ਲੈਣੀ ਹੈ, ਆਨੰਦਪੁਰ ਸਾਹਿਬ ਵਿਚ ਮੀਟਿੰਗ ਹੋ ਰਹੀ ਹੈ। ਚੌਧਰੀ ਸਾਹਿਬ ਨੇ ਕਿਹਾ, ''ਉਹ ਮਾਨ ਦੀ ਲੀਡਰੀ ਕਬੂਲ ਨਹੀਂ ਕਰਨਗੇ।'' ਮੈਂ ਪੁੱਛ ਲਿਆ, 'ਉਹਨਾਂ ਨੇ ਤੁਹਾਨੂੰ ਇਹ ਬਚਨ ਕਦੋਂ ਦਿੱਤਾ ਹੈ, ਵਾਹਵਾ ਚਿਰ ਪਹਿਲਾਂ ਕਿ ਹੁਣੇ ਜਿਹੇ?'' ਚੌਧਰੀ ਸਾਹਿਬ ਨੇ ਕਿਹਾ, 'ਰਾਤੀਂ, ਉਹ ਬੀਤੀ ਰਾਤ ਮੇਰੇ ਨਾਲ ਡਿਨਰ ਕਰ ਗਏ ਨੇ।'' ਬਾਹਰ ਆ ਕੇ ਮੈਂ ਆਪਣੇ ਸਾਥੀ ਨੂੰ ਦੱਸਿਆ, ''ਅੱਜ ਅਕਾਲੀਆਂ ਦੀ ਆਨੰਦਪੁਰ ਵਾਲੀ ਮੀਟਿੰਗ ਨਹੀਂ ਹੋਣੀ, ਗ੍ਰਿਫ਼ਤਾਰੀਆਂ ਹੋਣਗੀਆਂ ਤੇ ਪਹਿਲੀ ਗ੍ਰਿਫਤਾਰੀ ਬਾਦਲ ਦੀ ਕੀਤੀ ਜਾਊਗੀ।'' ਦੁਪਹਿਰ ਵੇਲੇ ਆਲ ਇੰਡੀਆ ਰੇਡੀਓ 'ਤੇ ਇਹ ਖ਼ਬਰ ਉਚੇਚ ਨਾਲ ਦਿੱਤੀ ਗਈ ਸੀ ਕਿ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਗ੍ਰਿਫਤਾਰ ਕਰ ਲਏ ਗਏ ਹਨ। ਕਿੰਨੇ ਸਾਰੇ ਇਹੋ ਜਿਹੇ ਕਿੱਸਿਆਂ ਵਿਚ ਇੱਕ ਕਿੱਸਾ ਬੇਅੰਤ ਸਿੰਘ ਸਰਕਾਰ ਵੇਲੇ ਦੀਆਂ ਜ਼ਿਲਾ ਪ੍ਰੀਸ਼ਦ ਚੋਣਾਂ ਦਾ ਹੈ। ਬਹੁਤ ਥਾਂਈ ਜ਼ਿਲ੍ਹਾ ਪ੍ਰੀਸ਼ਦਾਂ ਦੀ ਚੇਅਰਮੈਨੀ ਕਾਂਗਰਸੀ ਸਾਂਭ ਗਏ ਸਨ। ਨਵੇਂ ਬਣੇ ਜ਼ਿਲੇ ਫ਼ਤਹਿਗੜ੍ਹ ਸਾਹਿਬ ਵਿਚ ਕਾਂਗਰਸ ਕੋਲ ਪੰਜ ਮੈਂਬਰ ਤੇ ਵੱਖ-ਵੱਖ ਅਕਾਲੀ ਧੜਿਆਂ ਕੋਲ ਮਿਲਾ ਕੇ ਕੁੱਲ ਛੇ ਵੋਟਾਂ ਸਨ। ਉਨ੍ਹਾਂ ਨੇ ਸ਼ਹੀਦ ਸਾਹਿਬਜ਼ਾਦਿਆਂ ਦੇ ਗੁਰੂ-ਅਸਥਾਨ ਉਤੇ ਜਾ ਕੇ ਸਹੁੰ ਚੁੱਕੀ ਕਿ ਸਾਰੇ ਇਕੱਠੇ ਹੀ ਭੁਗਤਣਗੇ ਤੇ ਜਿਹੜਾ ਕੋਈ ਬੇਈਮਾਨੀ ਬਾਰੇ ਸੋਚੇਗਾ ਵੀ, ਉਹ ਗੁਰੂ-ਘਰ ਦੀ ਸਜ਼ਾ ਦਾ ਹੱਕਦਾਰ ਹੋਵੇਗਾ। ਅਰਦਾਸਾ ਸੋਧ ਕੇ ਉਹ ਗਏ ਸਨ, ਪਰ ਵੋਟਾਂ ਪਾਉਣ ਵੇਲੇ ਕਾਂਗਰਸ ਦੀਆਂ ਫੇਰ ਵੱਧ ਵੋਟਾਂ ਨਿਕਲੀਆਂ। ਅਕਾਲੀ ਲੀਡਰ ਬੌਂਦਲੇ ਹੋਏ ਆਪੋ ਵਿਚ ਝਗੜਦੇ ਫਿਰ ਉਸੇ ਗੁਰੂ-ਘਰ ਆਏ ਤੇ ਇਹ ਅਰਦਾਸ ਕਰਨ ਲੱਗ ਪਏ ਕਿ ''ਜਿਸ ਕਿਸੇ ਨੇ ਪੰਥ ਨਾਲ ਵਸਾਹ-ਘਾਹ ਕੀਤਾ ਹੈ, ਉਸ ਦਾ ਕੱਖ ਨਾ ਰਹੇ।''

ਗੱਲ ਏਥੋਂ ਤੁਰ ਕੇ ਏਨੀ ਵਧ ਗਈ ਕਿ ਇਕ ਸਾਬਕਾ ਅਕਾਲੀ ਮੰਤਰੀ ਨੇ ਅਪਰੇਸ਼ਨ ਬਲਿਊ ਸਟਾਰ ਦਾ ਇੱਕ ਕਾਲਾ ਵਰਕਾ ਵੀ ਲੋਕਾਂ ਸਾਹਮਣੇ ਖਿਲਾਰ ਦਿੱਤਾ। ਭਰੀ ਪ੍ਰੈਸ ਕਾਨਫਰੰਸ ਵਿਚ ਉਸਨੇ ਦੱਸਿਆ ਕਿ ਉਹ ਅਤੇ ਫਲਾਣਾ ਵੱਡਾ ਆਗੂ ਮਈ 1984 ਦੇ ਆਖ਼ਰੀ ਦਿਨਾਂ ਵਿਚ ਪਟਿਆਲਿਓਂ ਚੱਲ ਕੇ ਚੰਡੀਗੜ੍ਹ ਬੈਠੇ ਅਪਰੇਸ਼ਨ ਬਲਿਊ ਸਟਾਰ ਨੂੰ ਆਖ਼ਰੀ ਰੂਪ ਦੇਣ ਦੀ ਵਿਚਾਰ ਕਰਦੇ ਰਹੇ ਸਨ। ਇਸ ਖੁਲਾਸੇ ਨਾਲ ਪੰਜਾਬ ਦੀ ਰਾਜਨੀਤੀ ਵਿਚ ਭੁਚਾਲ ਆ ਗਿਆ ਸੀ, ਪਰ ਸਾਲ ਮਸਾਂ ਦੋ ਹੀ ਲੰਘੇ ਸਨ ਕਿ ਸਾਰੇ ਵੱਡੇ ਅਕਾਲੀ ਆਗੂ ਫਿਰ ਇਕੱਠੇ ਸਨ, ਸਣੇ ਇੰਦਰਾ ਗਾਂਧੀ ਨਾਲ ਹਾਟ-ਲਾਈਨ 'ਤੇ ਗੱਲਾਂ ਕਰਨ ਵਾਲੇ ਲੀਡਰ ਦੇ ਤੇ ਇਸ ਖੇਡ ਦਾ ਭੇਦ ਜ਼ਾਹਰ ਕਰਨ ਵਾਲੇ ਦੇ, ਪਰ ਦੋਵਾਂ ਧਿਰਾਂ ਵਿਚੋਂ ਕੋਈ ਵੀ ਬੀਤੇ ਦੀ ਬਾਤ ਹੀ ਨਹੀਂ ਸੀ ਪਾ ਰਿਹਾ।ਬੜੀ ਰੰਗੀਲੀਆਂ ਉਲਝਣਾਂ ਵਾਲੀ ਚੀਜ਼ ਹੈ ਰਾਜਨੀਤੀ। ਇਸ ਨੂੰ ਸਮਝਣਾ ਹੈ ਤਾਂ ਔਖਾ, ਪਰ ਫੇਰ ਵੀ ਪਤਾ ਨਹੀਂ ਕਿਉਂ ਕਈ ਲੋਕ ਇਹ ਦਾਅਵਾ ਕਰਨ ਤੋਂ ਹਟਦੇ ਹੀ ਨਹੀਂ ਕਿ ਸਾਨੂੰ ਅਗਾਊਂ ਹੀ ਪਤਾ ਲੱਗ ਜਾਂਦਾ ਹੈ ਕਿ ਕੱਲ੍ਹ ਨੂੰ ਕੀ ਹੋਣ ਵਾਲਾ ਹੈ। ਵਾਰੇ-ਵਾਰੇ ਜਾਈਏ ਇਹੋ ਜਿਹੇ ਨਜੂਮੀਆਂ ਦੇ। ਉਂਝ ਅਸੀਂ ਵੀ ਤਾਂ ਇਹੋ ਜਿਹਾ ਦਾਅਵਾ ਕਰਨ ਵਾਲਿਆਂ ਵਿਚੋਂ ਹੀ ਹਾਂ।

## ਅਮੀਰ ਦੇਸ਼ਾਂ ਦੇ ਅੱਧੇ ਬੱਚੇ 100 ਸਾਲ ਭੋਗਣਗੇ

**ਪੈਰਿਸ :** ਜੇ ਜੀਵਨ ਸੰਭਾਵਨਾਵਾਂ ਦਾ ਮੌਜੂਦ ਰੁਝਾਨ ਜਾਰੀ ਰਿਹਾ ਤਾਂ ਰਈਸ ਦੇਸ਼ਾਂ ਵਿਚ ਜਨਮ ਲੈ ਰਹੇ ਬੱਚੇ 100 ਸਾਲਾਂ ਦੀ ਉਮਰ ਭੋਗਣਗੇ। ਮੈਡੀਕਲ ਪਤ੍ਰਿਕਾ 'ਦਿ ਲਾਂਸਿਟ' ਵਿਚ ਇਸ ਬਾਰੇ ਇਕ ਅਧਿਐਨ ਛਪਿਆ ਹੈ। ਯੂਨੀਵਰਸਿਟੀ ਆਫ ਸਦਰਨ ਡੈਨਮਾਰਕ ਦੇ ਡੈਨਿਸ਼ ਆਯੂ ਖੋਜ ਕੇਂਦਰ ਦੇ ਪ੍ਰੋਫੈਸਰ ਕਾਰੇ ਕ੍ਰਿਸਟਨਸਨ ਦੀ ਅਗਵਾਈ ਹੇਠ ਲਿਖੇ ਇਕ ਲੇਖ ਵਿਚ ਕਿਹਾ ਗਿਆ ਹੈ ਕਿ 20ਵੀਂ ਸਦੀ ਵਿਚ ਜ਼ਿਆਦਾਤਰ ਵਿਕਸਤ ਮੁਲਕਾਂ ਵਿਚ ਜੀਵਨ ਸੰਭਾਵਨਾਵਾਂ (ਲਾਈਫ ਐਕਸਪੈਕਟੈਂਸੀ) ਵਿਚ ਲਗਭਗ 30 ਸਾਲਾਂ ਦਾ ਵਾਧਾ ਹੋਇਆ ਹੈ। 1950 ਵਿਚ ਵਿਕਸਤ ਅਰਥਚਾਰਿਆਂ ਵਿਚ ਅੱਸੀਵਿਆਂ ਨੂੰ ਢੁਕੀਆਂ ਮਹਿਜ਼ 15-16 ਫੀਸਦੀ ਔਰਤਾਂ ਅਤੇ ਮਸਾਂ 12 ਫੀਸਦੀ ਪੁਰਸ਼ ਨੱਬੇਵਿਆਂ ਵਿਚ ਦਾਖਲ ਹੋ ਪਾਉਂਦੇ ਸਨ। 2002 ਵਿਚ ਇਹ ਅਨੁਪਾਤ ਵਧ ਕੇ ਕ੍ਰਮਵਾਰ 37 ਫੀਸਦੀ ਅਤੇ 25 ਫੀਸਦੀ ਹੋ ਗਿਆ। ਜਾਪਾਨ ਵਿਚ ਤਾਂ 80 ਤੋਂ 90 ਸਾਲਾਂ ਤਕ ਔਰਤਾਂ ਦੀ ਬਚਾਓ ਦਰ ਵਧ ਕੇ 50 ਫੀਸਦੀ ਹੋ ਗਈ ਹੈ। ਅਧਿਐਨ ਵਿਚ ਕਿਹਾ ਗਿਆ ''ਜੇ ਵਿਕਸਤ ਮੁਲਕਾਂ ਵਿਚ ਪਿਛਲੇ ਦੋ ਦਹਾਕਿਆਂ ਤੋਂ ਜੀਵਨ ਸੰਭਾਵਨਾਵਾਂ ਵਿਚ ਵਾਧੇ ਦੀ ਦਰ ਇਕੀਵੀਂ ਸਦੀ ਵਿਚ ਇਵੇਂ ਜਾਰੀ ਰਹੀ ਤਾਂ ਫਰਾਂਸ, ਜਰਮਨੀ, ਇਟਲੀ, ਬਰਤਾਨੀਆ, ਅਮਰੀਕਾ, ਕੈਨੇਡਾ, ਜਾਪਾਨ ਅਤੇ ਹੋਰਨਾਂ ਦੇਸ਼ਾਂ ਵਿਚ ਸੰਨ 2000 ਤੋਂ ਬਾਅਦ ਜਨਮੇ ਬੱਚੇ ਆਪਣੀ ਵਧੀ ਹੋਈ ਜੀਵਨ ਸੰਭਾਵਨਾ ਸਦਕਾ ਆਪੋ-ਆਪਣੇ 100ਵੇਂ ਜਨਮ ਦਿਨ ਮਨਾ ਸਕਣਗੇ।''

ਸਬੂਤਾਂ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਉਮਰ ਦੇ ਵਧੇ ਹੋਏ ਸਾਲਾਂ ਵਿਚ ਪਹਿਲਾਂ ਦੇ ਮੁਕਾਬਲੇ ਅਪੰਗਤਾ ਤੇ ਮੁਥਾਜੀ ਦਾ ਵੀ ਘੱਟ ਸਾਹਮਣਾ ਕਰਨਾ ਪੈਂਦਾ ਹੈ।


ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।

www.Raunkmela.com

Enjoy Live Radio Show

Every Sun: 9am-9.30am (Central Time)

on 1590AM

or on Internet.

Since 1983



ਮੇਜ਼ਬਾਨ: ਪੰਮੀ ਗਿਲ

Loose Weight Feel Great !

*Natural *Guaranteed *Doctor Recommended

ਮੋਟਾਪਾ

ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ

ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਾਲ ਕਰੋ

IQBAL KAUR

Ph: 708-444-0554

CUSTOM CARPENTRY

ਪਿਛਲੇ ਤੀਹ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਸ਼ਿਕਾਗੋਲੈਂਡ ਵਿਚ ਨਵੇਂ ਘਰ, ਰੂਮ ਅਡੀਸ਼ਨ, ਨਵੀਂ ਕਿਚਨ, ਨਵੇਂ ਵਾਸ਼ਰੂਮ, ਸਾਈਡਿੰਗ ਤੇ ਰੀਕਰੀਏਸ਼ਨ ਰੂਮ, ਨਵੀਂ ਡੈਕੋਰੇਸ਼ਨ ਵਗੈਰਾ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ।

ਅਸੀਂ ਇੰਸ਼ੋਰੈਂਸ ਕਲੇਮ ਵੀ ਕਰਦੇ ਹਾਂ

GIAN SINGH SEEHRA

Ph: 630-841-6537



ਗਿਆਨ ਸਿੰਘ ਸੀਹਰਾ

# ਪਿੱਟਸਬਰਗ ਸੰਮੇਲਨ ਤੇ ਅਫ਼ਗਾਨਿਸਤਾਨ ਦੀ ਨਿਰਪੱਖਤਾ ਦਾ ਸਵਾਲ

**ਪਰੇਮ ਸਿੰਘ (ਡਾ.)**

**ਕੁਦਰਤੀ ਤੌਰ 'ਤੇ ਇੱਥੇ ਇਹ ਸਵਾਲ ਉਠਦਾ ਹੈ ਕਿ ਨਿਰਪੱਖਤਾ ਦਾ ਸਵਾਲ ਅਫਗਾਨਾਂ ਦੀ ਕਿਹੜੀ ਧਿਰ ਨੇ ਉਠਾਇਆ ਹੈ। ਲੇਖਕ ਨੇ ਅਜਿਹੀ ਕਿਸੇ ਧਿਰ ਦੀ ਨਿਸ਼ਾਨਦੇਹੀ ਵੀ ਨਹੀਂ ਕੀਤੀ, ਤਾਂ ਫਿਰ ਇਹ ਵੀ ਕਹਿਣਾ ਪਵੇਗਾ ਕਿ ਇਹ ਇਕੱਲੇ ਸਾਬਕਾ ਡਿਪਲੋਮੇਟ ਦੀ ਰਾਏ ਹੈ। ਉਸਨੇ ਖੁਦ ਮੰਨਿਆ ਹੈ ਕਿ ਇਹ ਸਵਾਲ ਬਹਿਸ ਵਿਚਾਰ ਲਈ ਉਠਾਇਆ ਜਾ ਰਿਹਾ ਹੈ।**

ਪਿਛਲੇ ਕੁਝ ਦਿਨਾਂ ਵਿਚ ਦੋ ਅਹਿਮ ਸਵਾਲਾਂ ਨੇ ਕੌਮਾਂਤਰੀ ਪਿੜ ਮੱਲੀ ਰੱਖਿਆ ਹੈ। ਜੀ-20 ਜਾਂ ਵੀਹ ਵੱਡੇ ਦੇਸ਼ਾਂ ਦਾ ਪਿੱਟਸਬਰਗ ਸ਼ਹਿਰ ਵਿਚ ਹੋਇਆ ਸਿਖਰ ਸੰਮੇਲਨ, ਜਿਸ ਵਿਚ ਇਹਨਾਂ ਦੇਸ਼ਾਂ ਦੇ ਪ੍ਰਮੁੱਖ ਆਗੂਆਂ ਨੇ ਹਿੱਸਾ ਲਿਆ ਅਤੇ ਅਫਗਾਨਿਸਤਾਨ ਵਿਚ ਅਮਨ ਸਥਾਪਤੀ ਲਈ ਕੁਝ ਨਵੇਂ ਸੁਝਾਅ ਦਿੱਤੇ। ਇਹ ਸੁਝਾਅ ਜਿਹੜੇ ਅਫ਼ਗਾਨਿਸਤਾਨ ਨੂੰ ਨਿਰਪੱਖ ਦੇਸ਼ ਬਣਾ ਦੇਣ ਵਲ ਸੇਧੇ ਹੋਏ ਹਨ, ਬਹੁਤ ਹੱਦ ਤੱਕ ਅਕਾਦਮਿਕ ਪ੍ਰਤੀਤ ਹੁੰਦੇ ਹਨ ਅਤੇ ਇਹਨਾਂ ਦੇ ਅਮਲ ਵਿਚ ਆਉਣ ਦੀ ਸੰਭਾਵਨਾ ਵੀ ਘੱਟ ਹੈ, ਪਰ ਇਹਨਾਂ ਦਾ ਨੋਟਿਸ ਲੈਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਇੱਕ ਉੱਘੇ ਭਾਰਤੀ ਡਿਪਲੋਮੇਟ ਵਲੋਂ ਦਿੱਤੇ ਗਏ ਹਨ, ਜਿਹੜਾ ਸੰਯੁਕਤ ਰਾਸ਼ਟਰ ਦਾ ਉਪ ਜਨਰਲ ਸਕੱਤਰ ਰਹਿ ਚੁੱਕਿਆ ਹੈ। ਸੰਯੁਕਤ ਰਾਸ਼ਟਰ ਦੇ ਉਸ ਦੇ ਤਜ਼ਰਬੇ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ ਅਤੇ ਨਾ ਹੀ 'ਹਿੰਦੂ' ਜਿਹੇ ਕੌਮਾਂਤਰੀ ਮਾਮਲਿਆਂ ਦੇ ਪ੍ਰਮਾਣਿਕ ਅਖ਼ਬਾਰ ਵਿਚ ਉਸ ਦੇ ਵਿਚਾਰਾਂ ਦੇ ਛਪਣ ਨੂੰ ਅਣਗੌਲਿਆਂ ਕੀਤਾ ਜਾ ਸਕਦਾ ਹੈ।

ਪਿੱਟਸਬਰਗ ਸੰਮੇਲਨ ਦੀ ਇਹ ਵੱਡੀ ਪ੍ਰਾਪਤੀ ਦੱਸੀ ਜਾ ਰਹੀ ਹੈ ਕਿ ਹੁਣ ਤੋਂ 20 ਵੱਡੇ ਦੇਸ਼, ਉਹਨਾਂ 8 ਵੱਡੇ ਦੇਸ਼ਾਂ ਦਾ ਕਾਰਜ ਖੇਤਰ ਵੀ ਸੰਭਾਲ ਲੈਣਗੇ, ਜਿਹੜੇ ਹੁਣ ਤੱਕ ਸੰਸਾਰ ਆਰਥਕਤਾ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਰਹੇ ਹਨ। ਭਾਵ, ਇਸ ਕਾਰਜ ਖੇਤਰ ਦਾ ਪਿੜ ਮੋਕਲਾ ਕਰ ਦਿੱਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿਚ ਸਾਰੇ ਫੈਸਲੇ ਇਸ ਵਡੇਰੀ ਸੰਸਥਾ ਵਲੋਂ ਲਏ ਜਾਣਗੇ। ਅਥਵਾ ਇਹਨਾਂ ਉੱਤੇ ਵਿਸ਼ਾਲ ਜਮਹੂਰੀ ਕੰਟਰੋਲ ਸੰਭਵ ਹੋਵੇਗਾ, ਪਰ ਸਵਾਲ ਤਾਂ ਇਹ ਹੈ ਕਿ ਕੀ ਕੇਵਲ ਬਿਆਨ ਦੇਣ ਨਾਲ ਜਾਂ ਹਦਾਇਤਾਂ ਜਾਰੀ ਕਰਨ ਨਾਲ ਜਾਂ ਬੰਦਸ਼ਾਂ ਲਾਉਣ ਨਾਲ ਉਨ੍ਹਾਂ ਸ਼ਕਤੀਆਂ ਨੂੰ ਕਾਬੂ ਕੀਤਾ ਜਾ ਸਕੇਗਾ ਜਿਨ੍ਹਾਂ ਨੇ ਪਿਛਲੇ ਸਾਲ ਦੁਨੀਆਂ ਨੂੰ ਮਾਲੀ ਅਤੇ ਆਰਥਿਕ ਤਬਾਹੀ ਦੀਆਂ ਬਰੂਹਾਂ ਤੱਕ ਧੱਕ ਦਿੱਤਾ ਸੀ? ਇਹ ਸਵਾਲ ਖਾਸ ਤੌਰ ਉੱਤੇ ਭਾਰਤ, ਚੀਨ ਅਤੇ ਬਰਾਜ਼ੀਲ ਜਿਹੇ ਦੇਸ਼ਾਂ ਲਈ ਮਹੱਤਵਪੂਰਨ ਹੈ, ਜਿਨ੍ਹਾਂ ਨੇ ਇਸ ਸੰਕਟ ਦੀ ਸਥਿਤੀ ਨੂੰ ਪੈਦਾ ਕਰਨ ਵਿਚ ਕੋਈ ਹਿੱਸਾ ਨਹੀਂ ਪਾਇਆ, ਪਰ ਇਸਦੇ ਮਾੜੇ ਨਤੀਜੇ ਭੁਗਤਣ ਤੋਂ ਜਿਹੜੇ ਬਚ ਨਹੀਂ ਸਕੇ। ਇਹਨਾਂ ਦੇਸ਼ਾਂ ਨੂੰ ਥੋੜ੍ਹੀ ਜਿਹੀ ਤਸੱਲੀ ਇਸ ਗੱਲ ਦੀ ਹੈ ਕਿ ਇਹਨਾਂ ਦਾ ਇਹ ਖਦਸ਼ਾ ਤਾਂ ਦੂਰ ਹੋਇਆ ਹੈ ਕਿ ਕਿਤੇ ਵਿਕਸਤ ਦੇਸ਼ ਸਿੱਕੇ ਦਾ ਫੈਲਾਓ ਘਟਾਉਣ ਲਈ ਪ੍ਰਸਤਾਵਿਤ ਫੈਸਲੇ ਵਾਪਸ ਨਾ ਲੈ ਲੈਣ। ਇਹ ਤਾਂ ਠੀਕ ਹੋਇਆ, ਪਰ ਬਹੁਤ ਕੁਝ ਆਉਣ ਵਾਲੇ ਸਮੇਂ ਵਿਚ ਵਿਕਸਤ ਦੇਸ਼ਾਂ ਦੀਆਂ ਨੀਤੀਆਂ ਉੱਤੇ ਹੁੰਦੇ ਅਮਲ ਤੋਂ ਪਤਾ ਲੱਗ ਸਕੇਗਾ। ਹਾਲ ਦੀ ਘੜੀ ਇਹ ਦੇਸ਼ ਇਸ ਗੱਲ ਦੀ ਤਸੱਲੀ ਕਰ ਸਕਦੇ ਹਨ ਕਿ ਆਖਰ ਵਿਕਸਤ ਦੇਸ਼ ਆਪਣੇ ਅਰਥਚਾਰਿਆਂ ਨੂੰ ਖੜੋਤ ਵਿਚੋਂ ਕੱਢਣਾ ਚਾਹੁੰਦੇ ਹਨ। ਇਸ ਚਾਰਾਜੋਈ ਵਿਚੋਂ ਭਾਰਤ, ਚੀਨ ਅਤੇ ਬਰਾਜ਼ੀਲ ਨੂੰ ਲਾਹਾ ਇਹ ਹੋਵੇਗਾ ਕਿ ਇਹਨਾਂ ਦੀਆਂ ਵਿਕਸਤ ਦੇਸ਼ਾਂ ਨੂੰ ਕੀਤੀਆਂ ਜਾਂਦੀਆਂ ਬਰਾਮਦਾਂ ਵਿਚ ਵਾਧਾ ਹੋਵੇਗਾ। ਕੁਦਰਤੀ ਤੌਰ ਉੱਤੇ ਇਹਨਾਂ ਦੀ ਆਰਥਿਕਤਾ ਲਈ ਇਹ ਮੁਆਫਕ ਹੈ। ਪਰ ਹਕੀਕਤ ਇਹ ਵੀ ਹੈ ਕਿ ਸਾਰੇ ਵਿਕਸਤ ਦੇਸ਼ ਇਸ ਸਵਾਲ ਉੱਤੇ ਇੱਕੋ ਤਰ੍ਹਾਂ ਨਹੀਂ ਸੋਚਦੇ। ਮਿਸਾਲ ਵਜੋਂ ਬੈਂਕਿੰਗ ਖੇਤਰ ਵਿਚਲੇ ਪ੍ਰਸਤਾਵਿਤ ਸੁਧਾਰ, ਕੁਝ ਦੇਸ਼ ਲਾਗੂ ਨਹੀਂ ਕਰਨਾ ਚਾਹੁੰਦੇ। ਵਿਕਸਤ ਦੇਸ਼ਾਂ ਨੇ ਨੁਮਾਇੰਦਗੀ ਦੇ ਮਾਮਲੇ ਵਿਚ ਵੀ ਕੁਝ ਰਿਐਤ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੀ ਹੈ। ਪਰ ਇਹ ਮੱਦ ਵੀ ਅਮਲ ਦੀ ਕੇਵਲ ਕਸੌਟੀ ਉੱਤੇ ਪਰਖੀ ਜਾ ਸਕੇਗੀ। ਵਿਕਾਸਸ਼ੀਲ ਦੇਸ਼ਾਂ ਨੂੰ ਤਾਂ ਇਹ ਵੀ ਸੋਚਣਾ ਪਵੇਗਾ ਕਿ ਜੇ ਇੱਕ ਹੋਰ ਮਾਲੀ ਮੰਦਵਾੜਾ ਝੱਲਣਾ ਪਿਆ ਤਾਂ ਉਹਨਾਂ ਕੀ ਕਰਨਾ ਹੈ? ਉਨ੍ਹਾਂ ਸਾਹਮਣੇ ਪਿੱਟਸਬਰਗ ਸੰਮੇਲਨ ਨੇ ਵੀ ਕੋਈ ਅਜਿਹੀ ਜ਼ਾਮਨੀ ਪੇਸ਼ ਨਹੀਂ ਕੀਤੀ ਜਿਸ ਤੋਂ ਇਹ ਜ਼ਾਹਰ ਹੋਵੇ ਕਿ ਅੱਗੇ ਤੋਂ ਸੰਸਾਰ ਆਰਥਿਕ ਪਿੜ ਵਿਚ ਕੋਈ ਹੋਰ ਮੰਦਵਾੜਾ ਨਹੀਂ ਆਵੇਗਾ। ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਇਹਨਾਂ 20 ਦੇਸ਼ਾਂ ਦੀ ਆਰਥਿਕਤਾ ਵਿਚ ਦੁਨੀਆ ਦੇ ਕੁਲ ਕੌਮੀ ਉਤਪਾਦ ਦਾ 85 ਫੀਸਦੀ ਤੇ ਸੰਸਾਰ ਵਪਾਰ ਦਾ 80 ਫੀਸਦੀ ਹਿੱਸਾ ਸ਼ਾਮਲ ਹੈ।

ਪਿੱਟਸਬਰਗ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਵਿਚ ਡਾਕਟਰ ਮਨਮੋਹਨ ਸਿੰਘ ਦੇ ਰੋਲ ਨੂੰ ਬਹੁਤ ਵਡਿਆਇਆ ਗਿਆ ਹੈ। ਦੱਸਿਆ ਗਿਆ ਹੈ ਕਿ ਬੈਂਕਰਾਂ ਦੀਆਂ ਤਨਖਾਹਾਂ ਦੇ ਸਵਾਲ ਉਤੇ ਜਰਮਨੀ ਤੇ ਫਰਾਂਸ ਅੜੇ ਹੋਏ ਸਨ। ਉਹ ਇਹਨਾਂ ਨੂੰ ਘੱਟ ਕਰਨਾ ਚਾਹੁੰਦੇ ਸਨ। ਪਰ ਅਮਰੀਕਾ ਤੇ ਬਰਤਾਨੀਆ ਨੇ ਡਾਕਟਰ ਮਨਮੋਹਨ ਸਿੰਘ ਦੇ ਯਤਨਾਂ ਦੇ ਨਤੀਜੇ ਵਜੋਂ ਇਹ ਸਟੈਂਡ ਲਿਆ ਕਿ ਤਨਖਾਹਾਂ ਘਟਾਉਣ ਨੂੰ ਅਮਲ ਵਿੱਚ ਲਿਆਉਣਾ ਔਖਾ ਹੋਵੇਗਾ। ਇਹ ਤੱਥ ਵੀ ਸਭ ਦੇ ਸਾਹਮਣੇ ਸੀ ਕਿ ਵੱਡੇ ਬੈਂਕ ਸਧਾਰਨ ਲੋਕਾਂ ਵਲੋਂ ਜਮ੍ਹਾ ਕਰਵਾਈ ਜਾਂਦੀ ਪੂੰਜੀ ਨੂੰ ਜੂਏ ਉੱਤੇ ਲਾ ਦਿੰਦੇ ਹਨ। ਇਸ ਲਈ ਵਿਚਾਰ-ਵਟਾਂਦਰੇ ਤੋਂ ਬਾਅਦ ਤਨਖਾਹਾਂ ਘੱਟ ਕਰਨ ਦੇ ਯਤਨ ਸਫਲ ਨਾ ਹੋਏ। ਸੰਮੇਲਨ ਦੇ ਮੌਕੇ ਜਨਤਕ ਰੋਸ ਪ੍ਰਦਰਸ਼ਨ ਵੀ ਹੋਏ। ਬੇਸ਼ੱਕ ਇਹਨਾਂ ਵਿਚ ਹਜ਼ਾਰਾਂ ਜਾਂ ਲੱਖਾਂ ਲੋਕਾਂ ਦੀ ਹਾਜ਼ਰੀ ਤਾਂ ਨਹੀਂ ਸੀ, ਪਰ ਇਸ ਮੌਕੇ ਨੂੰ ਉਹਨਾਂ ਨੇ ਰੋਸ ਲਈ ਵਰਤਿਆ ਜ਼ਰੂਰ ਅਤੇ ਪੱਛਮੀ ਦੇਸ਼ਾਂ ਦੇ ਮੀਡੀਆ ਨੇ ਇਸ ਨੂੰ ਵਿਖਾਇਆ ਵੀ। ਇਹ ਜਥੇਬੰਦੀਆਂ, ਵਾਤਾਵਰਣ, ਕਿਰਤ ਅਤੇ ਸਮਾਜਕ ਇਨਸਾਫ ਨੂੰ ਪ੍ਰਣਾਈਆਂ ਹੋਈਆਂ ਹਨ। ਆਰੰਭ ਵਿਚ ਹੀ ਇਹਨਾਂ ਨੇ ਤੰਬੂ ਲਾ ਕੇ ਉਹਨਾਂ ਵਿਚ ਸਵਤੰਤਰਤਾ ਕਾਨਫਰੰਸ 2009 ਦੇ ਨਾਂਅ ਉੱਤੇ ਇਕੱਠ ਕੀਤਾ। 23 ਸਤੰਬਰ ਨੂੰ 'ਗਰੀਨਪੀਸ' ਕਾਰਕੁਨਾਂ ਨੇ ਕਾਰਬਨ ਡਾਇਕਸਾਈਡ ਪੈਦਾ ਕਰਕੇ ਸੋਮਿਆਂ ਵਿਰੁਧ ਤਾੜਨਾ ਕੀਤੀ। ਉਹਨਾਂ ਟਰੈਫਿਕ ਰੋਕ ਦਿੱਤਾ। ਜਦੋਂ ਪੁਲਸ ਗ੍ਰਿਫਤਾਰੀਆਂ ਲਈ ਅੱਗੇ ਵਧੀ ਤਾਂ 8 ਵਲੰਟੀਅਰਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। 24 ਸਤੰਬਰ ਨੂੰ 500 ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਪੁਲਸ ਨੇ ਗੈਸ ਦੀ ਵਰਤੋਂ ਕੀਤੀ, ਤਾਂ ਜੋ ਸਿਖਰ ਸੰਮੇਲਨ ਆਰੰਭ ਹੋ ਸਕੇ। ਪੁਲਸ ਨੇ 'ਆਵਾਜ਼ ਦੀ ਤੋਪ' ਵੀ ਵਰਤੀ। ਅਮਰੀਕਾ ਵਿਚ ਇਹ ਪਹਿਲੀ ਵਾਰ ਵਰਤੀ ਗਈ ਹੈ। 25 ਸਤੰਬਰ ਸ਼ੁੱਕਰਵਾਰ ਸ਼ਾਮ ਨੂੰ 83 ਪ੍ਰਦਰਸ਼ਨਕਾਰੀ ਗ੍ਰਿਫਤਾਰ ਕਰ ਲਏ ਗਏ।

ਅਫਗਾਨਿਸਤਾਨ ਨੂੰ ਨਿਰਪੱਖ ਦੇਸ਼ ਬਣਾਉਣ ਦੀ ਤਜਵੀਜ਼ ਦੀ ਵਿਆਖਿਆ ਕਰਦਿਆਂ ਸੰਯੁਕਤ ਰਾਸ਼ਟਰ ਦੇ ਸਾਬਕਾ ਉੱਪ ਜਨਰਲ ਸਕੱਤਰ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਦੋ ਗੱਲਾਂ ਕਰਨੀਆਂ ਜ਼ਰੂਰੀ ਹਨ। ਪਹਿਲੀ ਇਹ ਕਿ 'ਖੁਦ ਅਫਗਾਨਾਂ ਨੂੰ' ਐਲਾਨ ਕਰਨਾ ਪਵੇਗਾ ਕਿ ਉਹ ਨਿਰਪੱਖ ਹਨ ਅਤੇ ਦੂਜੀ ਇਹ ਕਿ ਬਾਹਰਲੇ ਦੇਸ਼ ਵੀ ਅਫ਼ਗਾਨਿਸਤਾਨ ਵਲ ਨਿਰਪੱਖਤਾ ਦਾ ਰਵੱਈਆ ਧਾਰਨ ਕਰਨ ਦਾ ਐਲਾਨ ਕਰਨ। ਸਾਬਕਾ ਡਿਪਲੋਮੇਟ ਨੇ ਅੱਜ ਤੋਂ ਤਕਰੀਬਨ ਅੱਧੀ ਸਦੀ ਪਹਿਲਾਂ 1962 'ਚ ਉਸ ਦੀ ਨਿਰਪੱਖਤਾ ਦੇ ਐਲਾਨ ਦਾ ਹਵਾਲਾ ਦਿੱਤਾ ਹੈ। ਉਸਨੇ ਅਪ੍ਰੈਲ 1988 ਵਿਚ ਹੋਏ ਜਨੇਵਾ ਇਕਰਾਰਨਾਮਿਆਂ ਦਾ ਜ਼ਿਕਰ ਵੀ ਕੀਤਾ ਹੈ। ਇਹਨਾਂ ਰਾਹੀਂ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫ਼ਗਾਨਿਸਤਾਨ ਵਿਚੋਂ ਕੱਢ ਲਈਆਂ ਗਈਆਂ ਸਨ।

ਇੱਥੇ ਇਹ ਗੱਲ ਵਿਚਾਰਨਯੋਗ ਹੈ ਕਿ ਰੂਸੀ ਫ਼ੌਜਾਂ ਕੱਢਣ ਤੋਂ ਬਾਅਦ ਹਾਲਾਤ ਕੀ ਹੋਏ? ਅੱਵਲ ਤਾਂ ਇਹ ਇਕਰਾਰਨਾਮੇ ਅਮਲ ਵਿਚ ਹੀ ਨਾ ਆਏ। ਉਸ ਸਮੇਂ ਗੋਰਬਾਚੇਵ ਸਰਕਾਰ ਨੂੰ ਇਹ ਆਸ ਸੀ ਕਿ ਅਮਰੀਕਾ, ਮੁਜ਼ਾਹਿਦੀਨ ਨੂੰ ਹਥਿਆਰਾਂ ਦੀ ਸਪਲਾਈ ਜਿਹੜੀ ਸੀ ਆਈ ਏ ਰਾਹੀਂ ਦਿੱਤੀ ਜਾ ਰਹੀ ਸੀ, ਬੰਦ ਕਰ ਦੇਵੇਗਾ। ਅਮਰੀਕਾ ਨੇ ਇਹ ਸਟੈਂਡ ਲਿਆ ਕਿ ਹਥਿਆਰਾਂ ਦੀ ਸਪਲਾਈ ਓਨੀ ਦੇਰ ਜਾਰੀ ਰਹੇਗੀ ਜਦ ਤੱਕ ਰੂਸ, ਕਾਬਲ ਵਿਚਲੀ ਸਰਕਾਰ ਨੂੰ ਹਥਿਆਰ ਦਿੰਦਾ ਰਹੇਗਾ। ਹਾਲਾਤ ਵੀ ਇਹ ਹੋਏ ਕਿ ਆਖਰੀ ਰੂਸੀ ਫੌਜ ਦੀ ਵਾਪਸੀ ਤੋਂ ਦੋ ਸਾਲ ਬਾਅਦ ਤੱਕ ਅਮਰੀਕੀ ਹਥਿਆਰਾਂ ਦੀ ਸਪਲਾਈ ਹਿਕਮਤਯਾਰ ਅਤੇ ਅਹਿਮਦ ਸ਼ਾਹ ਮਾਸੂਦ ਦੇ ਧੜਿਆਂ ਨੂੰ ਪੁੱਜਦੀ ਰਹੀ। ਉਹਨਾਂ ਨੂੰ ਰੁਪਿਆ ਪੈਸਾ ਵੀ ਸੀ ਆਈ ਏ ਨੇ ਦਿੱਤਾ।

ਮਾਸੂਦ ਦੀਆਂ ਫੌਜਾਂ ਨੇ ਕਾਬਲ ਉੱਤੇ ਕਬਜ਼ਾ ਕਰ ਲਿਆ ਅਤੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਨਜੀਬਉੱਲਾ ਨੂੰ ਸੰਯੁਕਤ ਰਾਸ਼ਟਰ ਦੇ ਦਫਤਰ ਵਿਚ ਪਨਾਹ ਲੈਣੀ ਪਈ। ਪਾਕਿਸਤਾਨ ਦੀ ਆਈ ਐੱਸ ਆਈ ਨੇ ਸਾਊਦੀ ਅਰਬ ਦੇ ਰੁਪਏ ਨਾਲ ਤੇ ਸੀ ਆਈ ਏ ਦੀ ਟੈਕਨੀਕਲ ਮਦਦ ਨਾਲ ਤਾਲਿਬਾਨ ਨੂੰ ਪੈਦਾ ਕੀਤਾ ਜਿਹੜੇ ਹੁਣ ਖੁਦ ਪਾਕਿਸਤਾਨ ਲਈ ਵੱਡਾ ਖਤਰਾ ਬਣੇ ਹੋਏ ਹਨ। ਤਾਲਿਬਾਨ ਨੇ 1996 ਵਿਚ ਕਾਬਲ ਉੱਤੇ ਕਬਜ਼ਾ ਕੀਤਾ ਅਤੇ ਨਜੀਬਉੱਲਾ ਅਤੇ ਉਸ ਦੇ ਭਰਾ ਨੂੰ ਚੌਕ ਵਿਚ ਲਿਆ ਕੇ ਫਾਂਸੀ ਲਾਇਆ ਗਿਆ। ਉਹਨਾਂ ਦੀਆਂ ਲਾਸ਼ਾਂ ਸੂਲੀ ਉੱਤੇ ਟੰਗੀਆਂ ਰਹੀਆਂ। ਨਜੀਬਉੱਲਾ ਰੂਸੀ ਧਿਰ ਦਾ ਨਜ਼ਦੀਕੀ ਸੀ। ਉਹਨਾਂ ਨੇ ਆਪਣੇ ਇਸ ਮਿੱਤਰ ਨੂੰ ਬਚਾਉਣ ਲਈ ਕੁਝ ਵੀ ਨਾ ਕੀਤਾ ਅਤੇ ਜਨੇਵਾ ਇਕਰਾਰਨਾਮੇ ਵੀ ਉਸ ਦੀ ਜਾਨ ਬਚਾਉਣ ਵਿਚ ਅਸਫਲ ਰਹੇ। ਇਹ ਗੱਲ ਇੱਥੇ ਦੱਸਣੀ ਜ਼ਰੂਰੀ ਹੈ ਕਿ ਬੀਤੀ ਸਦੀ ਦੇ ਵੀਹਵਿਆਂ ਤੇ ਜਦੋਂ ਅਮਾਨਉੱਲਾ ਅਫਗ਼ਾਨਿਸਤਾਨ ਦਾ ਬਾਦਸ਼ਾਹ ਬਣਿਆ ਸੀ, ਨਜੀਬਉੱਲਾ ਦੀ ਸਰਕਾਰ ਹੀ ਇੱਕ ਅਗਾਂਹਵਧੂ ਸਰਕਾਰ ਸੀ, ਇਸ ਸਮੇਂ 20,000 ਦੇ ਕਰੀਬ ਅਮਰੀਕਨ ਫੌਜ ਅਫਗਾਨਿਸਤਾਨ ਵਿਚ ਤਾਇਨਾਤ ਹੈ ਤੇ ਕਮਾਂਡਰ ਹੋਰ ਫੌਜ ਦੀ ਮੰਗ ਕਰ ਰਹੇ ਹਨ।

ਉਹ ਬਿਨ ਲਾਦੇਨ ਜਿਸ ਨੂੰ ਸੋਵੀਅਤ-ਵਿਰੋਧੀ ਜਹਾਦ ਲਈ ਅਮਰੀਕਨ ਰਾਜ ਪ੍ਰਬੰਧ ਨੇ ਵਰਤਿਆ ਸੀ, ਹੁਣ ਅਮਰੀਕਾ ਦਾ ਦੁਸ਼ਮਣ ਨੰਬਰ ਇੱਕ ਹੈ। ਪਰ ਸਭ ਤਰ੍ਹਾਂ ਦੇ ਯਤਨਾਂ ਦੇ ਬਾਵਜੂਦ ਉਹ ਫੜਿਆ ਨਹੀਂ ਗਿਆ। ਦੋ ਦਹਾਕੇ ਪਹਿਲਾਂ ਬਣਾਏ ਗਏ ਤਾਲਿਬਾਨ ਦੇ ਹਥਿਆਰਬੰਦ ਦਸਤੇ ਹੁਣ ਖੁਦ ਪਾਕਿਸਤਾਨ ਲਈ ਵੱਡਾ ਖਤਰਾ ਬਣੇ ਹੋਏ ਹਨ। ਪਿਛਲੇ ਸਾਲ ਮੁੰਬਈ ਉੱਤੇ ਹੋਏ 26/11 ਵਾਲੇ ਹਮਲੇ ਨੇ ਇਕ ਵਾਰ ਫਿਰ ਤਣਾਅ ਨੂੰ ਵਧਾ ਦਿੱਤਾ ਸੀ। ਸੰਯੁਕਤ ਰਾਸ਼ਟਰ ਦੇ ਸਾਬਕਾ ਉੱਪ ਜਨਰਲ ਸਕੱਤਰ ਨੇ ਦੂਜੀ ਮਿਸਾਲ ਦਸੰਬਰ 2001 ਵਿਚ ਹੋਏ ਬਾਨ ਸਮਝੌਤੇ ਦੀ ਦਿੱਤੀ ਹੈ।

ਇਹ ਅਹਿਮਦ ਸ਼ਾਹ ਮਾਸੂਦ ਦੀ ਜਿੱਤ ਤੋਂ ਬਾਅਦ ਅਤੇ ਤਾਲਿਬਾਨ ਵਲੋਂ ਕਾਬਲ ਵਿਚ ਬਣਾਈ ਗਈ ਸਰਕਾਰ ਦੇ ਉਲਟਾਏ ਜਾਣ ਤੋਂ ਬਾਅਦ ਕੀਤਾ ਗਿਆ ਸੀ। ਸਾਬਕਾ ਉੱਪ ਸਕੱਤਰ ਦੇ ਆਪਣੇ ਕਹਿਣ ਅਨੁਸਾਰ ਅਫਗਾਨਿਸਤਾਨ ਦੀ ਨਿਰਪੱਖਤਾ ਜਾਂ ਗੁੱਟ ਨਿਰਲੇਪਤਾ ਬਾਰੇ ਇਸ ਸਮਝੌਤੇ ਵਿਚ ਕੋਈ ਜ਼ਿਕਰ ਨਹੀਂ। ਕੇਵਲ ਸੰਯੁਕਤ ਰਾਸ਼ਟਰ ਨੂੰ ਅਤੇ ਸੰਸਾਰ ਭਾਈਚਾਰੇ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਦੀ ਗਰੰਟੀ ਕਰਨ। ਉਸ ਦਾ ਕਹਿਣਾ ਇਹ ਵੀ ਹੈ ਕਿ ਬਾਨ ਸਮਝੌਤੇ ਉੱਤੇ ਅਮਲ ਨਾ ਹੋਣ ਦਾ ਕਾਰਨ ਇਹ ਸੀ ਕਿ ਇਹ ਬੜੀ ਕਾਹਲ ਵਿਚ ਤਿਆਰ ਕੀਤਾ ਗਿਆ ਸੀ। ਇਸ ਦਾ ਟੀਚਾ ਸੀਮਤ ਸੀ।

ਉਪਰੰਤ ਇਹ ਬਾਹਰਲੇ ਦੇਸ਼ਾਂ ਉੱਤੇ ਨਿਰਭਰ ਕਰਦਾ ਸੀ ਅਤੇ ਅਫਗਾਨਾਂ ਵਲੋਂ ਅਫਗਾਨਾਂ ਲਈ ਕੱਢਿਆ ਗਿਆ ਹੱਲ ਨਹੀਂ ਸੀ। ਜਮਹੂਰੀਅਤ ਦਾ ਸੰਕਲਪ ਬਾਹਰਲੇ ਲੋਕਾਂ ਦਾ ਘੜਿਆ ਹੋਇਆ ਸੀ। ਇਹ ਵੀ ਸਾਫ ਨਹੀਂ ਸੀ ਕਿ ਰਾਸ਼ਟਰਪਤੀ ਤਰਜ਼ ਦੀ ਜਮਹੂਰੀਅਤ ਚੱਲੇਗੀ ਵੀ ਕਿ ਨਹੀਂ। ਕੁਦਰਤੀ ਤੌਰ 'ਤੇ ਇੱਥੇ ਇਹ ਸਵਾਲ ਉਠਦਾ ਹੈ ਕਿ ਨਿਰਪੱਖਤਾ ਦਾ ਸਵਾਲ ਅਫਗਾਨਾਂ ਦੀ ਕਿਹੜੀ ਧਿਰ ਨੇ ਉਠਾਇਆ ਹੈ। ਲੇਖਕ ਨੇ ਅਜਿਹੀ ਕਿਸੇ ਧਿਰ ਦੀ ਨਿਸ਼ਾਨਦੇਹੀ ਵੀ ਨਹੀਂ ਕੀਤੀ, ਤਾਂ ਫਿਰ ਇਹ ਵੀ ਕਹਿਣਾ ਪਵੇਗਾ ਕਿ ਇਹ ਇਕੱਲੇ ਸਾਬਕਾ ਡਿਪਲੋਮੇਟ ਦੀ ਮਸ਼ਵਰੇ ਹਨ। ਉਸਨੇ ਖੁਦ ਵੀ ਮੰਨਿਆ ਹੈ ਕਿ ਇਹ ਸਵਾਲ ਬਹਿਸ ਵਿਚਾਰ ਲਈ ਉਠਾਇਆ ਜਾ ਰਿਹਾ ਹੈ। ਇਹ ਇਤਰਾਜ਼ ਉਠਾਉਣਯੋਗ ਹੈ ਕਿ ਇਸ ਪ੍ਰਸਤਾਵਿਤ ਵਿਉਂਤ ਵਿਚ ਅਫਗਾਨਿਸਤਾਨ ਵਿਚੋਂ ਬਦੇਸ਼ੀ ਫੌਜਾਂ ਦੇ ਬਾਹਰ ਕੱਢੇ ਜਾਣ ਅਥਵਾ ਉਹਨਾਂ ਦੀ ਵਾਪਸੀ ਦੀ ਕੋਈ ਮੱਦ ਕਿਉਂ ਨਹੀਂ? ਅਜਿਹੀ ਮੱਦ ਦਾ ਨਾ ਹੋਣਾ ਅਤੇ ਇਸ ਦੀ ਸੰਭਾਵਨਾ ਦਾ ਜ਼ਿਕਰ ਵੀ ਨਾ ਕਰਨਾ ਦੱਸਦਾ ਹੈ ਕਿ ਸਾਬਕਾ ਡਿਪਲੋਮੇਟ ਨੇ ਇਸ ਕੁੰਜੀਵਤ ਸਵਾਲ ਨੂੰ ਬਿਲਕੁਲ ਇੱਕ ਪਾਸੇ ਰੱਖਿਆ ਹੈ।

ਉਹ ਨਾਲ ਹੀ ਇਹ ਕਹਿ ਰਿਹਾ ਹੈ ਕਿ 'ਬਦੇਸ਼ੀ ਤਾਕਤਾਂ ਦਖਲ ਨਾ ਦੇਣ।' ਫੇਰ ਉਸ ਨੇ ਸਵਾਲ ਪੁੱਛਿਆ ਹੈ, ਕੀ ਤਾਲਿਬਾਨ ਅਜਿਹਾ ਹੋਣ ਦੇਣਗੇ। ਨਾਲ ਹੀ ਅਟਕਲ ਲਾਈ ਹੈ ਕਿ ਸੰਭਵ ਹੈ ਕਿ 'ਉਹ ਹੋਣ ਦੇਣ।'

ਇਹ ਵੇਖਿਆ ਗਿਆ ਹੈ ਕਿ ਕੁਝ ਹੋਰ ਲੇਖਕਾਂ ਨੇ ਵੀ ਇਸੇ ਤਰ੍ਹਾਂ ਦੀਆਂ ਰਾਵਾਂ ਪੇਸ਼ ਕੀਤੀਆਂ ਹਨ। ਭਾਵ ਅਮਰੀਕੀ ਫੌਜਾਂ ਦੀ ਵਾਪਸੀ ਤੋਂ ਬਗੈਰ ਅਫਗਾਨਿਸਤਾਨ ਦੀ ਨਿਰਪੱਖਤਾ ਦੀ ਗੱਲ। ਖੁਦ ਮੁਖਤਾਰੀ ਤੋਂ ਬਗੈਰ ਨਿਰਪੱਖ ਬਦੇਸ਼ ਨੀਤੀ ਦੀ ਗੱਲ। ਇਹ ਬੁਨਿਆਦੀ ਵਿਰੋਧਾਭਾਸ ਨਹੀਂ ਤਾਂ ਹੋਰ ਕੀ ਹੈ?

# ਪੰਜਾਬ ਦੇ ਸਿਵਲ ਪ੍ਰਸ਼ਾਸਨ 'ਚ ਭਾਰੀ ਰੱਦੋਬਦਲ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਬਦਲੀਆਂ ਦਾ ਦੌਰ ਜਾਰੀ ਰੱਖਦੇ ਹੋਏ ਪੁਲਿਸ ਤੋਂ ਬਾਅਦ ਲੰਘੀ 6 ਅਕਤੂਬਰ ਸਿਵਲ ਪ੍ਰਸ਼ਾਸਨ 'ਚ ਭਾਰੀ ਫੇਰਬਦਲ ਕਰਦੇ ਹੋਏ 5 ਆਈ ਏ ਐਸ ਰੈਂਕ ਅਤੇ 21 ਪੀ ਸੀ ਐਸ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਨਵੀਆਂ ਤਾਇਨਾਤੀਆਂ ਕੀਤੀਆਂ ਹਨ।

ਦੇਰ ਸ਼ਾਮ ਮੁੱਖ ਸਕੱਤਰ ਐਸ ਸੀ ਅਗਰਵਾਲ ਵਲੋਂ ਜਾਰੀ ਹੁਕਮਾਂ ਮੁਤਾਬਕ ਬਦਲੇ ਗਏ 5 ਆਈ ਏ ਐਸ ਅਧਿਕਾਰੀਆਂ ਵਿਚੋਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਵਿਕਾਸ ਪ੍ਰਤਾਪ ਸਿੰਘ ਨੂੰ ਬਦਲ ਕੇ ਸਪੈਸ਼ਲ ਸੈਕਟਰੀ ਵਿੱਤ ਵਿਭਾਗ, ਡਾ. ਅਭਿਨਵ ਐਸ ਡੀ ਐਮ ਪਠਾਨਕੋਟ, ਧੀਰਕਲਾਂ ਨੂੰ ਬਦਲਕੇ ਐਸਡੀਐਮ ਖੰਨਾ, ਪ੍ਰਦੀਪ ਕੁਮਾਰ ਅਗਰਵਾਲ ਨੂੰ ਸੰਗਰੂਰ ਤੋਂ ਬਦਲ ਕੇ ਐਸਡੀਐਮ ਫਾਜ਼ਿਲਕਾ, ਮੁਹੰਮਦ ਤਾਇਯਬ ਨੂੰ ਮੁਕੇਰੀਆਂ ਤੋਂ ਬਦਲਕੇ ਐਸਡੀਐਮ ਦਸੂਹਾ ਅਤੇ ਹਰਭੁਪਿੰਦਰ ਸਿੰਘ ਨੂੰ ਐਡੀਸ਼ਨਲ ਸੈਕਟਰੀ ਵਿੱਤ ਅਤੇ ਐਡੀਸ਼ਨਲ ਡਾਇਰੈਕਟਰ ਲਾਟਰੀਜ਼ ਲਾਇਆ ਗਿਆ ਹੈ।

ਇਸੇ ਤਰ੍ਹਾਂ ਬਦਲੇ ਗਏ 21 ਪੀ ਸੀ ਐਸ ਅਧਿਕਾਰੀਆਂ ਵਿਚੋਂ ਪਰਮਜੀਤ ਸਿੰਘ ਨੂੰ ਏਡੀਸੀ ਅੰਮ੍ਰਿਤਸਰ ਅਤੇ ਵਾਧੂ ਤੌਰ 'ਤੇ ਐਡੀਸ਼ਨਲ ਮਿਉਂਸਪਲ ਕਮਿਸ਼ਨਰ ਅੰਮ੍ਰਿਤਸਰ ਦਾ ਚਾਰਜ, ਪ੍ਰੀਤਮ ਸਿੰਘ ਨੂੰ ਨਕੋਦਰ ਤੋਂ ਬਦਲਕੇ ਐਸਡੀਐਮ ਫਿਲੌਰ, ਗੁਰਵਰਿਆਮ ਸਿੰਘ ਨੂੰ ਐਡੀਸ਼ਨਲ ਡਾਇਰੈਕਟਰ ਪ੍ਰਸ਼ਾਸਨ ਤੋਂ ਇਲਾਵਾ ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ, ਐਡੀਸ਼ਨਲ ਸੈਕਟਰੀ ਅਤੇ ਮੈਨੇਜਿੰਗ ਡਾਇਰੈਕਟਰ ਪੰਜਾਬ ਫ਼ਿਲਮ ਤੇ ਨਿਊਜ਼ ਕਾਰਪੋਰੇਸ਼ਨ ਲਾਇਆ ਗਿਆ ਹੈ।

ਸ੍ਰੀਮਤੀ ਇੰਦੂ ਮਲਹੋਤਰਾ ਨੂੰ ਲੁਧਿਆਣਾ ਤੋਂ ਬਦਲ ਕੇ ਏਡੀਸੀ ਬਰਨਾਲਾ, ਅਸ਼ਵਨੀ ਕੁਮਾਰ ਨੂੰ ਖੰਨਾ ਤੋਂ ਬਦਲ ਕੇ ਡੀਟੀਓ ਲੁਧਿਆਣਾ, ਸ੍ਰੀਮਤੀ ਰੀਤੂ ਅਗਰਵਾਲ ਨੂੰ ਐਡੀਸ਼ਨਲ ਸੈਕਟਰੀ ਸਥਾਨਕ ਸਰਕਾਰ, ਜੀਐਸ ਘੁੰਮਣ ਨੂੰ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਪੰਜਾਬ ਐਗਰੋ ਇੰਡਸਟਰੀਜ਼, ਪ੍ਰਦੀਪ ਕੁਮਾਰ ਨੂੰ ਤਰਨਤਾਰਨ ਤੋਂ ਬਦਲ ਕੇ ਡਿਪਟੀ ਡਾਇਰੈਕਟਰ ਅਰਬਨ ਤੇ ਸਥਾਨਕ ਸਰਕਾਰ ਜਲੰਧਰ, ਡੀਪੀਐਸ ਖਰਬੰਦਾ ਨੂੰ ਏਡੀਸੀ ਤਰਨ ਤਾਰਨ, ਐਚਕੇ ਨਾਗਪਾਲ ਨੂੰ ਐਡੀਸ਼ਨਲ ਸੈਕਟਰੀ, ਆਬਕਾਰੀ ਤੇ ਕਰ ਵਿਭਾਗ ਅਤੇ ਵਾਧੂ ਤੌਰ 'ਤੇ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਮਾਰਕਫੈਡ, ਟੀ ਕੇ ਗੋਇਲ ਨੂੰ ਜੁਆਇੰਟ ਸੈਕਟਰੀ ਵੈਲਫੇਅਰ ਅਤੇ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦਾ ਐਮ ਡੀ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਜਸਬੀਰ ਸਿੰਘ ਨੂੰ ਐਸਡੀਐਮ ਸੰਗਰੂਰ ਅਤੇ ਵਾਧੂ ਤੌਰ 'ਤੇ ਡੀਟੀਓ ਸੰਗਰੂਰ ਦਾ ਚਾਰਜ, ਜਸਦੀਪ ਸਿੰਘ ਔਲਖ ਨੂੰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਫਰੀਦਕੋਟ ਅਤੇ ਵਾਧੂ ਤੌਰ 'ਤੇ ਐਸਡੀਐਮ ਜੈਤੋ, ਜਗਵਿੰਦਰ ਸਿੰਘ ਗਰੇਵਾਲ ਨੂੰ ਡੀਟੀਓ ਗੁਰਦਾਸਪੁਰ ਅਤੇ ਵਾਧੂ ਤੌਰ 'ਤੇ ਐਸਡੀਐਮ ਡੇਰਾ ਬਾਬਾ ਨਾਨਕ, ਪਰਮਜੀਤ ਸਿੰਘ ਨੂੰ ਐਸਡੀਐਮ ਪਠਾਨਕੋਟ ਤੇ ਵਾਧੂ ਤੌਰ ਤੇ ਐਸਡੀਐਮ ਧੀਰਕਲਾਂ ਦਾ ਚਾਰਜ, ਸ੍ਰੀਮਤੀ ਵਿੰਮੀ ਭੁੱਲਰ ਨੂੰ ਪਟਿਆਲਾ ਤੋਂ ਬਦਲ ਕੇ ਜਨਰਲ ਮੈਨੇਜਰ ਪੰਜਾਬ ਭਵਨ ਨਵੀਂ ਦਿੱਲੀ, ਰਾਹੁਲ ਗੁਪਤਾ ਨੂੰ ਦਸੂਹਾ ਤੋਂ ਬਦਲ ਕੇ ਜੁਆਇੰਟ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਜਲੰਧਰ, ਕਿਰਨਬੀਰ ਸਿੰਘ ਮਾਨ ਡੀਟੀਓ ਰੋਪੜ ਨੂੰ ਬਦਲ ਕੇ ਡਿਪਟੀ ਸੈਕਟਰੀ ਫੂਡ ਤੇ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਾਧੂ ਤੌਰ 'ਤੇ ਕੰਟਰੋਲਰ ਭਾਰ ਅਤੇ ਨਾਪਤੋਲ ਲਾਇਆ ਗਿਆ ਹੈ।

ਅੰਮ੍ਰਿਤਸਰ ਦੇ ਡੀਟੀਓ ਮਨਮੋਹਨ ਸਿੰਘ ਕੰਗ ਨੂੰ ਬਦਲ ਕੇ ਐਸਡੀਐਮ ਅੰਮ੍ਰਿਤਸਰ-2 ਅਤੇ ਫਿਲੌਰ ਦੇ ਐਸਡੀਐਮ ਬਲਬੀਰ ਸਿੰਘ ਨੂੰ ਬਦਲ ਕੇ ਐਸਡੀਐਮ ਮੋਹਾਲੀ ਵਿਖੇ ਡਿਊਟੀ ਨਿਭਾਉਣ ਲਈ ਕਿਹਾ ਗਿਆ ਹੈ।

## ਯੂ ਪੀ ਸਰਕਾਰ ਖਿਲਾਫ ਮਾਣਹਾਨੀ ਦੀ ਕਾਰਵਾਈ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਲਖਨਊ ਵਿਖੇ ਉਸਾਰੀ ਵਾਲੀਆਂ ਥਾਵਾਂ ਅਤੇ ਸਮਾਰਕਾਂ 'ਚ ਬੁੱਤਾਂ ਦੀ ਉਸਾਰੀ ਸਬੰਧੀ ਕੰਮ ਰੋਕਣ ਦੇ ਆਪਣੇ ਹੁਕਮਾਂ ਦੀ ਸ਼ਰ੍ਹੇਆਮ ਉਲੰਘਣਾ ਦੇ ਮਾਮਲੇ 'ਚ ਉਤਰ ਪ੍ਰਦੇਸ਼ ਦੇ ਚੀਫ਼ ਸੈਕਟਰੀ ਖ਼ਿਲਾਫ਼ ਮਾਨਹਾਨੀ ਦੀ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ।

ਜਸਟਿਸ ਬੀਐਨ ਅਗਰਵਾਲ ਅਤੇ ਜਸਟਿਸ ਆਫ਼ਤਾਬ ਆਲਮ ਦੇ ਬੈਂਚ ਨੇ ਕਿਹਾ ਕਿ ਉਤਰ ਪ੍ਰਦੇਸ਼ ਦੇ ਚੀਫ਼ ਸੈਕਟਰੀ ਅਤੇ ਹੋਰਾਂ ਦੇ ਹਲਫ਼ਨਾਮਿਆਂ ਨੂੰ ਲੈ ਕੇ ਵਕੀਲਾਂ ਦੀਆਂ ਦਲੀਲਾਂ ਸੁਣਨ ਅਤੇ ਵਿਚਾਰ ਕਰਨ ਤੋਂ ਬਾਅਦ ਪਹਿਲੀ ਨਜ਼ਰ ਵਿਚ ਇਹ ਮਾਨਹਾਨੀ ਕਾਰਵਾਈ ਦਾ ਮਜ਼ਬੂਤ ਮਾਮਲਾ ਬਣਦਾ ਹੈ।

ਬੈਂਚ ਨੇ ਕਿਹਾ ਕਿ ਚੀਫ਼ ਸੈਕਟਰੀ ਨੂੰ ਨੋਟਿਸ ਜਾਰੀ ਕੀਤਾ ਜਾਵੇ ਕਿ ਕਿਉਂ ਨਾ ਇਸ ਸੰਦਰਭ 'ਚ ਮਾਣਹਾਨੀ ਕਾਰਵਾਈ ਸ਼ੁਰੂ ਕੀਤੀ ਜਾਵੇ ਅਤੇ ਕਿਉਂ ਨਾ ਅਦਾਲਤ ਦੇ ਹੁਕਮਾਂ ਦੀ ਸ਼ਰ੍ਹੇਆਮ ਉਲੰਘਣਾ 'ਤੇ ਸਜ਼ਾ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਚੀਫ਼ ਜਸਟਿਸ ਨੂੰ 4 ਨਵੰਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ, ਜਦੋਂ ਮਾਨਹਾਨੀ ਸਬੰਧੀ ਕਾਰਵਾਈ ਆਰੰਭ ਹੋਵੇਗੀ। ਬੈਂਚ ਨੇ ਸੁਪਰੀਮ ਕੋਰਟ ਦੀ ਰਜਿਸਟਰੀ ਨੂੰ ਮਾਣਹਾਨੀ ਅਰਜ਼ੀ ਦਰਜ ਕਰਨ ਦਾ ਵੀ ਹੁਕਮ ਦਿੱਤਾ। ਬੈਂਚ ਨੇ ਸੋਲਿਸਿਟਰ ਜਨਰਲ ਗੋਪਾਲ ਸੁਬਰਾਮਨੀਅਮ ਨੂੰ ਅਦਾਲਤ ਦੀ ਮਦਦ ਲਈ ਨਿਯੁਕਤ ਵਕੀਲ ਦੇ ਤੌਰ 'ਤੇ ਮਾਮਲੇ 'ਚ ਪੇਸ਼ ਹੋਣ ਲਈ ਕਿਹਾ।

## ਕੇਂਦਰ ਅਤੇ ਗੁਜਰਾਤ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਲੰਘੀ 6 ਨਵੰਬਰ ਨੂੰ ਉਸ ਅਰਜ਼ੀ 'ਤੇ ਕੇਂਦਰ ਅਤੇ ਗੁਜਰਾਤ ਸਰਕਾਰ ਨੂੰ ਨੋਟਿਸ ਜਾਰੀ ਕੀਤਾ, ਜਿਸ ਵਿਚ ਪੁਲਿਸ ਮੁਕਾਬਲੇ ਦੌਰਾਨ ਇਸ਼ਰਤ ਜਹਾਂ ਦੇ ਮਾਰੇ ਜਾਣ ਦੀ ਨਿਆਂਇਕ ਜਾਂਚ 'ਤੇ ਰੋਕ ਲਗਾਏ ਜਾਣ ਵਾਲੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ।

ਜਸਟਿਸ ਬੀਐਨ ਅਗਰਵਾਲ ਅਤੇ ਜਸਟਿਸ ਅਫ਼ਤਾਬ ਆਲਮ ਦੇ ਬੈਂਚ ਨੇ ਇਸ਼ਰਤ ਜਹਾਂ ਦੇ ਪਰਿਵਾਰ ਵੱਲੋਂ ਜਾਰੀ ਅਰਜ਼ੀ 'ਤੇ ਕੇਂਦਰ ਅਤੇ ਗੁਜਰਾਤ ਸਰਕਾਰ ਤੋਂ ਜਵਾਬ ਮੰਗਿਆ ਹੈ। ਅਦਾਲਤ ਨੇ ਮਾਮਲੇ ਨੂੰ 4 ਹਫ਼ਤਿਆਂ ਲਈ ਅੱਗੇ ਪਾ ਦਿੱਤਾ ਹੈ। ਅਰਜ਼ੀ ਇਸ਼ਰਤ ਦੀ ਮਾਂ ਸ਼ਮੀਮਾ ਦੁਆਰਾ ਦਾਇਰ ਕੀਤੀ ਗਈ ਸੀ। ਇਸ਼ਰਤ ਉਨ੍ਹਾਂ ਚਾਰ ਲੋਕਾਂ 'ਚ ਸ਼ਾਮਲ ਸੀ, ਜਿਹੜੇ ਅਹਿਮਦਾਬਾਦ ਦੇ ਬਾਹਰੀ ਖੇਤਰ 'ਚ ਇਕ ਮੁਕਾਬਲੇ ਦੌਰਾਨ ਮਾਰੇ ਗਏ ਸਨ।

## *ਨਰਸਿੰਗ ਦੀ ਡਿਗਰੀ ਦੇਣ ਲਈ ਹੁਣ ਜਿਸਮਾਂ ਦੀ ਮੰਗ ਹੋਣ ਲੱਗੀ*

**ਲਖਨਊ:** ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਅੱਜ-ਕਲ ਇਕ ਅਜਿਹਾ ਕਾਲਜ ਚੱਲ ਰਿਹਾ ਹੈ, ਜਿਸ ਵਿਚ ਜਿਸਦੇ ਦੇ ਬਦਲੇ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਸ਼ਹਿਰ ਵਿਚ ਐੱਸ.ਐੱਸ.ਪੀ. ਆਫਿਸ ਦੇ ਸਾਹਮਣੇ ਬਣੇ ਕੇ.ਕੇ. ਹਸਪਤਾਲ ਵਿਚ ਇਹ ਧੰਦਾ ਪੂਰੇ ਜ਼ੋਰ ਸ਼ੋਰ ਨਾਲ ਜਾਰੀ ਹੈ।

ਸ਼ਹਿਰ ਦੀ ਰਿਵਰ ਬੈਂਕ ਕਾਲੋਨੀ ਵਿਚ ਬਣੇ ਇਕ ਹਸਪਤਾਲ ਵਿਚ ਨਰਸਿੰਗ ਕੋਰਸ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਹਾਲ ਹੀ ਵਿਚ ਉਥੋਂ ਦੀ ਇਕ ਵਿਦਿਆਰਥਣ ਨੇ ਆਪਣੇ ਇਕ ਪ੍ਰੋਫੈਸਰ ਦਾ ਸਟਿੰਗ ਆਪ੍ਰੇਸ਼ਨ ਕੀਤਾ, ਜਿਸ ਵਿਚ ਕਲਯੁਗੀ ਪ੍ਰੋਫੈਸਰ ਆਪਣੀ ਇਕ ਵਿਦਿਆਰਥਣ ਨੂੰ ਚੰਗੇ ਨੰਬਰ ਦੇਣ ਦੇ ਬਦਲੇ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਨਜ਼ਰ ਆ ਰਿਹਾ ਹੈ। ਸਟਿੰਗ ਦਾ ਵੀਡੀਓ ਵਿਦਿਆਰਥਣ ਨੇ ਇਕ ਨਿਊਜ਼ ਚੈਨਲ ਨੂੰ ਮੁਹੱਈਆ ਕਰਵਾਇਆ ਹੈ।

# ਤਲਵਾਰ ਮੈਂ ਕਲਗੀਧਰ ਦੀ ਹਾਂ ਵਾਲਾ ਸੁੱਖਾ ਵੀ ਨਹੀਂ ਰਿਹਾ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

*ਜਿਵੇਂ ਮਰਦ ਦੀ ਤਨਖਾਹ ਤੇ ਔਰਤ ਦੀ ਉਮਰ 'ਤੇ ਸ਼ੱਕ ਹੀ ਹੁੰਦਾ ਹੈ, ਇਵੇਂ ਹੋਣੀ ਵੀ ਵਿਸ਼ਵਾਸ਼ ਪਾਤਰ ਨਹੀਂ ਹੁੰਦੀ ਕਿ ਕਦੋਂ ਕੀਹਨੂੰ ਢਾਅ ਲਵੇ। ਕਈ ਰੋਜ਼ ਮਰ ਮਰ ਕੇ ਜਿਉਂਦੇ ਨੇ। ਕੰਗ ਦੇ ਕਹਿਣ ਵਾਂਗ 'ਪੁੱਠੀ ਵੇਖੀ ਰੀਤ ਮੈਂ ਇਹ ਭੈੜੇ ਸੰਸਾਰ ਦੀ ਇਹ ਮੋਇਆਂ ਨੂੰ ਪੂਜਦੀ, ਜਿਉਂਦਿਆਂ ਨੂੰ ਮਾਰਦੀ।' ਰੁਲ ਕੇ ਮਰਨ ਵਾਲਾ ਸੰਤੂ ਅਰਦਾਸ ਵੇਲੇ ਸੰਤ ਸਿਹੁੰ ਜਾਂ ਮਾਨਯੋਗ ਸੰਤ ਰਾਮ ਬਣ ਗਿਆ ਹੁੰਦਾ ਹੈ। ਬਹੁਤੇ ਸ਼ਰਧਾਂਜਲੀ ਸਮਾਗਮ ਮਰ ਗਏ ਦੀਆਂ ਸਿਫ਼ਤਾਂ ਦੀ ਰਾਮ ਕਹਾਣੀ ਸੁਣਾਉਣ ਵਾਲੇ ਹੀ ਹੁੰਦੇ ਹਨ। ਕਈ ਵਾਰ ਪਾਖੰਡ ਦੀ ਚਾਦਰ ਨੂੰ ਝੂਠ ਦੀਆਂ ਗੰਢਾਂ ਦੇ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣੇ ਹੁੰਦੇ ਹਨ। ਅੱਜ ਦੇ ਯੁੱਗ ਦੀ ਸਥਿਤੀ ਬੜੀ ਅਜੀਬ ਹੈ। ਸ਼ਰੀਫ ਔਰਤ ਲੁੱਚਿਆਂ ਦੀ ਬਾਂਹ ਫੜ੍ਹ ਕੇ ਕਹਿੰਦੀ ਹੈ 'ਮੈਨੂੰ ਥਾਣਾ ਲੰਘਾ ਦਿਓ।' ਆਲੇ ਦੁਆਲੇ ਤੇ ਪ੍ਰਕਿਰਤੀ ਨੂੰ ਬੂਟੇ ਲਾ ਕੇ ਹਰਾ ਭਰਾ ਬਣਾਉਣ ਵਾਲਿਆਂ ਨੇ ਦਰਖਤਾਂ ਦੀ ਰਾਖੀ ਆਰਿਆਂ ਹਵਾਲੇ ਕਰ ਦਿੱਤੀ ਹੈ। ਲੀਡਰ ਪ੍ਰਸ਼ੰਸਾ ਸੁਣ ਕੇ ਕਈ ਵਾਰ ਪ੍ਰੇਸ਼ਾਨ ਇਸ ਕਰਕੇ ਹੋ ਜਾਂਦਾ ਹੈ ਕਿ 'ਹਾਏ'! ਮੇਰੇ ਬਿਨਾਂ ਮੁਲਕ ਚਲੇਗਾ ਕਿਵੇਂ? ਇਵੇਂ ਦੁਨੀਆਂ ਤੇ ਰਹਿਣ ਵਾਲਾ ਹਰ ਭਰਮ ਪਾਲ ਰਿਹੈ ਕਿ ਮੇਰੀ ਖਾਲੀ ਥਾਂ ਭਰੀ ਨਹੀਂ ਜਾਵੇਗੀ ਪਰ ਅਸਲ ਵਿਚ ਖਾਲੀ ਥਾਂ ਉਹਦੇ ਆਪਣਿਆਂ ਨੂੰ ਲੱਗ ਰਹੀ ਹੁੰਦੀ ਹੈ। ਜੇ ਮੀਆਂ-ਬੀਵੀ ਸੁਹਾਗ ਰਾਤ ਨੂੰ ਸ਼ਰਮਾਉਣ ਨਾ ਤਾਂ ਸਹਿਜੇ ਅੰਦਾਜ਼ਾ ਲੱਗ ਜਾਂਦਾ ਹੈ ਦੋਹਾਂ ਦਾ ਦੂਜਾ ਤੀਜਾ ਵਿਆਹ ਹੈ। ਸੰਗੀਤ 'ਚ ਬੰਦਿਆਂ ਦੇ ਨਹੀਂ ਕਲਾਵਾਂ ਦੇ ਘਾਟੇ ਪੈਂਦੇ ਆਏ ਹਨ। ਓਦੋਂ ਅਹਿਸਾਸ ਹੋਵੇਗਾ ਜਦੋਂ ਲਤਾ ਨਾ ਰਹੀ ਤੇ ਉਹਦੀ ਕਲਾ ਦਾ ਝੋਰਾ ਉਹਦੇ ਅਮਰ ਗੀਤ ਦੇਣਗੇ। ਖੈਰ! ਜੇ ਮੌਤ ਨਾ ਹੁੰਦੀ ਤਾਂ ਜ਼ਿੰਦਗੀ ਲੋਕ ਸਭਾ ਦੇ ਲੰਬੇ ਇਜਲਾਸ ਜਾਂ ਅਫਗਾਨਿਸਤਾਨ ਦੀ ਜੰਗ ਵਰਗੀ ਹੋ ਜਾਣੀ ਸੀ ਇਸੇ ਲਈ ਹਾਲ 'ਚ ਹੀ ਮੌਤ ਦੀ ਝੋਲੀ 'ਚ ਡਿੱਗੇ ਗੀਤਕਾਰ ਸਨਮੁੱਖ ਸਿੰਘ ਆਜ਼ਾਦ ਲਈ ਹਾਅ ਦਾ ਨਾਅਰਾ ਮਾਰਨ ਲੱਗਾ ਹਾਂ...*

ਵੇਖਦਿਆਂ ਵੇਖਦਿਆਂ ਪੰਜਾਬੀ ਗਾਇਕੀ ਤੇ ਸੰਗੀਤ ਦੇ ਖੇਤਰ ਵਿਚ ਕੰਧਾਂ ਡਿੱਗ ਪਈਆਂ ਹਨ, ਚੁਬਾਰੇ ਹਿੱਲ ਗਏ ਹਨ। ਹਾਲੇ ਕੱਲ ਦੀ ਗੱਲ ਲਗਦੀ ਹੈ ਉਸਤਾਦ ਯਮਲਾ ਜੱਟ ਚਲੇ ਗਿਆ, ਨਰਿੰਦਰ ਬੀਬਾ ਤੁਰ ਗਈ, ਸੰਗੀਤ ਦੀ ਦੇਵੀ ਮਾਂ ਸੁਰਿੰਦਰ ਕੌਰ ਨੇ ਅੱਖਾਂ ਮੀਚ ਲਈਆਂ, ਚਾਂਦੀ ਰਾਮ ਨਹੀਂ ਰਿਹਾ, ਜਸਵੰਤ ਭੰਵਰਾ ਵੀ ਨਹੀਂ, ਪਟਿਆਲਾ ਘਰਾਣੇ ਦਾ ਆਖਰੀ ਚਿਰਾਗ ਵੀ ਬਾਕਰ ਹੁਸੈਨ ਨਾਲ ਬੁਝ ਗਿਆ, ਦਿਲਸ਼ਾਦ ਅਖ਼ਤਰ ਅਣਿਆਈ ਮੌਤੇ ਮਾਰਿਆ ਗਿਆ, ਬਿੰਦਰਖੀਏ ਨੇ ਸ਼ਿਵ ਵਾਂਗ ਜੋਬਨ ਰੁੱਤੇ ਮਰਨ ਦੀ ਰੀਝ ਪੂਰ ਲਈ, ਕਚਿਹਰੀਆਂ 'ਚ ਮੇਲਿਆਂ ਵਾਲਾ ਕੁਲਵਿੰਦਰ ਢਿੱਲੋਂ ਵੀ ਮੌਤ ਦੀ ਬੁਰਕੀ ਬਣ ਗਿਆ, ਜਗਮੋਹਣ ਕੌਰ ਹੱਥ ਖੜ੍ਹੇ ਕਰ ਗਈ, ਦੀਦਾਰ ਚਲੇ ਗਿਆ, ਹਰਚਰਨ ਗਰੇਵਾਲ ਵੀ, ਗੁਰਦੇਵ ਮਾਨ, ਦੀਪਕ ਜੈਤੋਈ ਸਭ ,ਕੋਈ ਸ਼ਾਹ ਵੇਲੇ, ਕੋਈ ਲੌਢੇ ਵੇਲੇ ਤੇ ਕਈ ਪਹਿਲੇ ਪਹਿਰ 'ਸਤਿ ਸ੍ਰੀ ਅਕਾਲ ਬਈ ਸਤਿ ਸ੍ਰੀ ਅਕਾਲ' ਕਹਿੰਦਿਆਂ ਅਲਵਿਦਾ ਆਖ ਗਏ।

ਤੇ ਹੁਣ ਸੁੱਖਾ ਨਹੀਂ ਰਿਹੈ, ਹੋਣੀ ਨੇ ਕੋਹਣੀ ਮਾਰੀ ਅਹੁ ਜਾ ਪਿਆ, ਹੂਰਾ ਵੱਜਿਆ ਤਾਂ ਜ਼ਿੰਦਗੀ ਦੇ ਮਾੜੇ ਬੋਝ੍ਹ ਕਾਟ ਵਾਂਗ ਸਾਰੇ ਨਾਇਕ ਖਿਲਰ ਕੇ ਅਹੁ ਜਾ ਪਏ। ਸੁੱਖਾ ਜਾਣੀ ਕਿ ਸਨਮੁੱਖ ਸਿੰਘ ਆਜ਼ਾਦ, ਮੰਨੋਗੇ ਕਿ ਭਾਵੇਂ ਜਗਦੇਵ ਸਿੰਘ ਜੱਸੋਵਾਲ ਨੂੰ ਪੰਜਾਬੀ ਸਭਿਆਚਾਰ ਤੇ ਗਾਉਣ ਵਾਲਿਆਂ ਦਾ ਗਵਰਨਰ ਕਿਹਾ ਜਾਂਦੈ ਪਰ ਕਿਸੇ ਵੇਲੇ ਇਨ੍ਹਾਂ ਦਾ ਮੁੱਖ ਸਕੱਤਰ ਇਹੋ ਸੁਖਾ ਆਜ਼ਾਦ ਸੀ। ਜਦੋਂ ਐਚ.ਐਮ.ਵੀ. ਦਾ ਜ਼ਹੀਰ ਅਹਿਮਦ ਕਿਸੇ ਮਾੜੇ-ਧੀੜੇ ਗਵੱਈਏ ਨੂੰ ਨੇੜੇ ਨਹੀਂ ਲੱਗਣ ਦਿੰਦਾ ਸੀ, ਉਦੋਂ ਸੁੱਖੇ ਦੀ ਚਲਦੀ ਸੀ। 'ਮਿੱਤਰਾਂ ਦੀ ਲੂਣ ਦੀ ਡਲੀ ਨੀਂ ਤੂੰ ਮਿਸ਼ਰੀ ਬਰਾਬਰ ਜਾਣੀਂ...' ਜਾਂ 'ਹੁੰਦੀਆਂ ਸ਼ਹੀਦ ਜੋੜੀਆਂ ਦਾਦੀ ਵੇਖਦੀ ਬੁਰਜ 'ਤੇ ਚੜ੍ਹਕੇ' ਵਾਲੇ ਕਰਮਜੀਤ ਧੂਰੀ ਨੇ ਜਦੋਂ ਜ਼ਹੀਰ ਦੀ ਕਨਪਟੀ 'ਤੇ ਰਿਵਾਲਵਰ ਰੱਖ ਕੇ ਕਿਹਾ ਸੀ ਕਿ 'ਰਿਕਾਰਡ ਕਰਨੈ ਕਿ ਮਰਨੈ' ਉਦੋਂ ਵਿਚ ਸੁਖੇ ਨੇ ਪੈ ਕੇ ਭੁੱਟੋ ਤੇ ਜਵਾਹਰ ਲਾਲ ਨਹਿਰੂ ਵਰਗਾ ਸ਼ਿਮਲਾ ਸਮਝੌਤਾ ਦੋਹਾਂ 'ਚ ਕਰਾਇਆ ਸੀ। ਹੁਣ ਜਦੋਂ ਪਿਛਲੇ ਦੋ ਕੁ ਸਾਲ ਤੋਂ ਲਗਦਾ ਸੀ ਕਿ ਸੁਖੇ ਬਾਰੇ ਮਾੜੀ ਖਬਰ ਆਉਣ ਵਾਲੀ ਹੈ ਤਾਂ ਕਮਲਜੀਤ ਧੂਰੀ ਦੀ ਪ੍ਰਤੀਕ੍ਰਿਆ ਪਤਾ ਕੀ ਹੁੰਦੀ ਸੀ? ਇਹ ਪਤੰਦਰ ਮਰਦਾ ਨ੍ਹੀਂ ਛੇਤੀ, ਦਾਰੂ ਪੀਣ ਵਾਲਿਆਂ ਨੂੰ ਰੱਬ ਵੀ ਸੋਚਦੈ ਇਥੇ ਕਿਹੜਾ ਜਾਣੀ ਵਾਕਰ ਮਿਲਣਾ ਐ? ਪਰ ਮੌਤ ਦੀ ਕੰਧਾੜੀ ਚੜ੍ਹ ਹੀ ਗਿਆ ਸੁਖਾ। ਜਦੋਂ ਦਾ ਵੀਹ ਕੁ ਸਾਲਾਂ ਤੋਂ ਮੈਂ ਉਹਨੂੰ ਜਾਣਦਾਂ ਉਦੋਂ ਦੀਆਂ ਉਹਨੇ ਬੋਤਲਾਂ ਨੀ ਠੇਕੇ ਖਾਲੀ ਕਰਤੇ।' ਮੇਰੇ ਵਿਆਹ ਵਾਲੇ ਦਿਨ ਉਹਨੇ ਤੜਕੇ ਡੱਫ ਲ੍ਹੀ, ਜੰਞ ਨ੍ਹੀਂ ਚੜ੍ਹ ਹੋਇਆ ਦੌਣ 'ਚ ਫਸਿਆ ਰਹਿ ਗਿਆ। ਬਾਦ 'ਚ ਸੁਰਤ ਆਈ ਤਾਂ ਚਪਲਾਂ ਸਣੇ ਟੈਂਪੂ ਚੜ੍ਹ ਕੇ ਆ ਗਿਆ ਅਖੇ ਦੇਬੀ ਦੇ ਪਿੰਡ ਮਖਸੂਸਪੁਰ ਤਾਂ ਜ਼ਰੂਰ ਚੱਲੂੰ। ਉਦੋਂ ਉਹਨੇ ਰੇੜੀਆਂ ਆਲੀ ਸਟੇਜ ਤੇ ਕੁਲਦੀਪ ਮਾਣਕ, ਨੂਰੀ, ਸਰਦੂਲ ਸਮੇਤ ਦਰਜਨ ਗਾਇਕਾਂ ਨੂੰ ਪੇਸ਼ ਕੀਤਾ। ਓਦੋਂ ਹੀ ਆਮ ਪੇਂਡੂ ਲੋਕਾਂ ਨੂੰ ਪਤਾ ਲੱਗਾ ਸੀ ਕਿ ਇਹ ਉਹੀ ਸਨਮੁੱਖ ਸਿੰਘ ਆਜ਼ਾਦ ਹੈ ਜੀਹਨੇ ਸ਼ਿੰਦੇ ਦੇ ਜਿਉਣਾ ਮੌੜ ਵਿਚ ਤਵੇ 'ਚ ਬਾਣੀਏ ਦੀ ਭੂਮਿਕਾ ਨਿਭਾਈ ਸੀ। ਯੁੱਗ 'ਤੇ ਬਦਲਦੇ ਰਹਿੰਦੇ ਨੇ ਪਰ ਗੁਲਸ਼ਨ ਕੋਮਲ ਤੇ ਸ਼ਿੰਦੇ ਦੇ ਅਖਾੜਿਆਂ 'ਚ "ਮੈਨੂੰ ਕਹਿੰਦਾ ਲਾਣੇਦਾਰਨੀਏ ਕਦੇ ਚਾਹ ਦੀ ਘੁੱਟ ਪਿਆਇਆ ਕਰ" ਦੀ ਸਟੇਜੀ ਪੇਸ਼ਕਾਰੀ ਵੇਲੇ ਖੰਜਰੀ ਵਜਾਉਂਦਾ ਸੁਖਾ ਭੱਲੇ-ਭਗਵੰਤ ਦੀਆਂ ਖਾਲੀ ਥਾਵਾਂ ਭਰ ਜਾਂਦਾ ਸੀ।

ਗੱਲ ਬੜੀ ਦੇਰ ਦੀ ਐ, ਕਿਤੇ ਲੁਧਿਆਣੇ ਦੇ ਢੋਲੇਵਾਲ ਚੌਕ 'ਚ ਅਸੀਂ ਉਹਨੂੰ ਕੱਚੀ ਪਿੱਲੀ ਪੀਤੀ 'ਚ ਵੇਖ ਲਿਆ। ਇਹ ਉਨ੍ਹਾਂ ਦਿਨਾਂ ਦੀ ਗੱਲ ਐ ਜਦੋਂ ਉਹ ਜਗਮੋਹਣ ਕੌਰ ਨੂੰ ਕਹਿ ਦਿੰਦਾ ਸੀ 'ਤੈਥੋਂ ਉਪਰ ਦੀ ਆਂ ਤੂੰ ਕਾਲੀ ਮੈਂ ਗੋਰਾ' ਅਸਲ 'ਚ ਸੁਨੱਖੇ ਨੈਣ-ਨਕਸ਼ਾਂ ਵਾਲਾ ਸੁਖਾ ਉਦੋਂ ਰੱਜ ਕੇ ਸੋਹਣਾ ਸੀ। ਪਰ ਉਹਨੂੰ ਲਾਲ ਪਰੀ ਗੋਡਿਆਂ ਹੇਠ ਲੈ ਗਈ। ਉਹ ਚੰਗੀ ਅੰਗਰੇਜ਼ੀ ਬੋਲ ਲੈਂਦਾ ਸੀ। ਜਿਸ ਦਿਨ ਚਮਕੀਲਾ ਮਾਰਿਆ ਗਿਆ। ਦੁਹਾਈ 'ਚ ਉਹਦੇ ਨੇਣ ਵਾਂਗ ਵੈਣ ਪਏ। ਭਰਤ ਨਗਰ ਚੌਕ 'ਚ ਖੜ੍ਹ ਕੇ ਦੁਹੱਥੜਾਂ ਮਾਰਦਾ ਰਿਹੈ' ਪਤੰਦਰਾਂ ਐਥੇ ਪੱਗਾਂ ਰੰਗਦਾ ਹੁੰਦਾ ਸੀ ਹੁਣ ਕਿਥੇ ਚਲੇ ਗਿਐਂ'। ਭੋਗ ਵਾਲੇ ਦਿਨ ਅੰਤਿਮ ਅਰਦਾਸ ਤੋਂ ਪਹਿਲਾਂ ਜਦੋਂ ਤਤਕਾਲੀਨ ਡਿਪਟੀ ਕਮਿਸ਼ਨਰ ਐਸ.ਐਸ.ਬਰਾੜ ਬੋਲਣ ਲੱਗਾ ਤਾਂ ਜੇਬ 'ਚੋਂ ਪਊਆ ਕੱਢ ਕੇ ਹਿਲਾਉਂਦਾ ਬੋਲਣ ਲੱਗਾ। ਡੀ.ਸੀ. ਸਾਹਿਬ ਜੇ ਗਾਉਣ ਵਾਲਿਆਂ ਨੂੰ ਮਾਰ ਕੇ ਖਾਲਿਸਤਾਨ ਬਣਦੈ ਤਾਂ ਸਾਨੂੰ ਸਾਰਿਆਂ ਨੂੰ ਲਾਈਨ 'ਚ ਲਾ ਕੇ ਬਰਸਟ ਮਾਰ ਦਿਓ। ਇਸ ਵਿਚਾਰੇ ਗਊ ਦੇ ਜਾਏ ਨੂੰ ਕਿਉਂ ਮਾਰਤੈ।' ਉਦੋਂ ਉਹ ਚਮਕੀਲੇ ਦੀਆਂ ਭੈਣਾਂ ਦੇ ਗਲ ਲੱਗ ਕੇ ਤੀਵੀਆਂ ਵਾਂਗ ਰੋਂਦਾ ਰਿਹੈ, ਗੁਰਮੇਲ ਕੌਰ ਦੀ ਚੁੰਨੀ ਨਾਲ ਆਪਣੇ ਤੇ ਝੱਗੇ ਦੇ ਲੜ ਨਾਲ ਉਹਦੇ ਹੰਝੂ ਪੂੰਝਦਾ ਰਿਹੈ। ਪੀਤੀ 'ਚ ਮਾਰਨ ਵਾਲਿਆਂ ਨੂੰ ਦੋਵੇਂ ਬਾਹਾਂ ਖੜੀਆਂ ਕਰਕੇ ਆਖੇ।' ਗਲ ਨਾਲ ਲਾ ਕੇ ਪਿੱਠ 'ਚ ਛੁਰਾ ਮਾਰਨ ਵਾਲਿਓ ਬੇੜਾ ਭਰ ਕੇ ਡੁੱਬੂ।' ਉਹ ਬੜਾ ਜਜ਼ਬਾਤੀ ਬੰਦਾ ਸੀ ਤੇ ਆਖਰੀ ਸਮੇਂ ਵਿਚ ਭਾਵੇਂ ਚੋਣਾਂ 'ਚ ਹਾਰੇ ਲੀਡਰ ਵਾਂਗ ਵੋਟਾਂ ਦੀ ਗਿਣਤੀ 'ਤੇ ਸ਼ੱਕ ਕਰਨ ਲੱਗ ਪਿਆ ਸੀ ਤੇ ਚੰਗੇ ਭਲੇ ਨੂੰ ਵੀ ਮੰਦਾ-ਚੰਗਾ ਬੋਲ ਜਾਂਦਾ ਸੀ ਪਰ ਹੁਣ ਆ ਕੇ ਲੋਕਾਂ ਨੂੰ ਪਤਾ ਲੱਗਿਆ ਕਿ ਆਹ ਗੀਤਾਂ ਦਾ ਰਚਣਹਾਰਾ ਸੀ ਸਨਮੁੱਖ ਸਿੰਘ ਆਜ਼ਾਦ। ਜਦੋਂ ਇਸ਼ਮੀਤ 'ਵਾਇਸ ਆਫ ਇੰਡੀਆ' ਬਣਿਆ ਤਾਂ ਉਹ ਰਿਕਸ਼ੇ ਤੇ ਫੁੱਲਾਂ ਦਾ ਗੁਲਦਸਤਾ ਉਹਨੂੰ ਭੇਂਟ ਕਰਨ ਗਿਆ ਸੀ।

ਮੈਂ ਉਪਰੋਕਤ ਗੱਲਾਂ ਜਿਸ ਸਨਮੁੱਖ ਆਜ਼ਾਦ ਦੀਆਂ ਕਰ ਰਿਹੈਂ, ਉਹਦੇ ਬਾਰੇ ਨਵੀਂ ਪੀੜ੍ਹੀ ਦੇ ਖਾਨੇ 'ਚ ਪਾਉਣ ਲਈ ਦੱਸਾਂਗਾ ਕਿ ਇਹ ਉਹ ਆਜ਼ਾਦ ਹੈ ਜੀਹਨੂੰ ਗੁਲਾਮ ਅਲੀ ਨੇ ਵੀ, ਰੇਸ਼ਮਾ ਨੇ ਵੀ, ਨੂਰ ਜਹਾਂ ਨੇ ਵੀ, ਆਸ਼ਾ ਭੌਂਸਲੇ ਤੇ ਲਤਾ ਮੰਗੇਸ਼ਕਰ ਨੇ ਵੀ, ਨਰਿੰਦਰ ਬੀਬਾ ਨੇ ਵੀ, ਜਗਮੋਹਣ ਕੌਰ ਨੇ ਵੀ, ਸੁਰਿੰਦਰ ਛਿੰਦੇ ਤੇ ਗੁਲਸ਼ਨ ਕੋਮਲ ਨੇ ਵੀ, ਸੁਦੇਸ਼ ਕਪੂਰ ਤੇ ਰਮੇਸ਼ ਰੰਗੀਲੇ ਨੇ ਵੀ, ਕੁਲਦੀਪ ਮਾਣਕ ਨੇ ਵੀ..ਉਹਨੇ ਵੀ....ਇਹਨੇ ਵੀ...ਤੇ ਯੁੱਗ ਗਾਇਕਾਂ 'ਚੋਂ ਕੀਹਨੂੰ ਕਹਾਂ ਕਿ ਫਲਾਣੇ ਨੇ ਸੁਖੇ ਨੂੰ ਨਹੀਂ ਗਾਇਆ।

ਆਜ਼ਾਦ ਨੂੰ ਮੀਨਾ ਕੁਮਾਰੀ ਮੰਨਾ ਕਹਿੰਦੀ ਸੀ, ਇੰਟ ਉਹ ਮੁੰਬਈ 'ਚ ਲਾਉਣੀ ਸ਼ੁਰੂ ਕੀਤੀ ਜਦੋਂ ਪੰਜਾਬੀ ਦੀਆਂ 'ਨਾਨਕ ਨਾਮ ਜਹਾਜ਼' 'ਤੇ 'ਤੇਰੀ ਮੇਰੀ ਇਕ ਜਿੰਦੜੀ' ਫ਼ਿਲਮਾਂ ਲਈ ਗੀਤ ਲਿਖੇ। ਹਿੰਦੀ ਫ਼ਿਲਮਾਂ 'ਚ ਦੇਵ ਆਨੰਦ ਦੀ 'ਪਾਗਲ' ਨਾਲ ਆਜ਼ਾਦ ਨੂੰ ਬ੍ਰੇਕ ਮਿਲੀ ਤੇ ਫਿਰ ਕਸ਼ਮੀਰ ਕੀ ਕਲੀ, ਲਾਲ ਬੰਗਲਾ, ਯੇਹ ਦੇਸ਼ ਹੈ ਵੀਰ ਜਵਾਨੋ ਕਾ, ਮੋਰਨੀ ਤੇ ਸ਼ੇਰਨੀ ਲਈ ਗੀਤ ਲਿਖਣ ਵਾਲਾ ਵੀ ਆਜ਼ਾਦ ਹੀ ਸੀ। ਹੋਰ ਥੋੜ੍ਹਾ ਜਿਹਾ ਫਲੈਸ਼ ਬੈਕ 'ਚ ਜਾ ਕੇ ਵੇਖੋ ਤਾਂ ਜਗਮੋਹਣ ਕੌਰ ਦੇ 'ਘੜਾ ਵੱਜਦਾ ਘੜੋਲੀ ਵੱਜਦੀ ਕਿਤੇ ਗਾਗਰ ਵੱਜਦੀ ਸੁਣ ਮੁੰਡਿਆ...' ਕੁਲਦੀਪ ਮਾਣਕ ਦੇ 'ਮਾਂ ਮਰ ਚੱਲੀ ਇੱਛਰਾਂ ਖਾਓ ਤਰਸ ਵਿਚਾਰੇ 'ਤੇ....ਜਗਮੋਹਣ ਦੇ ਹੀ 'ਦੋ ਜੱਟੀਆਂ ਮਜਾਜ ਦੀਆਂ ਪੱਟੀਆਂ ਮੱਸਿਆ ਨਹਾਉਣ ਚੱਲੀਆਂ...ਉਦੋਂ ਕਿਉਂ ਨਾ ਆਇਆ ਮਿੱਤਰਾਂ ਜਦੋਂ ਰੰਗ ਸੀ ਸਰੋਂ ਦੇ ਫੁੱਲ ਵਰਗਾ' ਤੇ ਹੰਸ ਦੇ 'ਜੇ ਨਚੀਏ ਤਾਂ ਲੱਕ ਲਚਕਾ ਕੇ ਨਹੀਂ ਤਾਂ ਕੋਈ ਲੋੜ ਨਹੀਂ...' ਦਾ ਰਚੇਤਾ ਸਨਮੁੱਖ ਸਿੰਘ ਆਜ਼ਾਦ ਹੀ ਸੀ। ਪੰਜਾਬੀ ਗਾਇਕੀ ਵਿਚ ਇਹ ਇਤਿਹਾਸ ਰਹੇਗਾ ਕਿ ਲਤਾ, ਮੁਹੰਮਦ ਰਫੀ, ਨੁਸਰਤ ਫਤਿਹ ਅਲੀ, ਅੱਤਾ ਉੱਲ੍ਹਾ ਖਾਨ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਜਗਤਾਰ ਜੱਗਾ, ਮੋਹਣੀ ਨਰੂਲਾ ਤੇ ਜਸਪਿੰਦਰ ਨਰੂਲਾ ਨੇ ਸੁੱਖੇ ਨੂੰ ਰੱਜ ਕੇ ਗਾਇਆ ਹੈ। ਜਿਸ ਸਾਲ ਚਮਕੀਲੇ ਦਾ ਕਤਲ ਹੋਇਆ ਜਾਣੀ ਕਿ 1988 ਵਿਚ ਉਸ ਤੋਂ ਪਹਿਲੇ ਸਾਲ ਆਨੰਦਪੁਰ ਸਾਹਿਬ ਦੇ ਹੋਲੇ-ਮੁਹੱਲੇ 'ਤੇ ਚਾਹੇ ਸਟੇਜ ਖਾੜਕੂਆਂ ਦੀ ਸੀ, ਚਾਹੇ ਅਕਾਲੀਆਂ ਤੇ ਕਾਂਗਰਸੀਆਂ ਦੀ। ਹਰ ਪੰਡਾਲ 'ਚ ਜੇ ਇਕ ਗੀਤ ਵਾਰ-ਵਾਰ ਵੱਜਦਾ ਸੀ ਤਾਂ ਉਹ ਸੀ

ਤਲਵਾਰ ਮੈਂ ਕਲਗੀਧਰ ਦੀ ਹਾਂ,
ਮੈਂ ਨਹੀਂ ਕਿਸੇ ਤੋਂ ਡਰਦੀ ਹਾਂ...
ਮੈਂ ਤੀਰ ਸੱਚੀ ਸਰਕਾਰ ਦਾ ਹਾਂ
ਮੈਂ ਨਹੀਂ ਕਿਸੇ ਤੋਂ ਹਾਰਦਾ ਹਾਂ...

ਤੇ ਇਸ ਗੀਤ ਦਾ ਰਚੇਤਾ ਵੀ ਆਜ਼ਾਦ ਹੀ ਸੀ। ਚੌਦਾਂ ਸਾਲਾਂ ਦੀ ਉਮਰ ਵਿਚ ਜਦੋਂ ਨੱਕ 'ਚੋਂ ਨਲੀ ਨੀ ਪੂੰਝਣੀ ਆਉਂਦੀ ਹੁੰਦੀ ਉਹਦਾ ਗੀਤ ਨੂਰਜਹਾਂ ਨੇ 'ਧੀ ਰਾਣੀ' ਫ਼ਿਲਮ ਲਈ ਰਿਕਾਰਡ ਕਰਵਾ ਦਿੱਤਾ ਸੀ

-ਟਾਹਲੀਆਂ ਦੇ ਟਾਹਣ ਟੁੱਟ ਗਏ
ਪੀਂਘ ਟੁੱਟ ਗਈ ਹੁਲਾਰੇ ਖਾ ਕੇ-ਤੇ
ਧੀਆਂ ਧਨ ਪਰਾਇਆ ਵੇ ਬਾਬਲ...ਇਹ

ਫ਼ਿਲਮ ਹਿੰਦੋਸਤਾਨ ਆਜ਼ਾਦ ਹੋਣ ਤੋਂ ਪਹਿਲਾਂ ਆਜ਼ਾਦ ਦੇ ਗੀਤਾਂ ਵਾਲੀ 1943 ਵਿਚ ਰਿਲੀਜ਼ ਹੋਈ ਸੀ।

ਅੱਜ ਤੋਂ ਕਰੀਬ 81 ਵਰ੍ਹੇ ਪਹਿਲਾਂ ਆਜ਼ਾਦ ਨੇ 15 ਫਰਵਰੀ 1926 ਨੂੰ ਪਾਕਿਸਤਾਨ ਦੇ ਜ਼ਿਲਾ ਕੈਂਬਲਪੁਰ ਦੀ ਫਤਿਹ ਜੰਗ ਤਹਿਸੀਲ ਦੇ ਪਿੰਡ ਰਾਜੜ ਵਿਚ ਜਨਮ ਲਿਆ। ਵੇਖੀਏ ਤਾਂ ਉਮਰ ਉਸਨੇ ਚੰਗੀ ਭੋਗ ਲਈ ਸੀ ਪਰ ਆਖਰੀ ਵਰ੍ਹੇ ਬੜੀ ਗੁਰਬਤ ਵਿਚ ਗੁਜ਼ਾਰੇ। ਉਹ ਸੁਰਮਾ ਪਾਉਣ ਤੇ ਹੈਟ ਪਹਿਨਣ ਦਾ ਸ਼ੌਕੀਨ ਦਾਰੂ 'ਤੇ ਆਸ਼ਕ ਹੋ ਗਿਆ। ਪਿਛਲੇ ਪੰਜ ਕੁ ਵਰ੍ਹੇ ਉਸਨੇ ਝੱਲਿਆਂ ਤੇ ਪਾਗਲਾਂ ਵਾਂਗ ਗੁਜ਼ਾਰੇ। ਉਹ ਕੰਨ ਕੋਲ ਮੂੰਹ ਕਰਕੇ ਸੁਣਾਉਂਦਾ ਹੁੰਦਾ ਸੀ। ਤੁਸਾਂ ਨੂੰ ਮਾਣ ਵਤਨਾ ਦਾ ਅਸੀਂ ਹਾਂ ਤੇਰੇ ਯਾਰ ਪ੍ਰਦੇਸੀ ਤੂੰ ਸੱਚ ਬਤਲਾ ਵੇ ਜੋਗੀ ਮਿਲਣ ਹੋਸੀ ਕਿ ਨਾ ਹੋਸੀ..' ਮੇਰਾ ਗੀਤ ਐ ਜੀਹਨੂੰ ਜਗਮੋਹਣ ਤੇ ਅੱਤਾ ਉਲਾ ਨੇ ਗਾਇਆ । ਉਹ ਪੀ ਕੇ ਮੰਜੇ ਦੀ ਦੌਣ 'ਚ ਫਸਿਆ ਰਿਹਾ, ਗਾਇਕਾਂ ਦੇ ਦਫਤਰਾਂ 'ਚ ਲੇਟਿਆ ਰਿਹਾ, ਰਿਕਸ਼ੇ 'ਤੇ ਵੀ ਪੀਕੇ ਬਹਿੰਦਾ ਸੀ, ਗੱਡੀ 'ਚ ਵੀ, ਤੇ ਕਈ ਵਾਰੀ ਜਦੋਂ ਅੱਖ ਖੁੱਲ੍ਹਦੀ ਤਾਂ ਘੁੱਟਾ-ਬਾਟੀ ਪੀਣ ਲੱਗ ਪੈਂਦਾ। ਜੁਆਨੀ ਸੁਨੱਖਾ ਹੋਣ ਕਰਕੇ ਉਹਨੇ ਬੜੀ ਮਾਣੀ ਪਰ ਨਾ ਪੁੱਤ ਨਾ ਪਤਨੀ ਗਲ ਨਾਲ ਲਏ।

ਮੋਹਣ ਮਸਤਾਨੇ ਨੇ ਦਹਾਕਾ ਕੁ ਬੜੀ ਚੜ੍ਹਤ ਬਣਾਈ, ਉਹੀ ਮੋਹਣ ਮਸਤਾਨਾ ਜੀਹਨੇ ਗਾਇਆ ਸੀ 'ਅਸੀਂ ਜੋਗੀ ਜੰਗਲਾਂ ਦੇ' ਅਤੇ

ਪਾ ਕੇ ਮੁੰਦਰਾਂ ਹੀਰੇ
ਮੈਂ ਵੇਖ ਸਾਧ ਹੋ ਗਿਆ
ਤੇਰਾ ਰਾਂਝਾ ਤੇਰੇ ਪਿੱਛੇ ਬਰਬਾਦ ਹੋ ਗਿਆ
ਅਸੀਂ ਵੇਂਹਦੇ ਰਹਿ ਗਏ
ਪੰਛੀ ਆਜ਼ਾਦ ਹੋ ਗਿਆ...

ਤੇ ਵੇਖੀਏ ਤਾਂ ਦੁੱਖਾਂ-ਤਕਲੀਫਾਂ ਤੋਂ ਸਨਮੁੱਖ ਆਜ਼ਾਦ ਹੋ ਗਿਆ ਹੈ।

ਗੀਤਕਾਰਾਂ ਬਾਰੇ ਮੇਰੀ ਪੁਸਤਕ 'ਕਲਮਾਂ ਦੇ ਸਿਰਨਾਵੇਂ' ਪ੍ਰੋ. ਮੋਹਨ ਸਿੰਘ ਮੇਲੇ 'ਤੇ ਰਿਲੀਜ਼ ਹੋਈ ਤਾਂ ਉਹ ਪੰਜਾਬੀ ਭਵਨ ਦੇ ਆਂਗਣ ਵਿਚ ਮੇਰੇ ਗਲ ਪੈ ਗਿਆ। ਆਪਣੇ ਸੁਭਾਅ ਮੁਤਾਬਿਕ ਕਹਿਣ ਲੱਗਾ, 'ਸਾਲਿਆ ਤੂੰ ਵੱਡਾ ਲੇਖਕ ਬਣਿਆ ਫਿਰਦੈਂ ਕਿਤਾਬ 'ਚ ਮੇਰੇ ਬਾਰੇ ਦੋ ਲਾਈਨਾਂ ਨਹੀਂ ਲਿਖ ਸਕਿਆ ਹਰਦੂ ਲਾਹਣਤ ਤੇਰੇ 'ਤੇ। ਉਹਦੇ ਮੂਹਰੇ ਮੈਂ ਤਾਂ ਕੀ ਦੀਦਾਰ ਤੇ ਕੁਲਦੀਪ ਮਾਣਕ ਵੀ ਨਹੀਂ ਬੋਲ ਸਕਦੇ।

ਕਿਆਸ ਕਰਕੇ ਵੇਖਿਓ ਕਿ ਜੇ ਸ਼ਹੀਦੀਆਂ ਦਾ ਮੁੱਲ ਨਾ ਪਿਆ ਹੁੰਦਾ ਤਾਂ ਆਨੰਦਪੁਰ ਤੇ ਚਮਕੌਰ ਨਾਲ ਸਾਹਿਬ ਨਹੀਂ ਲੱਗਣਾ ਸੀ ਤੇ ਜੇ ਮੌਤ ਸਿਰ 'ਤੇ ਨਾ ਖੜ੍ਹੀ ਹੁੰਦੀ ਤਾਂ ਦੁਨੀਆਂ ਤੇ ਔਰੰਗਜ਼ੇਬ ਮੁੱਕਣੇ ਹੀ ਨਹੀਂ ਸਨ। ਇਸੇ ਲਈ ਮੌਤ ਨੇ ਚੰਗਾ ਮਾੜਾ ਨਹੀਂ ਵੇਖਣਾ ਹੁੰਦਾ ਆਪਣਾ ਕੰਮ ਪੂਰਾ ਕਰਨਾ ਹੁੰਦਾ ਹੈ। ਸੁਖੇ ਦੀ ਮੌਤ 'ਤੇ ਗਾਇਕਾਂ 'ਚ ਵਕਤੀ ਉਦਰੇਵਾਂ ਆਇਆ ਹੈ-

ਕੁਲਦੀਪ ਮਾਣਕ ਨੇ ਕਿਹੈ 'ਸੁਖੇ ਨਾਲ ਇਕ ਜਿਗਰੀ ਯਾਰ ਵਾਲੀ ਸਾਂਝ ਨੂੰ ਮੋਛਾ ਪੈ ਗਿਆ।'

ਗੁਰਦਾਸ ਨੇ ਕਿਹਾ 'ਮੇਰੇ 'ਤੇ ਗੀਤ ਲਿਖਣ ਦਾ ਅਸਰ ਸਨਮੁੱਖ ਦਾ ਵੀ ਸੀ।'

ਜੱਸੋਵਾਲ ਨੇ ਦੁੱਖ ਨੂੰ ਮਸ਼ਕਰੀ ਲਹਿਜੇ 'ਚ ਬਿਆਨਿਆ ਹੈ 'ਵਾਰੀ ਆਉਣ ਵਾਲੀ ਹੈ,ਚੰਗਾ ਹੋਇਆ ਉਹ ਮੈਥੋਂ ਪਹਿਲਾਂ ਬੀਬਾ, ਯਮਲਾ, ਚਾਂਦੀ, ਜਗਮੋਹਣ ਕੌਰ ਸਮੇਤ ਕਈਆਂ ਨੂੰ ਸਬੱਬ ਨਾਲ ਜਾ ਮਿਲੇਗਾ। ਐਤਕਾਂ ਧਰਮਰਾਜ ਨਾਲ ਰਲ ਕੇ ਦੀਵਾਲੀ ਮਨਾ ਲਊ।

ਜਿੰਦਣ 'ਨੈਣ ਪ੍ਰੀਤੋ ਦੇ' ਗੀਤ ਦੇ ਰਚਣਹਾਰੇ ਸਾਜਨ ਰਾਏਕੋਟੀ ਦਾ ਭੋਗ ਸੀ, ਬੜੇ ਭਾਸ਼ਣ ਕੀਤੇ ਸਣੇ ਉਹਦੇ ਸ਼ਗਿਰਦ ਹਾਕਮ ਬਖਤੜੀ ਵਾਲੇ ਨੇ ਪਰ ਸਭ ਕੱਦੂ 'ਚ ਤੀਰ ਮਾਰ ਕੇ ਚਲੇ ਗਏ। ਉਹਦੇ ਭੋਗ ਦਾ ਖਰਚ ਵੀ ਉਹਦੇ ਚਾਰ ਖਣਾਂ ਵਾਲੇ ਮਕਾਨ 'ਚ ਰਹਿੰਦੇ ਟੱਬਰ ਲਈ ਚੱਕਣਾ ਔਖਾ ਹੋ ਗਿਆ।

ਬਿਜਲੀ ਖੁਣੋ ਮਣਪੱਕੀ ਮੈਲ ਵਾਲੀ ਲੋਗੜ ਦੀ ਰਜਾਈ 'ਚ ਮੋਮਬੱਤੀ ਬਾਲ ਕੇ ਸੌਣ ਵਾਲਾ ਇਕ ਵਾਰ ਪਹਿਲਾਂ ਰਜਾਈ ਨੂੰ ਅੱਗ ਪੈਣ ਨਾਲ ਸੜ ਕੇ ਮਰਨੋਂ ਬਚ ਗਿਆ ਸੀ ਪਰ ਆਖਿਰ ਹੋਣੀ ਨੇ ਦੁਬੱਲਿਓਂ ਘੇਰ ਲਿਆ ਤੇ ਪੰਜ ਭੂਤਕ ਸਰੀਰ ਰਾਖ ਹੋ ਗਿਆ।

ਐਵੇਂ ਹੁਣ ਕਈ ਫੋਕੇ ਐਲਾਨ ਕਰਨਗੇ, ਕਈ ਬਿਆਨ ਦੇਣਗੇ, ਕਈ ਯਾਦਗਾਰਾਂ ਬਣਾਉਣ ਦੇ ਦਾਅਵੇ ਕਰਨਗੇ ਪਰ ਫਰਕ ਸਿਰਫ ਏਨਾ ਹੀ ਰਹੇਗਾ ਕਿ ਨੰਦ ਲਾਲ ਪੁਰੀ ਨੇ ਆਤਮ ਹੱਤਿਆ ਕੀਤੀ ਸੀ ਤੇ ਸਨਮੁੱਖ ਆਜ਼ਾਦ ਨੂੰ ਗਰੀਬੀ ਤੇ ਲਾਚਾਰੀ ਨੇ ਭੰਨ ਕੇ ਆਤਮਾ ਦਾ ਕਤਲ ਕਰ ਦਿੱਤਾ ਹੈ ਉਵੇਂ ਜਿਵੇਂ ਸਾਂਝੇ ਘਰਾਂ ਦੀਆਂ ਛੱਤਾਂ ਗੈਰ ਜ਼ਿੰਮੇਵਾਰੀ ਤੇ ਬੇਇਤਫਾਕੀ ਕਾਰਨ ਆਪੇ ਡਿੱਗ ਪੈਂਦੀਆਂ ਹਨ। ਪੰਜਾਬੀ ਗਾਇਕੀ ਦੀ ਆਤਮਾ ਵਾਲੇ ਸੁੱਖੇ ਨੂੰ ਸਲਾਮ ਹੈ।

#

## ਗੱਲਾਂ 'ਚੋਂ ਗੱਲ

ਜਿਹੜਾ ਬੰਦਾ ਸਿਰਫ ਜਿਸਮ ਦਾ ਭੁੱਖਾ
ਉਹਨੂੰ ਕੀ ਪਤਾ ਕੀ ਪਿਆਰ ਹੁੰਦਾ।
ਜਿਉਂਦੇ ਮਾਪਿਆਂ ਤੋਂ ਗੱਭਰੂ ਪੁੱਤ ਦਾ
ਸਦੀਵੀ ਵਿਛੋੜਾ ਨ੍ਹੀਂ ਕਦੇ ਸਹਾਰ ਹੁੰਦਾ।
ਜਿਹੜੇ ਜਿੱਤਣ ਲਈ ਕਾਉਡੀਆਂ ਪਾਉਂਦੇ ਨੇ
ਉਨ੍ਹਾਂ ਤੋਂ ਪੈਸੇ ਲੈ ਕੇ ਨਹੀਂ ਹਾਰ ਹੁੰਦਾ।
ਕੌਮ 'ਤੇ ਭੀੜ ਹੈ ਪੈਂਦੀ ਪਿੱਛੋਂ,
ਸੂਰਮਾ ਪਹਿਲਾਂ ਸ਼ਹੀਦੀ ਲਈ ਤਿਆਰ ਹੁੰਦਾ।
ਜਿਹੜਾ ਯਾਰ ਦੀ ਭੈਣ 'ਤੇ ਰੱਖੇ ਅੱਖ
ਗਹਿਰੀ ਉਹ ਨਹੀਂ ਜੁੰਡੀ ਦਾ ਯਾਰ ਹੁੰਦਾ।
ਰਣਜੀਤ ਸਿਉਂ ਦਾ ਹੋਣਾ ਸੀ ਰਾਜ ਜੱਗ 'ਤੇ
ਧਿਆਨ ਚੰਦ ਨਾ ਜੇ ਡੋਗਰਾ ਗੱਦਾਰ ਹੁੰਦਾ।
ਜਿਹੜੇ ਅਣਖ ਲਈ ਜਿੰਦੜੀਆਂ ਵਾਰਦੇ ਨੇ
'ਕੱਠ ਉਨ੍ਹਾਂ ਦੇ ਭੋਗਾਂ 'ਤੇ ਬੇਸ਼ੁਮਾਰ ਹੁੰਦਾ।
ਅੱਜ ਦੇ ਕਿਸਾਨ ਦੱਬ ਲਏ ਨੇ ਕਰਜ਼ਿਆਂ ਨੇ
ਉਨ੍ਹਾਂ ਤੋਂ ਬਿਜਲੀ ਦਾ ਬਿੱਲ ਨਹੀਂ ਤਾਰ ਹੁੰਦਾ।
ਕਿੱਥੇ ਵਹਿਣੀ ਉਹਦੇ ਡੌਲੇ ਤੇ ਫੋਟੋ ਸ਼ੇਰ ਦੀ,
ਜਿਹਦੀ ਰੋਟੀ 'ਤੇ ਅੰਬ ਦਾ ਆਚਾਰ ਹੁੰਦਾ।
ਜਿਹੜਾ ਗਿੱਝ ਗਿਆ ਕੱਚ ਵਰਗੀ ਫੀਮ 'ਤੇ
ਉਸ ਤੋਂ ਕੈਪਸੂਲਾਂ ਨਾਲ ਨਹੀਂ ਸਾਰ ਹੁੰਦਾ।
ਡਾਂਗਾਂ ਖੜਕਦੀਆਂ ਦੇ ਜਿਹੜਾ ਸਾਥ ਛੱਡੇ
ਉਹ ਯਾਰ ਨਹੀਂ ਉਹ ਤਾਂ ਗੱਦਾਰ ਹੁੰਦਾ।
ਪੀੜਾਂ ਹੱਸ-ਹੱਸ ਸਹਿੰਦਾ ਜੋ ਡੌਲਿਆਂ 'ਤੇ
ਉਹੀ ਮਿੱਤਰੋ ਜੁੰਡੀ ਦਾ ਯਾਰ ਹੁੰਦਾ।
ਸਕੋਲਾਂ ਤੇ ਕੱਢ ਲੈਂਦੇ ਨੇ ਪੱਟੂ ਜਦੋਂ
ਲੱਦਿਆ ਵਿੱਤੋਂ ਵਧ ਭਾਰ ਹੁੰਦਾ।
ਕਿੱਥੇ ਪੰਜਾਬ 'ਚ ਡੇਰੇ ਉਸਰਨੇ ਸੀ
ਜੇ ਜਿਉਂਦਾ ਭਿੰਡਰਾਂਵਾਲਾ ਸਰਦਾਰ ਹੁੰਦਾ।
ਦਿੱਲੀ ਦੰਗਿਆਂ ਦਾ ਉਹ ਮੁੱਦਾ ਚੁੱਕਦੇ ਨੇ,
ਜਿਨ੍ਹਾਂ ਤੋਂ ਕੁੱਤੇ ਦੇ ਡੰਡਾ ਨਹੀਂ ਮਾਰ ਹੁੰਦਾ।
ਉੱਤੋਂ ਪਾ ਗਾਤਰਾ ਤੇ ਰਾਤ ਨੂੰ ਪੀਂਦਾ ਦਾਰੂ
ਉਹ ਤਾਂ ਫੋਕਾ ਜਥੇਦਾਰ ਹੁੰਦਾ।
ਪੈਸੇ ਖਾਤਰ ਹਿੱਕ 'ਤੇ ਲਟਾਉਂਦੀ ਕੰਜਰੀ
ਉਹਨੂੰ ਕੀ ਪਤਾ ਕੀ ਪਿਆਰ ਹੁੰਦਾ।
ਕੁਝ ਖਾ ਕੇ ਮਰਜੂ, ਪੁਲਿਸ ਹੱਥ ਨ੍ਹੀਂ ਆਉਂਦਾ,
ਜਿਹੜਾ ਅਸਲੀ ਸਰਦਾਰ ਹੁੰਦਾ।
ਕਿੱਥੇ ਮਿਲਣੀਆਂ ਸੀ ਟਿਕਟਾਂ ਸਪੀਡ ਦੀਆਂ
ਕੀਤਾ ਔਨ ਜੇ ਰਡਾਰ ਹੁੰਦਾ।
ਉਲਾਂਭਾ ਆਥਣ ਨੂੰ ਜ਼ਰੂਰ ਆਉਂਦਾ
ਜਦੋਂ ਜੱਟ ਦਾ ਪੁੱਤ ਓਡਾਰ ਹੁੰਦਾ।
ਗੁਹਾਟੀ ਵਰਗੀ ਲਾਈਨ 'ਤੇ ਲੁੱਟਣੇ ਸੀ ਬੁੱਲੇ
ਪੈਂਦਾ ਵਿਚ ਨਾ ਕਿਤੇ ਜੇ ਬਿਹਾਰ ਹੁੰਦਾ।
ਮਿੰਨੀ ਬੱਸ 'ਤੇ ਕੰਡਕਟਰ ਹੋਣਾ ਸੀ
ਜੇ ਆਇਆ ਨਾ 'ਰੰਡਿਆਲਾ' ਬਾਹਰ ਹੁੰਦਾ।

*-ਰਾਜਵਿੰਦਰ ਸਿੰਘ ਰੰਡਿਆਲਾ*
*ਸੈਕਰਾਮੈਂਟੋ।*

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖ਼ੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਮਨੁੱਖੀ ਆਤਮਾ ਦੀ ਕਸ਼ਮਕਸ਼ ਦਾ ਸਾਹਿਤਕਾਰ ਗੋਇਠੇ

ਯੋਹਨ ਵੋਲਫਗਾਂਗ ਵੋਨ ਗੋਇਠੇ, ਜਿਸਨੂੰ ਪੰਜਾਬੀ ਵਿਚ ਆਮ ਕਰਕੇ ਗੇਟੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦਾ ਜਨਮ ਜਰਮਨੀ ਦੇ ਸ਼ਹਿਰ ਫਰੈਂਕਫਰਟ ਵਿਚ 28 ਅਗਸਤ 1749 ਨੂੰ ਹੋਇਆ ਸੀ। ਬੇਸ਼ੱਕ ਗੋਇਠੇ ਦੀਆਂ ਅਨੇਕਾਂ ਰਚਨਾਵਾਂ ਜਰਮਨ ਭਾਸ਼ਾ ਦੀਆਂ ਸ਼ਾਹਕਾਰ ਹਨ, ਪਰ ਦੋ ਹਿੱਸਿਆਂ ਵਿਚ ਰਚਿਆ ਗੋਇਠੇ ਦਾ ਕਾਵਿ-ਨਾਟਕ 'ਫਾਊਸਟ' ਨਾ ਸਿਰਫ ਜਰਮਨ ਭਾਸ਼ਾ ਦੇ, ਸਗੋਂ ਸਮੁੱਚੇ ਵਿਸ਼ਵ ਸਾਹਿਤ ਦੇ ਸ਼ਾਹਕਾਰਾਂ ਵਿਚੋਂ ਇਕ ਹੈ ਅਤੇ ਇਸਨੂੰ 'ਸਦਾਬਹਾਰ ਮਹਾਨਤਾ' ਦਾ ਦਰਜਾ ਹਾਸਲ ਹੈ। 'ਫਾਊਸਟ' ਦਾ ਪੰਜਾਬੀ ਅਨੁਵਾਦ ਭਾਸ਼ਾ ਵਿਭਾਗ ਵਲੋਂ ਕਰਵਾਇਆ ਗਿਆ ਸੀ।

ਗੋਇਠੇ ਨੇ ਆਪਣੀ ਜ਼ਿੰਦਗੀ ਦੀ ਪਹਿਲੀ ਸਿੱਖਿਆ ਵਕੀਲ ਪਿਤਾ ਕੋਲੋਂ ਪ੍ਰਾਪਤ ਕੀਤੀ। ਸੋਲਾਂ ਸਾਲ ਦੀ ਉਮਰ ਵਿਚ ਉਸਨੇ ਲਿਪਜ਼ਿਮ ਸ਼ਹਿਰ ਵਿਚ ਕਾਨੂੰਨ ਦਾ ਅਧਿਐਨ ਸ਼ੁਰੂ ਕੀਤਾ। ਏਸ ਦੌਰਾਨ ਉਹ ਫਰਾਂਸੀਸੀ ਸਾਹਿਤ ਅਤੇ ਥੀਏਟਰ ਦੇ ਪ੍ਰਭਾਵ ਵਿਚ ਆ ਚੁੱਕਾ ਸੀ। 1768 ਵਿਚ ਲਿਪਜ਼ਿਮ ਤੋਂ ਉਹ ਰੋਗੀ ਹਾਲਤ ਵਿਚ ਮੁੜਿਆ। ਉਦੋਂ ਤਕ ਗੋਇਠੇ ਇਸ਼ਕ ਵੀ ਕਰ ਚੁੱਕਾ ਸੀ ਅਤੇ ਜ਼ਿੰਦਾਦਿਲ ਗੀਤਾਂ ਤੇ ਦੋ ਛੋਟੇ ਨਾਟਕਾਂ ਦੀ ਰਚਨਾ ਵੀ ਕਰ ਚੁੱਕਾ ਸੀ।

ਤੰਦਰੁਸਤੀ ਪ੍ਰਾਪਤ ਕਰਨਾ ਉਪਰੰਤ, ਡੂੰਘੇ ਧਾਰਮਿਕ ਚਿੰਤਨ ਨਾਲ ਗੋਇਠੇ ਸਟਰਾਸਬਰਗ ਚਲਾ ਗਿਆ, ਜਿਥੇ ਦੋ ਵਰ੍ਹਿਆਂ ਵਿਚ ਉਸਨੇ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਮੈਡੀਸਨ ਵਲ ਉਸ ਦਾ ਰੁਝਾਨ ਹੋਇਆ ਅਤੇ ਫਿਰ ਉਸ ਦਾ ਧਿਆਨ ਸ਼ੈਕਸਪੀਅਰ ਤੇ ਲੋਕ ਗੀਤਾਂ ਵਲ ਹੋ ਗਿਆ। ਇਸ ਦੌਰਾਨ ਉਸ ਦਾ ਇਤਿਹਾਸਕ ਨਾਟਕ 'ਗੋਇਟਜ਼' ਛਪਿਆ। ਉਦੋਂ ਗੋਇਠੇ ਕੁੱਲ 24 ਵਰ੍ਹਿਆਂ ਦਾ ਸੀ। ਇਸ ਤੋਂ ਬਾਅਦ ਉਸਦਾ ਤ੍ਰਾਸਦਕ ਰੋਮਾਂਟਕ ਨਾਵਲ 'ਵਰਥਰ' ਛਪਿਆ। ਇਹ ਨਾਵਲ ਭਾਰਤੀ ਨਾਵਲਾਂ ਵਾਂਗ ਬਹੁਤ ਜਜ਼ਬਾਤੀ ਸੀ ਅਤੇ ਬੜਾ ਹਰਮਨ ਪਿਆਰਾ ਵੀ ਹੋਇਆ। ਉਸਦੇ ਗੀਤ ਹੁਣ ਮਹਾਨ ਮੰਨੇ ਜਾਣ ਲੱਗੇ। 1775 ਵਿਚ ਵਾਈਮਾਰ ਵਿਚ ਕਾਰਲ ਅਮਸਤ ਨੇ ਗੋਇਠੇ ਨੂੰ ਵਿੱਤ ਅਤੇ ਖੇਤੀ ਮੰਤਰੀ ਬਣਾ ਦਿੱਤਾ। ਅਗਲੇ 12 ਵਰ੍ਹਿਆਂ ਤੱਕ ਉਹ ਫਰਾਉ ਵੱਨ ਸਟੇਨ ਦੇ ਪਿਆਰ ਵਿਚ ਡੂੰਘੀ ਤਰ੍ਹਾਂ ਡੁੱਬਿਆ ਰਿਹਾ। 1786 ਵਿਚ ਗੋਇਠੇ ਇਟਲੀ ਗਿਆ ਜਿਸ ਦਾ ਵਰਨਣ ਉਸਨੇ ਆਪਣੀ ਰਚਨਾ 'ਇਟਲੀ ਦੀ ਯਾਤਰਾ' ਵਿਚ ਕੀਤਾ ਹੈ। ਵਾਈਮਾਰ ਵਿਚ ਸਰਕਾਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਗੋਇਠੇ 'ਫਾਊਸਟ' ਅਤੇ 'ਐਗਮੈਂਟ' (ਇਕ ਹੋਰ ਤ੍ਰਾਸਦੀ) ਉਤੇ ਕੰਮ ਸ਼ੁਰੂ ਕਰ ਚੁੱਕਾ ਸੀ। ਇਟਲੀ ਵਿਚ ਦੋ ਸਾਲ ਰਹਿਣ ਦੌਰਾਨ ਗੋਇਠੇ ਨੇ 'ਇਫੀਜੇਨੀ' ਅਤੇ 'ਤਾਸੋ' ਨਾਂ ਦੇ ਕਲਾਸਿਕੀ ਨਾਟਕਾਂ ਉਤੇ ਕੰਮ ਸ਼ੁਰੂ ਕਰ ਦਿੱਤਾ ਸੀ। ਵਾਈਮਾਰ ਵਾਪਸ ਮੁੜ ਕੇ ਗੋਇਠੇ ਨੇ 'ਫਾਊਸਟ' ਦੇ ਦੂਜੇ ਹਿੱਸੇ ਉਤੇ ਕੰਮ ਸ਼ੁਰੂ ਕੀਤਾ। ਇਸੇ 'ਦੌਰਾਨ ਉਸਨੇ 'ਵਿਲਹੇਲਮ ਮੇਸਟਰ' ਲੜੀ ਉਤੇ ਵੀ ਕੰਮ ਸ਼ੁਰੂ ਕੀਤਾ। ਗੋਇਠੇ ਨੇ ਸਾਹਿਤ ਦੇ ਨਾਲ ਨਾਲ ਬਾਟਨੀ ਅਤੇ ਰੰਗਾਂ ਦੇ ਸਿਧਾਂਤ ਉਤੇ ਵਿਗਿਆਨਕ ਖੋਜ ਦਾ ਕੰਮ ਵੀ ਕੀਤਾ। 'ਹਰਮਨ' ਅਤੇ 'ਡੋਰੋਥੀਆ' ਉਸ ਦੇ ਮਹਾਨ ਬੀਰ ਕਾਵਿ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ 'ਦੀਵਾਨ' ਅਤੇ 'ਆਤਮ ਕਥਾ' ਗੋਇਠੇ ਦੀਆਂ ਹੋਰ ਰਚਨਾਵਾਂ ਹਨ।

ਗੋਇਠੇ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਹਿੱਸਾ 'ਫਾਊਸਟ' ਬਾਰੇ ਸੋਚਣ ਵਿਚ ਹੀ ਲੰਘਿਆ। ਗੋਇਠੇ ਦਾ ਦਿਹਾਂਤ 22 ਮਾਰਚ, 1832 ਨੂੰ 83 ਵਰ੍ਹਿਆਂ ਦੀ ਉਮਰ ਵਿਚ ਹੋਇਆ ਅਤੇ ਗੋਇਟੇ ਨੇ 'ਫਾਊਸਟ' ਦਾ ਦੂਜਾ ਭਾਗ ਦਿਹਾਂਤ ਤੋਂ ਕੁਝ ਮਹੀਨੇ ਪਹਿਲਾਂ 82 ਵਰ੍ਹਿਆਂ ਦੀ ਉਮਰ ਵਿਚ ਪੂਰਾ ਕੀਤਾ।

ਪੂਰੇ ਸੱਠ ਵਰ੍ਹੇ, ਆਪਣੀ ਜ਼ਿੰਦਗੀ ਦੇ ਲਗਪਗ ਸਾਰੇ ਹੀ ਸਰਗਰਮ ਵਰ੍ਹੇ ਗੋਇਠੇ 'ਫਾਊਸਟ' ਵਿਚ ਹੀ ਗਵਾਚਿਆ ਰਿਹਾ। 'ਫਾਊਸਟ' ਦੀ ਮਿੱਥਕ ਅਸਲ ਵਿਚ ਯੂਰਪੀ ਸਾਹਿਤ ਵਿਚ ਅਨੇਕ ਲੇਖਕਾਂ ਦਾ ਧਿਆਨ ਖਿੱਚਦੀ ਰਹੀ ਹੈ। ਮਾਰਲੋ ਦਾ ਨਾਟਕ ਅਤੇ ਟਾਮਸ ਮਾਨ ਦਾ ਨਾਵਲ 'ਡਾਕਟਰ ਫਾਊਸਟ' ਵੀ ਇਸੇ ਮਿਥਕ ਦਾ ਸਿਰਜਣਾਤਮਕ ਰੂਪਾਂਤਰਣ ਹਨ। ਪਰ ਜਿੰਨੀ ਪ੍ਰਸਿੱਧੀ ਗੋਇਠੇ ਦੇ 'ਫਾਊਸਟ' ਨੂੰ ਮਿਲੀ ਹੈ, ਉਨੀਂ ਕਿਸੇ ਵੀ ਹੋਰ ਰਚਨਾ ਨੂੰ ਨਹੀਂ ਮਿਲੀ।



'ਫਾਊਸਟ' ਦੇ ਪਹਿਲੇ ਭਾਗ ਦੀ ਰਚਨਾ ਗੋਇਠੇ ਨੇ ਵੀਹ ਵਰ੍ਹਿਆਂ ਦੀ ਉਮਰ ਵਿਚ ਸ਼ੁਰੂ ਕੀਤੀ ਸੀ ਅਤੇ ਇਸ ਦੀ ਸਮਾਪਤੀ 1801 ਈਸਵੀ ਵਿਚ 51 ਵਰ੍ਹਿਆਂ ਦੀ ਉਮਰ ਵਿਚ ਕੀਤੀ। ਪੂਰੇ ਤੀਹ-ਇਕੱਤੀ ਵਰ੍ਹੇ ਗੋਇਠੇ ਨੂੰ 'ਫਾਊਸਟ' ਦਾ ਪਹਿਲਾ ਭਾਗ ਰਚਣ ਨੂੰ ਲੱਗੇ ਅਤੇ ਫਿਰ ਅਗਲੇ ਇਕੱਤੀ ਵਰ੍ਹੇ 'ਫਾਊਸਟ' ਦਾ ਦੂਜਾ ਭਾਗ ਪੂਰਾ ਕਰਨ ਨੂੰ। ਇਸ ਨੂੰ ਉਹ ਜਿਉਂਦੇ ਜੀਅ ਪੂਰਾ ਕਰ ਸਕਿਆ, ਇਸਦਾ ਗੋਇਠੇ ਨੂੰ ਸੰਤੋਖ ਸੀ।ਗੋਇਠੇ ਦੇ 'ਫਾਊਸਟ' ਦਾ ਪਹਿਲਾ ਭਾਗ ਆਪਣੇ ਆਪ ਵਿਚ ਸੰਪੂਰਨ ਰਚਨਾ ਹੈ ਅਤੇ ਇਸਦਾ ਪਹਿਲਾ ਭਾਗ ਦੂਜੇ ਭਾਗ ਨਾਲੋਂ ਵੱਧ ਮਾਰਮਕ ਅਤੇ ਕਲਾਤਮਕ ਹੈ। ਜਜ਼ਬੇ ਅਤੇ ਸਿਆਣਪ ਦੀ ਏਕਤਾ ਦੇ ਰੂਪ ਵਿਚ 'ਫਾਊਸਟ' ਦਾ ਪਹਿਲਾ ਭਾਗ ਦੁਨੀਆ ਦੇ ਮਹਾਨਤਮ ਸ਼ਾਹਕਾਰਾਂ ਵਿਚੋਂ ਇਕ ਗਿਣਿਆ ਜਾਂਦਾ ਹੈ। 'ਫਾਊਸਟ' ਦੀ ਰਚਨਾ ਸਦਕਾ ਗੋਇਠੇ ਦੀ ਗਿਣਤੀ ਦੁਨੀਆ ਦੇ ਮਹਾਨਤਮ ਲੇਖਕਾਂ, ਹੋਮਰ, ਦਾਂਤੇ, ਸ਼ੈਕਸਪੀਅਰ, ਕਾਲੀਦਾਸ, ਟਾਲਸਟਾਇ ਅਤੇ ਸੋਫੋਕਲੀਜ਼ ਆਦਿ ਨਾਲ ਹੋਣ ਲੱਗੀ। ਅੰਗਰੇਜ਼ੀ ਵਿਚ 'ਫਾਊਸਟ' ਦਾ ਅਨੁਵਾਦ ਕਈ ਅਨੁਵਾਦਕਾਂ ਨੇ ਕੀਤਾ, ਜਿਸ ਤੋਂ ਅੱਗੇ ਦੁਨੀਆ ਦੀਆਂ ਹੋਰ ਭਾਸ਼ਾਵਾਂ ਵਿਚ ਇਸਦੇ ਅਨੁਵਾਦ ਹੋਏ। ਅੰਗਰੇਜ਼ੀ ਵਿਚ ਫਿਲਿਪਸ ਵੇਅਨੇ ਦਾ ਅਨੁਵਾਦ ਵਧ ਪ੍ਰਸਿੱਧ ਹੈ, ਜਿਸ ਨੇ 'ਫਾਊਸਟ' ਦੇ ਦੋਵਾਂ ਭਾਗਾਂ ਨਾਲ ਇਸ ਦੀ ਭੂਮਿਕਾ ਵੀ ਵੱਖ-ਵੱਖ ਲਿਖੀ ਹੈ।'ਫਾਊਸਟ' ਕਥਾ ਨੂੰ ਗੋਇਠੇ ਨੇ ਇਕ ਫੰਤਾਸੀ ਦੇ ਰੂਪ ਵਿਚ ਚਿਤਰਿਆ ਹੈ। 'ਫਾਊਸਟ' ਜਾਂ ਡਾ. ਫਾਊਸਟ ਅੱਜਕੱਲ੍ਹ ਦੇ ਯੂਨੀਵਰਸਿਟੀਆਂ ਦੇ ਬਹੁਤ ਉੱਚ-ਕੋਟੀ ਦੇ ਗਿਣਵੇਂ-ਚੁਣਵੇਂ ਵਿਦਵਾਨਾਂ ਦਾ ਪ੍ਰਤੀਕ ਪਾਤਰ ਹੈ, ਜੋ ਬੇਹੱਦ ਜ਼ਹੀਨ ਹੈ, ਪਰ ਉਸ ਵਿਚ ਤਾਕਤ ਦੀ ਹਵਸ ਵੀ ਹੈ ਅਤੇ ਸੈਕਸ ਪ੍ਰਤੀ ਤਿੱਖੀ ਖਿੱਚ ਵੀ, ਜਿਨ੍ਹਾਂ ਕਮਜ਼ੋਰੀਆਂ ਦਾ ਲਾਭ ਉਠਾ ਕੇ ਮੇਫਿਸਟੋਫਲੀਮ (ਸ਼ੈਤਾਨ) ਉਸ ਨੂੰ ਉਸ ਦੇ ਆਦਰਸ਼ਾਂ ਤੋਂ ਡਿੱਗਾ ਕੇ ਪਤਨ ਦੀ ਡੂੰਘੀ ਖਾਈ ਵਿਚ ਧੱਕ ਦਿੰਦਾ ਹੈ।

'ਫਾਊਸਟ' ਦਾ ਆਰੰਭ ਸਮਰਪਣ ਨਾਲ ਹੁੰਦਾ ਹੈ। ਫਿਰ ਥੀਏਟਰ ਵਿਚ ਇਸ ਦੀ ਪਿੱਠਭੂਮੀ ਦਿਖਾਈ ਹੈ ਜਿਸ ਵਿਚ ਨਿਰਦੇਸ਼ਕ, ਕਵੀ ਅਤੇ ਕਾਮੇਡੀਅਨ ਹਿੱਸਾ ਲੈਂਦੇ ਹਨ। ਫਿਰ ਇਸ ਤੋਂ ਬਾਅਦ ਬਹਿਸ਼ਤ ਵਿਚੋਂ ਆਰੰਭਕ ਸੰਵਾਦ ਦੀ ਫੰਤਾਸੀ ਸਿਰਜੀ ਗਈ ਹੈ ਜਿਥੇ ਫਰਿਸ਼ਤਾ ਕਹਿੰਦਾ ਹੈ ਕਿ 'ਚੰਗਾ ਬੰਦਾ ਹਨੇਰੇ ਵਿਚ ਵੀ ਸਹੀ ਰਾਹ ਨਹੀਂ ਛੱਡਦਾ', ਪਰ ਸ਼ੈਤਾਨ ਦਾ ਕਹਿਣਾ ਹੈ ਕਿ ਉਹ ਸੱਪ ਦਾ ਭਾਈਬੰਦ ਹੈ ਅਤੇ ਚੰਗੇ ਬੰਦੇ ਨੂੰ ਵੀ ਧੂੜ ਚਟਾ ਸਕਦਾ ਹੈ। ਸੋ ਸ਼ੈਤਾਨ (ਮੈਫਿਸਟੋਫਲੀਸ) ਧਰਤੀ ਉਤੇ ਆ ਕੇ ਅਤੇ ਮਹਾਨ ਵਿਦਵਾਨ ਫਾਊਸਟ ਨੂੰ ਆਪਣੇ ਜਾਲ ਵਿਚ ਫਸਾ ਕੇ ਨੇਕੀ ਅਤੇ ਬਦੀ ਦੀ ਜਿੱਤ ਦੀ ਤ੍ਰਾਸਦਿਕ ਕਹਾਣੀ ਸਿਰਜਦਾ ਹੈ ਜੋ ਕਾਵਿ-ਨਾਟਿਕ ਦੇ ਰੂਪ ਵਿਚ ਸਿਖਰਲੀਆਂ ਕਲਾਤਮਕ ਛੋਹਾਂ ਨੂੰ ਹਾਸਲ ਹੁੰਦੀ ਹੈ। 'ਫਾਊਸਟ' ਦੇ ਪਹਿਲੇ ਭਾਗ ਵਿਚ ਕਰੀਬ 28 ਦ੍ਰਿਸ਼ ਸਿਰਜੇ ਗਏ ਹਨ। ਫਾਊਸਟ ਦਾ ਦੂਜਾ ਭਾਗ ਪਹਿਲੇ ਨਾਲੋਂ ਵੀ ਵੱਡਾ ਹੈ ਜਿਸ ਵਿਚ

-ਡਾ. ਚਮਨ ਲਾਲ

ਸਿੱਧੇ ਪੰਜ ਅੰਕ ਹਨ ਅਤੇ ਇਨ੍ਹਾਂ ਪੰਜ ਅੰਕਾਂ ਵਿਚ 29 ਦ੍ਰਿਸ਼ ਸਿਰਜੇ ਗਏ ਹਨ। 'ਫਾਊਸਟ' ਰਾਹੀਂ ਗੋਇਠੇ ਨੇ ਮਨੁੱਖੀ ਆਤਮਾ ਅੰਦਰ ਨੇਕੀ-ਬਦੀ ਦੇ ਘੋਲ ਨੂੰ ਵਿਸ਼ਾ ਬਣਾਇਆ ਹੈ। ਫਾਊਸਟ ਪਹਿਲਾਂ ਈਮਾਨਦਾਰੀ ਉਤੇ ਬਲ ਦਿੰਦਾ ਹੈ ਪਰ ਮੇਫਿਸਟੋਫਲੀਸ ਦੇ ਪ੍ਰਭਾਵ ਵਿਚ ਆ ਕੇ ਹਵਸ ਦਾ ਸ਼ਿਕਾਰ ਹੋ ਜਾਂਦਾ ਹੈ। ਜਰਮਨ ਦੇ ਮਹਾਨ ਨਾਵਲਕਾਰ ਅਤੇ ਆਲੋਚਕ ਟਾਮਸ ਮਾਨ ਦਾ ਕਹਿਣਾ ਹੈ ਕਿ 'ਗੋਇਠੇ ਵਿਚ ਸ਼ੁੱਧ ਮਾਸੂਮੀਅਤ ਅਤੇ ਸਭ ਤੋਂ ਵਧ ਤਾਕਤਵਰ ਸਮਝਦਾਰੀ ਇਕੱਠਿਆਂ ਹੀ ਮਿਲ ਜਾਂਦੀਆਂ ਹਨ।'' ਗੋਇਠੇ ਨੇ ਜਵਾਨ ਉਮਰ ਦੀ ਸਾਰੀ ਅੱਗ ਅਤੇ ਕੋਮਲਤਾ ਦੇ ਨਾਲ ਨਾਲ ਨਤੀਜੇ ਉਤੇ ਪਹੁੰਚਣ ਦੀ ਸ਼ਾਨਦਾਰ ਸਪਸ਼ਟ ਸਮਝ ਹਾਸਲ ਕਰ ਲਈ ਸੀ।

ਗੋਇਠੇ ਨੂੰ ਇਸ ਗੱਲ ਦੀ ਸਮਝ ਸੀ ਕਿ ਮਹਾਨ ਕਾਵਿ ਵਿਚ ਆਨੰਦ ਅਤੇ ਕਾਵਿ-ਰੂਪ ਦਾ ਸੰਜੋਗ ਹੁੰਦਾ ਹੈ। ਲੈਅ ਅਤੇ ਅਰਥ ਵਿਚ ਇਕਜੁਟਤਾ ਹੁੰਦੀ ਹੈ। ਗੋਇਠੇ ਨੇ ਇਸਨੂੰ ਆਪਣੀ ਕਵਿਤਾ ਜਾਂ ਕਾਵਿ-ਨਾਟਕ ਵਿਚ ਹਾਸਲ ਕੀਤਾ ਹੈ। ਗੋਇਠੇ ਨੇ ਆਪਣੇ ਕਾਵਿ-ਨਾਟਕ ਵਿਚ ਸ਼ੈਤਾਨ ਦਾ ਸਭ ਤੋਂ ਵਧ ਸਜੀਵ ਚਿੱਤਰ ਪ੍ਰਸਤੁਤ ਕੀਤਾ ਹੈ। ਮੈਫਿਸਟੋਫਲੀਸ ਦੇ ਰੂਪ ਵਿਚ ਸਨਕੀਪਣ ਅਤੇ ਨਕਾਰ ਉਸ ਦੀ ਬੌਧਿਕਤਾ ਦੇ ਚਿੰਨ੍ਹ ਹਨ। ਜੀ.ਐਚ.ਲੀਊਮ ਅਨੁਸਾਰ 'ਫਾਊਸਟ' ਦੇ ਦੂਜੇ ਭਾਗ ਵਿਚ ਕਾਫੀ ਪ੍ਰਭਾਵਸ਼ਾਲੀ ਮਨੁੱਖੀ ਦਿਲਚਸਪੀ ਦੀ ਸਮੱਗਰੀ ਨਹੀਂ ਹੈ ਪਰ ਪਹਿਲੇ ਭਾਗ ਵਿਚ ਮਨੁੱਖੀ ਦਿਲਚਸਪੀ ਦਾ ਹਰ ਤੱਤ, ਹਾਸਾ, ਦੁੱਖ, ਸਿਆਣਪ, ਮਜ਼ਾਕ, ਰਹੱਸ, ਸੰਗੀਤ, ਸੰਦੇਹ, ਜਾਦੂ ਅਤੇ ਵਿਡੰਬਨਾ, ਸਭ ਕੁਝ ਹੈ। 'ਫਾਊਸਟ' ਪਹਿਲਾ ਭਾਗ ਸਾਧਾਰਨ ਪਾਠਕਾਂ ਅਤੇ ਵਿਦਵਾਨਾਂ ਦੋਵਾਂ ਨੂੰ ਪਸੰਦ ਆਉਂਦਾ ਹੈ ਜਦੋਂਕਿ 'ਫਾਊਸਟ' ਭਾਗ ਦੋ ਬੌਧਿਕ ਪਾਠਕਾਂ ਨੂੰ ਹੀ ਵਧੇਰੇ ਪਸੰਦ ਆਉਂਦਾ ਹੈ।

'ਫਾਊਸਟ' ਭਾਗ ਦੋ ਵਿਚ ਪ੍ਰਤੀਕਾਤਮਕਤਾ ਅਤੇ ਮਿਥਕੀ ਪ੍ਰਸੰਗ ਇੰਨੇ ਜ਼ਿਆਦਾ ਹਨ ਕਿ ਉਹ ਫਾਊਸਟ ਦੀ ਕਹਾਣੀ ਤੋਂ ਪਾਠਕ ਨੂੰ ਦੂਰ ਲੈ ਜਾਂਦੇ ਹਨ। ਫਾਊਸਟ ਗੋਇਠੇ ਦੀ ਆਪਣੀ ਜ਼ਿੰਦਗੀ ਦਾ ਹੀ ਪ੍ਰਤੀਰੂਪ ਹੈ, ਜੋ ਨੈਤਿਕ ਉਪਦੇਸ਼ ਦੇਣ ਦੀ ਥਾਂ ਤਿੱਖੀ ਤਰ੍ਹਾਂ ਜਜ਼ਬਾਤੀ ਸਵਾਲ ਖੜ੍ਹੇ ਕਰਦਾ ਹੈ। 'ਫਾਊਸਟ' ਭਾਗ ਦੋ ਵਿਚ ਗੋਇਠੇ ਕਲਾਸੀਕਲ ਗਰੀਕ ਪਰੰਪਰਾ ਨਾਲ ਵੀ ਰਿਸ਼ਤਾ ਜੋੜਦਾ ਹੈ। ਫਾਊਸਟ ਅਤੇ ਟਰਾਇ ਦੀ ਹੈਲਨ ਦਾ ਵਿਆਹ ਅਸਲ ਵਿਚ ਰੁਮਾਂਸਵਾਦ ਅਤੇ ਕਲਾਸੀਕਲ ਨੂੰ ਜੋੜਨ ਦਾ ਪ੍ਰਤੀਕ ਰੂਪ ਹੈ, ਜਿਸ ਨਾਲ ਗੋਇਠੇ ਜਰਮਨ ਨੂੰ ਗਰੀਕ-ਪਰੰਪਰਾ ਨਾਲ ਜੋੜਦਾ ਹੈ। ਗੋਇਠੇ ਦਾ ਕਾਵਿ-ਨਾਟਕ 'ਫਾਊਸਟ' ਬਹੁਤ ਹੀ ਧਿਆਨ-ਕੇਂਦਰਿਤ ਅਧਿਐਨ ਦੀ ਮੰਗ ਕਰਦਾ ਹੈ। ਇਸ ਦਾ ਅੱਖਰ-ਅੱਖਰ ਅਤੇ ਪੰਕਤੀ-ਪੰਕਤੀ ਇਸ ਹੱਦ ਤਕ ਸੁਝਾਊ ਅਰਥਾਂ ਨਾਲ ਲਬਰੇਜ਼ ਹੈ ਕਿ ਇਕ ਪੰਕਤੀ ਤੋਂ ਧਿਆਨ ਹਟਿਆ ਰਚਨਾ ਦੀ ਲੜੀ ਟੁੱਟ ਜਾਂਦੀ ਹੈ।

# ਇਹ ਜਨਮੁ ਤੁਮਾਰੇ ਲੇਖੇ

ਕਰਨੈਲ ਸਿੰਘ ਸੋਮਲ

ਕੀਰਤਨ ਦੀ ਧੁਨੀਂ ਸਬੱਬੀਂ ਕੰਨੀਂ ਪਈ। ਤੁਕ ਸੀ 'ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ'। ਰਵਿਦਾਸ ਜੀ ਦੀ ਤੁਕ ਦਾ ਇਹ ਅੰਸ਼ 'ਇਹ ਜਨਮੁ ਤੁਮਾਰੇ ਲੇਖੇ' ਅੰਤਰ ਮਨ ਨੂੰ ਕਿਤੇ ਛੂਹ ਗਿਆ। ਕਦੇ ਕਦਾਈਂ ਜਦੋਂ ਮਨ ਨਿੱਤ-ਧੰਦਿਆਂ ਦੀ ਧੂੜ ਤੋਂ ਨਵਿਰਤ ਹੁੰਦਾ ਹੈ ਤਦ ਇਹ ਕੁਝ ਗ੍ਰਹਿਣ ਕਰਨ ਯੋਗ ਹੁੰਦਾ ਹੈ। ਇਹ ਤੁਕ ਕੰਨੀਂ ਪਈ ਤਾਂ ਕੁਝ ਨਿਤਾਰਾ ਕਰਨ ਦਾ ਸੁਝਾਉ ਦੇਣ ਲੱਗੀ। ਕਿਹੜੇ ਲੇਖੇ ਲੱਗੇ ਇਹ ਜਨਮ? ਤੇ ਕਿਹੜੇ ਲੇਖੇ ਲਗਦਾ ਹੈ ਸਾਡਾ ਜਨਮ?

ਦੇਸ਼ ਦਾ ਬਜਟ ਪੇਸ਼ ਹੋਣ ਦੇ ਦਿਨੀਂ ਰੁਪਈਏ ਦਾ ਇਕ ਖਾਕਾ ਛਪਦਾ ਹੈ। ਹੱਥ ਆਇਆ ਰੁਪਈਆ ਕਿਹੜੇ ਕਿਹੜੇ ਪਾਸੇ ਤੇ ਕਿੰਨਾ ਕਿੰਨਾ ਖਰਚ ਹੋਵੇਗਾ, ਖਾਕੇ ਰਾਹੀਂ ਸਪਸ਼ਟ ਕੀਤਾ ਜਾਂਦਾ ਹੈ। ਆਮ ਬੰਦੇ ਦੀ ਅਉਧ ਕਿਹੜੇ-ਕਿਹੜੇ ਲੇਖੇ ਲਗਦੀ ਹੈ? ਇਹ ਲੱਖਣ ਲਾਉਂਦਿਆਂ ਕੰਬ ਜਾਈਦਾ ਹੈ।

ਅਧਿਆਤਮ ਵਲ ਝੁਕਾਅ ਰੱਖਦੇ ਲੋਕ ਥੋੜ੍ਹਾ ਕਟਾਖ ਨਾਲ ਕਹਿੰਦੇ ਹਨ ਕਿ ਅੱਧੀ ਆਯੂ ਤਾਂ ਸੌਣ ਵਿਚ ਲੰਘਾ ਦਿੱਤੀ। ਬਾਕੀ ਵਿਸ਼ੇ-ਵਿਕਾਰਾਂ ਦੀ ਭੇਟਾ ਚੜ੍ਹ ਗਈ। ਹਾਸਲ ਕੀ ਰਹਿ ਗਿਆ? ਪਛਤਾਵਾ! ਅਖੀਰ ਨੂੰ ਨਿਰਣੇ ਵਜੋਂ ਕਿਹਾ ਜਾਂਦਾ ਹੈ ਕਿ ਜੋ ਕੁਝ ਕੀਤਾ ਜਾ ਰਿਹਾ ਹੈ, ਇਹ ਸਭ ਬੇਕਾਰ ਹੈ। ਸੰਸਾਰ ਵਲ ਨੂੰ ਪਿੱਠ ਦੀ ਥਾਂ ਮੂੰਹ ਕਰਕੇ ਵੀ ਇਹ ਗੱਲ ਵਿਚਾਰੀ ਜਾ ਸਕਦੀ ਹੈ। ਉਮਰ ਦੇ ਕਿੰਨੇ ਹੀ ਵਰ੍ਹੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿਚ ਲੱਗ ਜਾਂਦੇ ਹਨ। ਕਿੰਨੇ ਹੀ ਸਾਲ ਬਿਮਾਰੀ ਤੇ ਬੁਢੇਪੇ ਜਿਹੀਆਂ ਹਾਲਤਾਂ ਵਿਚ ਸਰਗਰਮੀਆਂ ਤੋਂ ਸੱਖਣੇ ਲੰਘ ਜਾਂਦੇ ਹਨ। ਗੰਨੇ ਵਾਂਗ ਹੀ ਹੋ ਗਈ ਇਹ ਗੱਲ। ਉੱਤੋਂ ਕਾਫੀ ਹਿੱਸਾ ਆਗ ਦਾ ਕੱਟਿਆ ਗਿਆ, ਇਉਂ ਹੀ ਹੇਠੋਂ ਜੜ੍ਹ ਦਾ ਕੁਝ ਭਾਗ। ਵਿਚਕਾਰ ਜਿੰਨੀਆਂ ਕੁ ਪੋਰੀਆਂ ਕਾਣੀਆਂ ਨਿਕਲ ਗਈਆਂ, ਉਹ ਵੀ ਕਾਟ ਵਿਚ ਆ ਗਈਆਂ।

ਸਾਰੀ ਜ਼ਿੰਦਗੀ ਆਪਣੀ ਮਰਜ਼ੀ ਮੁਤਾਬਿਕ ਤਾਂ ਜੀਵੀ ਨਹੀਂ ਜਾਂਦੀ। ਜਿਨ੍ਹਾਂ ਨੂੰ ਜਿਊਣ ਦੀਆਂ ਮਜਬੂਰੀਆਂ ਕਿਹਾ ਜਾਂਦਾ ਹੈ, ਉਸ ਲੇਖੇ ਵੀ ਚਾਹੁੰਦਿਆਂ-ਅਣਚਾਹੁੰਦਿਆਂ ਸਾਹਾਂ ਦੀ ਪੂੰਜੀ ਲੱਗ ਜਾਂਦੀ ਹੈ। ਢਿੱਡ ਖਾਣ ਨੂੰ ਮੰਗਦਾ ਹੈ। ਤਨ ਨੂੰ ਕੱਜਣ ਲੋੜੀਂਦਾ ਹੁੰਦਾ ਹੈ। ਦੇਸ਼ ਤੇ ਸਮਾਜ ਦੀਆਂ ਆਪਣੀਆਂ ਮੰਗਾਂ ਹਨ। ਤਨ-ਮਨ ਦੀਆਂ ਜ਼ਰੂਰਤਾਂ ਵਿਚੋਂ ਘਰ-ਪਰਿਵਾਰ ਦੇ ਖਾਕੇ ਬਣਦੇ ਹਨ ਜਿਨ੍ਹਾਂ ਦੀ ਲਾਗਤ ਵਜੋਂ ਅਉਧ ਦਾ ਕਤਰਾ ਕਤਰਾ, ਇਥੇ ਉੱਥੇ ਬਿਖਰਦਾ ਜਾਂਦਾ ਹੈ। ਕਦੇ ਚਿੰਤਾ, ਕਦੇ ਪਛਤਾਵਾ ਤੇ ਕਦੇ ਤਰਸੇਵੇਂ, ਆਪਣੀ ਮਰਜ਼ੀ ਵੀ ਕਦੇ ਸਪਸ਼ਟ ਨਹੀਂ ਹੁੰਦੀ। ਪੂੰਜੀ ਥੋੜ੍ਹੀ ਹੋਵੇ ਤਾਂ ਦੋ ਹੀ ਬਿਰਤੀਆਂ ਪ੍ਰਧਾਨ ਹੁੰਦੀਆਂ ਹਨ। ਇਕ ਹੈ ਜਿੰਨਾ ਕੁ ਬਚਦਾ ਹੈ ਉਹ ਵੀ ਉਡਾ ਦਿਓ, ਤੇ ਫਿਰ ਪੱਲਾ ਝਾੜ ਕੇ ਮਲੰਗੀ ਦੇ ਮਜ਼ੇ ਲਓ। 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਦੀ ਹਾਲਤ ਇਸ ਦੇ ਨੇੜੇ-ਤੇੜੇ ਦੀ ਹੀ ਹੈ। ਦੂਜਾ ਹੈ, ਬਚਦੀ ਪੂੰਜੀ ਨੂੰ ਅਤਿ ਦੇ ਵਿਚਾਰ ਨਾਲ ਵਰਤਣਾ। ਹਮੇਸ਼ਾ ਸਮਝਣਾ ਕਿ ਪੱਲੇ ਕੁਝ ਵੀ ਨਹੀਂ। ਇਕ ਪਾਸੇ ਬਾਜ਼ਾਰ ਵਸਤਾਂ ਨਾਲ ਬੂਥੇ ਹੁੰਦੇ ਹਨ, ਦੂਜੇ ਪਾਸੇ ਲਾਲਸਾਵਾਂ ਲਾਲਾ ਲਾਲਾ ਕਰਦੀਆਂ ਹਨ। ਫਿਰ ਵਿਚ-ਵਿਚਾਲਿਉਂ ਰਾਹ ਬਣਾ ਕੇ ਲੰਘਣਾ ਪੈਂਦਾ ਹੈ।

ਜਦਕਿ ਹੋਰ ਹਰ ਪੂੰਜੀ ਸਿਆਣਪ ਨਾਲ ਨਿਵੇਸ਼ ਕੀਤਿਆਂ ਅੱਗੇ ਤੋਂ ਅੱਗੇ ਵਧਦੀ ਹੈ, ਸਾਹਾਂ ਦੀ ਪੂੰਜੀ ਦੇ ਮਾਮਲੇ ਵਿਚ ਇਹ ਸੌ ਫੀਸਦੀ ਸੱਚ ਨਹੀਂ ਹੈ। ਰਵਿਦਾਸ ਜੀ ਦਾ ਸਮਰਪਣ ਪੂਰਾ ਹੈ। ਇਹ ਜਨਮ ਪ੍ਰਭੂ ਦੀ ਯਾਦ ਵਿਚ ਸਬੂਤੇ ਦਾ ਸਬੂਤਾ ਲਾ ਦੇਣਾ ਹੈ। ਇਸ ਦੇ ਟਾਕਰੇ ਵਿਚ ਸਾਡੀ ਦਿਸ਼ਾ ਅਸਪਸ਼ਟ ਤੇ ਦਸ਼ਾ ਗਲੀਆਂ ਦੇ ਘਾਹ-ਫੂਸ ਜਿਹੀ, ਜਿਧਰ ਦੀ ਵਾ ਵਗੀ ਓਧਰ ਨੂੰ ਉੱਡ ਚੱਲੇ। ਕਿਸੇ ਦੀ ਮਰਜ਼ੀ ਹੈ ਜੀ ਭਰ ਕੇ ਖਾਧ ਜਾਵੇ। ਕੋਈ ਨਸ਼ਿਆਂ ਨਾਲ ਭਾਂਬੜ ਬਣ ਮੱਚਣਾ ਚਾਹੁੰਦਾ ਹੈ। ਅੰਦਰੂਨੀ ਅਸੁਰਖਿਆ ਤੋਂ ਆਤੰਕਿਤ ਕੋਈ ਧਨ ਹੀ ਧਨ ਅਰਜਿਤ ਕਰਨ ਦੀ ਲੋਚਾ ਰੱਖਦਾ ਹੈ। ਕਿਸੇ ਨੂੰ ਕਾਹਲ ਹੈ ਪਰ ਪਤਾ ਨਹੀਂ ਕਾਹਦੀ। ਤੰਦਰੁਸਤੀ, ਖੁਸ਼ੀ, ਸਕੂਨ, ਬੌਧਿਕ ਆਨੰਦ ਆਦਿ ਅਨੇਕਾਂ ਗੱਲਾਂ ਤਰਜੀਹਾਂ ਦੀ ਸੂਚੀ ਵਿਚ ਆਉਂਦੀਆਂ ਹੀ ਨਹੀਂ। ਆਦਤ ਜਿਹੀ ਨਾਲ ਲੰਘਾ ਦਿੱਤੀ ਜਾਂਦੀ ਹੈ ਇਹ ਦੁਰਲੱਭ ਮੰਨੀ ਗਈ ਜ਼ਿੰਦਗੀ। ਕੁਝ ਚੋਟਾਂ ਲਗਦੀਆਂ ਹਨ, ਟੀਸ ਉਮਰ ਭਰ ਨਾਲ ਰਹਿੰਦੀ ਹੈ ਬਲਕਿ ਰੱਖੀਦੀ ਹੈ। ਇਥੇ ਆਮ ਆਦਮੀ ਦੀ ਜ਼ਿੰਦਗੀ ਮਾਰੂ ਖੇਤੀ ਵਾਂਗ ਰਹੀ ਹੈ। ਕਿਤੇ ਮਿਹਰਾਂ ਦਾ ਮੀਂਹ ਪੈ ਗਿਆ ਤਾਂ ਹਰੀ, ਨਹੀਂ ਤਾਂ ਜਿਵੇਂ ਝਾੜੀਆਂ ਆਪਣੀ ਹੋਂਦ ਬਣਾਈ ਰੱਖਣ ਲਈ ਸੁੰਗੜ ਸੁੰਗੜ ਰਹਿ ਜਾਂਦੀਆਂ ਹਨ ਤਿਵੇਂ ਜੋ ਜੋ ਵਾਪਰਦਾ ਹੈ ਸਹਿ ਲਿਆ ਜਾਂਦਾ ਹੈ। ਕਲਪਨਾ ਦੇ ਅੰਬਰੀਂ ਇਕ ਖੌਰਾ ਜਿਹਾ ਚੜ੍ਹਿਆ ਰਹਿੰਦਾ ਹੈ। ਇਸ ਕਰਕੇ ਦੁਖੀ ਹੋਣ ਤੇ ਦੁਖੀ ਰਹਿਣ ਦੀ ਹਾਲਤ ਐਨੀ ਆਮ ਹੋ ਗਈ ਹੈ ਕਿ ਇਸ ਨਾਲ ਡੂੰਘੀ ਹਮਦਰਦੀ ਦੀ ਭਾਵਨਾ ਜੁੜ ਗਈ ਹੈ। ਸ਼ਾਇਦ ਤਦੇ ਹੀ ਜੇ ਕਿਸੇ ਨਾਲ ਕੁਝ ਬੁਰਾ ਵਾਪਰ ਜਾਂਦਾ ਹੈ ਤਾਂ ਉਸ ਦੇ ਦੁਰਪ੍ਰਭਾਵਾਂ ਤੋਂ ਛੇਤੀ ਉੱਚੇ ਉੱਠਣ ਦੀ ਥਾਂ, ਹਮਦਰਦੀ ਦੀ ਭੁੱਖ ਕਰਕੇ, ਉਸਨੂੰ ਘੁੱਟ ਕੇ ਹਿੱਕ ਨਾਲ ਲਾ ਕੇ ਰੱਖਿਆ ਜਾਂਦਾ ਹੈ।

ਰਵਿਦਾਸ ਜੀ ਦੀਆਂ ਜੀਵਨ-ਹਾਲਤਾਂ ਬੜੀਆਂ ਕਠੋਰ ਸਨ। ਪਰ ਉਨ੍ਹਾਂ ਨੇ ਸੰਸਾਰ ਨੂੰ ਢੋਆ ਕੋਮਲ-ਭਾਵੀ ਬਣਨ ਦਾ ਹੀ ਦਿੱਤਾ। ਅਨੇਕਾਂ ਦੇ ਜੀਵਨ ਦੀ ਆਸਥਾ ਬਣੇ ਹਨ ਰਵਿਦਾਸ ਜੀ! ਰਵਿਦਾਸ ਜੀ ਦੇ ਸਮੇਂ ਵੀ ਬਹੁਤ ਧਨਾਢ ਹੋਏ ਹੋਣਗੇ। ਹਾਕਮ ਅਤੇ ਅਹਿਲਕਾਰ ਵੀ ਹੋਣਗੇ। ਰਾਜੇ-ਮਹਾਰਾਜੇ ਵੀ। ਪਰ ਰਵਿਦਾਸ ਜੀ ਦਾ ਨਾਂ ਸਰਵ ਸਮਿਆਂ ਲਈ ਸੂਰਜ ਵਾਂਗ ਚਮਕ ਰਿਹਾ ਹੈ ਜਦਕਿ ਅਖੌਤੀ ਵੱਡਿਆਂ ਦਾ ਨਾਂ ਲੱਭਿਆ ਵੀ ਨਹੀਂ ਲੱਭਦਾ। ਸਾਡੇ ਆਪਣੇ ਚੁਣਨ ਲਈ ਕੀ ਹੈ? ਅਜਿਹੇ ਸੁਆਲਾਂ ਦੇ ਸਨਮੁਖ ਹੋਣਾ ਆਸਾਨ ਨਹੀਂ। ਸਾਡੇ ਦੋ ਪਿੰਡ ਹਨ, ਨਾਲੋ-ਨਾਲ। ਇਹ ਮੁਕਾਬਲਤਨ ਵੱਡੇ ਪਿੰਡ ਅਖਵਾਉਂਦੇ ਹਨ। ਇਕ ਸੱਜਣ, ਇਨ੍ਹਾਂ ਵਿਚੋਂ ਇਕ ਪਿੰਡ ਦੇ ਤਰਖਾਣ ਪਰਿਵਾਰ ਵਿਚੋਂ ਹਨ। ਉਨ੍ਹਾਂ ਨੇ ਵਿਆਹ ਨਹੀਂ ਸੀ ਕਰਵਾਇਆ ਪਰ ਕਿਰਤ ਗ੍ਰਹਿਸਥੀਆਂ ਵਾਂਗ ਕਰਦੇ, ਮਾਤਾ-ਪਿਤਾ ਨੂੰ ਸਾਂਭਦੇ ਤੇ ਹਰ ਉਚਿਤ ਜਾਪਦੇ ਕੰਮ ਨੂੰ ਕਰਦੇ। ਦਿਨੇ ਰਾਜਗੀਰੀ ਕਰਦੇ, ਸਵੇਰੇ ਸ਼ਾਮ ਕੀਰਤਨ ਕਰਦੇ। ਕੀਰਤਨ ਗੁਰਦੁਆਰੇ ਵੀ ਕਰਦੇ ਤੇ ਖੁਸ਼ੀ ਗਮੀ ਦੇ ਮੌਕਿਆਂ 'ਤੇ ਆਮ ਲੋਕਾਂ ਦੇ ਘਰੀਂ ਜਾ ਕੇ ਵੀ ਕਰਦੇ। ਦੂਜੇ ਪਿੰਡ ਵਿਚੋਂ ਇਕ ਸਧਾਰਨ ਕਿਰਸਾਨ ਘਰ ਦਾ ਇਕ ਸੱਜਣ ਉਨ੍ਹਾਂ ਦਾ ਪੱਕਾ ਸਾਥੀ ਬਣ ਗਿਆ। ਇਹ ਦੂਜਾ ਸੱਜਣ ਆਪਣੇ ਨਿਰਬਾਹ ਲਈ ਦਿਨੇ ਖੇਤੀਬਾੜੀ ਦਾ ਕੰਮ ਕਰਦਾ ਸੀ। ਚਾਰ ਦਹਾਕਿਆਂ ਤੋਂ ਵੱਧ ਸਮੇਂ ਤਕ ਇਨ੍ਹਾਂ ਦੋਵੇਂ ਕਿਰਤੀਆਂ ਨੇ ਗੁਰਬਾਣੀ ਕੀਰਤਨ ਦਾ ਪ੍ਰਵਾਹ ਦੂਰ-ਨੇੜੇ ਦੇ ਪਿੰਡਾਂ ਤਕ ਪਹੁੰਚਾਇਆ। ਉਦੋਂ ਸੜਕਾਂ ਨਹੀਂ ਸਨ। ਸਾਈਕਲ-ਸਕੂਟਰ ਵੀ ਨਹੀਂ ਸਨ। ਜਿਸ ਘਰ ਤੋਂ ਸੱਦਾ ਮਿਲਦਾ, ਦੋਵੇਂ ਸੱਜਣ ਹਾਰਮੋਨੀਅਮ ਤੇ ਢੋਲਕੀ ਮੋਢੇ 'ਤੇ ਲਟਕਾ ਕੇ ਪੈਦਲ ਚੱਲ ਪੈਂਦੇ। ਸਵੇਰੇ ਚਾਰ ਵਜੇ ਆਸਾ ਦੀ ਵਾਰ ਦਾ ਗਾਇਨ ਸ਼ੁਰੂ ਹੋ ਜਾਂਦਾ। ਕੀਰਤਨ ਕਰਨ ਦਾ ਮੁੱਲ ਨਾ ਮੰਗਦੇ, ਨਾ ਲੈਂਦੇ। ਧੰਨਵਾਦ ਦੀ ਆਸ ਵੀ ਨਾ ਕਰਦੇ। ਆਪਣੀ ਸੇਵਾ ਦਾ ਗੁਮਾਨ ਉਨ੍ਹਾਂ ਉੱਕਾ ਹੀ ਕਦੇ ਨਾ ਕੀਤਾ। ਬਸ, ਬਹੁਤ ਸਰਲ ਜੀਵਨ ਤੇ ਨਿਰਬਾਹ ਲਈ ਕਿਰਤ।

ਆਪਣਾ ਜੀਵਨ ਕਿਸੇ ਲੇਖੇ ਲਾਉਣ ਦਾ ਇਨ੍ਹਾਂ ਸੱਜਣਾਂ ਦਾ ਆਪਣਾ ਨਿਵੇਕਲਾ ਫੈਸਲਾ ਉਨ੍ਹਾਂ ਦੇ ਜੀਵਨ ਦੀ ਆਥਣ ਤਕ ਪੁੱਗਦਾ ਆਇਆ ਹੈ।

ਜੀਵਨ ਦੇ ਕਿਸੇ ਆਦਰਸ਼ ਲਈ ਪ੍ਰਤੀਬੱਧਤਾ ਹੀ ਹੈ ਜੋ ਉਸਦੀ ਸਮੁੱਚੀ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕਰਦੀ ਹੈ । ਅੱਜ ਕੱਲ੍ਹ ਭ੍ਰਿਸ਼ਟਾਚਾਰ ਤੋਂ ਤਪੇ ਪਏ ਹਨ ਆਮ ਲੋਕ। ਆਪਣੇ ਜ਼ਿੰਮੇ ਲੱਗੇ ਫਰਜ਼ ਨੂੰ ਭੁਗਤਾਉਣ ਲਈ ਮਿਲਦੇ ਵੇਤਨ ਤੋਂ ਵੱਖਰੀ ਫੀਸ ਵੀ ਮੰਗਦੇ ਹਨ, ਉਹ ਆਪਣਾ ਜੀਵਨ ਕਿਹੜੇ ਲੇਖੇ ਲਾ ਰਹੇ ਹਨ। ਜਿਸ ਕਦਰ ਕੋਈ ਪ੍ਰਬੰਧ ਅਨਿਆਂ ਵਾਲਾ ਹੋਵੇਗਾ, ਉਸ ਅਨੁਪਾਤ ਵਿਚ ਸਾਧਾਰਨ ਬੰਦੇ ਨੂੰ ਸੁਖ-ਸਹੂਲਤਾਂ ਮਿਲਣ ਦੀ ਥਾਂ ਉਨ੍ਹਾਂ ਨੂੰ ਅਣਕੀਤੇ ਅਤੇ ਅਣਕਹੇ ਦੀ ਸਜ਼ਾ ਵੀ ਕਈ ਵਾਰੀ ਮਿਲਦੀ ਰਹੇਗੀ।

ਇਹ ਲੇਖਾ ਜਾਂ ਲੇਖੇ ਧਨ ਨੂੰ ਜੋੜਨ ਦੇ ਨਹੀਂ ਹਨ। ਇਹ ਆਪਣੀ ਅਉਧ ਨੂੰ ਕਿਸੇ ਲੇਖੇ ਲਾਉਣ ਦੀ ਗੱਲ ਹੈ। ਜਿੰਨਾ ਕੁ ਵਸ ਚੱਲ ਸਕਦਾ ਹੈ, ਉਸ ਅਨੁਸਾਰ ਚੁਣੀ ਗਈ ਦਿਸ਼ਾ ਵਿਚ ਕੁਝ ਨਾ ਕੁਝ ਯੋਗਦਾਨ ਪਾਉਣ ਦੀ ਗੱਲ ਹੈ। ਜੀਵਨ ਦਾ ਹਰ ਪਲ ਸਾਰਥਕ ਇਵੇਂ ਹੀ ਬਣਦਾ ਹੈ। ਅਧਿਕਾਰਾਂ ਅਤੇ ਪ੍ਰਭਾਵਾਂ ਵਾਲੇ ਲੋਕ ਜਦੋਂ ਆਪਣੇ ਅਹੁਦਿਆਂ ਤੋਂ ਅਲੱਗ ਹੁੰਦੇ ਹਨ ਤਾਂ ਉਨ੍ਹਾਂ ਦੀ ਕਰਨੀ ਦਾ ਲੇਖਾ ਇਕੋ ਨੁਕਤੇ ਤੋਂ ਹੋਣ ਲਗਦਾ ਹੈ ਕਿ ਉਨ੍ਹਾਂ ਨੇ ਆਪਣੀਆਂ ਪੁਜ਼ੀਸ਼ਨਾਂ ਨੂੰ ਨਿਜੀ ਫਾਇਦਿਆਂ ਲਈ ਹੀ ਵਰਤਿਆ ਹੈ ਜਾਂ ਲੋਕ-ਹਿਤਾਂ ਨੂੰ ਵਧਾਉਣ ਦੇ ਮੌਕੇ ਵਜੋਂ ਲਿਆ ਹੈ।

ਇਹ ਲੇਖੇ ਦੂਰ-ਦੂਰ ਤਕ ਜਾਂਦੇ ਹਨ। ਦੇਸ਼ ਤੇ ਸਮਾਜ ਦੀ ਉੱਨਤੀ ਇਵੇਂ ਹੀ ਹੁੰਦੀ ਹੈ। ਸਾਧਾਰਨ ਬੰਦੇ ਦੇ ਸੁਖਾਂ ਜਾਂ ਦੁੱਖਾਂ ਵਿਚ ਵਾਧਾ ਇਵੇਂ ਹੀ ਹੁੰਦਾ ਹੈ। ਮਨੁੱਖਾਂ ਦੇ ਆਪਣੇ ਹੱਥੀਂ ਦਿੱਤੇ ਦੁੱਖ ਤੇ ਸੁਖ ਕੁਦਰਤੀ ਦੁੱਖਾਂ-ਸੁੱਖਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੇ ਹਨ। ਰਵਿਦਾਸ ਜੀ ਦੀ ਤੁਕ ਤਾਂ ਬਿਲਕੁਲ ਹੀ ਸਪਸ਼ਟ ਹੈ। ਸਾਡੇ ਆਪਣੇ ਹੀ ਲੇਖ ਨਾ ਸਾਥੋਂ ਨਿਰਧਾਰਤ ਹੁੰਦੇ ਹਨ ਤੇ ਨਾ ਹੀ ਉਨ੍ਹਾਂ ਵਿਚ ਅੰਕਿਤ ਹੋਇਆ ਕੁਝ ਦਿੱਸਦਾ ਹੈ। ਰਵਿਦਾਸ ਜੀ ਦੀ ਤੁਕ ਤੋਂ ਜਿਸ ਆਤਮ-ਮੰਥਨ ਦਾ ਸੁਝਾਉ ਮਿਲਦਾ ਹੈ, ਮਨ ਉਸ ਤੋਂ ਵੀ ਕੰਨੀਂ ਕਤਰਾ ਰਿਹਾ ਹੈ।

# ਮਜ਼ਹਬਾਂ ਦੀ ਵਾੜ ਨੂੰ ਚੀਰ ਜਾਣ ਵਾਲੇ ਜਜ਼ਬਿਆਂ ਦੀ ਤਾਸੀਰ ਦੇ ਮਾਲਕ ਲੋਕ

**-ਡੇਵਿਡ ਐਲਿਨ ਲੌਂਗਫ਼ੈਲੋ**

ਸੁੱਤੀ ਜ਼ਮੀਰ ਵਿਚ ਹਮਦਰਦੀ, ਦਇਆ ਜਾਂ ਪਰਉਪਕਾਰ ਦੀ ਚਿਣਗ ਜਗਾਉਣ ਲਈ ਸ਼ਿਸ਼ਟਾਚਾਰ ਦੇ ਮੂਲ ਤੱਤ ਪ੍ਰਭਾਵਸ਼ਾਲੀ ਨਤੀਜੇ ਕੱਢਦੇ ਹਨ, ਜਿਸਦਾ ਅਭਿਆਸਾਤਮਕ ਢੰਗ ਹਰ ਥਾਂ ਵੱਖੋ-ਵੱਖ ਹੈ। ਇਹ ਲੋਕਾਚਾਰ ਦੇ ਤਰੀਕੇ ਕਿਸੇ ਧਰਮ ਦਾ ਵਿਰੋਧ ਨਹੀਂ ਕਰਦੇ, ਸਗੋਂ ਸਮੂਹਿਕ ਮਾਨਸਿਕਤਾ ਦੇ ਦਰਦ-ਭਿੱਜੇ ਬੋਲ ਹਨ, ਜਿਨ੍ਹਾਂ ਦੀ ਰਵਾਨੀ ਪਹਾੜਾਂ ਨੂੰ ਢਾਹੁਣ ਦੀ ਸਮਰੱਥਾ ਰੱਖਦੀ ਹੈ। ਹਰ ਕਹਿਰ ਜਾਂ ਸਿਆਸੀ ਦਰਿੰਦਗੀ ਪਿੱਛੋਂ ਇਹੀ ਬੋਲ ਖੁਸ਼ਬੋਈ ਬਣ ਕੇ ਰਿਸਦੇ ਜ਼ਖਮਾਂ 'ਤੇ ਮਰਹਮ ਦਾ ਕੰਮ ਕਰਦੇ ਹਨ। ਸਿੱਟੇ ਵਜੋਂ ਕਠੋਰ ਜ਼ਾਲਮ ਆਦਮੀ ਵੀ ਪਸ਼ਚਾਤਾਪ ਦੀ ਅੱਗ ਵਿਚ ਸੜਨ ਲਈ ਤਿਆਰ ਹੋ ਜਾਂਦਾ ਹੈ।

ਮਾਂ ਦੀ ਮਮਤਾ ਸੌਂ ਜਾਂਦੀ ਹੈ ਪਰ ਮਰਦੀ ਨਹੀਂ, ਕਿਉਂਕਿ ਇਸ ਮਮਤਾ ਦੇ ਨਿੱਘ ਵਿਚੋਂ ਹੀ ਜੀਵਨ ਦੀ ਲਗਰ ਫੁੱਟਦੀ ਹੈ। ਇਹ ਜਿਊਣ ਲਈ ਉਤਸ਼ਾਹ ਦਾ ਸੋਮਾ ਹੈ। ਇਹ ਆਂਦਰਾਂ ਦਾ ਸਾਕ ਹੈ, ਜਿਸ ਵਿਚ ਹਰ ਨਸ ਪਿਆਰ ਦੇ ਵੇਗ ਨਾਲ ਟਪੂੰ-ਟਪੂੰ ਕਰਦੀ ਹੈ। ਮੌਤ ਦੇ ਖੂੰਖਾਰ ਪੰਜੇ ਤੋਂ ਬਚਣ ਲਈ ਵੀ ਸਭ ਤੋਂ ਪਹਿਲਾਂ ਇਹੋ ਸ਼ਬਦ ਮੂੰਹ ਵਿਚੋਂ ਨਿਕਲਦਾ ਹੈ 'ਹਾਏ ਮਾਂ' ਤੇ ਮਾਂ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਜ਼ਰੂਰ ਹੋ ਜਾਂਦੀ ਹੈ। ਮਾਂ ਦੇ ਦੁੱਧ ਨੂੰ ਲਾਜ ਲਾਉਣ ਵਾਲੇ ਜਾਂ ਰਵਾਇਤੀ ਆਬਰੂ ਨੂੰ ਕਲੰਕਤ ਕਰਨ ਵਾਲੇ ਕਦੇ ਸੁੱਖ ਦੀ ਨੀਂਦ ਨਹੀਂ ਸੌਂਦੇ। ਅੱਜ ਦਾ ਮੇਰਾ ਸਿਰਲੇਖ ਕੁਝ ਅਜਿਹੇ ਹੀ ਤੱਥਾਂ 'ਤੇ ਨਿਰਭਰ ਹੈ ਤੇ ਆਸ ਹੈ ਕਿ ਸੁਹਿਰਦ ਪਾਠਕ ਹੁੰਗਾਰਾ ਭਰਨਗੇ।

ਪੰਜਾਬ ਦੇ ਪਿੰਡਾਂ ਦਾ ਇਤਿਹਾਸਕ ਪਿਛੋਕੜ ਜਾਣਨ ਲਈ ਸਰ ਟੈਂਪਲ ਅਤੇ ਮਿਸਿਜ਼ ਸਟੀਲ ਦੇ ਮੁੱਢਲੇ ਉਪਰਾਲੇ ਸ਼ਲਾਘਾਯੋਗ ਹਨ। ਕਈ ਪਿੰਡਾਂ ਦੇ ਨਾਂਅ ਬਹੁਤ ਅਜੀਬ ਲੱਗਦੇ ਹਨ, ਜਿਵੇਂ ਪੈਂਦ, ਸਰ੍ਹਾਨਾ, ਆਕੜ, ਪਿੱਸੂ, ਗੂੰਹ ਖਾਣਾ ਕੋਟਲਾ, ਆਦਿ। ਜੱਟਾਂ ਦੀਆਂ ਜਾਤੀਆਂ ਜਾਂ ਗੋਤਾਂ ਦਾ ਵਿਸ਼ਲੇਸ਼ਣ ਮੇਰੇ ਪਾਸ ਉਪਲਬੱਧ ਹੈ, ਜਿਵੇਂ ਸੰਧੂ, ਸਿੱਧੂ, ਚੀਮੇ, ਚੱਠੇ, ਗਿੱਲ, ਸ਼ੇਰਗਿੱਲ, ਚਾਹਲ, ਗਰੇਵਾਲ, ਆਦਿ ਕਿਵੇਂ ਹੋਂਦ ਵਿਚ ਆਏ? ਭਾਰਤੀ ਇਤਿਹਾਸ ਜੱਟਾਂ ਨੂੰ ਰਾਜਪੂਤਾਂ ਤੋਂ ਹੇਠਲੇ ਵਰਗ ਵਿਚ ਗਿਣਦਾ ਹੈ।

ਸਰ ਟੈਂਪਲ ਆਪਣਾ ਪ੍ਰਾਜੈਕਟ ਪੂਰਾ ਨਾ ਕਰ ਸਕੇ, ਜੋ ਪਟਵਾਰੀਆਂ ਰਵਾਇਤੀ ਮੰਗਤਿਆਂ ਅਤੇ ਕੁਝ ਵਕੀਲਾਂ ਦੇ ਸੋਧੇ ਹੋਏ ਰੂਪ ਉੱਤੇ ਨਿਰਭਰ ਸੀ। 1930 ਵਿਚ ਸਰ ਟੈਂਪਲ ਦੀ ਮੌਤ ਹੋ ਗਈ। ਟੈਂਪਲ ਦੀ ਮੌਤ ਤੋਂ ਬਾਅਦ ਮਿਸਿਜ਼ ਸਟੀਲ 'ਤੇ ਜ਼ਿੰਮੇਵਾਰੀ ਆ ਪਈ। ਉਹ ਵੀ ਲੁਧਿਆਣੇ ਦੇ ਸੀ.ਐਮ.ਸੀ. ਵਿਚ ਦਾਖ਼ਲ ਰਹਿਣ ਉਪਰੰਤ ਜ਼ਿੰਮੇਵਾਰੀ ਸੰਭਾਲਣ ਦੇ ਕਾਬਲ ਨਾ ਹੋ ਸਕੀ। ਹੁਣ ਸਿਰਫ਼ ਇੱਕ ਵਿਦਵਾਨ ਲੇਡੀ ਬਾਕੀ ਸੀ ਸ੍ਰੀਮਤੀ ਨੋਰਾ ਰਿਚਰਡ। ਰਿਚਰਡ ਲੇਡੀ ਦਾ ਉਦੇਸ਼ ਕੁਝ ਵੱਖਰਾ ਸੀ। ਉਸ ਨੇ ਚਰਚ ਦੇ ਫੰਡਾਂ ਵਿਚੋਂ ਕੁਝ ਕਰਜ਼ਾ ਲੈ ਕੇ ਅੰਦਰੇਟਾ ਵਿਖੇ ਇੱਕ ਚਿਤਰਸ਼ਾਲਾ ਖੋਲ੍ਹ ਲਈ, ਜਿਸ ਦੀ ਦੇਖ-ਰੇਖ ਸੋਭਾ ਸਿੰਘ ਕਰਦੇ ਸਨ, ਜੋ ਬਾਅਦ ਵਿਚ ਉੱਚ-ਕੋਟੀ ਦੇ ਚਿੱਤਰਕਾਰ ਵਜੋਂ ਉਭਰੇ। ਸ੍ਰੀਮਤੀ ਨੋਰਾ ਰਿਚਰਡ ਨੂੰ ਜੇਕਰ ਪੰਜਾਬੀ ਡਰਾਮੇ ਦੀ ਜਨਮਦਾਤੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬੀ ਡਰਾਮੇ ਨੂੰ ਨਵੀਆਂ ਲੀਹਾਂ 'ਤੇ ਲਿਆਉਣ ਲਈ ਨੋਰਾ ਦਾ ਯੋਗਦਾਨ ਬਹੁਤ ਜ਼ਿਆਦਾ ਹੈ।

ਜੀ.ਟੀ. ਰੋਡ 'ਤੇ ਸਥਿਤ ਇੱਕ ਪਿੰਡ ਹੈ ਗੁੜਖੁੜੀ, ਜਿਸਦੇ ਲਫ਼ਜ਼ੀ ਮਤਲਬ ਜਾਂ ਪਿਛੋਕੜ ਪਿੱਛੇ ਪ੍ਰਚੱਲਤ ਦੰਦ-ਕਥਾਵਾਂ ਤੋਂ ਮੈਂ ਬਿਲਕੁਲ ਵਾਕਫ਼ ਨਹੀਂ। ਇੱਕ ਦੰਦ-ਕਥਾ, ਜੋ ਪ੍ਰਚੱਲਤ ਹੈ, ਕੋਈ ਢੁੱਕਵਾਂ ਅਰਥ ਨਹੀਂ ਕੱਢਦੀ। ਕਈਆਂ ਦਾ ਵਿਚਾਰ ਹੈ ਕਿ ਪਿੰਡ ਵਿਚ ਇਕ ਮਰਾਸੀ ਆਇਆ ਅਤੇ ਉਸਨੇ ਰੋਟੀ ਖਾਣ ਲਈ ਗੁੜ ਮੰਗਿਆ। ਘਰ ਦੀ ਮਾਲਕਣ ਕੋਲੋਂ ਗੁੜ ਨਾ ਨਿਕਲਿਆ। ਮਰਾਸੀ ਨੇ ਸਰਾਪ ਦਿੰਦੇ ਹੋਏ ਕਿਹਾ ਕਿ ਗੁੜ ਤੋਂ ਵੀ ਥੁੜੇ ਹੋਏ ਲੋਕ, ਜਿਨ੍ਹਾਂ ਕੋਲ ਰੋਜ਼ ਵਰਤੋਂ ਦੀ ਚੀਜ਼ ਵੀ ਨਹੀਂ। ਇਹ ਪਿੰਡ ਕਿਸੇ ਵੇਲੇ ਮਜ਼ਹਬੀ ਮੁਤੱਸਬਪੁਣੇ ਦਾ ਗੜ੍ਹ ਸੀ। ਮੁਸਲਮਾਨਾਂ ਦੀ ਇਸ ਇਲਾਕੇ ਵਿਚ ਆਪਣੀ ਸਰਦਾਰੀ ਸੀ। ਸੰਨ 1947 ਦੇ ਬਟਵਾਰੇ ਤੋਂ ਬਾਅਦ ਸਰਕਾਰ ਨੇ ਇਸ ਦਾ ਨਾਮ ਗੁਰੂ-ਕੋਟ ਰੱਖ ਦਿੱਤਾ, ਜੋ ਜ਼ਿਆਦਾ ਪ੍ਰਚੱਲਤ ਨਾ ਰਹਿ ਕੇ ਸਿਰਫ ਗੁੜਖੁੜ ਹੀ ਰਿਹਾ।

ਜਦੋਂ ਮੈਂ ਇਸ ਪਿੰਡ ਗਿਆ ਤਾਂ ਮੇਰੇ ਨਾਲ ਨੂਰ ਮੁਹੰਮਦ ਸੀ, ਜੋ ਪੰਚਾਇਤੀ ਸਕੂਲ ਵਿਚ ਬਤੌਰ ਅਧਿਆਪਕ ਕੰਮ ਕਰਦਾ ਸੀ। ਬਾਜ਼ੀਗਰਾਂ ਦੀ ਬਸਤੀ ਪਿੰਡ ਦੇ ਨਜ਼ਦੀਕ ਹੋਣ ਕਾਰਨ ਢੋਲ-ਢਮੱਕਾ ਆਮ ਸੀ। ਪਿੰਡ ਤੋਂ ਥੋੜ੍ਹੇ ਫ਼ਾਸਲੇ 'ਤੇ ਇਕ ਵੀਰਾਨ ਖੂਹ ਹੈ, ਜਿਸਨੂੰ ਸਥਾਨਕ ਉੱਪ-ਬੋਲੀ ਵਿਚ ਡੁੱਲ ਵੀ ਆਖਦੇ ਹਨ।

ਇਸ ਖੂਹ ਦੇ ਕਿਨਾਰਿਆਂ 'ਤੇ ਬੇਢਬੇ ਦਰੱਖਤ ਉੱਗੇ ਹੋਏ ਹਨ ਅਤੇ ਜੰਗਲੀ ਬਨਸਪਤੀ ਨੇ ਇਸ ਦਾ ਮੂੰਹ-ਮੁਹਾਂਦਰਾ ਢਕਿਆ ਹੋਇਆ ਹੈ। ਇਸ ਦਰੱਖਤ ਦਾ ਵਰਨਣ ਕਰਨਾ ਵੀ ਅਤਿ ਮੁਸ਼ਕਲ ਗੱਲ ਹੈ, ਜਿਵੇਂ 'ਬੀਜੋ ਕਣਕ ਤੇ ਉੱਗੇ ਬੂਘਾਟ ਮੈਣਾ, ਭਾਵੇਂ ਸਧਰ ਨਿਆਈਂ ਦੀ ਵੰਡ ਹੋਵੇ।' ਅਰਥਾਤ ਕਿਸੇ ਕੰਮ ਨਾ ਆਉਣ ਵਾਲੀ ਬਨਸਪਤੀ, ਜੋ ਕੁਦਰਤ ਰਾਣੀ ਦੇ ਸ਼ਿੰਗਾਰ ਦਾ ਸਾਧਨ ਵੀ ਨਹੀਂ ਬਣਦੀ। ਵਕਤ ਦੇ ਉਤਰਾ-ਚੜ੍ਹਾਅ ਨੇ ਮਨੁੱਖੀ ਫਿਤਰਤ ਨੂੰ ਬਦਲ ਕੇ ਖ਼ੁਦਗਰਜ਼ ਬਣਾ ਦਿੱਤਾ। ਕਿਸ ਕੋਲ ਸਮਾਂ ਹੈ ਅਜਿਹੀਆਂ ਗੱਲਾਂ ਬਾਰੇ ਜਾਣਨ ਦਾ?



> **ਇੱਕ ਬਾਂਗਰੂ ਪਤਾ ਨਹੀਂ ਕਿਧਰੋਂ ਆਇਆ ਅਤੇ ਸੱਪ ਨੂੰ ਮਾਰ ਮੁਕਾਉਣ ਦੀ ਧਾਰ ਲਈ। ਹੱਥ ਵਿਚ ਕਰੀਰ ਦਾ ਇੱਕ ਵੱਡਾ ਸਾਰਾ ਮੋਹੜਾ (ਝਿੰਗ) ਲੈ ਕੇ ਲੱਗ ਪਿਆ ਸੱਪ ਦੀ ਤਲਾਸ਼ ਕਰਨ। ਉਸਨੂੰ ਕੋਸ਼ਿਸ਼ ਕਰਦਿਆਂ ਦੋ ਦਿਨ ਲੰਘ ਗਏ। ਅਖੀਰ ਦੂਸਰੇ ਦਿਨ ਸ਼ਾਮ ਨੂੰ ਸੱਪ ਨਿਕਲਿਆ।**

ਨੂਰ ਮੁਹੰਮਦ ਨੇ ਦੱਸਿਆ ਕਿ ਭਾਦਰੋਂ ਦੀ ਮੱਸਿਆ ਨੂੰ ਇਸ ਖੂਹ ਵਿਚੋਂ ਦਰਦ ਭਰੀਆਂ ਆਵਾਜ਼ਾਂ ਅਚਾਨਕ ਉੱਠਦੀਆਂ ਹਨ ਅਤੇ ਕਿਲਕਾਰੀਆਂ ਦਾ ਸ਼ੋਰ ਦਹਿਸ਼ਤ ਨਾਲ ਕੰਬਣੀ ਛੇੜ ਦਿੰਦਾ ਹੈ। ਮੈਂ ਆਖਿਆ, "ਯਾਰ, ਇੱਕ ਮਾਸਟਰ ਹੋ ਕੇ ਅਜਿਹੀਆਂ ਬੇਤੁਕੀਆਂ ਗੱਲਾਂ 'ਤੇ ਵਿਸ਼ਵਾਸ ਕਰਦੇ ਹੋ?" ਹੁਣ ਨੂਰ ਮੁਹੰਮਦ ਬੱਚਿਆਂ ਵਾਂਗ ਰੋ ਰਿਹਾ ਸੀ। ਉਸਦੇ ਗਲੇ ਵਿਚ ਭਰਿਆ ਗੱਚ ਸਾਫ਼ ਹੋਣ ਦਾ ਨਾਂਅ ਨਹੀਂ ਸੀ ਲੈਂਦਾ।

ਮੈਨੂੰ ਇਹ ਸਮਝਣ ਲਈ ਬਹੁਤ ਵੱਡੀ ਸਮੱਸਿਆ ਮੇਰੇ ਸਾਹਮਣੇ ਆ ਰਹੀ ਸੀ ਕਿ ਕੱਲਾ-ਕਾਰਾ ਆਦਮੀ, ਜਿਸ ਦਾ ਕੋਈ ਟੱਬਰ ਨਹੀਂ, ਫ਼ਿਕਰ-ਫਾਕਾ ਨਹੀਂ, ਇਸ ਤਰ੍ਹਾਂ ਖ਼ੁਦ ਮੁਸਲਮਾਨ ਹੋ ਕੇ ਕਿਉਂ ਫੁੱਟ-ਫੁੱਟ ਕੇ ਰੋ ਰਿਹਾ ਹੈ? ਜਵਾਬ ਦੀ ਬਿਲਕੁਲ ਧੁੰਦਲੀ ਅਤੇ ਫਿੱਕੀ ਜਿਹੀ ਝਲਕ ਮੈਨੂੰ ਮਿਲ ਗਈ। ਵਾਸਤਵਿਕ ਰੂਪ ਵਿਚ ਉਹ ਪਿੰਡ ਵਾਲਿਆਂ ਦਾ 'ਰਸਖਾਨ' ਸੀ, ਅਰਥਾਤ ਮਿੱਠ-ਬੋਲੜਾ ਅਤੇ ਮਿਲਣਸਾਰ। ਜ਼ਿਆਦਾਤਰ ਲੋਕ ਉਸ ਨੂੰ ਨੂਰ ਚਾਚਾ ਕਹਿ ਕੇ ਪੁਕਾਰਦੇ ਸਨ। ਉਹ ਗਣਿਤ ਸ਼ਾਸਤਰ ਦਾ ਬਹੁਤ ਵਧੀਆ ਟੀਚਰ ਸੀ। ਪਿੰਡ ਦੇ 2 ਲੜਕੇ ਪਟਵਾਰੀ ਭਰਤੀ ਹੋਏ ਅਤੇ ਤਹਿਸੀਲਦਾਰ ਰੀਟਾਇਰ ਹੋਏ। ਦੋਵਾਂ ਦਾ ਕਥਨ ਸੀ ਕਿ ਨੂਰ ਚਾਚੇ ਤੋਂ ਪੜ੍ਹਿਆ ਸੁੰਦਰ ਹਿਸਾਬ ਵਾਲਾ ਵਿਦਿਆਰਥੀ ਕਦੇ ਮਾਰ ਨਹੀਂ ਖਾਂਦਾ। ਉਨ੍ਹਾਂ ਨੂੰ ਸੁੰਦਰ ਹਿਸਾਬ ਦੇ ਟੋਟਕੇ ਹਾਲੇ ਤੱਕ ਯਾਦ ਸਨ, ਜਿਵੇਂ "ਇੱਕ ਰੱਤੀ ਸੁਰਮਾ ਨੌਂ ਜਣੀਆਂ, ਨੌਂ ਮਣ ਸੁਰਮਾ ਕੈ ਜਣੀਆਂ?"

ਮੈਨੂੰ ਬੁਝਾਰਤਾਂ ਦੇ ਵਿਚਕਾਰ ਬੈਠਾ ਨੂਰ ਕੋਈ ਗੈਬੀ ਸ਼ੈਅ ਲੱਗਿਆ। ਲੰਮਾ ਖੰਘੂਰਾ ਭਰ ਕੇ ਨੂਰ ਮੁਹੰਮਦ ਅੱਗੇ ਵਧਿਆ, "ਔਹ ਖੂਹ ਵਿਚ ਸੈਂਕੜੇ ਹੀ ਪਿੰਡ ਦੀਆਂ ਔਰਤਾਂ ਪਈਆਂ ਹਨ, ਜੋ ਪਤੀ-ਵਰਤਾ, ਜਤ-ਸਤ ਦੀਆਂ ਰਖਵਾਲੀਆਂ, ਲੋਕ-ਲਾਜ ਦੀਆਂ ਆਦਰਸ਼ ਅਤੇ ਸਮਾਜ ਲਈ ਇੱਕ ਉਦਾਹਰਣ ਸਨ। ਮੈਂ ਉਦੋਂ ਬੇਸਮਝ ਸਾਂ, ਜਦੋਂ ਮੈਂ ਆਪਣੇ ਤਾਏ ਨਾਲ ਇਹ ਸਭ ਕੁਝ ਦੇਖਿਆ। ਅਚਾਨਕ ਹੀ ਮੁਸਲਮਾਨ ਲੁਟੇਰਿਆਂ ਦੀ ਜੁੰਡਲੀ ਸਿੱਖਾਂ ਦੇ ਘਰ ਲੁੱਟਣ ਲਈ ਟੁੱਟ ਪਈ। ਘਰ ਦੀਆਂ ਔਰਤਾਂ ਨੇ ਆਪਣੀ ਇੱਜ਼ਤ ਅਤੇ ਅਸਮਤ ਬਚਾਉਣ ਦੀ ਖ਼ਾਤਰ ਜਵਾਨ ਕੁੜੀਆਂ ਸਮੇਤ ਖੂਹ ਵਿਚ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕਈ ਬੱਚੇ ਅਤੇ ਔਰਤਾਂ ਮੁਸਲਮਾਨ ਲੈ ਗਏ। ਕਈਆਂ ਨੂੰ ਜ਼ਖਮੀ ਕਰ ਕੇ ਰੂੜੀਆਂ ਉੱਤੇ ਸੁੱਟ ਗਏ। ਇਨ੍ਹਾਂ ਧਾੜਵੀਆਂ ਨੇ ਬਰਾਸ ਵਾਲੇ ਜਥੇ ਦਾ ਬਦਲਾ ਲੈਣ ਦੀ ਠਾਣੀ ਸੀ। ਇਨ੍ਹਾਂ ਲੁਟੇਰਿਆਂ ਨੇ ਪਿੰਡ ਦੀਆਂ ਬੱਕਰੀਆਂ ਤੱਕ ਨਾ ਛੱਡੀਆਂ। ਕੁਝ ਦਿਨਾਂ ਬਾਅਦ ਪਿੰਡ ਬਿਲਕੁਲ ਉੱਜੜ ਗਿਆ। ਪਾਕਿਸਤਾਨੀ ਫ਼ੌਜ ਦਾ ਨੁਮਾਇੰਦਾ ਸਾਰੇ ਮੁਸਲਮਾਨਾਂ ਨੂੰ ਕੱਢ ਕੇ ਲੈ ਗਿਆ। ਖੂਹ ਵਿਚੋਂ ਬਦਬੂ ਆ ਰਹੀ ਸੀ। ਹੈਲਥ ਮਹਿਕਮੇ ਨੇ ਕੁਝ ਦਵਾਈਆਂ ਸੁੱਟ ਕੇ ਉੱਪਰ ਮਿੱਟੀ ਪੁਆ ਦਿੱਤੀ।"

ਮੈਂ ਇਹ ਦਰਦਨਾਕ ਕਹਾਣੀ ਬਹੁਤ ਗੌਰ ਨਾਲ ਸੁਣ ਰਿਹਾ ਸਾਂ। ਇੱਕ ਗੱਲ ਸਮਝਣੋਂ ਮੈਂ ਹਾਲੇ ਵੀ ਅਸਮਰੱਥ ਸਾਂ ਕਿ ਨੂਰ ਵਾਰਤਾਲਾਪ ਦੌਰਾਨ ਭੁੱਬਾਂ ਮਾਰ ਕੇ ਕਿਉਂ ਰੋਂਦਾ ਹੈ? ਇਸਤੋਂ ਗੱਲ ਪੁੱਛਣੀ ਵੀ ਹੱਦ ਦਰਜੇ ਦੀ ਕਮੀਨਗੀ ਲੱਗੀ। ਦੂਸਰੇ ਪਾਸੇ ਉਹ ਮੁਸਲਮਾਨ ਸੀ ਤੇ ਮਰਨ ਵਾਲੇ ਸਭ ਹਿੰਦੂ ਜਾਂ ਸਿੱਖ ਸਨ। ਬਚਪਨ ਵਿਚ ਮੈਂ ਸੁਣਿਆ ਸੀ ਕਿ ਮੁਸਲਮਾਨ ਕੌਮ ਮੁਤੱਸਬੀ ਹੁੰਦੀ ਹੈ, ਪਰ ਦੂਸਰੇ ਪਾਸੇ ਨੂਰ ਵਰਗੇ ਫਰਿਸ਼ਤਿਆਂ ਦੀ ਵੀ ਕਮੀ ਨਹੀਂ, ਜਿਨ੍ਹਾਂ ਦੇ ਦਾਮਨ ਪਾਕਿ-ਸਾਫ਼ ਹਨ ਅਤੇ ਦੋਜ਼ਖ ਦੀ ਅੱਗ ਤੋਂ ਡਰਦੇ ਹਨ। ਮੇਰੇ ਬਚਪਨ ਦੀ ਧਾਰਨਾ ਇਸ ਲਈ ਗ਼ਲਤ ਨਿਕਲੀ। ਮੈਨੂੰ ਨੂਰ ਫਰਿਸ਼ਤਿਆਂ ਦੀ ਕਤਾਰ ਵਿਚ ਖੜ੍ਹਾ ਜਾਪਿਆ। ਫਿਰ ਉਹ ਤਰੰਗਿਤ ਮਸਤੀ ਦੇ ਰਉਂ ਵਿਚ ਬੋਲਦਾ ਗਿਆ, "ਨਮਕ ਹਲਾਲੀ ਮੁਸਲਮਾਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਮੇਰੇ ਪਿੰਡ ਦੀਆਂ ਸੁੱਚੀਆਂ ਰੂਹਾਂ, ਪਾਕੀਜ਼ਗੀ ਦੀਆਂ ਆਦਰਸ਼, ਜਤ-ਸਤ ਕਮਾਉਣ ਵਾਲੀਆਂ ਪਤਾ ਨਹੀਂ ਕਿਉਂ ਸਿਆਸੀ ਜਰਵਾਣਿਆਂ ਦੀ ਪਰਲੋ ਦਾ ਸ਼ਿਕਾਰ ਹੋ ਗਈਆਂ। ਪਾਗਲ ਹਵਾਵਾਂ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀਆਂ। ਉਹ ਗੂੜ੍ਹੀ ਨੀਂਦ ਵਿਚ ਪਈਆਂ ਹਨ, ਜਿਥੇ ਡਰ ਦੇ ਸੁਫ਼ਨੇ ਤੰਗ ਨਹੀਂ ਕਰਦੇ।"

"ਤੁਸੀਂ ਮੇਰੀ ਭਾਸ਼ਾ ਦੇ ਪਾਗਲਪਣ ਤੋਂ ਬੋਰ ਤਾਂ ਨਹੀਂ ਹੋ ਰਹੇ ਕਿ ਹੁੰਗਾਰਾ ਤੱਕ ਨਹੀਂ ਭਰਦੇ?" ਨੂਰ ਚੇਤਨਾ ਦੇ ਰਉਂ ਵਿਚ ਆਖ ਰਿਹਾ ਸੀ ਕਿ ਮੈਨੂੰ ਮੇਰੀ ਗਲਤੀ ਦਾ ਪਹਿਲੀ ਵਾਰੀ ਅਹਿਸਾਸ ਹੋਇਆ।

"ਨਹੀਂ-ਨਹੀਂ, ਨੂਰ ਮੁਹੰਮਦ ਜੀ, ਐਸੀ ਕੋਈ ਗੱਲ ਨਹੀਂ।"

"ਐਥੇ ਹੀ ਬੱਸ ਨਹੀਂ, ਲੋਕ ਇਨ੍ਹਾਂ ਰੂਹਾਂ ਨੂੰ ਮਜ਼ਾਕ ਕਰਦੇ ਰਹੇ, ਪਰ ਹੱਥ ਕੰਗਣ ਨੂੰ ਆਰਸੀ ਕੀ। ਇਕ ਵਾਰੀ ਇਕ ਸਿਰ-ਫਿਰਿਆ ਆਇਆ ਤੇ ਖੂਹ 'ਤੇ ਜਾ ਕੇ ਛੇੜਖਾਨੀ ਕਰਨ ਲੱਗਿਆ। ਇੱਟਾਂ-ਵੱਟੇ ਸੁੱਟਣ ਲੱਗਾ, ਦੇਖਦਾ ਹਾਂ, ਮੈਨੂੰ ਕੀ ਹੋ ਜਾਊ। ਪਤਾ ਨਹੀਂ, ਡੂੰਮਣੇ ਮਖਿਆਲ ਦੀਆਂ ਹਜ਼ਾਰਾਂ ਹੀ ਮੱਖੀਆਂ ਕਿਧਰੋਂ ਉਮਡ ਪਈਆਂ। ਉਸ ਉਤੇ ਝਪਟ ਪਈਆਂ, ਪਰ ਉਹ ਚੀਕਦਾ ਰਿਹਾ ਤਿੰਨ ਘੰਟੇ ਦੇ ਵਕਫੇ ਅੰਦਰ ਉਹ ਸੁੱਜ ਕੇ ਕੁੱਪਾ ਹੋ ਗਿਆ।

ਇਲਾਜ ਲਈ ਓਹੜ-ਪੋਹੜ ਕਰਦਿਆਂ ਖੂਹ ਲਾਗੇ ਹੀ ਦਮ ਤੋੜ ਗਿਆ। ਦੂਸਰੀ ਵਾਰੀ ਇਸ ਖੂਹ ਕੋਲ ਜ਼ਹਿਰੀਲਾ ਸੱਪ ਹੋਣ ਦਾ ਡਰ ਬੈਠ ਗਿਆ। ਕੋਈ ਉਧਰ ਜਾਣ ਦਾ ਨਾਂਅ ਤੱਕ ਨਹੀਂ ਸੀ ਲੈਂਦਾ। ਇਕ ਬਾਂਗਰੂ ਪਤਾ ਨਹੀਂ ਕਿਧਰੋਂ ਆਇਆ ਅਤੇ ਸੱਪ ਨੂੰ ਮਾਰ ਮੁਕਾਉਣ ਦੀ ਧਾਰ ਲਈ। ਹੱਥ ਵਿਚ ਕਰੀਰ ਦਾ ਇਕ ਵੱਡਾ ਸਾਰਾ ਮੋਹੜਾ (ਝਿੰਗ) ਲੈ ਕੇ ਲੱਗ ਪਿਆ ਸੱਪ ਦੀ ਤਲਾਸ਼ ਕਰਨ। ਉਸਨੂੰ ਕੋਸ਼ਿਸ਼ ਕਰਦਿਆਂ ਦੋ ਦਿਨ ਲੰਘ ਗਏ। ਅਖੀਰ ਦੂਸਰੇ ਦਿਨ ਸ਼ਾਮ ਨੂੰ ਸੱਪ ਨਿਕਲਿਆ। ਉਸਨੇ ਮੋਹੜੇ ਵਿਚ ਫਨੀਅਰ ਨਾਗ ਨੂੰ ਅਜਿਹਾ ਫਸਾਇਆ ਕਿ ਪਲ ਭਰ ਵਿਚ ਕੁੱਟ ਸੁੱਟਿਆ। ਬਾਂਗਰ ਗਾਲ੍ਹਾਂ ਕੱਢ ਰਿਹਾ ਸੀ, ਥਾਰੀ ਮਾਂ... ਕੀ, ਹੋਵੈ ਜਾਟ ਔਰ ਡਰੇ ਸਾਪ ਸੇ...। ਹਾਲੇ ਬਾਂਗਰੂ ਪਿੰਡ ਵਿਚ ਹੀ ਸੀ। ਇਕ ਦਿਨ ਗਰਮੀ ਅਤੇ ਮਰੋੜਾਂ ਕਾਰਨ ਪਿੱਪਲ ਹੇਠਾਂ ਸੁੱਤਾ ਪਿਆ ਸੀ। ਪਤਾ ਨਹੀਂ ਸੱਪਣੀ ਕਿਧਰੋਂ ਆਈ ਤੇ ਹੱਥ 'ਤੇ ਡੰਗ ਮਾਰ ਕੇ ਕਿਤੇ ਅਲੋਪ ਹੋ ਗਈ। ਬਾਂਗਰੂ ਦੋ ਘੰਟੇ ਵਿਚ ਹੀ ਖੱਖੜੀ-ਖੱਖੜੀ ਹੋ ਗਿਆ। ਮਰ ਗਿਆ।

ਮੈਨੂੰ ਇਨ੍ਹਾਂ ਘਟਨਾਵਾਂ ਦੇ ਕ੍ਰਮ ਵਿਚ ਵਿਧੀ ਦਾ ਵਿਧਾਨ ਛੁਪਿਆ ਨਜ਼ਰ ਆਉਣ ਲੱਗਾ। ਵੀਰਾਨ ਰਾਹਾਂ ਦੇ ਮੁਸਾਫ਼ਰ ਅਣਹੋਣੀਆਂ ਘਟਨਾਵਾਂ ਦੇ ਸ਼ਿਕਾਰ ਅਕਸਰ ਹੋ ਜਾਂਦੇ ਹਨ। ਇਕ ਅਖ਼ਬਾਰ ਦੀ ਖਬਰ ਵੀ ਰੌਂਗਟੇ ਖੜੇ ਕਰਨ ਵਾਲੀ ਸੀ। ਪੰਜ ਰਿਸ਼ਤੇਦਾਰਾਂ ਦਾ ਗਰੁੱਪ ਜੰਮੂ ਤੋਂ ਆਪਣੇ ਬਾਪ ਦੇ ਫੁੱਲ ਉਤਾਰਨ ਹਰਦਵਾਰ ਜਾ ਰਿਹਾ ਸੀ ਕਿ ਗੋਬਿੰਦਗੜ੍ਹ ਵਿਖੇ ਪੰਜ ਦੇ ਪੰਜ ਹੀ ਸੜਕ ਦੁਰਘਟਨਾ ਵਿਚ ਮਾਰੇ ਗਏ। ਨਾ ਮੌਤ ਨੇ ਸੁਚੇਤ ਹੋਣ ਦਾ ਮੌਕਾ ਦਿੱਤਾ ਅਤੇ ਨਾ ਹੀ ਕੋਈ ਸਬੱਬ ਬਣਿਆ।

ਮੈਨੂੰ ਨੂਰ ਮੁਹੰਮਦ ਦੀਆਂ ਕ੍ਰਮਵਾਰ ਘਟਨਾਵਾਂ ਦਾ ਵੇਰਵਾ ਇਕ ਦੈਵੀ ਕਰੋਪ ਲੱਗਿਆ। ਠੀਕ ਹੈ, ਤਰਕਸ਼ੀਲਾਂ ਨੂੰ ਮੰਨਣ ਲਈ ਪਦਾਰਥਵਾਦੀ ਸਬੂਤ ਚਾਹੀਦਾ ਹੈ, ਪਰ ਅਹਿਸਾਸਾਂ ਵਿਚ ਜਾਗਦਾ ਤਰੰਗਿਤ ਜਜ਼ਬਾ ਕਿਸੇ ਸਬੂਤ ਦਾ ਮੁਹਤਾਜ ਨਾ ਹੋ ਕੇ ਹਮਦਰਦੀ, ਪਿਆਰ ਜਾਂ ਅਥਾਹ ਲਗਾਉ ਦਾ ਸੋਮਾ ਹੈ। ਕਈ ਤਰਕਸ਼ੀਲ ਵੀ ਤਰਕ ਤੋਂ ਭਾਵ ਗ਼ਲਤ ਕੱਢਦੇ ਹਨ, ਜੋ ਕਦੇ-ਕਦਾਈਂ ਬੇਵਕੂਫੀ ਤੋਂ ਵੱਧ ਕੁਝ ਨਹੀਂ ਹੁੰਦਾ। ਤਰਕਸ਼ੀਲ ਵਿਚਾਰੇ ਵਿਗਿਆਨ ਵੀ ਪਤਾ ਨਹੀਂ ਕਿਹੜੇ ਯੁੱਗ ਦੀ ਲਈ ਫਿਰਦੇ ਹਨ।

# ਬਚਪਨ ਦੀਆਂ ਯਾਦਾਂ ਦਾ ਨਿਰਾਲਾ ਸਕੂਨ

**ਜਦੋਂ ਉਨ੍ਹਾਂ ਤੋਂ ਭੱਜਣ ਵਾਲਾ ਸੀਨ ਨਾ ਹੋਇਆ ਤਾਂ ਮੈਂ ਕਿਹਾ, "ਮੈਂ ਸੀਤਾ ਬਣੂੰਗੀ।" ਸਾਰਿਆਂ ਨੇ ਦਵਾ ਸੱਟ ਹਾਮੀ ਭਰੀ। ਏਨੇ ਨੂੰ ਕੋਲ ਖੜ੍ਹਾ ਮੇਰਾ ਭਰਾ ਚੀਕਿਆ, "ਨਈਂ ਓਏ ਮੇਰੀ ਭੈਣ ਸੀਤਾ ਨਹੀਂ ਬਣੂੰਗੀ।" ਬਸ ਏਸੇ ਰਾਮ ਰੌਲੇ 'ਚ ਸਾਰੇ ਰਾਮ ਲੀਲਾ ਭੁੱਲ ਕੇ ਫੇਰ ਪਿੱਠੂ ਗਰਮ ਖੇਡਣ ਲੱਗ ਪਏ।**

**ਕਮਲ ਦੁਸਾਂਝ**

ਬੇਟਾ ਅਜ਼ਲ ਖਿੜਕੀ 'ਚ ਬੈਠਾ ਸਾ ਰੇ ਗਾ ਮਾ...ਸੁਰ ਅਲਾਪ ਰਿਹਾ ਸੀ। ਨਵਾਂ ਨਵਾਂ ਸਕੂਲ 'ਚੋਂ ਸਿੱਖ ਕੇ ਆਇਆ ਸੀ। ਸੁਰ ਵੀ ਵਧੀਆ ਕੱਢ ਰਿਹਾ ਸੀ। ਦੋ ਮਿੰਟ ਉਹਨੂੰ ਸੁਣਨ ਤੋਂ ਬਾਅਦ ਮੇਰਾ ਧਿਆਨ ਆਪਣੇ ਕੰਮ ਵਲ ਹੋ ਗਿਆ। ਏਨੇ ਨੂੰ ਬੇਟੀ ਅਦਬ ਦਾ ਵੀ ਰੌਲਾ ਮੇਰੇ ਕੰਨੀਂ ਪਿਆ। ਦੋਵੇਂ ਕਿਸੇ ਗੱਲੋਂ ਲੜ ਰਹੇ ਸਨ। ਇਕ-ਦੂਜੇ ਦੀ ਸ਼ਿਕਾਇਤ ਲੈ ਮੇਰੇ ਮੂਹਰੇ ਆ ਖੜੇ ਹੋਏ। ਬੇਟਾ ਗੁੱਸੇ 'ਚ ਬੋਲ ਰਿਹਾ ਸੀ, "ਮਮਾ ਇਹਨੂੰ ਸਮਝਾ ਲਓ ਮੈਨੂੰ ਤੰਗ ਕਰਦੀ ਐ।"

ਬੇਟੀ ਨਾਲ ਹੀ ਬੀਂਡੇ ਵਾਂਗ ਟੁਣਕਦੀ ਬੋਲੀ, "ਮੈਂ ਵੀ ਤਾਂ ਗਾਣਾ ਹੁੰਦੈ।" ਮੈਂ ਦੋਹਾਂ ਨੂੰ ਚੁੱਪ ਕਰਾ ਕੇ ਉਨ੍ਹਾਂ ਦੇ ਲੜਨ ਦੀ ਵਜ੍ਹਾ ਪੁੱਛੀ। "ਮਮਾ ਦੇਖੋ ਮੈਂ ਸਰਗਮ ਦੀ ਪ੍ਰੈਕਟਿਸ ਕਰ ਰਿਹਾਂ ਤੇ ਇਹ ਮੇਰੀ ਨਕਲ ਕਰਦੀ ਐ।" ਮੈਂ ਦੋਹਾਂ ਵਿਚਾਲੇ ਜੱਜ ਬਣੀ ਬੈਠੀ ਨੇ ਬੇਟੀ ਨੂੰ ਪੁੱਛਿਆ ਤਾਂ ਉਹਨੇ ਵੀ ਆਪਣੀ ਸੁਰ ਛੇੜੀ, "ਸਾ ਰੇ ਗਾ ਮਾ ਪਾ ਦੇ ਲਾ ਲਾ।' ਮੈਨੂੰ ਪਹਿਲਾਂ ਸਮਝ ਨਾ ਆਈ। ਦੁਬਾਰਾ ਉਸ ਤੋਂ ਸੁਣਿਆ। ਉਹਦੇ ਸ਼ਬਦ ਸੁਣ ਕੇ ਮੇਰਾ ਜ਼ੋਰ ਦੀ ਹਾਸਾ ਨਿਕਲ ਗਿਆ। ਬੇਟਾ ਮੇਰੇ ਵਲ ਰੋਣੀ ਸੂਰਤ ਬਣਾ ਕੇ ਦੇਖਣ ਲੱਗਾ ਤਾਂ ਮੈਂ ਉਹਦੀ ਭਾਵਨਾ ਸਮਝ ਗਈ। ਮੈਂ ਦੋਹਾਂ ਨੂੰ ਹੋਰ ਖੇਡੇ ਪਾ ਕੇ ਗੱਲ ਭੁਲਾ ਦਿੱਤੀ। ਪਰ 'ਕੱਲੀ ਬੈਠੀ ਦਾ ਬਦੋ ਬਦੀ ਹਾਸਾ ਨਿਕਲੀ ਜਾਵੇ। ਅੰਦਰੋਂ ਅੰਦਰੀਂ ਮੈਂ ਵੀ ਗੁਣਗੁਣਾ ਰਹੀ ਸੀ, "ਸਾਰੇ ਗਾਮਾ ਪੌਂਦੇ ਲਾ ਲਾ।" ਏਨੇ ਨੂੰ ਦੋਹਾਂ ਦਾ ਫੇਰ ਝਗੜਾ ਸ਼ੁਰੂ। ਦੋਹੇਂ ਹਨੂੰਮਾਨ ਤੇ ਰਾਵਣ ਦੇ ਮਖੌਟੇ ਚੁੱਕੀ ਲੜ ਰਹੇ ਸਨ-ਮੈਂ ਹਨੂੰਮਾਨ ਬਣਨੈ, ਮੈਂ ਰਾਵਣ ਬਣਨੈ।'

ਅੱਜ-ਕੱਲ੍ਹ ਤਾਂ ਹਰ ਬੱਚਾ ਸ਼ਕਤੀਸ਼ਾਲੀ ਪਾਤਰ ਤੋਂ ਹੀ ਜ਼ਿਆਦਾ ਪ੍ਰਭਾਵਤ ਹੁੰਦੈ। ਕੜਕਦੀ ਆਵਾਜ਼ 'ਚ ਬੋਲਣ ਵਾਲਾ ਤੇ ਡਿਸ਼ੂੰ ਡਿਸ਼ੂੰ ਵਾਲੇ ਪਾਤਰ ਉਨ੍ਹਾਂ ਦੇ ਮਾਡਲ ਨੇ। ਆਦਰਸ਼ਵਾਦੀ ਪਾਤਰ ਤਾਂ ਉਨ੍ਹਾਂ ਨੂੰ ਕਮਜ਼ੋਰ ਲਗਦੇ ਨੇ। ਦੋਹਾਂ ਦੇ ਰਾਮ ਰੌਲੇ ਤੋਂ ਮੈਨੂੰ ਆਪਣੇ ਬਚਪਨ ਦੇ ਦਿਨ ਚੇਤੇ ਆ ਗਏ। ਮੈਂ ਤੇ ਮੈਥੋਂ ਦੋ ਸਾਲ ਵੱਡਾ ਭਰਾ, ਹਰ ਵੇਲੇ ਰਹਿੰਦੇ ਵੀ 'ਕੱਠੇ ਤੇ ਸਾਰਾ ਦਿਨ ਜੂਤ-ਪਤਾਂਗ। ਉਹਦੇ ਬੰਟਿਆਂ, ਗੁੱਲੀ ਡੰਡੇ, ਬੈਟ-ਬਾਲ 'ਤੇ ਮੈਂ ਹੱਕ ਜਤਾਉਂਦੀ। ਕਲੋਨੀ 'ਚ 7-8 ਘਰਾਂ ਨਾਲ ਹੀ ਜ਼ਿਆਦਾ ਸਾਂਝ ਸੀ। ਇਨ੍ਹਾਂ ਪਰਿਵਾਰਾਂ 'ਚ ਮੇਰੇ ਹਾਣ ਦੀ ਕੋਈ ਕੁੜੀ ਵੀ ਨਹੀਂ ਸੀ। ਘਰ ਦੇ ਬਾਹਰ ਜਦੋਂ ਹੋਰ ਕੁੜੀਆਂ ਪੀਚੋ ਤੇ ਗੀਟੇ ਖੇਡਦੀਆਂ ਤਾਂ ਮੈਨੂੰ ਭੋਰਾ ਦਿਲਚਸਪੀ ਨਾ ਹੋਣੀ। ਜਦੋਂ ਮੇਰੇ ਭਰਾ ਤੇ ਉਹਦੇ 10-12 ਦੋਸਤਾਂ ਨੇ ਖੇਡਣਾ ਤਾਂ ਵਿਚ ਪੀਂਘਾ ਪਾ ਕੇ ਬਹਿ ਜਾਣਾ। ਮੈਨੂੰ ਨਾਲ ਖਿਡਾਉਣਾ ਉਨ੍ਹਾਂ ਦੀ ਮਜ਼ਬੂਰੀ ਬਣ ਜਾਣੀ, ਨਹੀਂ ਤਾਂ ਘਰਦਿਆਂ ਤੋਂ ਪੈਂਦੀਆਂ ਸਨ। ਮੈਂ ਸਾਰਿਆਂ 'ਚ ਕੱਲੀ ਪ੍ਰਧਾਨ। ਮੈਨੂੰ ਟਰਕਾਉਣ ਲਈ ਸਭ ਤੋਂ ਪਹਿਲਾਂ ਮੇਰੀ ਵਾਰੀ ਦੇ ਕੇ ਇਕ ਪਾਸੇ ਬਿਠਾ ਦੇਣਾ। ਬੰਟੇ ਖੇਡਣ ਲੱਗਿਆਂ ਮੈਨੂੰ ਵੱਖਰੀ ਖੁੱਤੀ ਬਣਾ ਕੇ ਦੇਣੀ। ਫੇਰ ਵੀ ਮੈਂ ਕਿੱਥੇ ਟਲਦੀ ਸੀ। 'ਕੱਲੇ ਖੇਡਣ ਦਾ ਮਜ਼ਾ ਹੀ ਨਹੀਂ ਸੀ ਆਉਂਦਾ। ਨਿਸ਼ਾਨਾ ਮੈਥੋਂ ਲੱਗਦਾ ਨਹੀਂ ਸੀ, ਹਾਰ ਕੇ ਉਨ੍ਹਾਂ ਦੇ ਬੰਟੇ ਚੁੱਕ ਕੇ ਭੱਜ ਜਾਣਾ। ਦੁਸਹਿਰੇ ਦੇ ਦਿਨ ਸਨ। ਸ਼ੁਕਰ ਐ ਉਨ੍ਹਾਂ ਦਿਨਾਂ 'ਚ ਟੀ.ਵੀ. ਦਾ ਭੂਤ ਸਵਾਰ ਨਹੀਂ ਸੀ। ਰਾਤ ਨੂੰ ਦੂਰ ਦੂਰ ਤੱਕ ਛੂਹ ਛਲਾਈਆਂ ਜਾਂ ਲੁਕਣਮੀਟੀ ਖੇਡਣਾ। ਹੁਣ ਮੈਂ ਆਪਣੇ ਬੱਚਿਆਂ ਨੂੰ ਨੇਰ੍ਹਾ ਹੋਣ ਤੋਂ ਪਹਿਲਾਂ ਈ ਅੰਦਰ ਤਾੜ ਦਿੰਨੀ ਆਂ ਤੇ ਉਦੋਂ ਰਾਤ ਤਕ ਤੱਕ ਖੇਡਦਿਆਂ ਕੋਈ ਡਰ ਨਹੀਂ ਸੀ ਲੱਗਦਾ। ਅਸੀਂ ਲੁਕਣਮੀਟੀ ਖੇਡਦੇ ਖੇਡਦੇ ਰਾਮ ਲੀਲਾ ਖੇਡਣ ਲੱਗ ਪਏ। ਮਿੰਟੋ-ਮਿੰਟੀ ਸਭ ਨੇ ਆਪਣਾ ਆਪਣਾ ਪਾਤਰ ਚੁਣ ਲਿਆ। ਕੋਈ ਰਾਮ, ਕੋਈ ਰਾਵਣ, ਕੋਈ ਬਾਲੀ, ਕੋਈ ਹਨੂੰਮਾਨ, ਕੋਈ ਲਛਮਣ। ਨਿਯਮ ਕੋਈ ਨਹੀਂ ਸੀ ਜਿਹਦਾ ਜੋ ਜੀਅ ਕਰਦਾ ਬੋਲੀ ਜਾਵੇ। ਫੇਰ ਰਾਵਣ ਤੇ ਸੀਤਾ ਦਾ ਸੀਨ ਸ਼ੁਰੂ ਹੋ ਗਿਆ। ਇਕ ਮੁੰਡਾ ਸੀਤਾ ਬਣਿਆ ਤੇ ਦੂਜਾ ਰਾਵਣ ਬਣ ਕੇ ਉਹਨੂੰ ਚੁੱਕਣ ਆਇਆ। ਦੋ-ਚਾਰ ਡਾਇਲਾਗ ਮਾਰ ਕੇ 'ਰਾਵਣ' ਜਦੋਂ 'ਸੀਤਾ' ਨੂੰ ਚੁੱਕ ਕੇ ਭੱਜਣ ਲੱਗਾ ਤਾਂ ਦੋਵੇਂ ਤਾੜ ਦੇਣੀ ਮੂਧੇ ਮੂੰਹ ਡਿੱਗੇ। ਮੈਂ ਵਿਚ ਖੜ੍ਹੀ ਆਪਣਾ ਰੌਲਾ ਪਾ ਰਹੀ ਸੀ। ਜਦੋਂ ਉਨ੍ਹਾਂ ਤੋਂ ਭੱਜਣ ਵਾਲਾ ਸੀਨ ਨਾ ਹੋਇਆ ਤਾਂ ਮੈਂ ਕਿਹਾ, "ਮੈਂ ਸੀਤਾ ਬਣੂੰਗੀ।" ਸਾਰਿਆਂ ਨੇ ਦਬਾ ਸੱਟ ਹਾਮੀ ਭਰੀ। ਏਨੇ ਨੂੰ ਕੋਲ ਖੜ੍ਹਾ ਮੇਰਾ ਭਰਾ ਚੀਕਿਆ, "ਨਈਂ ਓਏ ਮੇਰੀ ਭੈਣ ਸੀਤਾ ਨਹੀਂ ਬਣੂੰਗੀ।" ਬਸ ਏਸੇ ਰਾਮ ਰੌਲੇ 'ਚ ਸਾਰੇ ਰਾਮ ਲੀਲਾ ਭੁੱਲ ਕੇ ਫੇਰ ਪਿੱਠੂ ਗਰਮ ਖੇਡਣ ਲੱਗ ਪਏ।

ਮੈਂ ਅੱਜ ਵੀ ਆਪਣੇ ਭਰਾ ਨੂੰ ਛੇੜਦੀ ਆਂ, ਕਿਵੇਂ ਬੋਲਦਾ ਸੀ, 'ਮੇਰੀ ਭੈਣ ਸੀਤਾ ਨਹੀਂ ਬਣੂੰਗੀ।' ਕਈ ਸਾਲ ਹੋ ਗਏ ਇਸ 'ਧਮਾਲ ਚੌਕੜੀ' ਨੂੰ ਪਰ ਆਪਣੀਆਂ ਸ਼ਰਾਰਤਾਂ ਯਾਦ ਆਉਂਦਿਆਂ ਹੀ ਸਭ ਦੇ ਚਿਹਰੇ ਓਵੇਂ ਹੀ ਅੱਖਾਂ ਸਾਹਵੇਂ ਆ ਜਾਂਦੇ ਨੇ। ਮੇਰੇ ਵਾਂਗ ਵਿਚਾਰੇ ਨੂੰ ਖੇਡਣਾ ਤਾਂ ਆਉਂਦਾ ਨਹੀਂ, ਪਰ ਮਾਂ-ਪੁੱਤ ਬੈੱਡ 'ਤੇ ਬੈਠ ਕੇ ਕਦੇ ਕਦੇ ਨਿਸ਼ਾਨੇ ਲਾ ਕੇ ਰੂਹ ਖੁਸ਼ ਕਰ ਲੈਨੇ ਆਂ ਤੇ ਬੇਟੀ ਵੀ ਨਾਲ ਈ ਆ ਖੇਡਣ ਲੱਗਦੀ ਐ। ਫੇਰ ਮੈਂ ਇਨ੍ਹਾਂ ਨਾਲ ਖੇਡਦਿਆਂ ਕਦੇ ਕਦੇ ਅਜ਼ਲ ਤੇ ਅਦਬ ਨੂੰ ਛੇੜਦੀ ਆਂ- 'ਸਾਰੇ ਗਾਮਾ ਪੌਂਦੇ ਲਾ ਲਾ'।

# ਪੰਥ ਦੀ ਗੁਰੁਤਾ-ਸਾਮਯਿਕ ਦ੍ਰਿਸ਼ਟੀਕੋਣ

**ਗਿਆਨ-ਗੋਸ਼ਟਿ**

*ਡਾ. ਹਰਭਜਨ ਸਿੰਘ ਗੁਰਬਾਣੀ ਅਤੇ ਗੁਰਮਤਿ ਦੇ ਗੂੜਗਿਆਨੀ ਅਤੇ ਪ੍ਰਵਾਨਿਤ ਵਿਦਵਾਨ ਹਨ। ਗੁਰਮਤਿ ਵਿਚਾਰਧਾਰਾ ਬਾਰੇ ਉਨ੍ਹਾਂ ਦਾ ਇਕ ਲੇਖ ਅਸੀਂ ਪਹਿਲਾਂ ਵੀ ਛਾਪ ਚੁਕੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਨੇਹੇ ਬਾਰੇ ਉਨ੍ਹਾਂ ਦਾ ਇਹ ਲੇਖ ਗੁਰਬਾਣੀ ਦੇ ਵਿਚਾਰਵਾਨਾਂ ਦੀ ਨਜ਼ਰ ਹੈ। ਲੇਖ ਲੰਮਾ ਹੋਣ ਕਰਕੇ ਦੋ ਅੰਕਾਂ ਵਿਚ ਛਾਪਿਆ ਜਾ ਰਿਹਾ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

'ਧਰਮ' ਅਤੇ 'ਪੰਥ' ਦੇ ਸੰਬੰਧ ਵਿਚ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਗੁਰਮਤਿ ਵਿਚਾਰਧਾਰਾ ਵਿਚ ਧਾਰਮਿਕ ਬਿਖਰਾਅ ਨਿੰਦਿਤ ਹੈ, ਕਿਉਂਕਿ ਇਕੋ ਧਰਮ ਦੇ ਬਿਖਰਾਅ ਨਾਲ ਮਨੁੱਖਤਾ ਵਿਭਾਜਿਤ ਹੋ ਜਾਂਦੀ ਹੈ, ਪਰ ਨਵੀਨ ਪੰਥ ਦਾ ਆਗਮਨ ਨਿੰਦਿਤ ਨਹੀਂ, ਕਿਉਂਕਿ ਵੱਖਰੇ ਰਾਹ 'ਤੇ ਚੱਲ ਕੇ ਕੋਈ ਵਿਅਕਤੀ 'ਮਾਨਵ ਧਰਮ' ਵਿਚ ਵਿਲੀਨ ਹੋ ਜਾਵੇ ਤਾਂ ਇਸ ਨਾਲ ਮਨੁੱਖਤਾ ਵਿਚ ਕੋਈ ਬਿਖਰਾਅ ਨਹੀਂ ਪੈਦਾ ਹੁੰਦਾ। ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ, ਪੰਥ ਚਲੈ ਤਬ ਜਗਤ ਮਹਿ ਜਬ ਤੁਮ ਕਰਹੁ ਸਹਾਇ, ਮਾਰਿਆ ਸਿੱਖਾ ਜਗਤ ਵਿਚ ਨਾਨਕ ਨਿਰਮਲ

**ਡਾ. ਹਰਭਜਨ ਸਿੰਘ**

ਪੰਥ ਚਲਾਇਆ, ਪੰਥ ਪ੍ਰਚੁਰ ਕਰਬੇ ਕਉ ਸਾਜਾ ਆਦਿ ਅਨੇਕਾਂ ਕਥਨਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਪੰਥ ਰੂਪ ਨਵੀਨ ਧਾਰਮਿਕ ਪੰਥ ਦੀ ਸਥਾਪਿਤੀ ਵਾਸਤੇ ਗੁਰੂ ਜੀ ਨੇ ਨਾ ਕੇਵਲ ਦਸਾਂ ਸਰੂਪਾਂ ਵਿਚ ਭਰਪੂਰ ਯਤਨ ਕੀਤੇ ਹਨ, ਬਲਕਿ ਅਨੇਕਾਂ ਪਿਆਰਿਆਂ ਦੀਆਂ ਸ਼ਹਾਦਤਾਂ ਵੀ ਦਿਤੀਆਂ ਹਨ। ਹਿੰਦੁਸਤਾਨ ਵਿਚ ਔਰੰਗਜ਼ੇਬ ਦੁਆਰਾ ਇਕੋ ਪੰਥ ਕਰਨ ਦੀ ਨੀਤੀ ਦਾ ਵਿਰੋਧ ਕਰਦਿਆਂ ਵੀ ਉਨ੍ਹਾਂ ਤੀਸਰੇ ਪੰਥ ਦੇ ਆਗਮਨ ਨੂੰ ਸਵਾਗਤਯੋਗ ਕਰਾਰ ਦੇ ਕੇ ਦੋ ਤੋਂ ਤਿੰਨ ਪੰਥ ਕਰਨ ਦੀ ਵਚਨਬਧਤਾ ਦਾ ਸੰਕਲਪ ਦ੍ਰਿੜ੍ਹਤਾ ਸਹਿਤ ਸਪਸ਼ਟ ਕਰ ਦਿਤਾ ਸੀ। ਜ਼ਾਹਿਰ ਹੈ ਕਿ ਗੁਰੂ ਜੀ ਨਵੇਂ ਪੰਥ ਦੇ ਆਗਮਨ ਨੂੰ ਸਵਾਗਤਯੋਗ ਮੰਨਦੇ ਸਨ, ਹਾਨੀਕਾਰਕ ਨਹੀਂ। ਧਰਮ ਦੇ ਸੰਬੰਧ ਵਿਚ ਉਨ੍ਹਾਂ ਦੀ ਵਿਚਾਰਧਾਰਾ ਇਹ ਨਹੀਂ ਸੀ। ਧਰਮ ਦਾ ਵਿਭਾਜਿਤ ਹੋਣਾ ਜਾਂ ਧਰਮ ਦੇ ਨਿਆਰੇ-ਨਿਆਰੇ ਰੂਪਾਂ ਦਾ ਪ੍ਰਗਟਾਅ ਉਨ੍ਹਾਂ ਵਾਸਤੇ ਚਿੰਤਾ ਦਾ ਵਿਸ਼ਾ ਸੀ। ਇਸੇ ਗੁਰੂ-ਚਿੰਤਨ ਨੂੰ ਧਿਆਨ ਵਿਚ ਰਖ ਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਆਪੇ ਥਾਪੀ ਹੋਇਕੈ
ਨਿਆਰੇ ਨਿਆਰੇ ਧਰਮ ਚਲਾਵੈ॥

ਇੰਞ ਗੁਰੂ ਜੀ ਦੀ ਵਿਚਾਰਧਾਰਾ ਅਨੁਸਾਰ 'ਧਰਮ' ਅਤੇ 'ਪੰਥ' ਵਖ-ਵਖ ਹਨ। ਧਰਮ ਅਵਿਭਾਜਿਤ ਹੈ, ਜਿਸ ਦਾ ਵਿਭਾਜਨ ਚਿੰਤਜਨਕ ਹੈ, ਜਦੋਂ ਕਿ ਨਵੀਨ 'ਪੰਥ' ਦਾ ਉਦਗਮ ਸੁਖਦ ਅਤੇ ਸਵਾਗਤਯੋਗ ਹੈ। ਧਰਮ ਦੇ ਵਿਭਾਜਨ ਨਾਲ ਮਨੁੱਖ-ਜੀਵਨ ਦੀ ਮੰਜ਼ਿਲ ਵਿਭਾਜਿਤ ਹੋ ਜਾਂਦੀ ਹੈ, ਪੰਥ ਦੇ ਆਗਮਨ ਨਾਲ ਮੰਜ਼ਿਲ ਅਪ੍ਰਭਾਵਿਤ ਰਹਿੰਦੀ ਹੈ, ਕੇਵਲ ਮੰਜ਼ਿਲ-ਪ੍ਰਾਪਤੀ ਲਈ ਇਕ ਹੋਰ ਸਿਧੇ, ਸਰਲ, ਯੁਕਤੀ-ਸੰਗਤ, ਨਵੀਨ ਅਤੇ ਸੁਖੈਨ ਰਸਤੇ ਦੀ ਖੋਜ ਫਲੀਭੂਤ ਹੁੰਦੀ ਹੈ। ਦੂਸਰੇ ਧਾਰਮਿਕ ਮੱਤਾਂ ਵਿਚ ਹਮੇਸ਼ਾ ਇਹ ਸੰਕੀਰਣਤਾ ਵਿਦਮਾਨ ਰਹੀ ਹੈ ਕਿ, ਜੇ ਉਨ੍ਹਾਂ ਨੇ ਮਨੁੱਖਤਾ ਦੀ ਮੰਜ਼ਿਲ ਨੂੰ ਵਿਭਾਜਿਤ ਕਰਨ ਦੇ ਪਰਤੱਖ ਯਤਨ ਨਾ ਵੀ ਕੀਤੇ ਹੋਣ, ਤਾਂ ਵੀ ਇਸ ਦੀ ਏਕਤਾ ਵਾਸਤੇ ਭਰਪੂਰ ਯਤਨ ਨਹੀਂ ਕੀਤੇ। ਕਿਸੇ ਪੰਥ ਨੇ ਰੱਬ ਨੂੰ ਸਤਵੇਂ ਆਕਾਸ਼ ਉਤੇ ਬਿਠਾ ਦਿੱਤਾ, ਕਿਸੇ ਨੇ ਇੰਦ੍ਰ-ਲੋਕ ਸਿਰਜ ਲਏ ਅਤੇ ਕਿਸੇ ਨੇ ਸਿਰਫ਼ ਆਪਣੇ ਲੋਕਾਂ ਵਾਸਤੇ ਸੁਰਗ ਦੇ ਰਾਜ ਦੀਆਂ ਸਾਰੀਆਂ ਸੀਟਾਂ ਰਿਜ਼ਰਵ ਕਰ ਲਈਆਂ। ਹਰ ਕਿਸੇ ਨੇ ਆਪਣੇ ਸਮੁਦਾਇ ਦੇ ਲੋਕਾਂ ਵਾਸਤੇ ਸਵਰਗ ਰਾਖਵੇਂ ਕਰ ਲਏ ਅਤੇ ਦੂਜੇ ਮੱਤਾਂ ਦੇ ਲੋਕਾਂ ਵਾਸਤੇ ਨਰਕਾਂ ਦੀ ਅਗਨੀ ਪ੍ਰਚੰਡ ਕਰ ਕੇ ਬੈਠ ਗਏ। ਗੁਰੂ ਜੀ ਨੇ ਸਤਵੇਂ ਆਕਾਸ਼ ਤੇ ਬਿਰਾਜਮਾਨ ਰੱਬ ਨੂੰ ਪ੍ਰਕ੍ਰਿਤੀ ਵਿਚ ਬਿਠਾ ਦਿੱਤਾ। ਨਾ ਸਤਵੇਂ ਆਕਾਸ਼ ਤੇ ਜਾਣ ਦੀ ਲੋੜ ਰਹੀ, ਨਾ ਤਿੰਨ ਲੋਕਾਂ ਦੀ ਭਟਕਣਾ ਦੇ ਚੱਕਰ ਰਹਿ ਗਏ। ਸਵਰਗ-ਨਰਕ ਦੇ ਵਿਚਾਰਾਂ ਨੂੰ ਮੂਲੋਂ ਉਖਾੜ ਦਿੱਤਾ। ਰੱਬ ਨੂੰ ਹਰ ਜੀਵ ਦੇ ਹਿਰਦੇ ਵਿਚ ਵਿਖਾਲ ਦਿੱਤਾ ਅਤੇ ਸਦ-ਗੁਣਾਂ ਦੀ ਪ੍ਰਾਪਤੀ ਨੂੰ ਸਾਰਿਆਂ ਲਈ ਜੀਵਨ-ਲਕਸ਼ ਬਣਾ ਦਿੱਤਾ। ਸਦ-ਗੁਣਾਂ ਦੀ ਪ੍ਰਾਪਤੀ ਹੀ ਧਰਮ ਦੀ ਪ੍ਰਾਪਤੀ ਹੋ ਗਈ। ਸਮੂਹ ਮਾਨਵਤਾ ਦੀ ਇਹ ਇਕੋ ਅਖੰਡ ਅੰਤਿਮ-ਮੰਜ਼ਿਲ ਬਣ ਗਈ। ਸਦ-ਗੁਣਾਂ ਨਾਲ ਇਕਮਿਕਤਾ ਹੀ ਗੁਣੀ-ਨਿਧਾਨ ਪ੍ਰਭੂ ਵਿਚ ਅਭੇਦਤਾ ਮੰਨ ਲਈ ਗਈ। ਇੰਞ ਉਹ ਮਨੁੱਖ ਜੋ ਪਰਲੋਕ ਵਿਚ ਵੀ ਸੰਕੀਰਣ ਸੋਚ ਦਾ ਸ਼ਿਕਾਰ ਹੋਇਆ ਵਖ-ਵਖ ਡਬਿਆਂ ਵਿਚ ਬੰਦ ਬੈਠਾ ਸੀ, ਧਰਤੀ ਉਤੇ ਹੀ ਉਸ ਨੂੰ ਇਕ ਕਰਨ ਵਾਲਾ ਵਿਚਾਰ ਗੁਰੂ ਜੀ ਨੇ ਧਰਮ ਅਤੇ 'ਪੰਥ' ਸੰਬੰਧੀ ਨਵੀਨ ਚਿੰਤਨ ਦੁਆਰਾ ਪ੍ਰਦਾਨ ਕੀਤਾ ਸੀ। ਬਿਚਿਤ੍ਰ ਨਾਟਕ ਵਿਚ ਵਖ-ਵਖ ਮਹਾਪੁਰਖਾਂ ਦੁਆਰਾ ਸਥਾਪਿਤ ਧਾਰਮਿਕ ਮੱਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਥ ਦੀ ਸੰਗਿਆ ਦਿੰਦੇ ਹਨ, ਯਥਾ-

ਜੇ ਕੋ ਹੋਤਿ ਭਯੋ ਜਗ ਸਿਆਨਾ।
ਤਿਨ ਤਿਨ ਅਪਨੋ ਪੰਥ ਚਲਾਨਾ।....
ਮਹਾਦੀਨਿ ਤਬ ਪ੍ਰਭ ਉਪਰਾਜਾ।
ਅਰਬ ਦੇਸ ਕੋ ਕੀਨੋ ਰਾਜਾ।
ਤਿਨ ਭੀ ਏਕ ਪੰਥ ਉਪਰਾਜਾ।
ਲਿੰਗ ਬਿਨਾ ਕੀਨੇ ਸਭ ਰਾਜਾ।

ਦੂਜੇ ਪਾਸੇ ਧਰਮ ਸੰਬੰਧੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਵਿਸ਼ਵ-ਵਿਆਪੀ ਹੈ। ਉਨ੍ਹਾਂ ਨੇ ਦਸਿਆ ਕਿ ਉਹ ਕਿਸੇ ਸੰਕੀਰਣ ਅਤੇ ਛੋਟੇ ਧਰਮ ਦੀ ਬਹਾਲੀ ਵਾਸਤੇ ਜਗਤ ਵਿਚ ਨਹੀਂ ਭੇਜੇ ਗਏ, ਬਲਕਿ ਉਨ੍ਹਾਂ ਨੂੰ ਦੈਵੀ ਆਦੇਸ਼ ਹੋਇਆ ਹੈ ਕਿ ਉਹ ਇਕੋ ਵਿਆਪਕ ਮਾਨਵੀ ਧਰਮ ਦਾ ਵਿਸਤਾਰ ਜਿਥੇ-ਕਿਥੇ ਭਾਵ ਹਰ ਸਥਾਨ ਤਕ ਕਰਨ-

ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਸਭਨ ਕੋ ਮੂਲ ਉਪਾਰੋ।

ਇਸੇ ਤਰ੍ਹਾਂ ਜਦੋਂ ਉਹ ਕਹਿੰਦੇ ਹਨ- ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ। ਤਾਂ ਇਹ ਦ੍ਰਿਸ਼ਟੀਕੋਣ ਪੰਥਕ ਨਹੀਂ, ਵਿਸ਼ਵ-ਵਿਆਪੀ ਹੈ। ਸਭ ਸਥਾਨਾਂ ਤੇ ਇਕੋ ਧਰਮ ਦਾ ਵਿਸਤਾਰ ਕਰਨਾ ਹੈ ਅਤੇ ਸਭ ਧਰਮ-ਵਿਨਾਸ਼ਕ ਸ਼ਕਤੀਆਂ ਨੂੰ ਪੂਰੇ ਵਿਸ਼ਵ ਵਿਚੋਂ ਨਸ਼ਟ ਕਰਨਾ ਹੈ। ਇਹ ਸਾਰੀ ਸਮੀਖਿਆ 'ਧਰਮ' ਅਤੇ 'ਪੰਥ' ਦਾ ਭੇਦ ਸਪਸ਼ਟ ਕਰ ਦੇਂਦੀ ਹੈ। ਅਸੀਂ ਉਪਰ ਵਿਚਾਰ ਕਰ ਆਏ ਹਾਂ ਕਿ ਗੁਰੂ ਦਾ ਇਕ ਅੰਗ ਪੂਰੇ ਵਿਸ਼ਵ ਦੀ ਮਨੁੱਖਤਾ ਦੀ ਅਗਵਾਈ ਕਰਦਾ ਹੈ ਅਤੇ ਦੂਜਾ ਅੰਗ ਪਰਿਪੂਰਨ ਨਵੀਨ ਪੰਥ ਦੀ ਸਿਰਜਣਾ ਅਤੇ ਵਿਕਾਸ ਕਰਦਾ ਹੈ। ਸ਼ਬਦ ਜਾਂ ਜੋਤਿ ਰੂਪ ਗੁਰੂ ਦਾ ਪਹਿਲਾ ਅੰਗ ਨਿਰਾਕਾਰ ਅਥਵਾ ਅਸਰੀਰੀ ਹੈ ਅਤੇ ਪੰਥ ਨਾਲ ਸੰਬੰਧਿਤ ਦੂਜਾ ਅੰਗ ਸਰੀਰੀ ਹੈ। ਪੰਥ ਅਤੇ ਗ੍ਰੰਥ ਨੂੰ ਇਕਰੂਪਤਾ ਅਤੇ ਇਕ ਪ੍ਰਯੋਜਨ ਦੇਣ ਵਾਸਤੇ ਇਕ ਸਮੁਚਿਤ ਰੂਪ ਇਨ੍ਹਾਂ ਦੋਹਾਂ ਤੋਂ ਉਪਰ ਵੀ ਹੈ, ਜਿਸ ਵਿਚ ਇਹ ਦੋਵੇਂ ਅੰਗ ਸਦੀਵਕਾਲ ਸਮਾਏ ਰਹਿੰਦੇ ਹਨ। ਉਹ ਵਿਸ਼ਵਾਤਮਾ ਨਿਰਾਕਾਰ ਅਕਾਲ-ਪੁਰਖ ਹੈ। ਇਸ ਸਥਿਤੀ ਦੀ ਵਿਆਖਿਆ ਭਾਈ ਨੰਦ ਲਾਲ ਨੇ 'ਤੀਨ ਰੂਪ ਹੈਂ ਮੋਹਿ ਕੇ' ਉਚਾਰਨ ਕਰ ਕੇ ਕੀਤੀ ਹੈ। ਉਸੇ ਵਿਸ਼ਵਾਤਮਾ ਦਾ ਸਾਕਾਰ ਸਰੂਪ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਨੌਂ ਹੋਰ ਸਾਰੀਰਿਕ ਰੂਪ ਹਨ। ਉਸੇ ਵਿਚ 'ਸ਼ਬਦ-ਜੋਤਿ' ਲੀਨ ਰਹਿੰਦੀ ਹੈ ਅਤੇ ਉਸੇ ਵਿਚੋਂ ਪੰਥ ਨੇ ਸਾਕਾਰ ਹੋਣਾ ਹੈ। ਜਦੋਂ ਤਕ ਉਸ ਦਾ ਸਾਕਾਰ ਵਜੂਦ ਪ੍ਰਿਥਵੀ ਉਤੇ ਰਹਿੰਦਾ ਹੈ, ਤਦੋਂ ਤਕ ਉਹੋ ਸਮੁਚਿਤ ਅਗਵਾਈ ਕਰਨ ਵਾਲਾ ਸ਼ਬਦ ਰੂਪ ਵਿਸ਼ਵ-ਗੁਰੂ ਹੈ ਅਤੇ ਉਹੀ ਆਕਾਰਧਾਰੀ ਪੰਥਕ ਗੁਰੂ ਹੈ। ਜਦੋਂ ਉਸ ਨੇ ਆਪਣੇ ਸਾਕਾਰ ਵਜੂਦ ਨੂੰ ਧਰਤੀ ਤੋਂ ਸਮੇਟਿਆ, ਤਾਂ ਉਸ ਦਾ ਵਿਸ਼ਵਾਤਮਾ ਗੁਰੂ ਗ੍ਰੰਥ ਜੀ ਹੋ ਕੇ ਜਗਤ ਦਾ ਰੂਹਾਨੀ ਗੁਰੂ ਬਣ ਗਿਆ ਅਤੇ ਉਸ ਦਾ ਦੇਹ ਸਰੂਪ ਪੰਥ ਵਿਚ ਵਿਲੀਨ ਹੋ ਕੇ ਜਥੇਬੰਦਕ ਗੁਰੂ ਜਾਂ ਪੰਥਕ ਗੁਰੂ ਹੋ ਗਿਆ। ਇਨ੍ਹਾਂ ਬਾਰੀਕੀਆਂ ਨੂੰ ਸਮਝਣਾ ਸਿੱਖ ਵਾਸਤੇ ਬਹੁਤ ਜ਼ਰੂਰੀ ਹੈ। ਇਨ੍ਹਾਂ ਸੂਖਮਤਾਈਆਂ ਨੂੰ ਸਮਝੇ ਬਿਨਾ ਗੁਰੂ ਸਰੂਪ ਦੀ ਸਮੁਚਿਤ ਸਾਰਥਕਤਾ ਨੂੰ ਨਹੀਂ ਜਾਣਿਆ ਜਾ ਸਕਦਾ। ਜੇ ਸਿੱਖ ਗੁਰੂ ਦੇ ਇਕ ਅੰਗ ਨੂੰ ਸਮੁਚਾ ਗੁਰੂ ਸਮਝ ਲਵੇਗਾ, ਤਾਂ ਉਸ ਦਾ ਦ੍ਰਿਸ਼ਟੀਕੋਣ ਛੋਟਾ ਹੋ ਜਾਵੇਗਾ। ਉਹ ਗੁਰੂ ਦੀ ਵਿਸ਼ਵ-ਵਿਆਪਕਤਾ ਅਤੇ ਪੰਥ-ਪ੍ਰਸਤੀ ਨੂੰ ਜਾਣ ਨਹੀਂ ਸਕੇਗਾ, ਕਿਉਂਕਿ ਆਖ਼ਿਰ ਇਹ ਦੋਵੇਂ ਸਰੂਪ ਕਿਸੇ ਨਾ ਕਿਸੇ ਪਧਰ ਉਤੇ ਇਕ ਦੂਜੇ ਦੇ ਵਿਰੋਧੀ ਵੀ ਜਾਪਦੇ ਹਨ। ਜੇ ਗੁਰੂ ਵਿਸ਼ਵਾਤਮਾ ਹੋ ਕੇ ਭਾਈ ਕਨ੍ਹਈਏ ਦਾ ਪਖ ਪੂਰਦਾ ਹੈ, ਤਾਂ ਪੰਥ ਦੇ ਸੰਘਰਸ਼ ਨੂੰ ਧਕਾ ਲਗਦਾ ਜਾਪਦਾ ਹੈ ਅਤੇ ਜੇ ਗੁਰੂ ਚੁਨ ਚੁਨ ਸਤ੍ਰ ਹਮਾਰੇ ਮਾਰੀਅਹਿ' ਦੀ ਪਧਰ ਉਤੇ ਕੇਵਲ ਪੰਥਕ ਹੋ ਜਾਵੇ ਤਾਂ ਉਸ ਦੀ ਵਿਸ਼ਵ-ਵਿਆਪਕਤਾ ਸੰਦਿਗਧ ਹੋ ਜਾਂਦੀ ਹੈ। ਇਸ ਦੁਵਿਧਾ ਦੇ ਸਨਮੁਖ ਖੜੋ ਕੇ ਸਹੀ ਚਿੰਤਨ ਅਧੀਨ ਉਸਾਰਿਆ ਸਹੀ ਸੰਕਲਪ ਹੀ ਪੰਥ ਅਤੇ ਮਾਨਵਤਾ ਦੋਹਾਂ ਲਈ ਲਾਭਕਾਰੀ ਹੋ ਸਕਦਾ ਹੈ।

ਉਪਰੋਕਤ ਦੁਵਿਧਾ ਦਾ ਸਮਾਧਾਨ ਇਹ ਹੈ ਕਿ ਗੁਰੂ ਦਾ ਸ਼ਬਦ ਰੂਪ ਸਾਰੀ ਮਨੁਖਤਾ ਵਾਸਤੇ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁਖਤਾ ਦੀ ਸਾਂਝੀ ਧਰਮ-ਧਰੋਹਰ ਹੈ, ਜਿਸ ਨੂੰ ਸਿੱਖ ਪੰਥ ਨੂੰ ਆਪਣੀ ਸੰਕੀਰਣ ਵਲਗਣ ਵਿਚ ਕੈਦ ਕਰਨ ਦੀ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ। ਇਸ ਗ੍ਰੰਥ ਦੀ ਪਵਿੱਤਰਤਾ ਇਸ ਦੀ ਬਾਣੀ ਦੇ ਪ੍ਰਚਾਰ-ਪ੍ਰਸਾਰ ਨਾਲ ਸੰਬੰਧਿਤ ਹੈ, ਨਾ ਕਿ ਪੰਥ ਦੀਆਂ ਮਰਯਾਦਾਵਾਂ ਦੇ ਘੇਰੇ ਵਿਚ ਸਮੇਟ ਕੇ ਇਸ ਦੇ ਗਿਆਨ ਉਤੇ ਪਰਦਾ ਪਾਈ ਰਖਣ ਨਾਲ। ਇਹ ਗ੍ਰੰਥ ਕਿਸੇ ਪੰਥਕ ਮਰਯਾਦਾ ਦਾ ਗ੍ਰੰਥ ਨਹੀਂ, ਸਗੋਂ ਇਸ ਦੀ ਬਾਣੀ ਸਾਰੀਆਂ ਮਰਯਾਦਾਵਾਂ ਨੂੰ ਸਮ-ਦ੍ਰਿਸ਼ਟੀ ਨਾਲ ਵੇਖਦੀ ਹੈ। ਇਸ ਉਤੇ ਮਰਯਾਦਾ ਦਾ ਬੋਝ ਲਦਣਾ ਹਰ-ਹਾਲ ਅਨੁਚਿਤ ਹੈ। ਬੰਧਨ-ਮੁਕਤ ਕਰਨ ਵਾਲੇ ਸਤਿਗੁਰੂ ਨੂੰ ਪੁਜਾਰੀਵਾਦੀ ਪ੍ਰਵਿਰਤੀਆਂ ਦੇ ਬੰਧਨ ਵਿਚ ਕੈਦ ਕਰ ਲੈਣਾ ਕਦੇ ਵੀ ਉਚਿਤ ਨਹੀਂ। ਪਤਾ ਨਹੀਂ ਸਿੱਖਾਂ ਨੂੰ ਕਿਸ ਨੇ ਇਹ ਸਮਝਾਇਆ ਹੈ ਕਿ ਗ੍ਰੰਥ ਜੀ ਰੂਪ ਵਿਸ਼ਵ-ਗੁਰੂ ਦੀ ਬਾਣੀ ਕੇਵਲ ਪੰਥ-ਵਿਸ਼ੇਸ਼ ਦੀ ਮਰਯਾਦਾ ਵਿਚ ਬਝੇ ਲੋਕ ਹੀ ਗਾ ਸਕਦੇ ਹਨ ? ਗੁਰੂ ਗ੍ਰੰਥ ਸਾਹਿਬ ਵਿਚ ਕਿਸ ਪੰਥ ਦੀ ਮਰਯਾਦਾ ਹੈ, ਜਿਸ ਦੇ ਸਨਮੁਖ ਦੂਜੇ ਪੰਥ ਦੇ ਲੋਕ ਬੇਮੁਖ ਸਿਧ ਹੋ ਜਾਂਦੇ ਹਨ। ਸ੍ਰੀ ਗੁਰੂ ਜੀ ਨੇ ਪੰਥ ਦੀ ਸਿਰਜਣਾ ਅਤੇ ਸਫਲ ਨਿਰਮਾਣ ਇਸ ਗ੍ਰੰਥ-ਗੁਰੂ ਨੂੰ ਸਾਰੀ ਮਾਨਵਤਾ ਤਕ ਪਹੁੰਚਾਉਣ ਵਾਸਤੇ ਕੀਤਾ ਸੀ, ਨਾ ਕਿ ਇਸ ਤੋਂ ਮਨੁੱਖਤਾ ਨੂੰ ਵੰਚਿਤ ਕਰਨ ਵਾਸਤੇ। ਜੇ ਸਿੱਖ ਇਸ ਦੀ ਵਿਸ਼ਵ-ਵਿਆਪੀ ਗੁਰਤਾ ਤੋਂ ਬੇਮੁਖ ਹੋ ਕੇ ਇਸ ਨੂੰ ਕੇਵਲ ਆਪਣੇ ਗੁਰੂ ਦੇ ਰੂਪ ਵਿਚ ਹੀ ਉਜਾਗਰ ਕਰਨਗੇ, ਤਾਂ ਉਹ ਮਾਨਵਤਾ ਪ੍ਰਤੀ ਅਲਾਭਕਾਰੀ ਕੰਮ ਤਾਂ ਕਰਨਗੇ ਹੀ, ਆਪਣੇ ਪੰਥ ਨੂੰ ਵੀ ਕਮਜ਼ੋਰ ਕਰ



ਲੈਣਗੇ, ਕਿਉਂ ਜੁ ਉਨ੍ਹਾਂ ਵਿਚੋਂ ਪੰਥ ਗੁਰੂ ਦੀ ਚੇਤਨਾ ਨਸ਼ਟ ਹੋ ਜਾਵੇਗੀ, ਜਿਹਾ ਕਿ ਅਜ ਹੋਇਆ ਹੈ। ਉਨ੍ਹਾਂ ਨੇ ਗ੍ਰੰਥ ਨੂੰ ਕੇਵਲ ਆਪਣਾ ਗੁਰੂ ਸਵੀਕਾਰ ਕਰ ਲਿਆ ਹੈ, ਜਿਸ ਨਾਲ ਕੇਵਲ ਗ੍ਰੰਥ ਹੀ ਉਨ੍ਹਾਂ ਦਾ ਗੁਰੂ ਬਣ ਗਿਆ ਹੈ। ਜੇ ਸਿੱਖ ਪੰਥ ਦੇ ਚਿੰਤਕ ਗ੍ਰੰਥ ਨੂੰ ਵਿਸ਼ਵ-ਗੁਰੂ ਮੰਨਦੇ, ਤਾਂ ਉਨ੍ਹਾਂ ਨੂੰ ਸੋਚਣਾ ਪੈਂਦਾ ਕਿ ਫਿਰ ਪੰਥ ਦੀ ਅਗਵਾਈ ਕਰਨ ਵਾਲਾ ਨਾਇਕ ਕੌਣ ਹੈ ? ਇਹ ਪ੍ਰਸ਼ਨ ਉਠਦਿਆਂ ਹੀ ਪਰੰਪਰਾ ਨੇ ਉਤਰ ਹਾਜ਼ਿਰ ਕਰ ਦੇਣਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖ ਸਮੁਦਾਇ ਨਾਲ ਸੰਬੰਧਿਤ ਲੋਕਾਂ ਦੀ ਅਗਵਾਈ ਕਰਨ ਵਾਲਾ ਗੁਰੂ-ਪੰਥ ਆਪ ਹੀ ਹੈ। ਇਸ ਦੇ ਇਹ ਕਿਹਾ ਜਾ ਸਕਦਾ ਹੈ, ਸਗੋਂ ਦ੍ਰਿੜਤਾ ਸਹਿਤ ਕਹਿਣਾ ਚਾਹੀਦਾ ਹੈ ਕਿ ਗੁਰੂ ਪਦ ਸੰਬੰਧੀ ਅਜ ਦੇ ਸਿੱਖ-ਚਿੰਤਨ ਦੀ ਸਥਿਤੀ ਬਹੁਤ ਸੰਤੋਸ਼ਜਨਕ ਨਹੀਂ ਹੈ, ਬਹੁਤ ਭ੍ਰਾਂਤੀਆਂ ਦਾ ਸ਼ਿਕਾਰ ਹੈ।

ਕਿਸੇ ਵੀ ਧਰਮ ਸੰਸਥਾਪਕ ਦਾ ਆਕਾਰਧਾਰੀ ਸਰੂਪ ਤਦੋਂ ਤਕ ਸੰਬੰਧਿਤ ਪੰਥ ਨੂੰ ਅਗਵਾਈ ਪ੍ਰਦਾਨ ਕਰਦਾ ਹੈ, ਜਦੋਂ ਤਕ ਉਸ ਪੰਥ ਦਾ ਪੂਰਨ ਵਿਕਾਸ ਨਾ ਹੋ ਜਾਵੇ। ਪੰਥ ਦੇ ਸਰਬ-ਪਖੀ ਵਿਕਾਸ ਨਾਲ ਦੈਵੀ-ਪੁਰਖਾਂ ਦਾ ਸਮੁਦਾਇਕ ਦਾਇਤਵ ਸਮਾਪਿਤ ਹੋ ਜਾਂਦਾ ਹੈ, ਪਰ ਉਹ ਆਪਣੇ ਕਾਲ ਵਿਚ ਅਜਿਹੀ ਵਿਵਸਥਾ ਦੇ ਵਿਕਾਸ ਦਾ ਯਤਨ ਕਰਦੇ ਹਨ, ਤਾਂ ਕਿ ਉਨ੍ਹਾਂ ਦੀ ਗੈਰ-ਮੌਜੂਦਗੀ ਵਿਚ ਉਨ੍ਹਾਂ ਦੁਆਰਾ ਸਥਾਪਿਤ ਪੰਥ ਆਪਣੀ ਵਿਵਸਥਾ ਆਪੇ ਚਲਾਉਣ ਦੇ ਯੋਗ ਹੋ ਜਾਵੇ। 'ਖ਼ਾਲਸਾ ਪੰਥ' ਦੇ ਸੰਸਥਾਪਕਾਂ ਨੇ ਇਕ ਗੱਲ ਮੁਢ ਤੋਂ ਬਹੁਤ ਸਪਸ਼ਟ ਕਰ ਦਿੱਤੀ ਸੀ ਕਿ ਧਰਮ ਦੇ ਸੱਤ ਦਾ ਪ੍ਰਕਾਸ਼ ਗੁਰੂ ਦੇ ਬਚਨਾਂ ਵਿਚ ਹੈ, ਗੁਰੂ ਦੇ ਸ਼ਬਦ ਵਿਚ ਹੈ। ਇਹ ਸ਼ਬਦ ਸਦੀਵੀ ਤੌਰ ਤੇ ਧਰਮਾਵਲੰਬੀਆਂ ਦੀ ਅਧਿਆਤਮਕ ਅਗਵਾਈ ਕਰਦਾ ਹੈ। ਜੋ ਵਿਅਕਤੀ ਇਸ ਵਿਚਾਰ ਨਾਲ ਸਹਿਮਤ ਹੈ, ਉਹੋ ਸਿੱਖ ਹੈ। ਜੋ ਇਸ ਤੋਂ ਬੇਮੁਖ ਹੈ, ਉਹ ਨਾ ਸਿੱਖ ਹੈ, ਨਾ ਧਰਮ ਦੇ ਰਾਹ ਤੇ ਚਲਣ ਵਾਲਾ ਮਨੁੱਖ। ਸਮੁਚੀ ਮਨੁੱਖਤਾ ਦੀ ਅਧਿਆਤਮਕਤਾ ਸਾਂਝੀ ਹੈ ਅਤੇ ਇਸ ਅਧਿਆਤਮਕਤਾ ਦਾ ਮੂਲ ਸੋਮਾ ਸ਼ਬਦ ਵੀ ਸਾਂਝਾ ਜਗਤ-ਗੁਰੂ ਹੈ, ਪਰ ਇਸ ਲਈ ਇਹ ਵੀ ਸ਼ਰਤ ਹੈ ਕਿ ਉਹ ਸ਼ਬਦ-ਸੰਗ੍ਰਹਿ ਜਗਤ-ਗੁਰੂ ਹੋ ਸਕਦਾ ਹੈ, ਜਿਸ ਵਿਚ ਕਿਸੇ ਪੰਥ ਵਿਸ਼ੇਸ਼ ਦੀ ਮਰਯਾਦਾ ਨਾ ਹੋਵੇ। ਇਸ ਯੋਗਤਾ ਉਤੇ ਵੇਦ-ਕਤੇਬ ਦੋਵੇਂ ਖਰੇ ਨਹੀਂ ਉਤਰਦੇ, ਕਿਉਂਕਿ ਦੋਹਾਂ ਧਾਰਮਿਕ ਪਰੰਪਰਾਵਾਂ ਦੇ ਸਮੂਹ ਧਰਮ ਗ੍ਰੰਥਾਂ ਵਿਚਲੇ ਬਚਨ ਪੰਥ-ਵਿਸ਼ੇਸ਼ ਦੀ ਮਰਯਾਦਾ ਨਾਲ ਰਲਗਡ ਹਨ। ਪੰਥ ਦੀ ਮਰਯਾਦਾ ਨਾਲ ਸੰਬੰਧਿਤ ਗ੍ਰੰਥ ਪੰਥ-ਵਿਸ਼ੇਸ਼ ਦੀ ਅਗਵਾਈ ਕਰ ਸਕਦੇ ਹਨ, ਸਮੂਹ ਪੰਥਾਂ ਦੀ ਨਹੀਂ। ਪੱਖਪਾਤ ਦੀਆਂ ਸਮੂਹ ਦੀਵਾਰਾਂ ਨੂੰ ਤੋੜ ਕੇ ਪੂਰਨ ਨਿਰਪੱਖ ਦ੍ਰਿਸ਼ਟੀਕੋਣ ਤੋਂ ਕੋਈ ਵੀ ਚਿੰਤਕ-ਜਨ ਪੜਤਾਲ ਕਰ ਕੇ ਇਸੇ ਨਤੀਜੇ ਤੇ ਪਹੁੰਚੇਗਾ ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਅਧਿਆਤਮਕ ਗ੍ਰੰਥ ਹੈ, ਜੋ ਸਮੁਚੀ ਮਾਨਵਤਾ ਦੀ ਅਗਵਾਈ ਕਰਨ ਵਾਲਾ ਸ਼ਬਦ-ਗੁਰੂ ਹੈ, ਕਿਉਂਜ ਇਸ ਵਿਚ ਪੰਥਕ ਮਰਯਾਦਾ ਦਾ ਲੇਪ ਰੰਚਕ ਮਾਤ੍ਰ ਵੀ ਨਹੀਂ ਮਿਲਦਾ। ਇਹ ਹਰ ਧਰਮ ਦੀ ਪੂਜਾ-ਪਧਤੀ, ਸਮੂਚੇ ਸਭਿਆਚਾਰਾਂ, ਸਮੂਹ ਸੰਸਕ੍ਰਿਤੀਆਂ, ਸਾਰੀਆਂ ਜੀਵਨ-ਸ਼ੈਲੀਆਂ, ਸਭ ਭਾਸ਼ਾਵਾਂ ਨੂੰ ਇਕਸਮਾਨ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ।

ਸਿੱਖ ਪੰਥ ਦੇ ਸੰਸਥਾਪਕਾਂ ਨੇ ਸ਼ੁਰੂ ਤੋਂ ਹੀ ਇਹ ਯਤਨ ਕੀਤਾ ਕਿ ਇਹ ਨਵੀਨ ਪੰਥ ਗੁਰੂ ਦੀ ਸਰਪ੍ਰਸਤੀ ਵਿਚ ਇਤਨਾ ਵਿਕਸਿਤ ਹੋ ਜਾਵੇ ਕਿ ਜਥੇਬੰਦੀ ਦਾ ਕਾਰਜ ਯੁਕਤੀ-ਸੰਗਤ ਲੋਕਤਾਂਤ੍ਰਿਕ ਰੀਤੀਆਂ ਨਾਲ ਕਰਨ ਵਾਸਤੇ ਜਾਗ੍ਰਿਤ ਵਿਵੇਕ ਵਾਲਾ ਪੰਥ ਆਪ ਹੀ ਸਮਰਥ ਹੋਵੇ। ਪੰਥ ਆਪਣਾ ਗੁਰੂ ਆਪ ਹੋਵੇ। ਕਦੇ ਮਹਾਤਮਾ ਬੁਧ ਜੀ ਨੇ ਸੰਦੇਸ਼ ਦਿਤਾ ਸੀ-ਆਪਣੇ ਦੀਪਕ ਆਪ ਬਣੋ। ਇਸ ਦੀ ਆਤਮਾ ਕਿਸੇ ਨਾ ਕਿਸੇ ਰੂਪ ਵਿਚ ਪੰਥ ਅੰਦਰ ਗੁਰੂ ਪਾਤਸ਼ਾਹਾਂ ਨੇ ਸ਼ੁਰੂ ਤੋਂ ਹੀ ਸੰਚਾਰਿਤ ਕਰਨ ਲਈ ਯੋਜਨਾਬਧ ਤਰੀਕੇ ਨਾਲ ਕੰਮ ਕੀਤਾ ਸੀ। ਫ਼ਰਕ ਇਤਨਾ ਸੀ ਕਿ ਮਹਾਤਮਾ ਬੁਧ ਜੀ ਦਾ ਇਹ ਬਚਨ ਅਧਿਆਤਮਕ ਅਤੇ ਪੰਥਕ ਸਰੋਕਾਰ ਦੋਹਾਂ ਨੂੰ ਆਪਣੇ ਘੇਰੇ ਵਿਚ ਲੈ ਲੈਂਦਾ ਸੀ, ਜਦੋਂ ਕਿ ਸਿੱਖ ਪੰਥ ਵਿਚ ਇਸ ਦੀ ਸਾਰਥਕਤਾ ਕੇਵਲ ਪੰਥਕ ਸਰੋਕਾਰਾਂ ਤਕ ਸੀਮਿਤ ਹੈ। ਅਧਿਆਤਮਕ ਅਗਵਾਈ ਸ਼ਬਦ-ਗੁਰੂ ਕੋਲ ਹੈ, ਜਿਸ ਲਈ ਬੁਧ ਮੱਤ ਵਿਚ ਕੋਈ ਵਿਸ਼ੇਸ਼ ਸਥਾਨ ਨਹੀਂ। ਗੁਰੂ ਅਤੇ ਚੇਲੇ ਦੀ ਸਮਤਾ ਦਾ ਅਤੀ ਵਿਕਸਿਤ ਰੂਪ ਆਪਣਾ ਗੁਰੂ ਆਪ ਬਣਨਾ ਹੀ ਹੈ। ਇਸੇ ਕਾਰਨ ਇਹ ਸਬਕ ਸਿੱਖ ਪੰਥ ਨੂੰ ਸ਼ੁਰੂ ਤੋਂ ਹੀ ਪੜ੍ਹਾਇਆ ਜਾਂਦਾ ਰਿਹਾ ਹੈ:

ਗੁਰ ਚੇਲਾ ਚੇਲਾ ਗੁਰੂ
ਗੁਰ ਚੇਲੇ ਪਰਚਾ ਪਰਚਾਇਆ॥[1]
ਗੁਰ ਚੇਲਾ ਚੇਲਾ ਗੁਰੂ
ਪੁਰਖਹੁ ਪੁਰਖ ਉਪਾਇ ਸਮਾਇਆ॥[2]

ਲਹਿਣੇ ਦਾ ਪਹਿਲਾਂ ਸਿੱਖ ਹੋਣਾ ਅਤੇ ਫਿਰ ਗੁਰੂ ਰੂਪ ਧਾਰ ਕਰ ਲੈਣਾ, ਗੁਰੂ ਅਤੇ ਸਿੱਖ ਦੀ ਕੇਵਲ ਆਤਮਕ ਅਭੇਦਤਾ ਤੋਂ ਹੋਰ ਅਗੇ ਦੀ ਗੱਲ ਜਾਪਦਾ ਹੈ। ਇਸੇ ਸੰਬੰਧ ਵਿਚ ਇਹ ਗਲ ਹੋਰ ਵਿਚਾਰਨ ਵਾਲੀ ਹੈ ਕਿ ਆਮ ਤੌਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰੂ ਅੰਗਦ ਦੇਵ ਨਾਲ ਰੂਹਾਨੀ ਜਾਂ ਜੋਤਯਾਤਮਕ ਅਭੇਦਤਾ ਦੀ ਗੱਲ ਕੀਤੀ ਜਾਂਦੀ ਹੈ, ਜਦੋਂ ਕਿ 'ਅੰਗਦ' ਸ਼ਬਦ ਦਾ ਰੂਹ, ਆਤਮਾ ਜਾਂ ਜੋਤਿ ਨਾਲ ਕੋਈ ਵੀ ਪ੍ਰਤੱਖ ਸੰਬੰਧ ਨਹੀਂ ਹੈ। ਅੰਗਦ ਸ਼ਬਦ ਦਾ ਅਰਥ ਹੈ- ਅੰਗਾਂ ਤੋਂ ਵਿਕਸਿਤ ਹੋਇਆ ਵਿਅਕਤੀ। ਅੰਗਾਂ ਤੋਂ ਉਪਜਿਆ ਹੋਣ ਦਾ ਭਾਵ ਹੈ, ਸ੍ਰੀ ਗੁਰੂ ਅੰਗਦ ਜੀ ਗੁਰੂ ਨਾਨਕ ਦੇਵ ਜੀ ਦਾ ਸਾਰੀਰਿਕ ਬਦਲ ਹਨ। ਅਸਲ ਵਿਚ ਸ੍ਰੀ ਗੁਰੂ ਅੰਗਦ ਦੇਵ ਗੁਰੂ ਨਾਨਕ ਦੇਵ ਜੀ ਦੀ ਜੋਤਿ ਦਾ ਬਦਲ ਨਹੀਂ ਸਨ। ਉਨ੍ਹਾਂ ਦੀ ਜੋਤਿ ਦਾ ਬਦਲ ਉਨ੍ਹਾਂ ਦੀ ਆਪਣੀ ਬਾਣੀ ਸੀ, ਜੋ ਉਨ੍ਹਾਂ ਨੇ ਪੋਥੀ ਰੂਪ ਵਿਚ ਸ੍ਰੀ ਅੰਗਦ ਜੀ ਨੂੰ ਬਖ਼ਸ਼ਿਸ਼ ਕੀਤੀ ਸੀ। ਗੁਰੂ ਅੰਗਦ ਦੇਵ ਜੀ ਨੂੰ ਆਤਮਕ ਜਾਂ ਜੋਤਿ ਦੀ ਪਧਰ ਤੇ ਸ੍ਰੀ ਗੁਰੂ ਨਾਨਕ ਦੇਵ ਨੇ ਆਪਣੇ ਜਿਤਨਾ ਉਚਾ ਤਾਂ ਕਰ ਲਿਆ ਸੀ, ਪਰ ਉਹ ਉਨ੍ਹਾਂ ਦੀ ਬਾਣੀ ਅਰਥਾਤ ਜੋਤਿ ਦਾ ਬਦਲ ਨਹੀਂ ਸਨ, ਸਗੋਂ ਉਨ੍ਹਾਂ ਜਿਤਨੀ ਉਚੇਰੀ ਬਾਣੀ ਰਚਿਤ ਕਰਨ ਦੀ ਯੋਗਤਾ ਰਖਣ ਵਾਲੇ ਉਨ੍ਹਾਂ ਦੇ ਸਾਰੀਰਿਕ ਬਦਲ ਸਨ, ਇਸੇ ਕਾਰਨ ਉਨ੍ਹਾਂ ਨੂੰ 'ਅੰਗਦ' ਨਾਮ ਦਿਤਾ ਗਿਆ ਸੀ। ਭੱਟਾਂ ਦੇ ਸਵਈਆਂ ਵਿਚ ਸਤਿਗੁਰੂ ਦੇ ਵਿਭਿੰਨ ਕੁਲਧਾਰੀ ਸਾਰੀਰਿਕ ਰੂਪਾਂ ਦੀ ਭਰਪੂਰ ਪ੍ਰਸ਼ੰਸਾ 'ਅੰਗਦ' ਦੇ ਸਿਧਾਂਤ ਨੂੰ ਸਪਸ਼ਟ ਕਰਨ ਵਾਸਤੇ ਉਪਯੋਗੀ ਹੈ[3]। ਸ਼ਬਦ-ਗੁਰੂ ਸਿਧਾਂਤ ਦੀਆਂ ਵਿਆਪਕ ਸੂਖਮਤਾਵਾਂ ਨੂੰ ਸਮਝੇ ਬਗੈਰ ਜਿਵੇਂ ਦਸ ਗੁਰੂ ਪਾਤਸ਼ਾਹਾਂ ਦੀ ਸਾਰੀਰਿਕ ਗੁਰਤਾ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਉਸ ਦੀ ਸਿਧੀ ਸੱਟ 'ਪੰਥ' ਦੀ ਗੁਰਤਾ ਦੇ ਅਧਿਕਾਰ ਨੂੰ ਘਾਇਲ ਕਰਦੀ ਹੈ, ਕਿਉਂਕਿ ਇੰਞ ਅਸਾਂ ਜਗਤ-ਗੁਰੂ ਨੂੰ ਪੰਥਕ ਗੁਰੂ ਸਵੀਕਾਰ ਕਰ ਲਿਆ ਹੈ। ਕੇਵਲ ਜਗਤ-ਗੁਰੂ ਦੀ ਸਰਪ੍ਰਸਤੀ ਪੰਥਕ ਸਰੋਕਾਰਾਂ ਨੂੰ ਪ੍ਰਗਤੀਮਾਨ ਨਹੀਂ ਕਰ ਸਕਦੀ, ਕਿਉਂਕਿ ਗ੍ਰੰਥ-ਗੁਰੂ ਪੰਥਕ ਸਰੋਕਾਰਾਂ ਤੋਂ ਹਮੇਸ਼ਾ ਅਲੇਪ ਹੈ। ਉਸ ਉਤੇ ਪੰਥਕ ਸਰੋਕਾਰ ਲੇਪਿਤ ਕਰਨ ਦੇ ਯਤਨ ਇਕ ਪਾਸੇ ਉਸ ਨੂੰ ਜਗਤ-ਗੁਰੂ ਦੇ ਪਦ ਤੋਂ ਵੰਚਿਤ ਕਰਦੇ ਹਨ ਅਤੇ ਦੂਜੇ ਪਾਸੇ ਸਿੱਖਾਂ ਨੂੰ ਪੰਥਕ-ਗੁਰੂ ਦੀ ਅਗਵਾਈ ਵਲੋਂ ਅਨਾਥ ਕਰਦੇ ਹਨ। ਸਿੱਖ ਪੰਥ ਨੂੰ ਉਸੇ ਆਦਰਸ਼ਕ ਪਰੰਪਰਾ ਵਲ ਪਰਤਣਾ ਪਵੇਗਾ, ਜਿਥੇ ਜਗਤ-ਗੁਰੂ ਅਤੇ ਪੰਥਕ-ਗੁਰੂ, ਗੁਰੂ ਦੇ ਦੋ ਵਿਭਿੰਨ ਸਰੂਪ ਹਨ ਅਤੇ ਵਖਰੇ ਦਾਇਤਵ ਹਨ, ਜਿਨ੍ਹਾਂ ਦੀ ਸਮਝ ਕਿਸੇ ਹੋਰ ਧਰਮ ਦੀ ਵਿਵਸਥਾ ਦੇ ਪ੍ਰਮਾਣ ਤੋਂ ਨਹੀਂ ਹੋ ਸਕਦੀ, ਕਿਉਂਕਿ ਇਹ ਵਿਵਸਥਾ ਕੇਵਲ 'ਖ਼ਾਲਸਾ ਪੰਥ' ਵਿਚ ਹੈ, ਇਹੋ ਇਸ ਪੰਥ ਦੀ ਵਿਸ਼ੇਸ਼ਤਾ ਹੈ। ਪਹਿਲਾਂ ਵਰਣਿਤ ਦੋ ਸਰੂਪਾਂ ਅਤੇ ਵਖਰੇ ਦਾਇਤਵ ਦਾ ਮੌਜੂਦਾ ਏਕੀਕ੍ਰਿਤ ਸਰੂਪ ਪੰਥ ਵਾਸਤੇ ਬਿਲਕੁਲ ਪੰਥਕ-ਮਾਰਗ ਨਹੀਂ, ਇਕ ਪਥ-ਭ੍ਰਸ਼ਟ ਵਿਵਸਥਾ ਹੈ। ਸਿੱਖ ਪੰਥ ਦੁਆਰਾ ਸ਼ਬਦਾਂ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਸਮਝੇ ਬਿਨਾ ਸੰਕਲਪਾਤਮਕ ਸਥਾਪਿਤੀਆਂ ਨਿਸਫਲ ਹਨ। ਮੇਰਾ ਅਨੁਭਵ ਹੈ ਕਿ 'ਅੰਗਦ' ਸ਼ਬਦ ਦੇ ਸਹੀ ਵਿਵੇਚਨ ਬਿਨਾ ਗੁਰੂ ਪਦ ਦੀ ਸਮਝ ਹੀ ਨਹੀਂ ਆ ਸਕਦੀ। ਜਿਨਾਂ ਸਥਾਪਨਾਵਾਂ ਦੇ ਬੀਜ 'ਅੰਗਦ' ਸ਼ਬਦ ਵਿਚ ਨਾ ਹੋਣ, ਉਨ੍ਹਾਂ ਦੀ ਸਾਰਥਕਤਾ ਦੇ ਸਿਧਾਂਤ ਝੂਠੇ ਅਤੇ ਕਚੇ ਹਨ। ਅਗੇ ਚਲ ਕੇ ਦਸਵੇਂ ਪਾਤਸ਼ਾਹ ਜੀ ਇਸੇ 'ਅੰਗਦ' ਸ਼ਬਦ ਦੀ ਪਰੰਪਰਾ ਨੂੰ ਨਿਭਾਂਦਿਆਂ ਕਹਿੰਦੇ ਹਨ-

ਤੀਸਰ ਰੂਪ ਸਿੱਖ ਹੈਂ ਮੋਰ॥
ਗੁਰਬਾਣੀ ਰੱਤ ਜਿਹ ਨਿਸ ਭੋਰ॥
ਵਿਸਾਹ ਪ੍ਰੀਤ ਗੁਰ ਸ਼ਬਦ ਜੋ ਧਰੈ॥
ਗੁਰ ਕਾ ਦਰਸ ਨਿਤ ਉਠ ਕਰੈ॥
ਗਿਆਨ ਸ਼ਬਦ ਗੁਰੂ ਸੁਣੈ ਸੁਣਾਇ॥
ਜਪੁ ਜੀ ਜਾਪੁ ਪੜ੍ਹੈ ਚਿੱਤ ਲਾਇ॥
ਗੁਰਦਵਾਰ ਕਾ ਦਰਸ਼ਨ ਕਰੈ॥
ਪਰਦਾਰਾ ਕਾ ਤਿਆਗ ਜੋ ਕਰੈ॥
ਗੁਰ ਸਿੱਖ ਸੇਵਾ ਕਰੈ ਚਿਤ ਲਾਇ॥
ਆਪਾ ਮਨ ਕਾ ਸਗਲ ਮਿਟਾਇ॥
ਇਨ ਕਰਮਨ ਮੇਂ ਜੋ ਪਰਧਾਨ॥
ਸੋ ਸਿੱਖ ਰੂਪ ਮੇਰਾ ਪਹਿਚਾਨ॥

'ਅੰਗਦ' ਨੂੰ ਇਸੇ ਭਾਵ ਵਿਚ ਲੈਂਦਿਆਂ ਰਤਨ ਸਿੰਘ 'ਭੰਗੂ' ਕਹਿੰਦਾ ਹੈ ਕਿ ਦਸਵੇਂ ਗੁਰੂ ਜੀ ਨੇ ਖ਼ਾਲਸੇ ਨੂੰ ਉਸੇ ਤਰ੍ਹਾਂ ਗੁਰਤਾ ਪ੍ਰਦਾਨ ਕੀਤੀ ਸੀ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ, ਯਥਾ-

ਵਹੀ ਵਰਤਾਰੋ ਭੁਜੰਗਨ ਵਰਤਾਯੋ।
ਆਪੇ ਗੁਰ ਚੇਲਾ ਕਹਿਵਾਯੋ।

*(ਬਾਕੀ ਸਫਾ 29 ਉਤੇ)*

# ਮੇਰਾ ਟੈਗੋਰ

**ਹਰਪਾਲ ਸਿੰਘ ਪੰਨੂ**

ਦੁਨੀਆਂ ਦੇ ਵੱਡੇ ਚਿੰਤਕਾਂ, ਸ਼ਾਇਰਾਂ, ਫਕੀਰਾਂ ਅਤੇ ਫਿਲਾਸਫਰਾਂ ਉਪਰ ਗੁਰਨੈਬ ਸਿੰਘ ਨੇ ਕਿਤਾਬਾਂ ਲਿਖਵਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਮੈਨੂੰ ਕਿਹਾ ਤੁਹਾਨੂੰ ਇਕ ਕਿਤਾਬ ਲਿਖਣੀ ਪਵੇਗੀ। ਮੇਰੇ ਆਪਣੇ ਕੰਮ ਬਥੇਰੇ ਪਛੜੇ ਪਏ ਹਨ, ਮੈਂ ਨਾਂਹ ਕਰ ਦਿਤੀ। ਉਸਨੇ ਕਿਹਾ, 'ਨਾਂਹ ਕਰਨ ਦਾ ਤਾਂ ਸਵਾਲ ਈ ਨੀਂ। ਮੈਂ ਲਿਸਟ ਦਿਖਾਉਂਦਾ ਹਾਂ, ਤੁਹਾਨੂੰ ਲਿਸਟ ਵਿਚੋਂ ਸਿਰਫ ਚੋਣ ਕਰਨ ਦਾ ਹੱਕ ਹੈ।'

ਜਿਸ ਪਿਆਰ ਨਾਲ ਉਸਨੇ ਮੇਰੇ ਉਪਰ ਆਪਣਾ ਦਾਅਵਾ ਜਤਾਇਆ, ਹਥਿਆਰ ਸੁਟ ਕੇ ਮੈਂ ਟੈਗੋਰ ਦੇ ਨਾਮ ਉਪਰ ਉਂਗਲ ਰੱਖ ਦਿਤੀ।

ਟੈਗੋਰ ਰਚਨਾਵਲੀ ਖਰੀਦੀ ਵੀ, ਲਾਇਬਰੇਰੀ ਵਿਚੋਂ ਵੀ ਬਥੇਰਾ ਕੁਝ ਮਿਲਿਆ। ਪੜ੍ਹਨਾ ਸ਼ੁਰੂ, ਨੋਟਸ ਲੈਣੇ ਸ਼ੁਰੂ ਕਰ ਦਿਤੇ। ਮੈਂ ਖਬਰਾਂ ਜਰੂਰ ਪੜ੍ਹਦਾ ਕਿ ਐਤਕੀਂ ਗਰਮੀ ਬਹੁਤ ਪਈ ਤੇ ਬਿਜਲੀ ਦੇ ਕੱਟ ਬੜੇ ਲਗੇ ਪਰ ਟੈਗੋਰ ਕਾਰਨ ਜੇਠ-ਹਾੜ੍ਹ ਦੇ ਮਹੀਨੇ ਮੇਰੇ ਆਸ-ਪਾਸ ਦੀ ਲੰਘ ਗਏ।



ਰਾਬਿੰਦਰ ਨਾਥ ਟੈਗੋਰ ਅਤੇ ਮਹਾਤਮਾ ਗਾਂਧੀ

ਮੈਨੂੰ ਪਤਾ ਨਹੀਂ ਲਗਦਾ ਸੀ ਕਿ ਪ੍ਰੋ. ਪੂਰਨ ਸਿੰਘ ਨੂੰ ਟੈਗੋਰ ਕਿਉਂ ਚੰਗਾ ਨਹੀਂ ਲੱਗਿਆ। ਮਹਾਤਮਾ ਗਾਂਧੀ ਕਿਸੇ ਨੂੰ ਚੰਗਾ ਲਗੇ ਕਿਸੇ ਨੂੰ ਬੁਰਾ, ਇਹ ਸੁਭਾਵਕ ਹੈ ਕਿਉਂਕਿ ਉਹ ਸਿਆਸਤਦਾਨ ਸੀ ਤੇ ਸਿਆਸਤ ਵਿਚ ਪਾਲਿਸੀ ਬਾਬਤ ਮਤਭੇਦ ਹੋਣੇ ਸੁਭਾਵਿਕ ਹਨ। ਟੈਗੋਰ ਅਤੇ ਪੰਡਤ ਜਵਾਹਰ ਲਾਲ ਦੇ ਕਈ ਦਫਾ ਮਹਾਤਮਾ ਗਾਂਧੀ ਨਾਲ ਮਤ ਭੇਦ ਹੋਏ। ਟੈਗੋਰ ਅਤੇ ਗਾਂਧੀ ਨੇ ਤਾਂ ਅਖਬਾਰਾਂ ਵਿਚ ਇਕ ਦੂਜੇ ਦੀ ਸਖਤ ਆਲੋਚਨਾ ਕੀਤੀ ਪਰ ਪੂਰਨ ਸਿੰਘ ਵਰਗਾ ਸ਼ਾਇਰ, ਕਵੀ ਟੈਗੋਰ ਦੀ ਆਲੋਚਨਾ ਕਰੇ, ਅਜੀਬ ਲੱਗਦਾ ਸੀ।

ਪੂਰਨ ਸਿੰਘ ਨੇ ਟੈਗੋਰ ਦੀ ਦੋ ਕਾਰਨਾਂ ਕਰਕੇ ਆਲੋਚਨਾ ਕੀਤੀ:

1. ਉਹ ਹਿਮਾਲਾ ਵਾਂਗ ਠੰਢਾ ਅਤੇ ਜਮਿਆ ਹੋਇਆ ਹੈ।

2. ਉਪਨਿਸ਼ਦ ਉਸ ਦੀ ਖੁਰਾਕ ਹਨ ਅਤੇ ਉਪਨਿਸ਼ਦਾਂ ਦੀ ਉਹ ਉਗਾਲੀ ਕਰਦਾ ਹੈ।

ਇਹ ਦੋਵੇਂ ਦੋਸ਼ ਵੀ ਮੈਨੂੰ ਅਜੀਬ ਲੱਗੇ। ਉਪਨਿਸ਼ਦਾਂ ਦਾ ਕਿਉਂਕਿ ਪਾਠ ਕੀਤਾ ਹੋਇਆ ਹੈ ਇਸ ਕਰਕੇ ਸਮਝਦਾ ਹਾਂ ਕਿ ਇਹ ਮਾੜੀ ਖੁਰਾਕ ਨਹੀਂ। ਉਪਨਿਸ਼ਦਾਂ ਦਾ ਪਾਠ ਕਰਕੇ ਕੋਈ ਉਪਨਿਸ਼ਦਾਂ ਵਰਗੀ ਰੋਸ਼ਨੀ ਆਪਣੇ ਅੰਦਰੋਂ ਪ੍ਰਗਟ ਕਰ ਸਕਣ ਦੇ ਸਮਰਥ ਹੈ, ਉਹ ਤਾਂ ਹੋਰ ਵੀ ਧੰਨ ਹੋਇਆ। ਬੋਧ ਦਰਸ਼ਨ ਦਾ ਹੜ੍ਹ ਵੈਦਿਕ ਕਰਮ ਕਾਂਡਾਂ ਨੂੰ ਰੋਹੜ ਕੇ ਲੈ ਗਿਆ ਤਾਂ ਰਿਸ਼ੀਆਂ ਨੂੰ ਹਿਸਾਬ ਆਇਆ ਕਿ ਦਰਸ਼ਨ ਦਾ ਮੁਕਾਬਲਾ ਦਰਸ਼ਨ ਕਰੇਗਾ, ਦਰਸ਼ਨ ਰਾਹੀਂ ਵੈਦਿਕ ਮਤ ਬਚੇਗਾ, ਯਗ ਅਤੇ ਬਲੀ ਪਾਰ ਨਹੀਂ ਲੰਘਾਣ ਲੱਗੇ। ਉਪਨਿਸ਼ਦ, ਭਾਰਤੀ ਵੈਦਿਕ ਫਲਸਫੇ ਦੀ ਐਵਰੈਸਟ ਹਨ ਜਿਸ ਕਰਕੇ ਵੇਦਾਂਤ ਅਖਵਾਏ।

ਹੁਣ ਟੈਗੋਰ ਨੂੰ ਪੜ੍ਹਦਿਆਂ ਹੋਇਆ ਮੈਨੂੰ ਲੱਗਾ ਜਿਵੇਂ ਪੂਰਨ ਸਿੰਘ ਨੇ ਪੋਹ-ਮਾਘ ਵਿਚ ਉਸ ਨੂੰ ਪੜ੍ਹਿਆ ਜਦੋਂ ਕਿ ਪੜ੍ਹਨਾ ਗਰਮੀਆਂ ਵਿਚ ਚਾਹੀਦਾ ਸੀ। ਗਰਮੀਆਂ ਦੀ ਰੁਤੇ ਜੇ ਕਿਸੇ ਕੋਲ ਪਹਾੜਾਂ ਵਿਚ ਜਾਣ ਦਾ ਸਮਾਂ ਜਾਂ ਪੈਸੇ ਨਾ ਹੋਣ ਤਾਂ ਮੇਰੇ ਵਾਂਗੂੰ ਉਹ ਟੈਗੋਰ ਪੜ੍ਹਨ। ਠੰਢੀਆਂ ਹਵਾਵਾਂ, ਬਾਰਸ਼ ਦੀਆਂ ਵਾਛੜਾਂ, ਉਪਰ ਤਾਰਿਆਂ ਦਾ, ਹੇਠਾਂ ਜੁਗਨੂੰਆਂ ਦਾ ਨਾਚ, ਲਹਿਰਾਉਂਦੀਆਂ ਨਦੀਆਂ ਤੇ ਝੂਮਦੇ ਜੰਗਲ ਹਰੇਕ ਥਾਂ ਮਿਲਣਗੇ। ਮੈਨੂੰ ਕਿਹਾ ਗਿਆ ਹੈ ਕਿ ਇਕੱਤੀ ਦਸੰਬਰ ਤਕ ਕਿਤਾਬ ਪੂਰੀ ਕਰਕੇ ਦੇ ਦਿਆਂ। ਮੈਂ ਤਾਂ ਦੁਸ਼ਹਿਰੇ ਦੀਵਾਲੀ ਤਕ ਪੂਰੀ ਕਰ ਦਿਆਂਗਾ। ਠੰਢ ਵਿਚ ਉਹਨੂੰ ਹਥ ਲਾ ਕੇ ਖਾਹ-ਮਖਾਹ ਕਿਉਂ ਖੰਘ, ਜ਼ੁਕਾਮ ਨਾਲ ਦੁਖੀ ਹੋਣਾ ਹੋਇਆ?

ਟੈਗੋਰ ਨੇ ਨੁਕਸਾਨ ਵੀ ਕੀਤੇ। ਬਹੁਤ ਸੁਹਣਾ ਸੁਨਹਿਰੀ ਵੇਲਾਂ ਵਾਲਾ ਸ਼ੀਸ਼ੇ ਦਾ ਗਲਾਸ ਤੋੜ ਬੈਠਾ। ਠੰਢਾ ਪਾਣੀ ਪੀਂਦਾ ਟੈਗੋਰ ਦੇ ਵਾਕ ਦੁਹਰਾਉਂਦਾ ਟਹਿਲ ਰਿਹਾ ਸਾਂ। ਪਾਣੀ ਖਤਮ ਹੋਇਆ ਤਾਂ ਮੈਨੂੰ ਲੱਗਾ ਜਿਵੇਂ ਮੇਰੇ ਹਥ ਵਿਚ ਪਲਾਸਟਿਕ ਦੀ ਬੋਤਲ ਹੈ, ਮੈਂ ਖਾਲੀ ਬੋਤਲ ਪਰੇ ਚਲਾ ਮਾਰੀ। ਜਦੋਂ ਗਲਾਸ ਟੁੱਟਣ ਦੀ ਆਵਾਜ਼ ਸੁਣੀ ਤੇ ਕੰਕਰਾਂ ਚੁਗੀਆਂ ਤਾਂ ਦੁਖੀ ਹੋਇਆ। ਚਾਹ ਬਣਾਉਣ ਲੱਗਿਆ ਤਾਂ ਇਕ ਦਿਨ ਮਰਤਬਾਨ ਹਥੋਂ ਨਿਕਲ ਗਿਆ ਜੋ ਚੀਨੀ ਦਾ ਬਣਿਆ ਹੋਇਆ ਸੀ। ਇਸ ਵੇਲੇ ਵੀ ਮੇਰੇ ਦਿਮਾਗ ਵਿਚ ਟੈਗੋਰ ਬੈਠਾ ਸੀ। ਇਹ ਚਾਰ ਸੌ ਰੁਪਈਆਂ ਦਾ ਨੁਕਸਾਨ ਯੂਨੀਵਰਸਿਟੀ ਨਹੀਂ ਭਰੇਗੀ ਕਿਉਂਕਿ ਲੇਖਾਕਾਰ ਮੰਨਣਗੇ ਨਹੀਂ ਕਿ ਇਸ ਵਿਚ ਰਵਿੰਦਰ ਨਾਥ ਟੈਗੋਰ ਦਾ ਕਸੂਰ ਹੈ। ਮੇਰਾ ਦਾਅਵਾ ਹੈ ਜੇ ਮੈਥੋਂ ਟੈਗੋਰ ਸੁਣਨ ਲੱਗ ਜਾਣ ਤਾਂ ਲੇਖਾਕਾਰ ਪਹਾੜੇ ਭੁੱਲ ਜਾਣਗੇ, ਰਕਮਾਂ ਘਟਾਉਣ ਦੀ ਥਾਂ ਜੋੜਨ ਲੱਗ ਜਾਣਗੇ ਤੇ ਗੁਣਾ ਕਰਨ ਦੀ ਥਾਂ ਵੰਡਣਗੇ। ਇਨ੍ਹਾਂ ਗੱਲਾਂ ਕਰਕੇ ਸਿਆਣਾ ਬੰਦਾ ਟੈਗੋਰ ਨੂੰ ਨਹੀਂ ਪੜ੍ਹਦਾ। ਮੇਰੀ ਪਤਨੀ ਨੇ ਕਿਹਾ "ਇਟਾਲੀਅਨ ਸੈਟ ਸੀ ਇਹ ਗਲਾਸਾਂ ਦਾ, ਪੱਟੀਮੇਸ ਕਰ ਦਿਤੀ। ਜਦੋਂ ਦਾ ਸੋਨੀਅੱ ਨੇ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਇਆ, ਮੇਰੀ ਪਤਨੀ ਨੂੰ ਹਰੇਕ ਇਟਾਲੀਅਨ ਚੀਜ਼ ਚੰਗੀ ਲੱਗਣ ਲੱਗ ਗਈ। ਮਹਾਤਮਾ ਗਾਂਧੀ ਕਿਧਰੋਂ ਆ ਜਾਣ, ਬੜੇ ਦੁਖੀ ਹੋਣ। ਜਦੋਂ ਖੰਡ ਮਹਿੰਗੀ ਹੋ ਜਾਏ ਮੇਰੀ ਪਤਨੀ ਮਿਠਾ ਬੋਲਣਾ ਵੀ ਛਡ ਦਿੰਦੀ ਹੈ। ਕਿਸੇ ਮਨੋਵਿਗਿਆਨੀ ਨੂੰ ਪੁਛਾਂਗੇ ਬੋਲ ਦੀ ਮਿਠਾਸ ਦਾ ਖੰਡ ਦੀ ਮਹਿੰਗਾਈ ਨਾਲ ਕੀ ਰਿਸ਼ਤਾ? ਹੱਥੋਂ ਡਿੱਗ ਕੇ ਜੇ ਟੈਗੋਰ ਟੁੱਟ ਜਾਂਦਾ ਤਾਂ ਠੀਕ ਰਹਿਣਾ ਸੀ। ਗਲਾਸ ਬਚ ਜਾਂਦਾ।

ਗਾਂਧੀ ਨੇ ਟੈਗੋਰ ਨੂੰ ਕਿਹਾ ਜੇ ਤੁਸੀਂ ਚਰਖਾ ਕੱਤਣ ਲੱਗ ਜਾਓ ਤਾਂ ਦੇਸ਼ ਵਾਸੀਆਂ ਨੂੰ ਬੜਾ ਉਤਸ਼ਾਹ ਮਿਲੇਗਾ ਗੁਰਦੇਵ। ਤੁਹਾਡਾ ਬਹੁਤ ਡੂੰਘਾ ਅਸਰ ਹੈ। ਟੈਗੋਰ ਨੇ ਕਿਹਾ ਕੀ ਮੈਂ ਕਦੀ ਤੁਹਾਨੂੰ ਕਿਹਾ ਹੈ ਮਹਾਤਮਾ, ਕਿ ਗੀਤ ਕੱਤਿਆ ਕਰੋ? ਜਿਵੇਂ ਤੁਹਾਨੂੰ ਗੀਤ ਕੱਤਣੇ ਨਹੀਂ ਆਉਂਦੇ, ਮੈਨੂੰ ਚਰਖਾ ਕੱਤਣਾ ਨਹੀਂ ਆਉਂਦਾ। ਮੇਰੇ ਗੀਤਾਂ ਨਾਲ ਜੇ ਉਤਸ਼ਾਹ ਨਹੀਂ ਮਿਲਦਾ, ਫਿਰ ਚਰਖਾ ਵਿਚਾਰਾ ਵੀ ਕੀ ਕਰ ਲਏਗਾ?

ਗਾਂਧੀ ਜੀ ਸ਼ਾਂਤੀ ਨਿਕੇਤਨ ਗਏ। ਦੇਰ ਤਕ ਗੱਲਾਂ ਹੁੰਦੀਆਂ ਰਹੀਆਂ। ਸ਼ਾਮ ਢਲੀ ਤਾਂ ਟੈਗੋਰ ਨੇ ਕਿਹਾ ਸੈਰ ਕਰਨ ਚਲੀਏ? ਹਾਂ ਹੋਈ ਤਾਂ ਟੈਗੋਰ ਤਿਆਰ ਹੋਣ ਲਗੇ। ਸੂਟ, ਬੂਟ, ਟਾਈ, ਦਾਹੜੀ ਸਭ ਕੁਝ ਸ਼ੀਸ਼ੇ ਅੱਗੇ ਖੜ੍ਹੇ ਹੋ ਕੇ ਠੀਕ ਕਰਦੇ ਰਹੇ। ਗਾਂਧੀ ਜੀ ਦਾ ਕੀ ਸੀ? ਲੰਗੋਟੀ ਪਹਿਨੀ ਸੋਟੀ ਚੁਕੀ ਖੜ੍ਹੇ ਰਹੇ। ਦੇਰ ਹੁੰਦੀ ਦੇਖ ਕੇ ਬੋਲੇ ਇਸ ਉਮਰ ਵਿਚ ਏਨੇ ਸਜਣ ਦੀ ਕੀ ਲੋੜ ਗੁਰਦੇਵ? ਟੈਗੋਰ ਨੇ ਕਿਹਾ ਜਾਣ-ਬੁੱਝ ਕੇ ਬਦਸੂਰਤ ਦਿਖਾਈ ਦੇਣਾ ਹਿੰਸਕ ਅਮਲ ਹੁੰਦਾ ਹੈ ਮਹਾਤਮਾ ਜੀ।

ਇਕ ਦਿਨ ਕਿਸੇ ਗੋਰੇ ਨਾਲ ਸੈਰ ਕਰਕੇ ਵਾਪਸ ਆ ਰਹੇ ਸਨ। ਰਸਤੇ ਵਿਚ ਡਾਕਖਾਨਾ ਸੀ, ਅਗਿਉਂ ਦੀ ਲੰਘੇ ਤਾਂ ਡਾਕੀਆ ਭੱਜਾ ਭੱਜਾ ਪਿਛੇ ਆਇਆ ਤੇ ਕਿਹਾ ਤੁਹਾਡੀ ਤਾਰ ਆਈ ਹੈ ਹਜ਼ੂਰ। ਕਵੀ ਨੇ ਤਾਰ ਫੜ੍ਹ ਕੇ ਜੇਬ ਵਿਚ ਪਾ ਲਈ ਤੇ ਫਿਰ ਗੱਲਾਂ ਕਰਦੇ ਤੁਰ ਪਏ। ਗੋਰੇ ਨੇ ਕਿਹਾ ਤਾਰ ਪੜ੍ਹ ਲਵੋ ਜੀ। ਟੈਗੋਰ ਨੇ ਕਿਹਾ ਘਰ ਪੁੱਜ ਕੇ ਪੜ੍ਹ ਲਵਾਂਗੇ ਆਰਾਮ ਨਾਲ। ਕਾਹਲੀ ਕਿਸ ਗਲ ਦੀ? ਗੋਰੇ ਨੇ ਕਿਹਾ ਜਿਵੇਂ ਡਾਕੀਆ ਭੱਜਾ ਭੱਜਾ ਆਇਆ, ਮੈਨੂੰ ਲਗਦਾ ਹੈ ਖਾਸ ਗੱਲ ਹੈ, ਪੜ੍ਹ ਲੈਣ ਚਾਹੀਦੀ ਹੈ। ਕਵੀ ਨੇ ਜੇਬ ਵਿਚੋਂ ਟੈਲੀਗ੍ਰਾਮ ਕੱਢੀ ਤੇ ਪੜ੍ਹੀ। ਸਵੀਡਿਸ਼ ਨੋਬਲ ਅਕਾਦਮੀ ਵਲੋਂ ਨੋਬਲ ਪ੍ਰਾਈਜ਼ ਦੇ ਇਨਾਮ ਦੀ ਵਧਾਈ ਲਿਖੀ ਹੋਈ ਮਿਲੀ।

ਅੱਜ ਉਹ ਤਕਰੀਰ ਪੰਜਾਬੀ ਵਿਚ ਅਨੁਵਾਦ ਕਰਕੇ ਹਟਿਆ ਹਾਂ ਜਿਹੜੀ ਸਟਾਕਹਾਮ, ਸਵੀਡਨ ਵਿਚ 26 ਮਈ 1921 ਨੂੰ ਦਿਤੀ ਸੀ। ਪੂਰੀ ਸਪੀਚ ਤਾਂ ਕਿਤਾਬ ਵਿਚੋਂ ਲੱਭੇਗੀ, ਉਸ ਵਿਚੋਂ ਇਕ ਅੰਸ਼ ਹੈ, "ਪੱਛਮ ਦਾ ਸ਼ੁਕਰਗੁਜ਼ਾਰ ਹਾਂ ਮੈਂ, ਜਿਸਨੇ ਪੂਰਬ ਨੂੰ ਸਨਮਾਨਿਤ ਕੀਤਾ। ਪੂਰਬ ਦਾ ਇਸ ਕਰਕੇ ਸ਼ੁਕਰਗੁਜ਼ਾਰ ਹਾਂ ਕਿਉਂਕਿ ਇਸਨੇ ਚੁਪ ਚੁਪੀਤੇ ਮੈਨੂੰ ਆਪਣਾ ਪ੍ਰਤੀਨਿਧ ਮੰਨ ਲਿਆ। ਪੂਰਬ ਦੀ ਸਭਿਅਤਾ ਨੇ ਕਿਸੇ ਨੂੰ ਰੱਦ ਨਹੀਂ ਕੀਤਾ। ਖਿਆਲਾਂ ਦਾ, ਧਰਮਾਂ ਦਾ, ਹਕੂਮਤਾਂ ਦਾ, ਸਭਿਆਚਾਰਾਂ ਦਾ, ਸਭ ਦਾ ਸਵਾਗਤ ਕੀਤਾ। ਹੁਣ ਮੈਂ ਦੇਖ ਰਿਹਾਂ ਕਿ ਸਿਆਸੀ ਉਥਲ-ਪੁਥਲ ਦੌਰਾਨ ਪੂਰਬ ਦੇ ਬੱਚਿਆਂ ਨੇ ਪਛਮ ਨੂੰ ਰੱਦ ਕਰਨਾ ਸ਼ੁਰੂ ਕਰ ਦਿਤਾ ਹੈ। ਇਹ ਇਸ ਕਰਕੇ ਹੋਇਆ ਕਿਉਂਕਿ ਪੱਛਮ ਜਦੋਂ ਪੂਰਬ ਵਿਚ ਆਇਆ, ਉਸਨੇ ਪੂਰਬ ਨੂੰ ਨਫਰਤ ਕੀਤੀ ਤੇ ਰੱਦ ਕੀਤਾ। ਰੱਦ ਕਰਨ ਦੀ ਬੁਰੀ ਆਦਤ ਪੱਛਮ ਨੇ ਸਿਖਾਈ। ਇਸ ਵਿਚ ਪੂਰਬ ਬੇਕਸੂਰ ਹੈ।

ਚੌਦਾਂ ਸਾਲ ਦੀ ਉਮਰੇ ਪਹਿਲੀ ਵਾਰ ਇੰਗਲੈਂਡ ਪੜ੍ਹਨ ਵਾਸਤੇ ਗਏ। ਲਿਖਿਆ ਪਿਤਾ ਜੀ ਨੇ ਨਵਾਂ ਕਾਲਾ ਗਰਮ ਸੂਟ ਸਿਲਾ ਕੇ ਦਿੱਤਾ ਜਿਸ ਨੂੰ ਪਿੱਤਲ ਦੇ ਬਟਨ ਲੱਗੇ ਹੋਏ ਸਨ ਤੇ ਉਪਰ ਸੋਨੇ ਦੀ ਝਾਲ ਚੜ੍ਹੀ ਹੋਈ। ਜਦੋਂ ਮੈਂ ਲੰਡਨ ਦੀਆਂ ਗਲੀਆਂ ਵਿਚ ਤੁਰਦਾ ਆਪਣੇ ਲਿਸ਼ਕਦੇ ਸੁਨਹਿਰੀ ਬਟਨਾਂ ਨੂੰ ਦੇਖਦਾ ਤਾਂ ਸੋਚਿਆ ਕਰਦਾ, ਇਕ ਦਿਨ ਹੋ ਜਾਊਂਗਾ ਏਨਾ ਅਮੀਰ ਯਕੀਨਨ, ਕਿ ਦੱਸ ਸਕਾਂ, ਇਹ ਪਿੱਤਲ ਦੇ ਨੇ।

ਅਠਾਰਾਂ ਸਾਲ ਦੀ ਉਮਰ ਵਿਚ ਉਸਦਾ ਗੀਤਨਾਟ 'ਟੁਟਾ ਦਿਲ' ਅੰਮ੍ਰਿਤ ਬਾਜ਼ਾਰ ਪਤ੍ਰਿਕਾ ਵਿਚ ਛਪਿਆ ਤਾਂ ਬੰਗਾਲ ਵਿਚ ਧੂਮਾਂ ਪੈ ਗਈਆਂ। ਬੰਗਾਲੀਆਂ ਦੀ ਦੁਪਹਿਰ ਦੀ ਨੀਂਦ ਹਰਾਮ ਹੋ ਗਈ। ਤ੍ਰਿਪੁਰਾ ਦੇ ਮਹਾਰਾਜੇ ਨੇ ਆਪਣਾ ਦੀਵਾਨ ਭੇਜ ਕੇ ਬੇਨਤੀ ਕੀਤੀ ਅਸੀਂ ਇਹ ਰਚਨਾ ਪੜ੍ਹ ਲਈ ਹੈ ਪਰ ਕਵੀ ਦੇ ਸੁਹਣੇ ਹੋਠਾਂ ਰਾਹੀਂ ਸੁਣਨ ਦੇ ਇਛੁਕ ਹਾਂ। ਮਹਿਲ ਵਿਚ ਆਉਣ ਦੀ ਕ੍ਰਿਪਾ ਕਰੋ। ਬਹੁਤ ਵੱਡੇ ਇਕਠ ਵਿਚ ਕਵੀ ਨੇ ਆਪਣੀ ਰਚਨਾ ਸੁਣਾਈ ਤਾਂ ਟਿਪਣੀ ਇਹ ਸੀ ਅਠਾਰਾਂ ਸਾਲ ਦੀ ਉਮਰ ਦੇ ਮੁੰਡੇ ਨੇ ਇਕ ਗਜ਼ਬ ਦੀ ਰਚਨਾ ਪ੍ਰਗਟ ਕੀਤੀ, ਇਸ ਗੱਲ ਦੀ ਹੈਰਾਨੀ ਨਹੀਂ, ਚਮਤਕਾਰ ਇਹ ਹੋਇਆ ਕਿ ਸਾਰੇ ਦੇ ਸਾਰੇ ਵਡੇਰੇ ਅਠਾਰਾਂ ਅਠਾਰਾਂ ਸਾਲ ਦੇ ਹੋ ਗਏ।

ਉਸਦੇ ਅਨੁਭਵ ਨਵੇਂ ਤਾਂ ਹਨ ਹੀ, ਹੌਲੇ ਫੁਲ ਹਨ, ਕਿਤੇ ਵਜ਼ਨ ਨਹੀਂ ਪੈਂਦਾ। ਕਵੀ ਨੇ ਸਹਿਜ ਸੁਭਾ ਅਹਿਜੇ ਅਨੁਭਵ ਪ੍ਰਗਟਾਏ 'ਸੁੰਦਰਤਾ ਸਾਸ਼ਤਰ' ਉਪਰ ਅੰਗਰੇਜ਼ੀ ਦੀ ਕਿਤਾਬ ਪੜ੍ਹਦਾ-ਪੜ੍ਹਦਾ ਮੈਂ ਥਕ ਗਿਆ। ਕਿਤਾਬ ਮੇਜ਼ 'ਤੇ ਪਟਕੀ, ਮੋਮਬਤੀ ਬੁਝਾਈ ਤੇ ਲੇਟ ਗਿਆ। ਨੀਂਦ ਨਹੀਂ ਆਈ। ਬਾਹਰੋਂ ਖਿੜਕੀ ਰਾਹੀਂ ਚਾਨਣੀ ਅੰਦਰ ਲੰਘ ਆਈ ਤੇ ਝਿਲਮਿਲਾ ਉਠੀ। ਬਾਹਰ ਦੇਖਿਆ। ਆਕਾਸ਼ ਖਿੜ੍ਹਿਆ ਪਿਆ ਸੀ। ਮੈਨੂੰ ਹੈਰਾਨੀ ਹੋਈ ਕਿ ਆਦਮੀ ਦੀ ਬਣਾਈ ਹੋਈ ਨਿੱਕੀ ਜਿਹੀ ਮੋਮਬੱਤੀ ਕੁਦਰਤ ਦੀ ਖੂਬਸੂਰਤੀ ਨੂੰ ਕਿਵੇਂ ਆਰਾਮ ਨਾਲ ਪਰੇ ਧੱਕ ਦਿੰਦੀ ਹੈ।

ਲਿਖਿਆ ਮੈਂ ਕਿਤਾਬਾਂ ਵਿਚ ਪੜ੍ਹਿਆ ਕਿ ਆਦਮੀ ਦੀ ਸਭ ਤੋਂ ਵੱਡੀ ਫਤਿਹ ਉਦੋਂ ਹੋਈ ਜਦੋਂ ਉਸਨੇ ਅੱਗ ਬਾਲਣੀ ਸਿੱਖ ਲਈ ਅਤੇ ਪਹੀਆ ਬਣਾ ਲਿਆ। ਮੈਂ ਸੋਚਦਾਂ ਚਿੜੀਆਂ ਨੂੰ ਨਾ ਅੱਗ ਬਾਲਣੀ ਆਈ ਨਾ ਪਹੀਏ ਦੀ ਵਿਗਿਆਨ ਦਾ ਪਤਾ ਲੱਗਾ, ਤਾਂ ਵੀ ਕਿੰਨੀਆਂ ਖੁਸ਼ ਨੇ!

ਦੂਜੀ ਵਾਰ ਲੰਦਨ ਜਾਣ ਵਕਤ ਛੇ ਸਾਲ ਦਾ ਬੇਟਾ ਤੇ ਚਾਰ ਸਾਲ ਦੀ ਬੇਟੀ ਸੀ। ਲਿਖਿਆ ਪਰਿਵਾਰ ਦੇ ਸਾਰੇ ਮੈਂਬਰ ਮੈਨੂੰ ਤਿਆਰ ਕਰਨ ਵਿਚ ਰੁਝੇ ਹੋਏ ਸਨ। ਦੋ ਟਰੰਕਾਂ ਵਿਚ ਸਾਮਾਨ ਰੱਖਿਆ ਜਾ ਰਿਹਾ ਸੀ, ਹਦਾਇਤਾਂ ਦਿਤੀਆਂ ਜਾ ਰਹੀਆਂ ਸਨ। ਜਦੋਂ ਟੈਕਸੀ ਵਿਚ ਸਾਮਾਨ ਰਖਿਆ ਗਿਆ, ਮੇਰੀ ਬੇਟੀ ਦਰਵਾਜੇ ਵਿਚਕਾਰ ਬਾਹਵਾਂ ਫੈਲਾ ਕੇ ਖਲੋ ਗਈ ਤੇ ਕਿਹਾ ਪਾਪਾ ਮੈਂ ਨਹੀਂ ਜਾਣ ਦੇਣਾ ਤੁਹਾਨੂੰ। ਮੈਂ ਕਿਹਾ ਮੈਂ ਤੈਨੂੰ ਖਤ ਲਿਖਿਆ ਕਰਾਂਗਾ, ਸੁਗਾਤਾਂ ਭੇਜਦਾ ਰਹਾਂਗਾ, ਆਉਣ ਵੇਲੇ ਤਾਂ ਖਿਡੌਣਿਆਂ ਦਾ ਗੱਡਾ ਭਰ ਕੇ ਲਿਆਵਾਂਗਾ।

ਬੇਟੀ ਨੇ ਕਿਹਾ ਮੈਨੂੰ ਤੁਹਾਡੀਆਂ ਚੀਜਾਂ ਚਾਹੀਦੀਆਂ ਈ ਨੀਂ। ਮੈਨੂੰ ਤੁਸੀਂ ਚਾਹੀਦੇ ਓ ਪਾਪਾ।

## ਸਫਰ ਜ਼ਿੰਦਗੀ ਦਾ

ਮੈਂ ਨਹੀਂ ਤੁਹਾਨੂੰ ਜਾਣ ਦੇਣਾ। ਆਖਰ ਕਿਸੇ ਬਹਾਨੇ ਧੀ ਨੂੰ ਟਾਲ ਕੇ ਮੈਂ ਟੈਕਸੀ ਵਿਚ ਸਵਾਰ ਹੋਇਆ। ਉਦੋਂ ਤੋਂ ਲੈ ਕੇ ਹੁਣ ਤਕ ਹਰ ਵਕਤ ਇਕ ਗੱਲ ਮੇਰੇ ਮਨ ਵਿਚ ਟਿਕੀ ਪਈ ਹੈ ਘਰ ਵਿਚ ਕੇਵਲ ਇਕ ਮੈਂਬਰ ਸੀ ਜਿਸਨੇ ਮੈਨੂੰ ਦੂਰ ਜਾਣ ਦੀ ਆਗਿਆ ਨਹੀਂ ਦਿਤੀ ਸੀ।

ਜੁਆਨ ਦੋਹਤੇ ਦੀ ਮੌਤ ਹੋਈ ਤਾਂ ਸਦਮਾ ਬਰਦਾਸ਼ਤ ਨਾ ਕਰਨ ਸਦਕਾ ਧੀ ਦਮ ਤੋੜ ਗਈ। ਪਤਨੀ ਦਾ ਦੇਹਾਂਤ ਹੋਇਆ। ਕਵੀ ਨੇ ਗੀਤ ਲਿਖਿਆ:



ਰਾਬਿੰਦਰ ਨਾਥ ਟੈਗੋਰ

> ਮੇਰਾ ਘਰ ਛੋਟਾ ਹੈ ਪਿਤਾ।
> ਜਿਹੜਾ ਇਕ ਵਾਰ ਚਲਾ ਜਾਂਦਾ ਹੈ
> ਵਾਪਸ ਨ੍ਹੀਂ ਆਉਂਦਾ।
> ਤੇਰੀ ਕਿਰਪਾ ਤਾਂ ਅਨੰਤ ਹੈ ਨਾ,
> ਇਨ੍ਹਾਂ ਨੂੰ ਲਭਦਾ ਲਭਦਾ
> ਮੈਂ ਤੇਰੇ ਦਰਵਾਜੇ ਤਕ ਪੁਜ ਗਿਆ ਹਾਂ।

ਇਹ ਗੀਤ ਅਕਸਰ ਗੁਣਗੁਣਾਉਂਦੇ ਜੀਵਨ ਜਖਨ ਸ਼ੁਕਾਏ ਜਾਏ/ਕਰੁਣਾ ਧਾਰਾਯ ਏਸੋ... (ਜੀਵਨ ਸੁਕ ਜਾਏ ਤਾਂ ਪ੍ਰਭ ਜੀ ਦਇਆ ਦੀ ਧਾਰਾ ਵਿਚ ਆਓ। ਜਦੋਂ ਸਾਰੀ ਮਿਠਾਸ ਮੁਕ ਜਾਵੇ ਤਾਂ ਪ੍ਰਭ ਜੀ ਅੰਮ੍ਰਿਤ ਗੀਤ ਦੀ ਬਾਰਸ਼ ਕਰੋ।)

---

**ਭਾਰਤ ਦੇ ਪ੍ਰਸਿੱਧ ਕਵੀ ਸ੍ਰੀ ਰਾਬਿੰਦਰਾ ਨਾਥ ਟੈਗੋਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਬਾਰੇ ਬੰਗਾਲੀ ਵਿਚ ਇਕ ਬੜੀ ਮਨੋਹਰ ਕਵਿਤਾ ਲਿਖੀ ਹੈ ਜਿਸਦਾ ਸਿਰਲੇਖ ਹੈ 'ਬੰਦੀ ਬੀਰ'। ਇਸ ਦਾ ਪੰਜਾਬੀ ਅਨੁਵਾਦ ਡਾ. ਤਰਲੋਚਨ ਸਿੰਘ ਨੇ ਕੀਤਾ ਹੈ।**

### ਬੰਦੀ ਬੀਰ

ਦਿੱਲੀ ਦੇ ਅਨੰਦ ਮਹਿਲਾਂ ਅੰਦਰ
ਅੱਜ ਹੁੰਦੀ ਹੈ ਵਾਰ ਵਾਰ
ਬਾਦਸ਼ਾਹ ਦੀ ਨੀਂਦ ਉਚਾਟ
ਅੱਜ ਫਟਿਆ ਨੀਲ-ਗਗਨ,
ਇਹ ਕਿਸ ਦੀ ਹੈ ਆਵਾਜ਼?
ਅੱਜ ਬਰਸੀ ਅੱਗ ਚਾਰ ਚੁਫੇਰੇ,
ਇਹ ਕਿਸ ਦੀ ਹੈ ਮਿਸ਼ਾਲ?

ਘਾਇਲ ਛਾਤੀਆਂ ਕਰਦੀਆਂ ਹਨ
ਜਾਨ ਕੁਰਬਾਨ
ਲੱਖਾਂ ਹੀ ਉੱਡ ਉੱਡ ਜਾਂਦੇ ਨੇ
ਸ਼ਹੀਦਾਂ ਦੇ ਪ੍ਰਾਣ
ਜਿਵੇਂ ਪੰਛੀ ਆਹਲਣਿਆਂ ਨੂੰ ਛਡ,
ਗਗਨ-ਉਡਾਰੀ ਲਾਉਣ
ਪੰਜਾਂ ਦਰਿਆਵਾਂ ਦੇ ਤੱਟ 'ਤੇ
ਅੱਜ ਖੂਨ ਦਾ ਤਿਲਕ ਲਾਉਂਦੀਆਂ ਨੇ ਮਾਵਾਂ
ਆਪਣੇ ਸਿੱਖ ਦੁਲਾਰੇ ਜੋਧਿਆਂ ਦੇ ਮੱਥੇ
ਰਣ-ਭੂਮੀ ਵਿਚ ਮੁਗਲਾਂ ਨਾਲ ਸਿੱਖ ਨੇ ਲੜਦੇ
ਨੱਸ ਨੱਸ ਮੌਤ ਨੂੰ ਜੱਫੀਆਂ ਪਾਉਂਦੇ
ਸੰਘੀਓਂ ਫੜ ਉਹ ਦੁਸ਼ਮਣ ਦੇ ਆਹੂ ਲਾਹੁੰਦੇ
ਹੱਥੋ-ਹੱਥੀ ਘਮਸਾਣ ਦਾ ਜੰਗ ਹੈ ਮੱਚਿਆ
ਦੁਸ਼ਮਣ ਉਤੇ ਇੰਜ ਸਿੱਖ ਟੁਟ ਕੇ ਪੈਂਦੇ
ਜਿਵੇਂ ਬਾਜ਼ ਸੱਪ ਨੂੰ ਝਪਟਦਾ

ਘੋਰ ਘਮਸਾਨ ਦਾ ਜੰਗ ਅੱਜ ਮਚਿਆ
ਗੰਭੀਰ ਧੀਰ ਸਿੱਖ ਗੱਜ ਕੇ ਜੈਕਾਰੇ ਲਾਉਂਦੇ
ਜੈ ਗੁਰੂ ਜੀ ਦੀ, ਫਤਿਹ ਗੁਰੂ ਜੀ ਦੀ
ਖੂਨ ਦੇ ਪਿਆਸੇ ਮੁਗਲ 'ਦੀਨ-ਦੀਨ' ਕੁਰਲਾਂਦੇ
ਗੁਰਦਾਸਪੁਰ ਦੇ ਕਿਲੇ ਅੰਦਰ
ਬੰਦਾ ਘੇਰਿਆ ਮੁਗਲ ਸੈਨਾ ਨੇ,
ਸ਼ੇਰ ਵਾਂਗ ਪਿੰਜਰੇ ਵਿਚ ਪਾ ਕੇ
ਲੈ ਟੁਰੇ ਬੰਦੇ ਨੂੰ ਦਿੱਲੀ

ਗੁਰਦਾਸਪੁਰ ਦੇ ਕਿਲੇ ਅੰਦਰੋਂ
ਮੁਗਲ ਸੈਨਾ ਨੇ ਅੱਜ ਬੰਦਾ ਕੀਤਾ ਕੈਦੀ
ਅੱਗੇ ਅੱਗੇ ਜਾਂਦੀ ਮੁਗਲ ਸੈਨਾਂ ਧੂੜ ਉਡਾਂਦੀ
ਬਰਛੀਆਂ 'ਤੇ ਟੰਗੇ ਨੇ ਸਿਰ
ਸਿਦਕ ਦੇ ਪਰਵਾਨਿਆਂ ਦੇ
ਟੋਰੀ ਲਈ ਜਾਂਦੇ ਸੱਤ ਸੌ ਸਿੱਖ ਕੈਦੀ
ਛਣ-ਛਣ ਕਰਦੀਆਂ ਹਥਕੜੀਆਂ ਤੇ ਬੇੜੀਆਂ
ਕੋਈ ਜੀਅ ਜੰਤੂ ਨਾ ਆਵੇ ਨੇੜੇ
ਸਹਿਮ ਨਾਲ ਸਾਰੇ ਰਾਹ ਸੁੰਨਸਾਨ ਤੇ ਖਾਲੀ
ਗਮਗੀਨ 'ਵਾ ਵਗ ਰਹੀ ਸਿਸਕੀਆਂ ਲੈਂਦੀ
ਜਾਨ ਪ੍ਰਾਣ ਦਾ ਭੈ ਭੁੱਲ ਕੇ ਸਿੱਖ ਲਾਉਣ ਜੈਕਾਰੇ
ਜੈ ਗੁਰੂ ਜੀ ਦੀ, ਫਤਿਹ ਗੁਰੂ ਜੀ ਦੀ।
ਅੱਜ ਦਿੱਲੀ ਦੇ ਸ਼ਾਹ-ਰਾਹ ਉਤੇ
ਮੁਗਲ ਫੌਜਾਂ ਤੇ ਸਿੱਖ ਕੈਦੀ,
ਜਾਂਦੇ ਧੂੜ ਉਡਾਂਦੇ।

ਸਿੱਖ ਸ਼ਹੀਦੀ ਲਈ ਬੜੇ ਉਤਾਵਲੇ
ਇਕ ਦੂਸਰੇ ਤੋਂ ਪਹਿਲਾਂ ਪ੍ਰਾਣ ਦੇਣ ਲਈ
ਵਧ ਵਧ ਕੇ ਅਗੇ ਹੋ ਨਿਕਲਦੇ
ਘਾਤਕ ਦੇ ਹੱਥੋਂ, ਸਵੇਰ ਤੋਂ ਸੰਝ ਤਕ
ਪ੍ਰਾਣ ਦਾਨ ਦਿੰਦੀਆਂ ਸਿੱਖਾਂ ਦੀਆਂ ਡਾਰਾਂ
'ਜੈ ਗੁਰੂ ਜੀ ਦੀ, ਫਤਿਹ ਗੁਰੂ ਜੀ ਦੀ' ਕਹਿੰਦੇ
ਸੈਂਕੜੇ ਸੂਰਬੀਰ ਸ਼ਹੀਦੀ ਪਾਂਦੇ,
ਸੈਂਕੜੇ ਸਿੱਖ ਸਿਰ ਦਿੰਦੇ।

ਸੱਤਾਂ ਦਿਹਾੜਿਆਂ ਵਿਚ
ਅਨੇਕਾਂ ਨੇ ਦਿੱਤਾ ਪ੍ਰਾਣ ਦਾਨ
ਬੰਦੇ ਦੀ ਗੋਦੀ ਕਾਜ਼ੀ ਨੇ ਦਿੱਤਾ ਉਸ ਦਾ ਬਾਲ
ਆਖਿਆ ਆਪਣੇ ਹੱਥੀਂ ਕੱਢੋ ਇਸ ਦੀ ਜਾਨ
ਕਿਸ਼ੋਰ ਅਵਸਥਾ, ਹੱਥ ਪੈਰ ਬੱਧੇ
ਨਿੱਕਾ ਜਿਹਾ ਲਾਲ ਸੁੱਟਿਆ ਬੰਦੇ ਦੇ ਅੱਗੇ।

ਖਾਮੋਸ਼ ਖੜਾ ਰਿਹਾ ਬੰਦਾ ਬਹਾਦਰ
ਗੰਭੀਰ ਧੀਰ ਦ੍ਰਿੜਤਾ ਨਾਲ
ਚੁੱਕਿਆ ਪੁੱਤਰ ਪਿਆਰਾ
ਖੱਬੇ ਹੱਥ ਨਾਲ ਪਲੋਸਿਆ ਮਸਤਕ ਉਸਦਾ,
ਇਕ ਵਾਰ ਚੁੰਮਿਆ ਪੁੱਤਰ ਦਾ ਸੁਰਖ ਚਿਹਰਾ
ਉਲਰੀ ਕਟਾਰ ਬੱਚੇ ਦੀ ਜਾਨ ਲੈਣ ਲਈ,
ਬੱਚੇ ਦੇ ਕੰਨ ਵਿਚ ਬੰਦੇ ਨੇ ਆਖਿਆ,
ਡਰਨ ਦੀ ਲੋੜ ਨਹੀਂ, ਆਖ ਮੇਰੇ ਪੁੱਤਰ,
'ਜੈ ਗੁਰੂ ਜੀ ਦੀ, ਫਤਿਹ ਗੁਰੂ ਜੀ ਦੀ।'

ਨਵ ਲਾਲੀਆਂ ਚੜ੍ਹੀਆਂ ਚਿਹਰੇ ਬਾਲਕ ਦੇ ਉਤੇ
ਨਿਰਭੈਤਾ ਦੀ ਉੱਠੀ ਅਜਬ ਜੁਆਲਾ
ਨਿੱਕੀ ਜਿਹੀ ਜਿੰਦ ਵਿਚੋਂ ਭੜਕਿਆ ਜੋਸ਼ ਅਥਾਹ:
ਕਿਸ਼ੋਰ ਕੰਠ 'ਚੋਂ ਥਰਾਂਦੀ ਨਿਕਲੀ,
ਤਿੱਖੀ ਸ਼ੇਰ ਬਾਲ ਦੀ ਆਵਾਜ਼,
ਬੀਰ ਬਹਾਦਰ ਪਿਤਾ ਵਲ ਤੱਕ ਕੇ
ਗਰਜੀ ਬੱਚੇ ਦੀ ਪੁਕਾਰ:
ਵਾਹਿਗੁਰੂ ਜੀ ਕੀ ਫਤਹ,
ਦੁਖ ਭੈ ਮੇਰੇ ਸਭੋ ਲੱਥੇ।
ਸੱਜੇ ਹੱਥ ਨਾਲ ਦਿੱਤਾ ਬੰਦੇ ਨੇ ਪਿਆਰ,
ਖੱਬੀ ਵਜੀ ਕਟਾਰ।
'ਜੈ ਗੁਰੂ ਜੀ ਦੀ, ਫਤਿਹ ਗੁਰੂ ਜੀ ਦੀ।'
ਬਾਲਕ ਦੀ ਨਿਕਲੀ ਆਖਰ ਲਲਕਾਰ।
ਧਰਤੀ ਤੇ ਡਿੱਗਿਆ ਪ੍ਰਾਣ ਤਿਆਗ।

ਸੰਨਾਟਾ ਛਾਇਆ ਚਾਰ ਚੁਫੇਰੇ,
ਘਾਤਕਾਂ ਕੋਹਿਆ ਛੁਰੇ ਦੇ ਨਾਲ
ਉਚੇੜ ਉਚੇੜ ਕੇ ਬੰਦੇ ਦਾ ਮਾਸ
ਦਗਦੀਆਂ ਸੀਖਾਂ ਚੋਭ ਚੋਭ ਕੇ,
ਜ਼ਖਮੀ ਕੀਤਾ ਬੰਦੇ ਦਾ ਸਰੀਰ
ਰਿਹਾ ਉਹ ਸ਼ਾਂਤ, ਅਹਿਲ, ਗੰਭੀਰ,
ਖਿੜੇ ਮੱਥੇ ਬੰਦਾ ਹੋਇਆ ਸ਼ਹੀਦ
ਇਕ ਵਾਰ ਨਾ ਕੀਤੀ ਪੀੜ ਦੀ ਸੀ,
ਚੁੱਪ ਚੁੱਪ ਹਰ ਕੋਈ ਅੱਥਰੂ ਕੇਰੇ
ਖਾਮੋਸ਼ ਖੜੇ ਨੇ ਬਿੱਟ-ਬਿੱਟ ਤਕਦੇ,
ਸੰਨਾਟਾ ਛਾਇਆ ਚਾਰ ਚੁਫੇਰੇ



ਕਹਾਣੀ

# ਸਕੋਰ ਬੋਰਡ

**ਪ੍ਰੇਮ ਪ੍ਰਕਾਸ਼**

> ***ਕਈ ਵਾਰ ਸੋਚਦਿਆਂ ਮੈਨੂੰ ਹੈਰਾਨੀ ਹੁੰਦੀ, ਆਪਣੇ ਆਪ 'ਤੇ, ਕਈ ਵਾਰ ਪਛਤਾਵਾ ਜਿਹਾ ਲੱਗ ਜਾਂਦਾ ਕਿ ਮੈਂ ਇਹ ਕੀ ਬਣਦੀ ਜਾ ਰਹੀ ਹਾਂ? ਮੇਰੀ ਉਮਰ ਕਿਹੜੀ, ਸੋਚਾਂ ਤੇ ਕਰਮ ਕਿਹੜੇ?...ਜਦੋਂ ਕਦੇ ਮਨ 'ਤੇ ਭਾਰ ਵਧ ਜਾਂਦਾ ਤਾਂ ਮੈਂ ਸਾਰਾ ਕਸੂਰ ਭੱਲਾ ਸਾਹਿਬ ਤੇ ਸੁੱਟ ਦਿੰਦੀ।...***

ਮੈਂ ਆਪ ਤੇ ਨਹੀਂ ਸੀ ਮਾਰਿਆ, ਆਪਣੇ ਪਤੀ ਭੱਲਾ ਸਾਹਿਬ ਨੂੰ। ਉਂਜ ਕੋਈ ਕਹਿ ਸਕਦਾ ਏ ਕਿ ਮੈਂ ਆਪ ਈ ਉਹਨੂੰ ਲੈ ਕੇ ਗਈ ਸੀ, ਮੌਤ ਦੀ ਦਹਿਲੀਜ਼ ਤੱਕ। ਇੰਜ ਮੈਂ ਇਕ ਕਾਰਨ ਬਣੀ ਸੀ।...ਕਦੇ ਕਦੇ ਲਗਦਾ ਏ ਕਿ ਉਸ ਕਰਮ 'ਚ ਮੇਰਾ ਇਰਾਦਾ ਵੀ ਸ਼ਾਮਲ ਸੀ। ਵੈਸੇ ਗਏ ਤਾਂ ਉਹ ਆਪ ਈ ਸਨ, ਉਸ ਸੀਮਾ ਤੱਕ। ਮੇਰਾ ਤਾਂ ਬਹਾਨਾ ਈ ਸੀ। ਡਿੱਗੇ ਤਾਂ ਉਹ ਆਪ ਈ ਸਨ। ਤੇ ਫੇਰ...

ਉਦੋਂ ਪਤਾ ਨਹੀਂ ਕੀ ਹੋਇਆ ਸੀ? ਕੀ ਮਹਿਸੂਸ ਕੀਤਾ ਸੀ? ਕੀ ਮਨ 'ਚ ਆਉਂਦਾ ਜਾਂਦਾ ਰਿਹਾ ਸੀ? ਹੁਣ ਸੋਚਦਿਆਂ ਇਹੋ ਜਿਹੇ ਸ਼ਬਦ ਚਿਤਵੇ ਜਾ ਰਹੇ ਨੇ। ਉਦੋਂ ਤਾਂ ਜਿਹੜੀ ਵੀ ਗੱਲ ਸੋਚੀ, ਆਖੀ ਤੇ ਕੀਤੀ ਜਾਂਦੀ ਸੀ, ਉਹ ਸਿੱਧੀ, ਸੱਚੀ ਤੇ ਠੀਕ ਲਗਦੀ ਸੀ ਪਰ ਹੁਣ ਜਦੋਂ ਉਹਨੂੰ ਹੋਈ ਬੀਤੀ ਨੂੰ ਕਈ ਵਰ੍ਹੇ ਹੋ ਗਏ ਨੇ, ਜੋ ਕੁਝ ਵੀ ਸੋਚਿਆ, ਚਿਤਵਿਆ ਤੇ ਆਖਿਆ ਜਾਂਦਾ ਏ, ਉਹ ਸਿੱਧਾ, ਸੱਚ ਤੇ ਠੀਕ ਵੀ ਲੱਗਦਾ ਏ ਤੇ ਠੀਕ ਨਹੀਂ ਵੀ।

ਜਦੋਂ ਉਹ ਭਾਣਾ ਵਰਤਿਆ ਸੀ, ਮੈਂ ਬਹੁਤ ਰੋਈ ਸੀ। ਬਹੁਤ ਪਛਤਾਈ ਸੀ। ਬਹੁਤ ਕੁਝ ਅੰਦਰੋਂ ਧੋਤਾ ਗਿਆ ਸੀ। ਖੁਰ ਕੇ ਨਿਕਲ ਗਿਆ ਸੀ। ਤੇ ਮੁੜ ਡਰ ਗਿਆ ਸੀ।...ਜਦੋਂ ਉਹ ਖਿਝਦੇ ਰਿਝਦੇ ਉਸ ਸੀਮਾ ਵਲ ਜਾ ਰਹੇ ਸਨ ਤਾਂ ਮੇਰੇ ਸੜੇ ਅੰਦਰਲੇ ਨੂੰ ਠੰਢ ਜਿਹੀ ਵੀ ਪੈਂਦੀ ਸੀ।...ਉਨ੍ਹਾਂ ਵਿਆਹ ਦੇ ਪਹਿਲੇ ਬਾਈ ਵਰ੍ਹੇ ਮੈਨੂੰ ਆਪਣੇ ਬਹੁਤ ਕੁਝ ਦੇ ਥੱਲੇ ਦਬਾ ਕੇ ਰੱਖਿਆ ਸੀ। ਜੀਹਦੇ ਵਿਚ ਉਨ੍ਹਾਂ ਦੀ ਉੱਚੀ ਕੁਲ, ਮਾਣਤਾ ਵਿਦਿਆ ਤੇ ਪੂਰਾ ਆਪਣਾ ਆਪ ਸ਼ਾਮਲ ਸੀ।...ਪਰ ਇਹਦੇ ਨਾਲ ਈ ਮੇਰਾ ਮਾਣ ਵੀ ਕਰਾਇਆ ਸੀ, ਆਪਣੇ ਸਾਕਾਂ ਤੇ ਸ਼ਰੀਕਾਂ ਕੋਲੋਂ। ਜਿਵੇਂ ਸਾਰੇ ਬੰਦੇ ਆਪਣੀਆਂ ਜਨਾਨੀਆਂ ਦਾ ਕਰਵਾਂਦੇ ਨੇ।

ਮੇਰੇ ਤਿੰਨੇ ਪੁੱਤਰ ਤਾਂ ਪਾਸਕ ਵੀ ਨਹੀਂ ਆਪਣੇ ਪਿਓ ਦੇ।...ਤੇ ਦੂਜੇ ਬੰਨੇ ਇੱਕ ਧੀ ਨੇ ਮਿੱਟੀ ਰੋਲ ਦਿੱਤੀ ਸੀ ਮਰਨ ਵਾਲੇ ਦੀ।...ਸੁਨੀਤੀ ਨੇ ਤਾਂ ਏਨਾ ਕੁਝ ਨਹੀਂ ਕੀਤਾ ਸੀ, ਜਿੰਨਾ ਮੇਰੇ ਕੋਲੋ ਹੋ ਗਿਆ ਸੀ।

ਵੇਖੋ, ਇੰਜ ਵੀ ਹੋਣਾ ਸੀ। ਜਿਹੜੇ ਬੰਦੇ ਨਾਲ ਵਿਆਹ ਕਰਾ ਕੇ ਮੈਂ ਕਮਲੀ ਜਿਹੀ ਹੋ ਗਈ ਸੀ, ਉਹਦੇ ਨਾਲ ਮੈਂ ਇਹ ਵੀ ਕਰਨਾ ਸੀ।

ਉਹ ਏਡੇ ਸੁਹਣੇ ਤੇ ਨਹੀਂ ਸਨ, ਪਰ ਉਨ੍ਹਾਂ 'ਚ ਪਤਾ ਨਹੀਂ ਕੀ ਸੀ ਕਿ ਜਨਾਨੀਆਂ ਹੁਬਕੀਆਂ ਲੈਣ ਲੱਗ ਪੈਂਦੀਆਂ ਸਨ, ਉਨ੍ਹਾਂ ਨੂੰ ਵੇਖ ਕੇ। ਕਈ ਸੁਹਣੀਆਂ ਜਨਾਨੀਆਂ ਦੀ ਜਾਨ ਖੁੱਸਦੀ ਵੇਖਕੇ ਉਹ ਮੈਨੂੰ ਵੀ ਸੁਹਣੇ ਲੱਗਣ ਲੱਗ ਪਏ ਸਨ। ਤੇ ਕਦੇ ਬਹੁਤ ਭੈੜੇ ਵੀ। ਮੈਂ ਉਨ੍ਹਾਂ ਦੇ ਦਫਤਰ ਜਾਂਦੀ ਤਾਂ ਵੇਖਦੀ ਕਿ 'ਭੱਲਾ ਸਾਹਿਬ, ਭੱਲਾ ਸਾਹਿਬ' ਕਰਦੀਆਂ ਜਨਾਨੀਆਂ ਉਨ੍ਹਾਂ ਦੇ ਆਲੇ-ਦੁਆਲੇ ਰਹਿੰਦੀਆਂ ਸਨ। ਇਹ ਗੱਲ ਕਦੇ ਮੈਨੂੰ ਮਾਣ ਵਾਲੀ ਵੀ ਲਗਦੀ ਕਿ ਮੈਂ ਏਸ ਬੰਦੇ ਦੀ ਘਰਵਾਲੀ ਹਾਂ, ਤੇ ਏਸ 'ਤੇ ਹੁਕਮ ਵੀ ਚਲਾ ਸਕਦੀ ਹਾਂ।...ਅਸਲ 'ਚ ਉਨ੍ਹਾਂ ਦੀ ਸੀਟ ਈ ਅਸਰ ਰਸੂਖ ਵਾਲੀ ਸੀ, ਨਹੀਂ ਤਾਂ ਉਨ੍ਹਾਂ ਦੀਆਂ ਨਿੱਕੀਆਂ ਅੱਖਾਂ ਦੀ ਤੱਕਣੀ, ਪਤਲੇ ਬੁਲ੍ਹਾਂ ਦੀ ਮੁਸਕਣੀ ਤੇ ਤਿੱਖੇ ਨੱਕ ਦੀ ਕਰੂੰਬਲ 'ਚ ਕੀ ਜਾਦੂ ਵੜਿਆ ਹੋਇਆ ਸੀ।

ਵਿਆਹ ਤੋਂ ਕੁਝ ਚਿਰ ਬਾਅਦ ਈ ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਉਹ ਕਿਸੇ ਵੀ ਜਨਾਨੀ ਨੂੰ ਆਪਣੀ ਤੱਕਣੀ ਨਾਲ ਕੀਲ ਸਕਦੇ ਨੇ।...ਮੈਂ ਹੀ ਮੂਰਖ ਸੀ, ਜੀਹਨੇ ਉਨ੍ਹਾਂ ਤੋਂ ਇਹ ਭੇਤ ਪੁੱਛ ਲਿਆ ਸੀ। ਤਦੇ ਉਨ੍ਹਾਂ ਨੇ ਆਪਣੀਆਂ ਕਾਲੀਆਂ ਅੱਖਾਂ ਦੀ ਧਿਰੀ ਮੇਰੇ 'ਤੇ ਟਿਕਾ ਦਿਤੀ ਸੀ। ਮੈਨੂੰ ਸੱਪ ਵਰਗਾ ਭੈ ਆਉਣ ਲੱਗ ਪਿਆ ਸੀ। ਮੈਂ ਚੀਕ ਮਾਰ ਕੇ ਉਨ੍ਹਾਂ ਦੀ ਗੋਦੀ 'ਚ ਮੂੰਹ ਲੁਕਾ ਲਿਆ ਸੀ।...ਪਰ ਮੇਰੇ 'ਤੇ ਉਨ੍ਹਾਂ ਦੇ ਏਸ ਜਾਦੂ ਦਾ ਕਰਮ ਛੇਤੀ ਹੁੰਦਾ ਗਿਆ ਸੀ।

ਉਨ੍ਹਾਂ ਦੀ ਨੌਕਰੀ ਏਨੀ ਵੱਡੀ ਨਹੀਂ ਸੀ ਪਰ ਉਹ ਲਗਦੇ ਵੱਡੇ ਅਫਸਰ ਸਨ। ਜਦੋਂ ਸ਼ਾਮ ਨੂੰ ਅਸੀਂ ਸੈਰ ਕਰਨ ਨਿਕਲਦੇ ਸੀ ਤਾਂ ਭੱਲਾ ਸਾਹਿਬ ਨੇ ਜਿਹੜਾ ਵੀ ਸੂਟ ਪਾਇਆ ਹੁੰਦਾ ਸੀ, ਉਹੀ ਉਨ੍ਹਾਂ ਨੂੰ ਫੱਬਦਾ ਹੁੰਦਾ ਸੀ। ਵੱਡੀ ਸੜਕ 'ਤੇ ਸੈਰ ਕਰਦੇ ਲੋਕ ਭੱਲਾ ਸਾਹਿਬ ਨੂੰ ਨਹੀਂ, ਮੇਰੇ ਕੱਸੇ ਸਾਂਭੇ ਸਰੀਰ 'ਤੇ ਪਏ ਲਿਬਾਸ ਵਲ ਵੀ ਤੱਕਦੇ ਸਨ। ਹੋਰਾਂ ਅਫਸਰਾਂ ਦੀਆਂ ਜਨਾਨੀਆਂ ਤਾਂ ਸਾਨੂੰ ਐਵੇਂ ਮੋਮ ਦੀਆਂ ਗੁੱਡੀਆਂ ਈ ਲਗਦੀਆਂ ਸਨ। ਭੱਲਾ ਸਾਹਿਬ ਵੀ ਇੰਜ ਆਖਦੇ ਸਨ।

ਬੱਚਿਆਂ ਤੋਂ ਪਰੇ ਸੈਰ ਕਰਦਿਆਂ ਜਾਂ ਰਾਤ ਨੂੰ ਬੈਡ 'ਤੇ ਲੇਟਿਆਂ ਦਿਲ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਨੇ ਮੈਨੂੰ ਕਦੇ ਆਪਣੇ ਕੱਚੇ ਪੱਕੇ ਇਸ਼ਕ ਦੀ ਗੱਲ ਨਹੀਂ ਸੀ ਸੁਣਾਈ। ਉਂਜ ਮੈਂ ਪੁੱਛਦੀ ਕਈ ਵਾਰ ਸੀ। ਦੱਸੀ ਮੈਂ ਨਹੀਂ ਸੀ। ਉਹ ਵੀ ਕਈ ਵਲ ਪਾ-ਪਾ ਪੁੱਛਦੇ ਹੁੰਦੇ ਸਨ। ਜਿਵੇਂ ਕੋਈ ਤਜ਼ਰਬੇਕਾਰ ਕਿਸੇ ਅਣਜਾਣ ਤੋਂ ਭੇਤ ਲੈਂਦਾ ਏ।

ਭੱਲਾ ਸਾਹਿਬ ਦੇ ਦੋਸਤ ਸਾਡੇ ਘਰ ਬੈਠੇ ਚਾਹ ਪੀਂਦੇ ਗੱਲਾਂ ਕਰਦੇ ਕਦੇ-ਕਦੇ ਉਨ੍ਹਾਂ ਦੇ ਨਵੇਂ ਪਿਆਰ ਦੀ ਗੱਲ ਹਮੇਸ਼ਾ ਨਾਲ ਕਰ ਜਾਂਦੇ। ਪਰ ਏਸ ਦਾ ਮੇਰੇ 'ਤੇ ਕੋਈ ਖ਼ਾਸ ਅਸਰ ਨਹੀਂ ਸੀ ਹੁੰਦਾ। ਉਲਟਾ ਮੈਂ ਉਨ੍ਹਾਂ ਨੂੰ ਟਿੱਚਰਾਂ ਕਰਦੀ ਆਖਦੀ, ''ਤੁਸੀਂ ਆਪਣੀਆਂ ਆਪਣੀਆਂ ਵਹੁਟੀਆਂ ਸਾਂਭ ਕੇ ਰੱਖਿਉ।''

ਉਪਰੋ-ਥਲੀ ਜੰਮੇ ਦੋਵੇਂ ਪੁੱਤਰ ਐਮ.ਏ. ਕਰ ਰਹੇ ਸਨ ਤੇ ਉਨ੍ਹਾਂ ਤੋਂ ਛੋਟੀ ਸੁਨੀਤੀ ਬੀ.ਏ. ਕਰ ਰਹੀ ਸੀ। ਨਿੱਕਾ ਅਕਾਸ਼ਦੀਪ ਹਾਲੇ ਛੋਟਾ ਸੀ।...ਪਰ ਅਸੀਂ ਭੁੱਲ ਈ ਜਾਂਦੇ ਸੀ ਕਿ ਅਸੀਂ ਏਡੇ ਵੱਡੇ ਵੱਡੇ ਬੱਚਿਆਂ ਦੇ ਮਾਪੇ ਹਾਂ। ਅਸੀਂ ਸੈਰ ਕਰਦੇ ਹੱਸਦੇ ਕਿ ਸਾਨੂੰ ਤੇ ਪਤਾ ਈ ਨਹੀਂ ਲੱਗਾ ਕਿ ਲੋਕ ਬੁੱਢੇ ਕਿਵੇਂ ਹੁੰਦੇ ਨੇ। ਉਂਜ ਮੈਂ ਉਨ੍ਹਾਂ ਦੇ ਚਿਹਰੇ ਵਲ ਗਹੁ ਨਾਲ ਵੇਖ ਕੇ ਕਿਹਾ ਕਰਦੀ ਸੀ, ''ਬੁਢੇਪੇ ਦੀਆਂ ਤਾਂ ਗੁਪਤ ਨਿਸ਼ਾਨੀਆਂ ਵੀ ਹੁੰਦੀਆਂ ਨੇ। ਇਹ ਤੁਹਾਡੇ ਮੱਥੇ 'ਤੇ ਖੜ੍ਹਵੀਆਂ ਤਿਉੜੀਆਂ ਕਿਉਂ ਪੈ ਗਈਆਂ ਨੇ?''

ਮੇਰੀ ਗੱਲ ਸੁਣ ਕੇ ਉਹ ਛਿੱਥੇ ਜਿਹੇ ਪੈ ਜਾਂਦੇ। ਮੁਸਕਰਾਂਦੇ। ਫੇਰ ਠਾਹਕਾ ਮਾਰ ਕੇ ਹੱਸਦੇ। ਫੇਰ ਕੁਝ ਚਿਰ ਚੁੱਪ ਰਹਿ ਕੇ ਗੰਭੀਰ ਹੋ ਜਾਇਆ ਕਰਦੇ ਸਨ।

ਇਕ ਦਿਨ ਅਸੀਂ ਸੈਰ ਕਰਦੇ ਵੱਡੀ ਸੜਕ ਤੇ ਪਹੁੰਚ ਗਏ ਸੀ। ਉਨ੍ਹਾਂ ਨੇ ਦੂਰੋਂ ਆਉਂਦੀ ਇਕ ਜਨਾਨੀ ਨੂੰ ਦੇਖ ਕੇ ਕਿਹਾ ਸੀ, ''ਜੇ ਕਵ੍ਹੇਂ ਤਾਂ ਉਹਨੂੰ ਇਕ ਵਾਰ ਤੱਕ ਕੇ ਆਪਣੇ ਪਿਛੇ ਲਾ ਲਵਾਂ?

ਮੈਂ ਆਖ ਦਿੱਤਾ, ''ਚੱਲ, ਇਹ ਵੀ ਸੱਪ ਕੱਢ ਵੇਖੋ। ਕੋਈ ਅਰਮਾਨ ਨਾ ਰਹਿ ਜਾਵੇ ਦਿਲ ਵਿਚ।''

ਏਸ ਗੱਲ ਤੇ ਅਸੀਂ ਇਕ ਸ਼ਰਤ ਵੀ ਲਾ ਲਈ ਸੀ, ਗੁਪਤ ਜਿਹੀ, ਹਾਸੇ ਵਾਲੀ।

ਨੇੜੇ ਹੋਣ 'ਤੇ ਪਤਾ ਲੱਗਾ ਕਿ ਉਹ ਬੜੀ ਸ਼ੁਕੀਨ ਜਿਹੀ ਜਨਾਨੀ ਸੀ। ਉਹਨੇ ਆਪਣੀ ਢਲਦੀ ਉਮਰ ਤੇ ਰੂਹ, ਮੇਕਅੱਪ 'ਤੇ ਸ਼ੋਖ ਰੰਗ ਦੇ ਕਪੜਿਆਂ ਨਾਲ ਲੁਕਾਈ ਹੋਈ ਸੀ। ਫੇਰ ਵੀ ਉਹ ਮੂੰਹ ਮੱਥੇ...ਨਹੀਂ, ਦਿਲ ਨੂੰ ਵੀ ਲੱਗਣ ਵਾਲੀ ਸੀ। ਉਹਦੇ ਇੱਕ ਹੱਥ ਵਿਚ ਰੰਗ-ਬਰੰਗਾ ਰੁਮਾਲ ਸੀ। ਸ਼ਾਇਦ ਸਕਾਰਫ ਹੋਵੇ, ਜਿਹੜਾ ਉਹਨੇ ਤੇਜ਼ ਹਵਾ ਚੱਲਣ ਕਰਕੇ ਸਿਰ ਤੇ ਬੰਨ੍ਹਿਆ ਹੋਵੇ ਤੇ ਫੇਰ ਲਾਹ ਕੇ ਹੱਥ 'ਚ ਫੜ ਲਿਆ ਸੀ। ਦੂਜੇ ਹੱਥ ਵਿਚ ਚਿੱਟੀ ਫਰ ਵਾਲੇ ਗੋਲ ਮੋਲ, ਨਿੱਕੇ ਜਿਹੇ ਕੁੱਤੇ ਜਾਂ ਕੁੱਤੀ ਦੀ ਸੰਗਲੀ ਸੀ। ਉਹਦੀ ਸਾੜੀ ਤੇ ਪਟਿਆਲੇ ਸ਼ਾਹੀ ਜੁੱਤੀ ਦੇ ਰੰਗਾਂ 'ਚ ਲਾਲੀ ਤੇ ਤਿੱਲੇ ਦੀ ਧਾਰ ਦੀ ਭਾਅ ਵਧ ਸੀ। ਦੋਵੇਂ ਚੀਜ਼ਾਂ ਕੀਮਤੀ ਸਨ।

ਉਹ ਨੇੜੇ ਆਈ ਤਾਂ ਭੱਲਾ ਸਾਹਿਬ ਨੇ ਉਹਨੂੰ ਬੜੀ ਨੀਝ ਨਾਲ ਵੇਖਿਆ ਪਰ ਉਹਨੇ ਕੋਈ ਪਰਵਾਹ ਨਾ ਕੀਤੀ। ਆਪਣੇ ਕੁੱਤੇ ਨਾਲ ਖੇਡਦੀ ਸਾਡੇ ਕੋਲੋਂ ਦੀ ਲੰਘ ਗਈ।...ਜਦ ਉਹ ਦਸ ਕੁ ਗਜ਼ ਚਲੀ ਗਈ ਤਾਂ ਮੈਂ ਭੱਲਾ ਸਾਹਿਬ ਵਲ ਦੇਖ ਕੇ ਅੱਖਾਂ 'ਚ ਹੱਸੀ ਤੇ ਮੂੰਹ 'ਤੇ ਹੱਥ ਧਰ ਲਿਆ, ਜਿਵੇਂ ਨਿਕਲਦਾ ਹਾਸਾ ਰੋਕਦੀ ਹੋਵਾਂ।...ਤਦੇ ਉਹ ਰੁਕ ਗਏ। ਫੇਰ ਮੁੜ ਕੇ ਕਹਾਲੇ ਕਦਮ ਪੁੱਟਦੇ ਉਸ ਜਨਾਨੀ ਕੋਲ ਖਲੋ ਗਏ। ਉਹਨੂੰ ਕੁਝ ਆਖ ਕੇ ਰੋਕ ਲਿਆ। ਮੈਂ ਵੀ ਰੁਕ ਗਈ। ਉਨ੍ਹਾਂ ਇੱਕ ਦੋ ਗੱਲਾਂ ਕੀਤੀਆਂ ਤੇ ਫੇਰ ਉਹ ਦੋਵੇਂ ਹੱਸੇ। ਜਿਵੇਂ ਕਿਸੇ ਨੇ ਚੁਟਕਲਾ ਸੁਣਾਇਆ ਹੋਵੇ। ਫੇਰ ਉਨ੍ਹਾਂ ਮੇਰੇ ਵਲ ਇੰਜ ਵੇਖਿਆ ਜਿਵੇਂ ਉਹ ਚੁਟਕਲਾ ਮੇਰੇ ਬਾਰੇ ਈ ਹੋਵੇ।

ਜਦੋਂ ਭੱਲਾ ਸਾਹਿਬ ਉਹਨੂੰ 'ਬਾਏ, ਬਾਏ' ਕਰ ਕੇ ਮੇਰੇ ਕੋਲ ਆਏ ਤਾਂ ਮੈਂ ਪੁੱਛਿਆ, 'ਪਵਾ ਲਿਆਏ ਜੇ ਪੱਲੇ 'ਚ ਸ਼ਗਨ ਤੇ ਗਲ 'ਚ ਵਰਮਾਲਾ?...ਕੀ ਵਾਅਦਾ ਲੈ ਆਏ ਹੋ?''

ਉਹ ਹੱਸੀ ਜਾਣ। ਹੱਸੀ ਜਾਣ। ਮੈਨੂੰ ਲੱਗਾ ਕਿ ਕਈ ਵਾਰ ਬੰਦਾ ਬੇਸ਼ਰਮੀ ਨਾਲ ਵੀ ਇੰਜ ਹੱਸਦਾ ਏ।

ਪੰਦਰਾਂ ਕੁ ਦਿਨਾਂ ਬਾਅਦ ਮੈਨੂੰ ਦਿੱਲੀ ਜਾਣਾ ਪਿਆ। ਵੀਰ ਜੀ ਦਾ ਹਰਨੀਆਂ ਦਾ ਆਪ੍ਰੇਸ਼ਨ ਹੋਇਆ ਸੀ। ਮੁੜ ਕੇ ਆਈ ਤਾਂ ਭੱਲਾ ਸਾਹਿਬ ਦੇ ਦਫ਼ਤਰ 'ਚ ਛੁੱਟੀ ਹੋਣ ਵਾਲੀ ਸੀ। ਮੈਂ ਨੇੜੇ ਦੇ ਬਸ ਸਟਾਪ 'ਤੇ ਈ ਉੱਤਰ ਗਈ।...ਅੰਦਰ ਗਈ ਤਾਂ ਦੇਖ ਕੇ ਹੈਰਾਨ ਰਹਿ ਗਈ ਕਿ ਉਹੀ ਮੈਡਮ ਉਨ੍ਹਾਂ ਨਾਲ ਬੈਠੀ ਚਾਹ ਪੀ ਰਹੀ ਸੀ। ਮੈਨੂੰ ਕਿਸੇ ਵੇਖਿਆ ਨਹੀਂ ਸੀ। ਮੈਂ ਅਛੋਪਲੇ ਜਿਹੇ ਬਾਹਰ ਨਿਕਲੀ ਤੇ ਥਰੀ ਵੀਲਰ ਲੈ ਕੇ ਘਰ ਚਲੀ ਗਈ।

ਭੱਲਾ ਸਾਹਿਬ ਚਿਰਕੇ ਘਰ ਆਏ। ਮੈਂ ਕਾਰਨ ਨਹੀਂ ਪੁਛਿਆ। ਸਗੋਂ ਏਸ ਤਰ੍ਹਾਂ ਮਿਲੀ ਜਿਵੇਂ ਨਾਰਮਲ ਬੰਦੇ ਮਿਲਦੇ ਨੇ। ਉਨ੍ਹਾਂ ਵੀਰ ਜੀ ਬਾਰੇ ਪੁਛਿਆ। ਮੈਂ 'ਠੀਕ ਏ' ਆਖ ਕੇ ਸਿਰ ਪੀੜ ਦਾ ਬਹਾਨਾ ਕਰ ਕੇ ਲੇਟ ਗਈ। ਥੋੜ੍ਹੀ ਦੇਰ ਬਾਅਦ ਉਨ੍ਹਾਂ ਆਪਣੀ ਅਲਮਾਰੀ ਵਿਚੋਂ ਅਟੈਚੀ ਕੇਸ ਕੱਢ ਕੇ ਝਾੜਿਆ। ਤੇ ਮੈਨੂੰ ਕਹਿੰਦੇ, ''ਮੇਰੀ ਤਿਆਰੀ ਕਰ ਦੇ। ਮੈਂ ਸਵੇਰੇ ਡਲਹੌਜ਼ੀ ਜਾਣਾ ਏ। ਦਫਤਰ ਦਾ ਕੰਮ ਆ ਪਿਆ।''

ਮੈਂ ਜਾਣ ਗਈ ਕਿ ਉਸ ਬੁੱਢੀ ਫਾਫਾ ਨਾਲ ਈ ਜਾਣਾ ਏ। ਫੇਰ ਵੀ ਮੈਂ ਪੁੱਛ ਲਿਆ, ''ਕੀ ਕੰਮ ਪੈ ਗਿਆ? ਏਡੀ ਕਾਹਲੀ...?''

ਉਨ੍ਹਾਂ ਦੱਸਿਆ ਕਿ ਦਫ਼ਤਰ ਵਾਲਿਆਂ ਨਵੀਂ ਜ਼ਮੀਨ ਖਰੀਦਣੀ ਏ, ਕਾਰਖਾਨਾ ਲਾਉਣ ਲਈ। ਉਨ੍ਹਾਂ ਸਾਈਟ ਵੇਖਣ ਜਾਣਾ ਏ। ਭਾਅ ਕਰਨ ਫੇਰ ਕਦੇ ਜਾਣਗੇ। ਹੁਣ ਤਾਂ ਦੋ ਕੁ ਦਿਨ ਲੱਗਣਗੇ।

''ਉਦੋਂ ਤਾਂ ਹਫਤਾ ਕੁ ਲੱਗਣਾ ਮਾਮੂਲੀ ਗੱਲ ਹੋਵੇਗੀ। ''ਮੈਂ ਉਤੋਂ ਬੜੀ ਸਾਦਗੀ ਨਾਲ ਕਿਹਾ। ਉਹ ਕਹਿੰਦੇ, ''ਹਾਂ, ਏਨੇ ਕੁ ਦਿਨ ਤਾਂ ਲੱਗਣਗੇ ਈ। ਕਾਗਜ਼ੀ ਕਾਰਵਾਈਆਂ ਕਰਨੀਆਂ ਪੈਂਦੀਆਂ ਨੇ।''

ਉਹ ਚਲੇ ਗਏ ਤਾਂ ਬੱਚਿਆਂ ਨੂੰ ਬੜੀਆਂ ਖੁਲ੍ਹਾਂ ਮਿਲ ਗਈਆਂ। ਕਦੇ ਤਾਸ਼ ਚੱਲੇ, ਕਦੇ ਕੈਰਮ ਤੇ ਕਦੇ ਸਟੀਰਿਓ ਤੇ ਪੋਪ ਮਿਊਜ਼ਿਕ ਵੱਜਦਾ ਤੇ ਸਾਰੇ ਜਣੇ ਸ਼ੁਦਾਈਆਂ ਵਾਂਗ ਤਾਲ ਦਿੰਦੇ ਨੱਚਦੇ।...ਜਵਾਨ ਭਰਾਵਾਂ ਤੇ ਉਨ੍ਹਾਂ ਦੇ ਦੋਸਤਾਂ ਵਿਚ ਨੱਚਦੀ ਸੁਨੀਤੀ ਨੂੰ ਦੇਖ ਕੇ ਮੈਨੂੰ ਪਹਿਲੀ ਵਾਰ ਧੱਕਾ ਜਿਹਾ ਲੱਗਾ ਕਿ ਇਹ ਤਾਂ ਜਵਾਨ ਹੋ ਗਈ ਏ ਭਾਵੇਂ ਕਲ੍ਹ ਨੂੰ ਵਿਆਹ ਦਿਉ।...ਉਹਨੂੰ ਦੇਖਦਿਆਂ, ਸੋਚਦਿਆਂ ਮੇਰਾ ਸਰੀਰ ਨਿਸੱਤਾ ਜਿਹਾ ਹੋਣ ਲੱਗ ਪਿਆ। ਜਿਵੇਂ ਪਲਾਂ ਛਿਣਾਂ 'ਚ ਮੈਂ ਬੁੱਢੀ ਹੁੰਦੀ ਹਾਰਦੀ ਜਾਂਦੀ ਹੋਵਾਂ।

ਬੱਚਿਆਂ ਫੈਸਲਾ ਕੀਤਾ ਕਿ ਅੱਜ ਰਾਤ ਨੂੰ ਘਰ 'ਚ ਖਾਣਾ ਨਹੀਂ ਪੱਕੇਗਾ। ਹੋਟਲ 'ਚ ਖਾਵਾਂਗੇ। ਘਰ 'ਚ ਸਿਰਫ ਡਰਿੰਕਸ ਚੱਲਣਗੇ।...ਸੋ ਘਰ 'ਚ ਮੁੰਡਿਆਂ ਬੀਅਰ ਪੀਤੀ। ਸੁਨੀਤੀ ਨੇ ਜ਼ਿਦ ਕਰਕੇ ਪੀਤੀ। ਮੈਂ ਬੱਚਿਆਂ ਨੂੰ ਖੁਸ਼ ਦੇਖ ਕੇ ਖੁਸ਼ ਵੀ ਹੋਵਾਂ ਤੇ ਹੈਰਾਨ ਵੀ। ਸੋਚਾਂ, ਇਹ ਕਿਹੋ ਜਿਹਾ ਜ਼ਮਾਨਾ ਆ ਗਿਆ? ਅਸੀਂ ਤਾਂ ਆਪਣੇ ਸਰੀਰ ਦੇ ਅੰਗਾਂ ਨੂੰ ਘੁੱਟ ਘੁੱਟ ਰੱਖਦੇ ਸੀ ਕਿ ਹਿੱਲਣ ਨਾ। ਜੇ ਹਿੱਲਣ ਤਾਂ ਕੋਈ ਦੇਖੇ ਨਾ।

ਮੇਰੇ 'ਚ ਖੁਲ੍ਹਦਿਲੀ ਏਸ ਲਈ ਵੀ ਆ ਗਈ ਸੀ ਕਿ ਕੈਨੇਡਾ ਤੋਂ ਵੀਰ ਜੀ ਦੀ ਚਿੱਠੀ ਆ ਗਈ ਸੀ ਕਿ ਉਹ ਦੋਹਾਂ ਭਰਾਵਾਂ ਰਾਕੇਸ਼ ਤੇ ਰਾਜੇਸ਼ ਨੂੰ ਬੁਲਾਉਣ ਲਈ ਛੇਤੀ ਕਾਗਜ਼ ਪੱਤਰ ਭੇਜ ਰਹੇ ਨੇ, ਕਿਉਂਕਿ ਉਨ੍ਹਾਂ ਦਾ ਕਾਰੋਬਾਰ ਏਨਾ ਫੈਲ ਗਿਆ ਏ ਕਿ ਆਪਣਿਆਂ ਬਿਨਾ ਸਾਂਭਣਾ ਔਖਾ ਏ।...ਸੱਚੀ ਗੱਲ ਤੇ ਇਹ ਸੀ ਕਿ ਮੈਂ ਹੀ ਵੀਰ ਜੀ ਨੂੰ ਲਿਖਿਆ ਸੀ ਕਿ ਉਹ ਮੁੰਡਿਆਂ ਨੂੰ ਬੁਲਾ ਲਵੇ। ਤੇ ਸੁਨੀਤੀ ਵਾਸਤੇ ਵੀ ਕੋਈ ਮੁੰਡਾ ਦੇਖਦੇ ਰਹਿਣ। ਪਰ ਉਹਦੇ ਲਈ ਏਨੀ ਕਾਹਲ ਨਹੀਂ।

ਬੱਚੇ ਨੱਚਣ ਗਾਉਣ 'ਚ ਮਸਤ ਹਨ ਤੇ ਮੈਂ ਭੱਲਾ ਸਾਹਿਬ ਦੀ ਅਲਮਾਰੀ ਦੇ ਉਹ ਖਾਨੇ ਫਰੋਲਣ ਲੱਗ ਪਈ, ਜਿਨ੍ਹਾਂ ਨੂੰ ਉਹ 'ਸਰਕਾਰੀ' ਆਖਦੇ ਸਨ। ਜਿਹੜੀ ਉਹ ਕਾਹਲ 'ਚ ਖੁੱਲ੍ਹੀ ਛੱਡ ਗਏ ਸਨ। ਉਹਦੇ ਲੁਕਵੇਂ ਖਾਨੇ ਵਿਚੋਂ ਮੈਨੂੰ ਇਕ ਪੁਰਾਣੀ ਡਾਇਰੀ ਮਿਲੀ। ਉਹਦੇ ਵਿਚ ਜਨਾਨੀਆਂ ਦੇ ਨਾਂ ਸਨ ਤੇ ਪਤੇ ਵੀ। ਉਹਨੂੰ ਪੜ੍ਹਦਿਆਂ ਉਹਦੀ ਜਿਲਦ ਵਿਚੋਂ ਨਿਕਲ ਕੇ ਕੁਝ ਫੋਟੋਆਂ ਡਿੱਗ ਪਈਆਂ। ਜਿਨ੍ਹਾਂ ਦੇ ਪਿੱਛੇ ਕਈ ਕਈ ਤਰੀਕਾਂ ਲਿਖੀਆਂ ਹੋਈਆਂ ਸਨ। ਮੈਨੂੰ ਲੱਗਾ ਕਿ ਭੱਲਾ ਸਾਹਿਬ ਦੇ ਦੋਸਤ 'ਸਕੋਰ ਬੋਰਡ' ਆਖ ਕੇ ਜਿਹੜੀ ਟਿੱਚਰ ਕਰਦੇ ਨੇ, ਉਹ ਇਹੋ ਏ। ਜਿਹੜਾ ਬੰਦਾ ਮੇਰੇ ਸਾਹਮਣੇ ਜਨਾਨੀਆਂ ਨੂੰ ਫੁਸਲਾ ਲੈਂਦਾ ਸੀ, ਉਹ ਮੇਰੇ ਪਿੱਛੇ ਖ਼ਬਰੇ ਕੀ ਕੀ ਕਰਤੂਤਾਂ ਕਰਦਾ ਹੋਵੇ।...

ਉਹ ਫੋਟੋਆਂ ਅੱਜ ਕਲ੍ਹ ਦੀਆਂ ਨਹੀਂ, ਪੁਰਾਣੀਆਂ ਸਨ। ਇੱਕ ਦੋ ਜਨਾਨੀਆਂ ਸ਼ਕਲ ਤੋਂ ਚੰਗੀਆਂ ਸਨ ਪਰ ਬਹੁਤੀਆਂ ਤਾਂ ਗਈਆਂ ਗੁਜ਼ਰੀਆਂ ਈ ਸਨ। ਜਿਵੇਂ ਉਨ੍ਹਾਂ ਨੇ ਸਕੋਰ ਬੋਰਡ ਭਰਨ ਲਈ ਈ ਰੱਖੀਆਂ ਹੋਣ। ਉਨ੍ਹਾਂ ਵਿਚ ਉਸੇ ਨਵੀਂ ਮੈਡਮ ਦੀ ਫੋਟੋ ਵੀ ਸੀ, ਜੀਹਨੂੰ ਪਿੱਛੇ ਲਾਉਣ ਬਾਰੇ ਮੈਂ ਸ਼ਰਤ ਲਾਉਣ ਦੀ ਮੂਰਖਤਾ ਕੀਤੀ ਸੀ। ਉਹ ਫੋਟੋ 'ਚ ਬੜੀ ਜਵਾਨ ਲੱਗਦੀ ਸੀ।...ਇਨ੍ਹਾਂ ਵਿਚੋਂ ਕਈਆਂ ਦਾ ਮੈਨੂੰ ਪਹਿਲਾਂ ਵੀ ਥੋੜ੍ਹਾ ਬਹੁਤਾ ਪਤਾ ਸੀ। ਪਰ ਫੇਰ ਵੀ ਉਹ ਫੋਟੋਆਂ ਦੇਖ ਕੇ ਕੋਈ ਗੱਲ ਮੇਰੇ ਦਿਲ 'ਤੇ ਬਹਿ ਜਿਹੀ ਗਈ। ਖ਼ਬਰੇ ਉਹ ਸ਼ਰਤ ਹਾਰਨ ਦਾ ਅਸਰ ਸੀ ਜਾਂ ਭੱਲਾ ਸਾਹਿਬ ਦੇ ਹੁਣੇ ਜਿਹੇ ਉਸ ਬੁੱਢੀ ਫਾਫਾ ਨਾਲ ਡਲਹੌਜ਼ੀ ਜਾਣ ਦਾ।

ਉਹ ਚੌਥੇ ਦਿਨ ਮੁੜ ਕੇ ਆਏ ਤਾਂ ਲੱਗਾ, ਜਿਵੇਂ ਥੱਕੇ-ਥੱਕੇ ਹੋਣ। ਬੱਚੇ ਗੱਲਾਂ ਪੁੱਛਦੇ ਤਾਂ ਕਦੇ ਲਗਦਾ ਖਿਝੇ-ਖਿਝੇ ਨੇ ਤੇ ਕਦੇ ਲਗਦਾ, ਖਿੜੇ ਖਿੜੇ ਨੇ। ਉਹ ਟੱਬਰ ਦੇ ਜੀਆਂ ਨਾਲ ਰਲ ਮਿਲ ਨਹੀਂ ਰਹੇ ਸਨ।...ਰਾਤ ਨੂੰ ਛੇਤੀ ਖਾਣਾ ਖਾ ਕੇ ਸੌਂ ਗਏ, ਜਿਵੇਂ ਕਈ ਰਾਤਾਂ ਦੇ ਉਣੀਂਦਰੇ ਹੋਣ।...ਏਸ ਤੋਂ ਬਾਅਦ ਪਤਾ ਨਹੀਂ ਮੇਰੇ ਮਨ 'ਤੇ ਕਿਹੜਾ ਬੋਝ ਪੈ ਗਿਆ ਕਿ ਮੈਂ ਉਨ੍ਹਾਂ ਨਾਲ ਗੱਲ ਕਰਨੀ ਈ ਘਟਾ ਦਿੱਤੀ। ਅਸੀਂ ਕੱਠੇ ਹੁੰਦੇ ਤਾਂ ਕੋਈ ਗੱਲ ਸੁਝਦੀ ਈ ਨਹੀਂ ਸੀ ਕਰਨ ਨੂੰ।

ਦਸਾਂ ਬਾਰਾਂ ਦਿਨਾਂ ਬਾਅਦ, ਜਦ ਮੈਂ ਇਕ ਸਵੇਰੇ ਉੱਠੀ ਤਾਂ ਮੇਰੀਆਂ ਬਾਹਵਾਂ 'ਚ ਦਰਦ ਹੋ ਰਿਹਾ ਸੀ। ਕਦੇ ਦਰਦ ਪਿੰਨੀਆਂ 'ਚ ਹੁੰਦਾ, ਕਦੇ ਮੋਢਿਆਂ ਦੇ ਆਲੇ-ਦੁਆਲੇ ਤੇ ਕਦੇ ਪਿੱਠ ਵਿਚ ਜਾ ਵੜਦਾ। ਲਹਿਰਾਂ ਜਿਹੀਆਂ ਉਠਦੀਆਂ ਸਨ ਦਰਦਾਂ ਦੀਆਂ। ਸਿਰ 'ਚ ਹੁੰਦਾ ਤਾਂ ਤ੍ਰਾਟਾਂ ਪੈ ਜਾਂਦੀਆਂ। ਭੱਲਾ ਸਾਹਿਬ ਨੇ ਕਈ ਡਾਕਟਰਾਂ ਨੂੰ ਵਿਖਾਇਆ ਤੇ ਕਈ ਟੈਸਟ ਕਰਾਏ ਪਰ ਅਰਮਾਨ ਨਾ ਆਇਆ। ਉਸ ਦਰਦਾਂ ਦਾ ਜ਼ੋਰ ਘਟਣ ਲੱਗ ਪਿਆ ਸੀ।

ਇਕ ਸ਼ਾਮ ਦਰਦ ਤੇਜ਼ ਹੋ ਗਿਆ ਤਾਂ ਮੈਂ ਆਪਣੇ ਕੰਮ ਕਰਦੀ ਜਨਾਨੀ ਦੇ ਆਖੇ ਇਕ ਆਰ.ਐਮ.ਪੀ. ਡਾਕਟਰ ਸਦਾਨੰਦ ਕੋਲ ਚਲੀ ਗਈ। ਉਹਨੇ ਬੜਾ ਕੁਝ ਪੁਛਿਆ। ਮੈਂ ਉਹ ਸਭ ਕੁਝ ਦੱਸ ਦਿੱਤਾ, ਜਿਹੜਾ ਦਸਿਆ ਜਾ ਸਕਦਾ ਸੀ। ਮੈਥੋਂ ਭੱਲਾ ਸਾਹਿਬ ਦੇ ਹੋਰਾਂ ਜਨਾਨੀਆਂ ਨਾਲ ਬਣੇ ਸੰਬੰਧਾਂ ਬਾਰੇ ਵੀ ਦੱਸ ਹੋ ਗਿਆ ਸੀ। ...ਉਹ ਡਾਕਟਰ, ਜਿਹਨੂੰ ਭੱਲਾ ਸਾਹਿਬ 'ਅਨਪੜ੍ਹ' ਆਖਿਆ ਕਰਦੇ ਸਨ, ਦੀ ਮਾਮੂਲੀ ਜਿਹੀ ਦਵਾ ਨਾਲ ਮੈਨੂੰ ਆਰਾਮ ਆ ਗਿਆ ਸੀ। ਡਾਕਟਰ ਮੇਰੇ ਮਨ ਨੂੰ ਲੱਗ ਪਿਆ ਸੀ। ਗੱਲ ਮਨ ਦੇ ਟਿਕਣ ਦੀ ਸੀ।

ਉਸ ਬੀਮਾਰੀ ਦਾ ਮੈਨੂੰ ਇਹ ਫਾਇਦਾ ਵੀ ਹੋਇਆ ਸੀ ਕਿ ਮੈਂ ਕਾਫੀ ਪਤਲੀ ਹੋ ਗਈ ਸੀ। ਚੰਗੀ ਖੁਰਾਕ ਨਾਲ ਚਿਹਰੇ ਦੀ ਲਾਲੀ ਵੱਧ ਗਈ ਸੀ। ਆਪਣਾ ਆਪ ਚੰਗਾ ਲੱਗਣ ਲੱਗ ਪਿਆ ਸੀ। ਜਿਵੇਂ ਉਹ ਨੀਮ-ਹਕੀਮ ਮੇਰੀ ਬੀਮਾਰੀ ਸਮਝ ਗਿਆ ਸੀ, ਉਵੇਂ ਮੈਨੂੰ ਵੀ ਸਮਝ ਆ ਗਈ ਸੀ। ਮੈਨੂੰ ਜਿਊਣ ਲਈ ਭੇਤ ਨੂੰ ਖੋਟ ਪਾ ਕੇ ਦੱਸਣਾ ਤੇ ਦੱਸਦਿਆਂ ਲੁਕਾਣਾ ਆ ਗਿਆ ਸੀ। ਪਰ ਇਹਦੇ ਨਾਲ ਮੇਰੇ ਅੰਦਰ ਕਿਤੇ ਜ਼ਹਿਰ ਜਿਹਾ ਵੀ ਭਰਨ ਲੱਗ ਪਿਆ ਸੀ।

ਸਰਦੀਆਂ ਮੁੱਕਣ ਲੱਗੀਆਂ ਤਾਂ ਇਕ ਸ਼ਾਮ ਭੱਲਾ ਸਾਹਿਬ ਬੜੇ ਖੁਸ਼ ਘਰ ਆਏ। ਕਹਿੰਦੇ, ''ਵਾਹਵਾ...ਰੌਣਕਾਂ ਬਾਜ਼ਾਰਾਂ ਦੀਆਂ।...ਕੋਈ ਬੰਦਾ ਇੱਕ ਗੇੜਾ ਮਾਰ ਕੇ ਦੇਖੇ ਤਾਂ ਸਹੀ। ''ਉਨ੍ਹਾਂ ਦੇ ਹੱਥ ਮਠਿਆਈ ਦਾ ਡੱਬਾ ਸੀ।...ਮੈਂ ਪੁੱਛਿਆ, ''ਕੀ ਆਣ ਵੜਿਆ ਅੱਜਕਲ੍ਹ ਬਾਜ਼ਾਰਾਂ ਵਿਚ।''

ਕਹਿੰਦੇ, ''ਸਲੀਵਲੈਸ ਈ ਸਲੀਵਲੈਸ...ਚਾਰੇ ਬੰਨੇ ਮਹੀਨਿਆਂ ਤੋਂ ਲੁਕਾਏ ਡੌਲੇ...ਗੋਰੀਆਂ ਭਰਵੀਆਂ ਬਾਂਹਵਾਂ ਈ ਬਾਹਵਾਂ...ਨੰਗੀਆਂ ਕਰੀ ਫਿਰਦੀਆਂ ਨੇ ਜਨਾਨੀਆਂ।...ਇਹ ਕਰਵਾ ਚੌਥ ਦੇ ਦਿਨ...।''

ਉਨ੍ਹਾਂ ਦੀ ਇਹ ਗੱਲ ਸੁਣਦਿਆਂ ਈ ਮੈਨੂੰ ਖਿਝ ਆ ਗਈ। ਮੈਂ ਇਕਦਮ ਮੂੰਹ ਫਟ ਹੋ ਕੇ ਬੋਲੀ, ''ਤੁਹਾਨੂੰ ਸ਼ਰਮ ਨਹੀਂ ਆਉਂਦੀ ਇਹੋ ਜਿਹੀਆਂ ਗੱਲਾਂ ਕਰਦਿਆਂ ਨੂੰ?... ਆਪਣੀ ਦਾਹੜੀ ਮੁੰਨਣ ਲੱਗਿਆਂ ਵੇਖੀ ਜੇ, ਕਿੰਨੀ ਚਿੱਟੀ ਹੋ ਗਈ ਏ?...ਕਦੇ ਆਪਣੀ ਧੀ ਦੀਆਂ ਬਾਹਵਾਂ ਵੇਖੀਆਂ ਨੇ?...ਉਹ ਸ਼ਾਮ ਨੂੰ ਕਿੰਨਾ ਮੇਕਅੱਪ ਕਰਦੀ ਏ?''

ਮੇਰੀ ਗੱਲ ਸੁਣਦਿਆਂ ਈ ਉਨ੍ਹਾਂ ਦਾ ਚਿਹਰਾ ਕੀ ਅੱਖਾਂ ਵੀ ਲਾਲ ਹੋ ਗਈਆਂ। ਨੱਕ ਦੀ ਸੂਹੀ ਕਰੂੰਬਲ ਕੰਬਣ ਲੱਗ ਪਈ।...ਉਨ੍ਹਾਂ ਦੇ ਹੱਥ 'ਚ ਸਲਾਦ ਦੀ ਪਲੇਟ ਸੀ। ਉਨ੍ਹਾਂ ਵਗਾਹ ਕੇ ਫਰਸ਼ 'ਤੇ ਮਾਰੀ। ਇਹ ਕੀ ਬਕਵਾਸ ਏ? ''ਆਖ ਕੇ ਬਾਹਰ ਜਾਣ ਲੱਗੇ ਤਾਂ ਮੈਂ ਉਨ੍ਹਾਂ ਨੂੰ ਬਾਹੋਂ ਫੜ ਕੇ ਕੁਰਸੀ 'ਤੇ ਬਹਾ ਲਿਆ। ਜੇ ਉਹ ਆਖਦੇ...''ਕੀ ਬਕਵਾਸ ਕਰਦੀ ਪਈ ਏਂ? ਤਾਂ ਮੈਂ ਇਹ ਵੀ ਸੁਣਨ ਤੇ ਜਵਾਬ ਦੇਣ ਲਈ ਤਿਆਰ ਸੀ। ਫੇਰ ਵੀ ਮੈਂ ਦੰਦ ਘੁੱਟ ਕੇ ਨੀਵੀਂ ਆਵਾਜ਼ 'ਚ ਕਿਹਾ, ''ਪਹਿਲਾਂ ਆਪਣੀ ਧੀ ਨੂੰ ਸਾਂਭੋ।...ਦੋ ਮੁੰਡਿਆਂ ਨਾਲ ਟੁਰੀ ਫਿਰਦੀ ਏ। ਸਾਰੇ ਗੱਲਾਂ ਹੁੰਦੀਆਂ ਪਈਆਂ ਨੇ ਉਹਦੀਆਂ।''

ਜਦੋਂ ਭੱਲਾ ਸਾਹਿਬ ਸੁੰਨ ਹੋ ਕੇ ਬਹਿ ਗਏ ਤਾਂ ਮੈਂ ਦਸਿਆ ਕਿ ਸੁਨੀਤੀ ਫਲਾਣੇ ਸੈਕਟਰੀ ਦੇ ਮੁੰਡੇ ਨਾਲ ਸ਼ਾਮ ਨੂੰ ਪਾਰਕ 'ਚ ਜਾਂਦੀ ਏ।...ਉਹ ਅਲੀਅਰ ਦੇ ਬਣੇ ਹਾਥੀ ਦੇ ਉਹਲੇ ਹਨ੍ਹੇਰਾ ਹੋਣ ਤੱਕ ਬੈਠੇ ਰਹਿੰਦੇ ਨੇ।...ਇਹ ਮੈਂ ਆਪ ਆਪਣੀ ਅੱਖੀਂ ਵੇਖਿਆ ਏ।...ਜਿਹੜਾ ਸੂਟ ਉਹ ਕਹਿੰਦੀ ਏ ਕਿ ਹੋਸਟਲ ਦੀ ਇਕ ਸਹੇਲੀ ਨੇ ਦਿੱਤਾ ਏ, ਉਹ ਉਸੇ ਮੁੰਡੇ ਨੇ ਲੈ ਕੇ ਦਿੱਤਾ ਈ।...ਮੈਂ ਉਨ੍ਹਾਂ ਦੀਆਂ ਚਿੱਠੀਆਂ ਪੜ੍ਹ ਲਈਆਂ ਨੇ।''

''ਕਿਥੇ ਨੇ ਉਹ ਚਿਠੀਆਂ?'' ਉਨ੍ਹਾਂ ਕੜਕ ਕੇ ਪੁੱਛਿਆ। ਤਾਂ ਮੈਂ ਉਨ੍ਹਾਂ ਨੂੰ ਅੱਖਾਂ ਨਾਲ ਘੂਰਦੀ ਨੇ ਦਸਿਆ, ''ਮੈਂ ਸਾੜ ਦਿੱਤੀਆਂ ਨੇ।...ਕਿਤੇ ਘਰ 'ਚ ਰੱਖੀਆਂ ਜਾਂਦੀਆਂ ਨੇ, ਇਹੋ ਜਿਹੀਆਂ ਸੜਨ ਜੋਗੀਆਂ?...ਤੁਹਾਨੂੰ ਤੇ ਕੁਝ ਸ਼ਰਮ ਈ ਨਹੀਂ।...ਜ਼ਰਾ ਹੌਲੀ ਬੋਲੋ। ਤੁਹਾਨੂੰ ਏਨਾ ਵੀ ਨਹੀਂ ਪਤਾ ਕਿ ਧੀਆਂ ਦੀਆਂ ਗੱਲਾਂ ਕਿਵੇਂ ਕਰੀਦੀਆਂ ਨੇ? ''ਮੇਰੀ ਗੱਲ ਸੁਣ

ਕੇ ਉਹ ਢੱਠ ਜਿਹੇ ਗਏ। ਉਨ੍ਹਾਂ ਬਹੁਤ ਈ ਨਿਘਰੀ ਆਵਾਜ਼ 'ਚ ਪੁਛਿਆ ਕਿ ਇਹ ਗੱਲਾਂ ਮੈਂ ਉਨ੍ਹਾਂ ਨੂੰ ਪਹਿਲੋਂ ਕਿਉਂ ਨਾ ਦੱਸੀਆਂ? ਮੈਂ ਦਸਿਆ ਕਿ ਮੈਨੂੰ ਡਰ ਸੀ ਕਿ ਤੁਸੀਂ ਗੁੱਸੇ 'ਚ ਕੁਝ ਕਰ ਨਾ ਬੈਠੋ। ਤੇ ਗੱਲਾਂ ਬਾਹਰ ਨਿਕਲ ਜਾਣ। ਮਰਦਾਂ ਨੂੰ ਭੇਤ ਸਾਂਭਣ ਦੀ ਅਕਲ ਕਿਥੇ?...ਸ਼ੁਕਰ ਕਰੋ, ਗੱਲ ਅਗਾਂਹ ਨਹੀਂ ਵਧੀ।...ਹੁਣ ਤੁਸੀਂ ਵੀਰ ਜੀ ਨੂੰ ਕੈਨੇਡਾ ਫ਼ੋਨ ਕਰੋ ਕਿ ਉਹ ਝੱਟ ਦੇਣੀ ਮੁੰਡਾ ਲੱਭੇ। ਨਹੀਂ ਤਾਂ ਮੁੰਡਿਆਂ ਦੇ ਨਾਲ ਸੁਨੀਤੀ ਨੂੰ ਵੀ ਬੁਲਾ ਲਵੇ।...ਕੰਮ ਅਜਿਹਾ ਕਰਨਾ ਚਾਹੀਦਾ ਏ ਕਿ ਸੱਪ ਵੀ ਮਰ ਜਾਵੇ ਤੇ ਪਤਾ ਵੀ ਨਾ ਲੱਗੇ।... ਆਪਣੀ ਗੱਲ ਦੇ ਅਖੀਰ 'ਚ ਇਹ ਅਖਾਣ ਜਿਹਾ ਜੁੜਨ ਤੇ ਮੈਨੂੰ ਲੁਕਵਾਂ ਹਾਸਾ ਆਇਆ। ਤੇ ਨਾਲ ਈ ਰੋਣਾ ਵੀ। ਪਤੀ ਦਾ ਦੁਖੀ ਚਿਹਰਾ ਦੇਖ ਕੇ ਮਨ ਦੁਖੀ ਵੀ ਹੁੰਦਾ ਸੀ ਤੇ ਸੁਖੀ ਵੀ।...ਸੋਚਦੀ, ਇਹੋ ਬੰਦਾ ਲੋਕਾਂ ਦੀਆਂ ਜਨਾਨੀਆਂ ਦੀਆਂ ਗੱਲਾਂ ਕਰਦਾ ਕਿਵੇਂ ਖਿੜਿਆ ਰਹਿੰਦਾ ਸੀ। ਹੁਣ ਸੁੰਗੜ ਕੇ ਅੱਧਾ ਕੁ ਹੋ ਕੇ ਬੈਠਾ ਏ।

ਤਿੰਨਾਂ ਮਹੀਨਿਆਂ ਦੇ ਅੰਦਰ ਅੰਦਰ ਉਸ ਮਰਦ ਦੇ ਬੱਚੇ ਨੇ ਦਿੱਲੀ ਭੱਜ ਨੱਸ ਕਰ ਕੇ ਬਚਿਆਂ ਦੇ ਸਾਰੇ ਕਾਗਜ਼ ਤਿਆਰ ਕਰਵਾ ਲਏ। ਤੇ ਚੜ੍ਹਦੇ ਨਵੰਬਰ ਨੂੰ ਤਿੰਨੇ ਬੱਚੇ ਜਹਾਜ਼ ਚੜ੍ਹਾ ਦਿਤੇ।..ਬੱਚੇ ਗਏ ਤਾਂ ਮੈਂ ਸਰ੍ਹਾਣਿਆਂ 'ਚ ਮੂੰਹ ਦੇ ਕੇ ਕਈ ਦਿਨ ਰੋਂਦੀ ਰਹੀ ਸੀ। ਇਨ੍ਹਾਂ ਵੀ ਛੁੱਟੀਆਂ ਕਰ ਲਈਆਂ ਸਨ। ਐਵੇਂ ਹੱਥ 'ਤੇ ਹੱਥ ਧਰੀ ਬੈਠੇ ਰਹਿੰਦੇ ਸੀ ਅਸੀਂ ਦੋਵੇਂ।...ਅਖੀਰ ਮੈਂ ਅੱਖਾਂ ਪੂੰਝਦੀ, ਗੋਡਿਆਂ ਤੇ ਹੱਥ ਧਰ ਕੇ ਉਠਦੀ, ਆਖਦੀ, ''ਉਠ ਵੇ ਮਨਾ, ਭੁੱਖਿਆਂ ਤਾਂ ਨੀਂਦਰ ਵੀ ਨਹੀਂ ਪੈਣੀ।''

ਰੋਟੀ ਪਕਾਉਂਦਿਆਂ ਲੱਗਦਾ, ਜਿਵੇਂ ਘਰ 'ਚ ਮਰਗ ਹੋ ਗਈ ਹੋਵੇ। ਬਸ, ਇੱਕ ਮਕਾਣਾਂ ਨਹੀਂ ਆਉਂਦੀਆਂ।...ਸਵਾ ਦੋ ਜੀਅ ਹੀ ਰਹਿ ਗਏ ਸਨ ਘਰ ਵਿਚ।

ਜਦੋਂ ਬੱਚਿਆਂ ਦੇ ਸੁੱਖੀ-ਸਿਹਰੀਂ ਪੁੱਜਣ ਦੀਆਂ ਖ਼ਬਰਾਂ ਆਈਆਂ ਤਾਂ ਭੱਲਾ ਸਾਹਿਬ ਨੂੰ ਚੰਗੀ ਗੱਲ ਸੁਝ ਗਈ। ਉਨ੍ਹਾਂ ਰਮੈਣ ਦਾ ਪਾਠ ਰਖਾ ਲਿਆ। ਸਾਰਾ ਦਿਨ 'ਜੈ ਸੀਆ ਰਾਮ, ਜੈ ਜੈ ਰਾਮ' ਦੀਆਂ ਆਵਾਜ਼ਾਂ ਦਾ ਸੰਗੀਤ ਦਿਲਾਂ ਨੂੰ ਸਾਂਭਦਾ ਪਲੋਸਦਾ ਰਹਿੰਦਾ। ਕਈ ਦਿਨ ਰੌਣਕਾਂ ਲੱਗੀਆਂ ਰਹੀਆਂ। ਰਿਸ਼ਤੇਦਾਰ ਤੇ ਦੋਸਤ ਮਿੱਤਰ ਛਪੇ ਕਾਰਡ ਘੱਲ ਕੇ ਸੱਦੇ ਸਨ।

ਭੋਗ ਵਾਲੇ ਦਿਨ ਬਹੁਤ ਵੱਡਾ ਸਮਾਗਮ ਹੋਇਆ। ਸੰਗੀਤ ਮੰਡਲੀਆਂ ਨੇ ਬੜਾ ਸਮਾਂ ਬੰਨ੍ਹਿਆ। ਤੀਜੇ ਪਹਿਰ ਤੱਕ ਲੰਗਰ ਚਲਦਾ ਰਿਹਾ। ਆਉਣ ਵਾਲਿਆਂ 'ਚ ਉਹ ਜਨਾਨੀਆਂ ਵੀ ਸਨ, ਜਿਹੜੀਆਂ ਮੈਂ ਘੱਟ ਵਧ ਈ ਕਿਤੇ ਵੇਖੀਆਂ ਸਨ। ਉਹ ਭੱਲਾ ਸਾਹਿਬ ਦੇ ਦਫਤਰ ਦੀਆਂ ਸਨ ਜਾਂ ਹੋਰ ਨੇੜੇ ਦੇ ਦਫਤਰਾਂ ਦੀਆਂ। ਉਹ ਸਫੈਦ ਕੁੱਤੇ ਵਾਲੀ ਜਨਾਨੀ ਨਾਟਕ ਵਾਲਾ ਪੂਰਾ ਮੇਕਅੱਪ ਕਰ ਕੇ ਆਈ ਸੀ। ਮੈਂ ਜਦੋਂ ਭੱਲਾ ਸਾਹਿਬ ਨੂੰ ਆਖਿਆ ਕਿ ਤੁਹਾਡੇ ਤਾਂ ਸਾਕਾਂ ਤੋਂ ਵੀ ਵੱਡੇ ਸਾਕ ਆ ਗਏ ਨੇ ਤਾਂ ਉਹ ਕਈ ਦਿਨਾਂ ਬਾਅਦ ਹੱਸੇ ਸਨ। ਤੇ ਗੋਪੀਆਂ 'ਚ ਕਾਹਨ ਬਣ ਕੇ ਛੇੜਾਂ ਕਰਨ ਲੱਗ ਪਏ ਸਨ।

ਰਾਤ ਨੂੰ ਅਸੀਂ ਥੱਕੇ ਟੁੱਟੇ ਪਏ ਸੀ। ਅਕਾਸ਼ਦੀਪ ਸੌਂ ਗਿਆ ਸੀ। ਮੈਂ ਸਰਕ ਕੇ ਉਨ੍ਹਾਂ ਦੇ ਨਾਲ ਲੱਗ ਗਈ। ਉਹ ਉੱਕਾ ਅਡੋਲ ਰਹੇ। ਮੈਂ ਜ਼ਰਾ ਛੇੜ ਛਾੜ ਕੀਤੀ ਤਾਂ ਉਨ੍ਹਾਂ ਪਾਸਾ ਪਰਤਿਆ। ਮੇਰੇ ਚਿਹਰੇ ਤੇ ਪੋਲਾ ਜਿਹਾ ਹੱਥ ਫੇਰਿਆ। ਚੁੰਮਿਆ। ਤੇ ਨਿਰਾਸ਼ੀ ਜਿਹੀ ਆਵਾਜ਼ 'ਚ ਬੋਲੇ, ''ਬੱਚਿਆਂ ਨੂੰ ਭੇਜ ਕੇ ਭਾਵੇਂ ਸਾਡੇ ਸਿਰਾਂ ਤੋਂ ਭਾਰ ਲੱਥ ਗਿਆ ਏ।...ਪਰ ਮੇਰੇ ਦਿਲ 'ਤੇ ਉਸ ਗੱਲ ਦਾ ਬੜਾ ਦਬਾਅ ਏ।''

''ਕਿਹੜੀ ਗੱਲ ਦਾ?'' ਮੈਂ ਉਨ੍ਹਾਂ ਤੇ ਬਾਂਹ ਵਲਾ ਕੇ ਪੁਛਿਆ।

''ਉਸੇ ਸੁਨੀਤੀ ਦੇ ਪਾਰਕ 'ਚ ਅਲੀਅਰ ਵਾਲੇ ਹਾਥੀ ਦੇ ਪਿਛੇ ਜਾਣ ਵਾਲੀ ਦਾ।'' ਉਨ੍ਹਾਂ ਦੱਸਿਆ ਤਾਂ ਮੈਂ ਸੁੰਨ ਜਿਹੀ ਹੋ ਗਈ। ਉਹ ਹੌਲੀ ਹੌਲੀ ਸਾਹ ਲੈ ਕੇ ਬੋਲਦੇ ਰਹੇ, ''ਮੈਨੂੰ ਹੁਣ ਪਤਾ ਲੱਗਾ ਏ।...ਲੋਕੀਂ ਹੁਣ ਵੀ ਗੱਲਾਂ ਕਰਦੇ ਨੇ।...ਤੂੰ ਵੇਲੇ ਸਿਰ ਕੰਮ ਠੀਕ ਕਰ ਲਿਆ...ਘਰ ਨੂੰ ਬਚਾ ਲਿਆ। ''ਆਖ ਕੇ ਉਹ ਅੱਖਾਂ ਮੀਟ ਕੇ ਸੋਚਦੇ ਰਹੇ।...ਮੈਂ ਉਨ੍ਹਾਂ ਨੂੰ ਦੱਸ ਨਹੀਂ ਸਕੀ ਕਿ ਉਸ ਗੱਲ 'ਚ ਕਿੰਨਾ ਕੁ ਸੱਚ ਏ ਤੇ ਕਿੰਨਾ ਕੁ ਝੂਠ। ...ਫੇਰ ਵੀ ਕੁਝ ਕਹਿਣ ਲਈ ਮੈਂ ਉਨ੍ਹਾਂ ਨੂੰ ਬੁਲਾਇਆ। ਪਰ ਉਹ ਸੌਂ ਚੁੱਕੇ ਸਨ।

ਏਸ ਤੋਂ ਬਾਅਦ ਭੱਲਾ ਸਾਹਿਬ ਦਾ ਸੁਭਾ ਈ ਬਦਲਣ ਲੱਗ ਪਿਆ। ਲਗਦਾ ਸੀ, ਉਹ ਛੇਤੀ ਛੇਤੀ ਬੁੱਢੇ ਹੁੰਦੇ ਜਾਂਦੇ ਨੇ। ਉਨ੍ਹਾਂ ਦੇ ਸ਼ੌਕ ਮਰਦੇ ਜਾਂਦੇ ਨੇ। ਉਨ੍ਹਾਂ ਦੀਆਂ ਅੱਖਾਂ ਦੇ ਭਰਵੱਟੇ ਵੀ ਚਿੱਟੇ ਹੋਣ ਲਗ ਪਏ ਨੇ।...ਮੈਂ ਅਕਸਰ ਘਰ 'ਚ ਕੱਲੀ ਹੁੰਦੀ। ਸੁੰਨਾ ਘਰ ਭੈ ਦੇਣ ਲਗ ਪਿਆ ਸੀ। ਅਕਾਸ਼ਦੀਪ ਦੋਸਤਾਂ ਦੇ ਟੁਰਿਆ ਰਹਿੰਦਾ। ਭੱਲਾ ਸਾਹਿਬ ਅੱਗੇ ਵੀ ਦਫਤਰ ਤੋਂ ਲੇਟ ਆਉਂਦੇ ਸਨ, ਹੁਣ ਇੱਕ ਹੋਰ ਬੀਮਾਰੀ ਪਾਲਣ ਲੱਗ ਪਏ। ਦਫਤਰੋਂ ਤਾਂ ਵੇਲੇ ਸਿਰ ਚੱਲ ਪੈਂਦੇ, ਪਰ ਘਰ ਨਾ ਆਉਂਦੇ। ਆਪਣੇ ਕਾਲੇ ਜਿਹੇ ਜੂਨੀਅਰ ਕਲਰਕ ਰਾਮ ਸਹਾਏ ਨੂੰ ਨਾਲ ਲੈ ਕੇ ਆਪਣੇ ਛੜੇ ਦੋਸਤ ਭਾਪਾ ਤਾਰਾ ਸਿੰਘ ਦੇ ਚੁਬਾਰੇ ਚਲੇ ਜਾਂਦੇ। ਆਪ ਪੀਣ ਬਹਿ ਜਾਂਦੇ ਤੇ ਰਾਮ ਸਹਾਏ ਦੇ ਹੱਥ ਘਰ ਦੇਣ ਵਾਲੀਆਂ ਚੀਜ਼ਾਂ ਫੜਾਉਂਦੇ ਤੇ ਉਹਨੂੰ ਦੋ ਘੁੱਟ ਪਿਆ ਕੇ ਟੋਰ ਦਿੰਦੇ। ਉਨ੍ਹਾਂ ਚੀਜ਼ਾਂ 'ਚ ਮੇਰੀ ਦਵਾਈ ਵੀ ਹੁੰਦੀ ਸੀ। ਮੈਨੂੰ ਫੇਰ ਦਰਦਾਂ ਉਠ ਖੜ੍ਹੀਆਂ ਸਨ ਤੇ ਮੈਂ ਉਸੇ ਡਾਕਟਰ ਸਦਾਨੰਦ ਦੀ ਦਵਾਈ ਲੈਣ ਲੱਗ ਪਈ ਸੀ।

ਰਾਮ ਸਹਾਏ ਘਰ ਆਉਂਦਾ ਤਾਂ ਮੈਂ ਉਸਤੋਂ ਜਿਹੜੀ ਵੀ ਚੀਜ਼ ਮੰਗਵਾਣੀ ਹੁੰਦੀ, ਮੰਗਵਾ ਲੈਂਦੀ। ਜੇ ਕਦੇ ਕੰਮ ਕਰਨ ਨੂੰ ਦਿਲ ਨਾ ਕਰਦਾ ਤਾਂ ਸਬਜ਼ੀ ਤੇ ਹੋਰ ਖਾਣੇ ਵੀ ਬਣਵਾ ਲੈਂਦੀ। ਉਹ ਛੜਾ ਸੀ। ਉਹ ਆਪਣੇ ਘਰ ਜਾ ਕੇ ਖਾਣਾ ਬਣਾਂਦਾ ਸੀ। ਉਹਨੂੰ ਸੌਖ ਇਹ ਹੋ ਜਾਂਦੀ ਸੀ ਕਿ ਮੇਰੇ ਕੋਲ ਹੀ ਬਹਿ ਕੇ ਖਾ ਵੀ ਜਾਂਦਾ ਸੀ। ਮੈਂ ਇਕੱਲ ਤੋਂ ਅੱਕੀ ਹੁੰਦੀ ਸੀ। ਉਹ ਦੋ ਚਾਰ ਗੱਲਾਂ ਵੀ ਕਰ ਜਾਂਦਾ ਸੀ। ਉਹ ਕਦੇ ਭਾਪਾ ਸਿੰਘ ਬਾਰੇ, ਕਦੇ ਆਪਣੇ ਘਰਦਿਆਂ ਬਾਰੇ ਤੇ ਕਦੇ ਭੱਲਾ ਸਾਹਿਬ ਦੀਆਂ ਪੁਰਾਣੀਆਂ ਸਹੇਲੀਆਂ ਬਾਰੇ ਕੁਝ ਨਾ ਕੁਝ ਦੱਸਦਾ ਰਹਿੰਦਾ ਹੁੰਦਾ ਸੀ।...ਇਕ ਦਿਨ ਤਾਂ ਭੱਲਾ ਸਾਹਿਬ ਦੀਆਂ ਅਜਿਹੀਆ ਗੰਦੀਆਂ ਗੱਲਾਂ ਦੱਸੀਆਂ ਕਿ ਮੈਨੂੰ ਤਾਂ ਜਿਵੇਂ ਅੱਗ ਲੱਗ ਗਈ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਭੱਲਾ ਸਾਹਿਬ ਏਨੇ ਨੀਚ ਕੰਮ ਕਰ ਸਕਦੇ ਨੇ। ਮੇਰਾ ਤਾਂ ਮਨ ਈ ਮੁੜ ਗਿਆ ਉਨ੍ਹਾਂ ਤੋਂ। ਮੈਂ ਪੁੱਤਰ ਨੂੰ ਲੈ ਕੇ ਵੱਖਰੇ ਕਮਰੇ 'ਚ ਸੌਣ ਲਗ ਪਈ।

ਇਕ ਰਾਤ ਰਾਮ ਸਹਾਏ ਮੈਨੂੰ ਦਹੀਂ ਮੀਟ ਬਣਾਉਣਾ ਦੱਸ ਰਿਹਾ ਸੀ। ਪਤਾ ਨਹੀਂ ਉਹਨੂੰ ਪਲਾਂ 'ਚ ਕੀ ਹੋ ਗਿਆ? ਪਾਗਲਾਂ ਵਾਂਗ, ਹੱਥ ਧੋਤੇ ਬਿਨਾ ਈ, ਉਹਨੇ ਅਜਿਹੀ ਹਰਕਤ ਕਰ ਦਿਤੀ ਕਿ ਮੈਨੂੰ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਫੇਰ ਬੜੇ ਅਰਾਮ ਨਾਲ ਬੂਹਾ ਬੰਦ ਕਰ ਕੇ ਚਲਿਆ ਗਿਆ।...ਮੈਂ ਬੈਡ ਤੋਂ ਉਦੋਂ ਉਠੀ ਜਦੋਂ ਕਿਚਨ ਵਿਚੋਂ ਮੀਟ ਦੇ ਸੜਨ ਦੀ ਬੋ ਆਉਣ ਲੱਗ ਪਈ ਸੀ।...ਉਸ ਕਾਲੇ ਬਾਘ ਦੇ ਜਿਸਮ 'ਚ ਕਿੰਨੀ ਜਾਨ ਤੇ ਫੁਰਤੀ ਸੀ।...ਮੈਂ ਬੜੀ ਦੁਚਿੱਤੀ 'ਚ ਫਸੀ ਰਹੀ ਕਿ ਕੀ ਕਰਾਂ? ਭੱਲਾ ਸਾਹਿਬ ਨੂੰ ਦੱਸਾਂ ਜਾਂ ਨਾਂ?

ਦਸਾਂ ਕੁ ਦਿਨਾਂ ਬਾਅਦ ਰਾਮ ਸਹਾਏ ਫੇਰ ਆਇਆ ਤਾਂ ਹੱਥ ਜੋੜ ਕੇ ਖਲੋ ਗਿਆ। ਮੈਂ ਚੁੱਪ ਰਹੀ। ਆਪਣੇ ਚਿਹਰੇ 'ਤੇ ਕੋਈ ਭਾਵ ਨਾ ਆਉਣ ਦਿਤਾ। ਉਹ ਉਸੇ ਤਰ੍ਹਾਂ ਪੀ ਕੇ ਆਇਆ ਸੀ। ਮੀਟ ਉਹਦੇ ਕੋਲ ਸੀ। ਉਹ ਮੈਨੂੰ ਵਿਖਾਂਦਾ ਕਹਿੰਦਾ, ''ਇਹ ਭੱਲਾ ਸਾਹਿਬ ਨੇ ਭੇਜਿਐ।'' ...ਆਖ ਕੇ ਉਹ ਅੰਦਰ ਕਿਚਨ 'ਚ ਜਾ ਕੇ ਬਣਾਉਣ ਲੱਗ ਪਿਆ। ਮੈਂ ਕੁਰਸੀ 'ਤੇ ਦੂਰ ਬੈਠੀ ਉਹਨੂੰ ਦੇਖਦੀ ਰਹੀ। ਸੋਚਦੀ ਰਹੀ। ਸੋਚਾਂ ਨਾਲ ਮੇਰਾ ਦਿਮਾਗ ਭਰ ਗਿਆ। ਫੇਰ ਮੇਰਾ ਦਿਲ ਕੀਤਾ ਕਿ ਸਾਰੀਆਂ ਸੋਚਾਂ ਨੂੰ ਖੋਪੜੀ ਲਾਹ ਕੇ ਹੱਥ ਨਾਲ ਫੜ ਕੇ ਬਾਹਰ ਸੁੱਟ ਦਿਆਂ।

ਉਹਨੇ ਇੱਕ ਚੁਲ੍ਹੇ ਤੇ ਮੀਟ ਧਰ ਦਿਤਾ ਤੇ ਦੂਜੇ ਤੇ ਫੁਲਕੇ ਵੀ ਲਾਹ ਲਏ। ਫੇਰ ਭਾਂਡੇ ਵੀ ਸਾਫ ਕਰ ਦਿਤੇ। ਸਾਬਣ ਨਾਲ ਹੱਥ ਧੋ ਕੇ, ਪੂੰਝ ਕੇ ਉਹ ਮੇਰੇ ਕੋਲ ਆਇਆ। ਇਕ ਵਾਰ ਫੇਰ ਹੱਥ ਧੋਤੇ। ਫੇਰ ਪੋਲੇ ਹੱਥੀਂ ਮੈਨੂੰ ਕੁਰਸੀ ਤੋਂ ਉਠਾ ਕੇ ਅੰਦਰ ਬੈਡ 'ਤੇ ਲੈ ਗਿਆ। ਫੁਰਤੀ ਨਾਲ ਉਹਨੇ ਬੋਲਟ ਬੰਦ ਕਰ ਦਿਤੀ।...ਮੇਰੀ ਤਾਂ ਜਿਵੇਂ ਸੁਰਤ ਈ ਮਾਰੀ ਗਈ ਸੀ। ਕੀਲੀ ਗਈ ਸੀ।...ਫੇਰ ਉਹਨੇ ਆਰਾਮ ਨਾਲ ਬੋਲਟ ਖੋਲ੍ਹੀ ਤੇ ਮੈਨੂੰ ਨਮਸਤੇ ਆਖ ਕੇ ਅਛੋਪਲੇ ਜਿਹੇ ਟੁਰ ਗਿਆ। ਪਰ ਏਸ ਵਾਰ ਮੈਂ ਡਰੀ ਨਹੀਂ ਸੀ। ਉਹਦੇ ਹੱਥਾਂ 'ਚ ਵੀ ਸਖਤੀ ਨਹੀਂ ਸੀ।

ਉਹਦੇ ਜਾਣ ਬਾਅਦ ਮੈਂ ਹੈਰਾਨ ਪ੍ਰੇਸ਼ਾਨ ਸੋਚਾਂ ਕਿ ਵੇਖੋ, ਉਹਨੇ ਮੈਨੂੰ ਡਰਾਇਆ ਨਹੀਂ। ਉਹਦੇ ਹੱਥ 'ਚ ਕੋਈ ਛੁਰਾ ਵੀ ਨਹੀਂ ਸੀ।...ਏਸ ਤਰ੍ਹਾਂ ਵੀ ਕਦੇ ਹੋਇਆ ਕਰਦਾ ਏ? ਮੈਂ ਤਾਂ ਕਦੇ ਸੁਣਿਆ ਨਹੀਂ ਸੀ। ਭੱਲਾ ਸਾਹਿਬ ਨੇ ਇਕ ਵਾਰ ਆਪਣੇ ਦੋਸਤ ਤੇ ਉਹਦੇ ਅਫਸਰ ਦੀ ਪਤਨੀ ਦੀ ਅਜਿਹੀ ਗੱਲ ਸੁਣਾਈ ਸੀ।...ਉਦੋਂ ਮੈਂ ਸਮਝਦੀ ਸੀ ਕਿ ਉਨ੍ਹਾਂ ਕਿਸੇ ਕਿਤਾਬ 'ਚ ਪੜ੍ਹੀ ਹੋਵੇਗੀ। ਜਾਂ ਐਵੇਂ ਜੋੜ ਕੇ ਸੁਣਾ ਦਿੱਤੀ।

ਐਵੇਂ ਅਸੀਂ ਰੰਗ ਵੇਖ ਕੇ ਬੰਦੇ ਨੂੰ ਸੁਹਣਾ ਕੁਹਣਾ ਕਹਿ ਦਿੰਦੇ ਹਾਂ। ਮੈਨੂੰ ਤਾਂ ਕਾਲਾ ਰਾਮ ਸਹਾਏ ਸੁਹਣਾ ਈ ਲੱਗਦਾ ਸੀ। ਉਹ ਸਾਫ ਸੁਥਰਾ ਰਹਿੰਦਾ ਸੀ। ਇਸਤਰੀ ਕੀਤੇ ਕਪੜੇ ਪਾਉਂਦਾ ਸੀ। ਮੁਸਕਰਾਉਣ ਤੇ ਉਹਦੇ ਬੱਝਵੇਂ ਦੰਦਾਂ ਦੀ ਬੀੜ ਚਮਕਦੀ ਸੀ।

ਅਜਿਹੀ ਹੀ ਹਰਕਤ ਇਕ ਵਾਰ ਭੱਲਾ ਸਾਹਿਬ ਦੇ ਦੋਸਤ ਸੋਬਤੀ ਸਾਹਿਬ ਨੇ ਮੇਰੇ ਨਾਲ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਏਨਾ ਸੁਹਣਾ ਸੁਨੱਖਾ ਤੇ ਰੋਅਬਦਾਬ ਵਾਲਾ ਬੰਦਾ ਮੈਨੂੰ ਚੰਗਾ ਨਹੀਂ ਸੀ ਲੱਗਾ। ਮੈਂ ਉਹਦਾ ਹੱਥ ਫੜ ਕੇ ਉਹਨੂੰ ਝਿੜਕ ਦਿੱਤਾ ਸੀ। ਅਗਾਂਹ ਤੋਂ ਉਹ ਬੜਾ ਸਾਊ ਬੀਬਾ ਬਣ ਗਿਆ ਸੀ।

ਪਰ ਡਾਕਟਰ ਸਦਾਨੰਦ ਨੇ ਤਾਂ ਪਹਿਲ ਨਹੀਂ ਸੀ ਕੀਤੀ। ਉਹ ਸੁਹਣਾ ਵੀ ਨਹੀਂ ਸੀ ਲਗਦਾ। ਮੋਟੇ ਨਕਸ਼ਾਂ ਵਾਲਾ ਬੰਦਾ ਸੀ। ਮੇਰੀ ਦਰਦਾਂ ਦੀ ਬੀਮਾਰੀ ਕਰਕੇ ਗੱਲਾਂ ਪੁਛਦਾ ਉਹ ਮੇਰਾ ਹਮਦਰਦ ਬਣ ਗਿਆ ਸੀ। ਉਹਦੇ ਕੋਲ ਮੈਂ ਕਦੇ ਆਪਣੇ ਦੁੱਖ ਨੂੰ ਜਾਂਦੀ ਸੀ ਤੇ ਕਦੇ ਦੁੱਖ ਦੇ ਬਹਾਨੇ।

ਕਈ ਵਾਰ ਸੋਚਦਿਆਂ ਮੈਨੂੰ ਹੈਰਾਨੀ ਹੁੰਦੀ, ਆਪਣੇ ਆਪ 'ਤੇ। ਕਈ ਵਾਰ ਪਛਤਾਵਾ ਜਿਹਾ ਲੱਗ ਜਾਂਦਾ ਕਿ ਮੈਂ ਇਹ ਕੀ ਬਣਦੀ ਜਾ ਰਹੀ ਹਾਂ? ਮੇਰੀ ਉਮਰ ਕਿਹੜੀ, ਸੋਚਾਂ ਤੇ ਕਰਮ ਕਿਹੜੇ?...ਜਦੋਂ ਕਦੇ ਮਨ 'ਤੇ ਭਾਰ ਵਧ ਜਾਂਦਾ ਤਾਂ ਮੈਂ ਸਾਰਾ ਕਸੂਰ ਭੱਲਾ ਸਾਹਿਬ ਤੇ ਸੁੱਟ ਦਿੰਦੀ।...ਜੀਹਨੇ ਆਪਣੀ ਅਲਮਾਰੀ 'ਚ ਉਹ ਪੁਰਾਣੀ ਡਾਇਰੀ ਰੱਖੀ ਸੀ। ਜੀਹਦੇ ਵਿਚ ਜਨਾਨੀਆਂ ਦੀਆਂ ਫੋਟੋਆਂ ਸਨ। ਜਿਨ੍ਹਾਂ ਦੇ ਪਿਛੇ ਤਰੀਕਾਂ ਲਿੱਖ ਕੇ ਸਕੋਰ ਬੋਰਡ ਬਣਾਇਆ ਹੋਇਆ ਸੀ।

ਇਕ ਰਾਤ ਭੱਲਾ ਸਾਹਿਬ ਰਾਤ ਦੇ ਗਿਆਰਾਂ ਵਜੇ ਤੋਂ ਵੀ ਬਾਅਦ ਆਏ। ਮੈਂ ਉਨ੍ਹਾਂ ਦੇ ਡਿਗਦੇ ਢਹਿੰਦੇ ਸਰੀਰ ਨੂੰ ਅੰਦਰ ਵਾੜ ਕੇ ਗੁੱਸੇ ਨਾਲ ਧੱਕਾ ਦੇ ਕੇ ਬੈਡ 'ਤੇ ਡੇਗ ਦਿੱਤਾ। ਤੇ ਆਪ ਕੁਰਸੀ 'ਤੇ ਬਹਿ ਕੇ ਉਨ੍ਹਾਂ ਦੇ ਤੇ ਆਪਣੇ ਕਰਮਾਂ ਨੂੰ ਰੋਣ ਲੱਗੀ। ਅਕਾਸ਼ਦੀਪ ਸੁੱਤਾ ਪਿਆ ਸੀ। ਅੱਧਮਰੇ ਕੁੱਤੇ ਵਾਂਗ ਲੇਟੇ ਉਸ ਬੰਦੇ ਨੇ ਰਾਮ ਸਹਾਏ ਦੇ ਹੱਥ ਮੇਰੀ ਦਵਾਈ ਵੀ ਨਹੀਂ ਸੀ ਭੇਜੀ। ਮੇਰਾ ਅੰਗ ਅੰਗ ਟੁੱਟਦਾ ਪਿਆ ਸੀ ਕਲ੍ਹ ਦਾ। ਨਾ ਸਬਜ਼ੀ ਭੇਜੀ ਸੀ। ਮੈਂ ਵੀ ਖਾਣਾ ਨਹੀਂ ਸੀ ਬਣਾਇਆ। ਅਕਾਸ਼ਦੀਪ ਨੂੰ ਦੁੱਧ ਨਾਲ ਬਰੈਡ ਖਵਾ ਦਿੱਤੀ ਸੀ।

ਭੱਲਾ ਸਾਹਿਬ ਇੱਕ ਵਾਰ ਜ਼ੋਰ ਲਾ ਕੇ ਉਠੇ ਤੇ ਮੈਨੂੰ ਵੇਖ ਕੇ ਗਾਲਾਂ ਕੱਢਦੇ ਫੇਰ ਡਿੱਗ ਪਏ। ਫੇਰ ਲੇਟੇ ਈ ਲੇਟੇ ਮੈਨੂੰ 'ਰੰਡੀ, ਲੁੱਚੀ' ਆਖਦੇ ਰਹੇ।...ਉਨ੍ਹਾਂ ਦੀਆਂ ਟੁੱਟਵੀਆਂ ਗੱਲਾਂ ਤੋਂ ਪਤਾ ਲੱਗਦਾ ਸੀ ਕਿ ਉਨ੍ਹਾਂ ਨੂੰ ਰਾਮ ਸਹਾਏ ਵਾਲੀ ਗੱਲ ਦਾ ਪਤਾ ਲੱਗ ਗਿਆ ਏ। ਤੇ ਡਾਕਟਰ ਸਦਾਨੰਦ ਕੋਲ ਜਾਣ ਕਰ ਕੇ ਮੇਰੇ 'ਤੇ ਸ਼ੱਕ ਪੱਕਾ ਹੋ ਗਿਆ ਏ।...ਸ਼ੱਕ ਤਾਂ ਉਹ ਪਹਿਲਾਂ ਵੀ ਕਰਦੇ ਸਨ, ਪਰ ਸਾਫ਼ ਕਹਿੰਦੇ ਨਹੀਂ ਸਨ। ਸ਼ੱਕ ਤਾਂ ਉਨ੍ਹਾਂ ਨੂੰ ਹਰੇਕ ਉਸ ਬੰਦੇ ਤੇ ਹੋਣ ਲੱਗ ਪਿਆ ਸੀ, ਜਿਹੜਾ ਸਾਡੇ ਬੂਹੇ ਅੱਗੋਂ ਦੀ ਲੰਘਦਾ ਸੀ।

ਜਦੋਂ ਉਹ ਬੋਲਣੋ ਹਟੇ ਈ ਨਾ ਤਾਂ ਮੇਰੇ ਅੰਦਰ ਅੱਗ ਲੱਗ ਗਈ। ਮੈਂ ਆਖ ਈ ਦਿਤਾ, ''ਆਹੋ, ਮੈਂ ਰਾਮ ਸਹਾਏ ਨਾਲ ਰਹਿੰਦੀ ਹਾਂ। ...ਡਾਕਟਰ ਸਦਾਨੰਦ ਕੋਲ ਵੀ ਏਸੇ ਲਈ ਜਾਂਦੀ ਹਾਂ। ਤੇਰੇ ਸਾਰੇ ਦੋਸਤ ਮਿੱਤਰ ਤੇਰੇ ਪਿੱਛੋਂ ਮੈਨੂੰ ਏਸੇ ਲਈ ਮਿਲਣ ਏਸ ਘਰ 'ਚ ਆਉਂਦੇ ਨੇ।...ਤੇ ਪਿਉ ਦੇ ਹਾਣ ਦਾ ਸੋਢੀ ਵੀ ਆਉਂਦੈ।''

ਇਹ ਗੰਦ ਬੋਲਦਿਆਂ ਮੈਂ ਭੁੱਲ ਈ ਗਈ ਸੀ ਕਿ ਮੈਂ ਕਿਹੜੇ ਖਾਨਦਾਨ ਦੀ ਧੀ ਹਾਂ ਤੇ ਕਿਹੜੇ ਦੀ ਨੂੰਹ।...ਮੈਨੂੰ ਤਾਂ ਇਹ ਵੀ ਭੁੱਲ ਗਿਆ ਸੀ ਕਿ ਰਿਕਸ਼ੇ ਤੋਂ ਉਤਰਦਿਆਂ ਈ ਉਨ੍ਹਾਂ ਪਾਣੀ ਮੰਗਿਆ ਸੀ।

ਉਹਦੀਆਂ ਸੱਚੀਆਂ ਝੂਠੀਆਂ ਗੱਲਾਂ ਸੁਨਣ ਤੋਂ ਸੜੀ ਬਲੀ ਮੈਂ ਦੂਜੇ ਕਮਰੇ 'ਚ ਜਾ ਕੇ ਆਪਣੇ ਬੈਡ 'ਤੇ ਜਾ ਕੇ ਲੇਟ ਗਈ ਸੀ। ਫੇਰ ਉਹਦੇ ਬੋਲਣ ਦੀ ਆਵਾਜ਼ ਬੰਦ ਹੋਈ ਤਾਂ ਮੈਂ ਸਮਝਿਆ, ਸੌਂ ਗਿਆ ਹੋਵੇਗਾ।

ਅੱਧੇ ਕੁ ਘੰਟੇ ਬਾਅਦ ਮੈਨੂੰ ਖੜਾਕ ਸੁਣਿਆ। ਮੈਂ ਕਾਹਲ ਨਾਲ ਉਨ੍ਹਾਂ ਦੇ ਕਮਰੇ 'ਚ ਗਈ ਤਾਂ ਦੇਖਿਆ, ਉਹ ਬੈਡ ਤੋਂ ਹੇਠਾਂ ਡਿੱਗੇ ਪਏ ਸਨ।...ਮੈਂ ਚੀਕਾਂ ਮਾਰਕੇ ਅਕਾਸ਼ਦੀਪ ਨੂੰ ਜਗਾਇਆ। ਅਸੀਂ ਦੋਹਾਂ ਨੇ ਰਲ ਕੇ ਚੁੱਕ ਕੇ ਉਨ੍ਹਾਂ ਨੂੰ ਬੈਡ 'ਤੇ ਲਿਟਾਇਆ। ਫੇਰ ਪਾਗਲਾਂ ਜਿਹੀ ਹੋਈ ਨੇ ਮੈਂ ਭੱਜ ਕੇ ਜਾ ਕੇ ਚੌਥੇ ਘਰ ਦੀ ਕਾਲ ਬੈਲ ਵਜਾ ਦਿੱਤੀ।...ਉਹ ਦੋਵੇਂ ਸਾਊ ਸੋਢੀ ਪਿਓ-ਪੁੱਤਰਾਂ ਨੇ ਆਪਣੀ ਕਾਰ ਕੱਢੀ ਤੇ ਭੱਲਾ ਸਾਹਿਬ ਨੂੰ ਹਸਪਤਾਲ ਲੈ ਗਏ। ਜਿਥੇ ਜਾਂਦਿਆਂ ਈ ਉਨ੍ਹਾਂ ਨੇ ਦੋ ਉਲਟੀਆਂ ਕੀਤੀਆਂ। ਦੂਜੀ ਖ਼ੂਨ ਦੀ ਸੀ।

ਡਾਕਟਰਾਂ ਇੰਜੈਕਸ਼ਨ ਲਾਏ। ਆਕਸੀਜ਼ਨ ਦਿੱਤੀ। ਮਸਾਜ ਕੀਤੀ ਪਰ ਉਨ੍ਹਾਂ ਅੱਧਾ ਘੰਟਾ ਵੀ ਨਾ ਕਟਿਆ।

ਪਿਓ ਦੇ ਪੂਰੇ ਹੋਣ 'ਤੇ ਪੁੱਤਰ ਆਏ ਸਨ। ਉਨ੍ਹਾਂ ਮੇਰੇ ਅੱਗੇ ਨੋਟਾਂ ਦੇ ਢੇਰ ਲਾ ਦਿਤੇ ਸਨ। ਸ਼ਹਿਰ ਦੇ ਦੂਜੇ ਪਾਸੇ ਕੋਠੀ ਖ਼ਰੀਦ ਲਈ ਸੀ। ਜੀਹਦੇ 'ਚ ਦੋ ਟੱਬਰ ਰਹਿ ਸਕਣ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਜਦੋਂ ਵੀ ਦੇਸ਼ ਆਇਆ ਕਰਨਗੇ, ਮਾਂ ਕੋਲ ਰਿਹਾ ਕਰਨਗੇ। ਪਿੱਛੋਂ ਭਾਵੇਂ ਮੈਂ ਕਿਰਾਏਦਾਰ ਵਾੜ ਲਵਾਂ।

ਏਸ ਗੱਲ ਨੂੰ ਕਈ ਵਰ੍ਹੇ ਬੀਤ ਗਏ ਨੇ। ਬੜਾ ਕੁਝ ਭੁੱਲ ਵਿੱਸਰ ਗਿਆ ਏ।...ਸਿਹਤ ਠੀਕ ਏ। ਹੁਣ ਦਰਦਾਂ ਨਹੀਂ ਹੁੰਦੀਆਂ। ਜਿਸਮ 'ਚ ਜਾਨ ਏ। ਪਰ ਮੈਂ ਕਿਸੇ ਮਰਦ ਵਲ ਤੱਕਦੀ ਨਹੀਂ। ਤੱਕਣ ਨੂੰ ਰੂਹ ਈ ਨਹੀਂ ਕਰਦੀ।

#

## ਸੰਪਾਦਕ ਦੀ ਡਾਕ

### ਹੇਵਰਡ ਕਬੱਡੀ ਕੱਪ

ਸੰਪਾਦਕ ਜੀ, ਪੰਜਾਬ ਟਾਈਮਜ਼ ਵਿਚ ਹੇਵਰਡ ਵਿਖੇ ਹੋਏ ਕਬੱਡੀ ਟੂਰਨਾਮੈਂਟ ਦੀ ਰਿਪੋਰਟ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਅਸੀਂ ਉਸ ਮੇਲੇ ਵਿਚ ਘੁੰਮ ਰਹੇ ਹੋਈਏ। ਕੰਮਾਂ ਦੇ ਰੁਝੇਵਿਆਂ ਕਾਰਨ ਅਸੀਂ ਮੇਲੇ ਵਿਚ ਜਾ ਨਹੀਂ ਸਕੇ ਪਰ ਪੰਜਾਬ ਟਾਈਮਜ਼ ਦੀ ਇਸ ਰਿਪੋਰਟ ਨੇ ਸਾਨੂੰ ਮੇਲਾ ਹੂਬਹੂ ਵਿਖਾ ਦਿੱਤਾ। ਪੰਜਾਬ ਟਾਈਮਜ਼ ਸਾਨੂੰ ਹਮੇਸ਼ਾ ਆਪਣੇ ਵਿਰਸੇ, ਆਪਣੇ ਸਭਿਆਚਾਰ ਅਤੇ ਆਪਣੇ ਪੰਜਾਬ ਨਾਲ ਜੋੜੀ ਰੱਖਦਾ ਹੈ। ਸ. ਦੁਪਾਲਪੁਰ ਦੀ ਮਿੱਠੀ, ਸਹਿਜ ਅਤੇ ਠੇਠ ਪੰਜਾਬੀ ਵਿਚ ਲਿਖੇ ਲੇਖ, ਸ੍ਰੀ ਭੌਰਾ ਦੀਆਂ ਮਨੋਰੰਜਕ ਪਰ ਖੋਜ ਭਰਪੂਰ ਲਿਖਤਾਂ, ਮਝੈਲ ਸਿੰਘ ਸਰਾਂ, ਕੁਲਵੰਤ ਸਿੰਘ ਰੋਮਾਣਾ, ਬਲਜੀਤ ਸਿੰਘ ਬਾਸੀ ਅਤੇ ਹੋਰਨਾਂ ਲੇਖਕਾਂ ਦੇ ਲੇਖ ਸਾਨੂੰ ਹਰ ਹਫਤੇ ਨਵੀਆਂ ਨਵੀਆਂ ਜਾਣਕਾਰੀਆਂ ਪ੍ਰਦਾਨ ਕਰਦੇ ਹਨ। ਪੰਜਾਬ ਟਾਈਮਜ਼ ਦਾ ਆਨ-ਲਾਈਨ ਐਡੀਸ਼ਨ ਸਾਡੇ ਲਈ ਹਰ ਵਕਤ ਤਿਆਰ ਹੈ।

ਅਸੀਂ ਪੰਜਾਬ ਪੰਜਾਬ ਟਾਈਮਜ਼ ਦੀ ਤਰੱਕੀ ਲਈ ਦਿਲੀ ਅਰਦਾਸ ਕਰਦੇ ਹਾਂ।

***ਇੰਦਰਜੀਤ ਮੰਗਾ, ਨੀਲਮ ਮੰਗਾ***
***ਪਿਟਸਬਰਗ (ਕੈਲੀਫੋਰਨੀਆ)***

---

### ਰੰਡਿਆਲੇ ਦੀ ਕੁਮੈਂਟਰੀ

26 ਸਤੰਬਰ ਨੂੰ ਯੁਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਹੇਵਰਡ ਵਿਚ ਕਰਵਾਇਆ ਗਿਆ ਕਬੱਡੀ ਕੱਪ ਵੇਖਣ ਦਾ ਮੌਕਾ ਮਿਲਿਆ। ਗਾਖਲ ਭਰਾਵਾਂ ਦੀ ਮਿਹਨਤ ਨਾਲ ਕਰਵਾਇਆ ਗਿਆ ਇਹ ਮੇਲਾ ਵਾਕਿਆ ਹੀ ਕਾਮਯਾਬ ਰਿਹਾ। ਅਖਬਾਰਾਂ ਵਿਚ ਵੀ ਮੇਲੇ ਦੀ ਕਾਮਯਾਬੀ ਦੀਆਂ ਰਿਪੋਰਟਾਂ ਪੜ੍ਹੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਰਵਾਇਤੀ ਕਿਸਮ ਦੀਆਂ ਸਨ। ਜਿਹੜੀ ਵਿਲੱਖਣ ਗੱਲ ਵੱਲ ਮੈਂ ਧਿਆਨ ਦਿਵਾਉਣਾ ਚਾਹੁੰਨਾਂ ਉਹ ਹੈ ਨੌਜਵਾਨ ਕੁਮੈਂਟੇਟਰ ਰਾਜਵਿੰਦਰ ਸਿੰਘ ਰੰਡਿਆਲਾ ਦੀ ਕੁਮੈਂਟਰੀ। ਨੌਜਵਾਨ ਕੁਮੈਂਟੇਟਰ ਰੰਡਿਆਲਾ ਨੇ ਆਪਣੇ ਠੇਠ ਮਲਵਈ ਅੰਦਾਜ਼ ਵਿਚ ਅਜਿਹੇ ਅਲੰਕਾਰ ਰੂਪਮਾਨ ਕੀਤੇ ਕਿ ਦਰਸ਼ਕ ਅਸ਼ ਅਸ਼ ਕਰ ਉਠੇ। ਪੰਜਾਬੀ ਟੋਟਕਿਆਂ ਅਤੇ ਟਰੱਕਿੰਗ ਬਿਜਨਸ ਨਾਲ ਸਬੰਧਤ ਗੱਲਾਂ-ਬਾਤਾਂ ਨੂੰ ਉਸ ਨੇ ਕਬੱਡੀ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਚਿਣ ਚਿਣ ਕੇ ਪੇਸ਼ ਕੀਤਾ ਕਿ ਕਹਿਰ ਦੀ ਗਰਮੀ ਵਿਚ ਵੀ ਦਰਸ਼ਕ ਉਸ ਦੀ ਕੁਮੈਂਟਰੀ ਦੀ ਠੰਡਕ ਮਾਣਦੇ ਰਹੇ। ਮੇਰੇ ਨਾਲ ਮੇਰੇ ਚਾਰ ਸਾਥੀ ਕਿਤੇ ਪਾਰਟੀ 'ਤੇ ਜਾਣ ਲਈ ਛੇਤੀ ਮੁੜਨ ਦਾ ਵਾਅਦਾ ਲੈ ਕੇ ਮੇਰੇ ਨਾਲ ਮੇਲਾ ਵੇਖਣ ਤੁਰੇ ਸਨ ਪਰ ਮੇਰੇ ਯਾਦ ਕਰਵਾਉਣ ਉਤੇ ਵੀ ਰੰਡਿਆਲੇ ਦੀ ਕੁਮੈਂਟਰੀ ਦਾ ਅਨੰਦ ਮਾਨਣ ਲਈ ਅਗਲੇ ਮੈਚ ਦੀ ਇੰਤਜ਼ਾਰ ਵਿਚ ਬੈਠੇ ਰਹੇ। ਜੇ ਸੱਚ ਪੁੱਛੋ ਤਾਂ ਨਾਮੀ ਕਬੱਡੀ ਕੁਮੈਂਟੇਟਰ ਮੱਖਣ ਸਿੰਘ ਵੀ ਰੰਡਿਆਲੇ ਅੱਗੇ ਫਿੱਕਾ ਫਿੱਕਾ ਜਾਪਿਆ। ਕਹਿ ਸਕਦੇ ਹਾਂ ਕਿ ਮੇਲੇ ਦੀ ਜਿੰਦ-ਜਾਨ ਰਾਜਵਿੰਦਰ ਰੰਡਿਆਲਾ ਹੀ ਸੀ ਪਰ ਅਖਬਾਰਾਂ ਦੀਆਂ ਰਿਪੋਰਟਾਂ ਵਿਚ ਉਸ ਦੀ ਬਣਦੀ ਤਾਰੀਫ ਨਹੀਂ ਕੀਤੀ ਗਈ। ਉਸ ਦੀ ਹੌਸਲਾ ਅਫਜ਼ਾਈ ਕਿਉਂ ਨਹੀਂ ਕੀਤੀ ਗਈ? ਸਮਝ ਤੋਂ ਬਾਹਰ ਹੈ।

***ਜਸਵੰਤ ਸਿੰਘ ਸ਼ਾਦ,***
***ਸਟਾਕਟਨ, ਕੈਲੀਫੋਰਨੀਆ।***

## ਪੰਥ ਦੀ ਗੁਰੁਤਾ

ਯਹੀ ਆਦਿ ਹੁਤ ਆਯੋ ਵਰਤਾਰਾ।
ਜਿਮ ਨਾਨਕ ਗੁਰ ਅੰਗਦ ਧਾਰਾ।

ਗੁਰੂ ਨਾਨਕ ਦੇਵ ਜੀ ਦਾ ਜੋਤਿ ਰੂਪ ਉਨ੍ਹਾਂ ਦੀ ਅਮ੍ਰਿਤਮਈ ਬਾਣੀ ਸੀ। ਉਨ੍ਹਾਂ ਦਾ ਸਾਰੀਰਿਕ ਰੂਪ ਮਹਾਰਾਜ ਸ੍ਰੀ ਗੁਰੂ ਅੰਗਦ ਦੇਵ ਸਨ। ਇੰਞ ਹੀ ਇਹ ਪਰੰਪਰਾ ਪ੍ਰਵਾਹਿਤ ਹੋਈ ਹੈ। ਪੂਰੇ ਵਿਸ਼ਵ ਲਈ ਕਲਿਆਣਕਾਰੀ ਸ਼ਬਦ-ਗੁਰੂ ਦਾ ਸਤਿਕਾਰ ਸ੍ਰੀ ਗੁਰੂ ਜੀ ਵੀ ਵਖ-ਵਖ ਜਾਮਿਆਂ ਵਿਚ ਕਰਦੇ ਰਹੇ, ਪਰ ਉਨ੍ਹਾਂ ਦਾ ਪੰਥ ਆਕਾਰਧਾਰੀ ਸ੍ਰੀ ਗੁਰੂ ਜੀ ਅਗੇ ਸਿਰ ਨਿਵਾਂਦਾ ਸੀ। ਇਥੇ ਇਹ ਵਰਣਨ ਕਰਨਾ ਉਚਿਤ ਹੋਵੇਗਾ ਕਿ ਆਦਿ ਗ੍ਰੰਥ ਦਾ ਹਰਿਮੰਦਿਰ ਜੀ ਵਿਚ ਪਹਿਲਾ ਪ੍ਰਕਾਸ਼ ਕਰਨ ਸਮੇਂ ਇਸ ਦੀ ਤਾਬਿਆ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨਹੀਂ ਬੈਠੇ, ਬਲਕਿ ਬਾਬਾ ਬੁਢਾ ਜੀ ਨੂੰ ਇਹ ਸੇਵਾ ਸੌਂਪੀ ਗਈ। ਇਹ ਕੇਵਲ ਬੁਢਾ ਜੀ ਦੇ ਸਤਿਕਾਰ ਕਾਰਨ ਨਹੀਂ ਕੀਤਾ ਗਿਆ, ਬਲਕਿ ਸਿਧਾਂਤ ਦੀ ਰਾਖੀ ਵਾਸਤੇ ਅਜਿਹਾ ਕਰਨਾ ਜ਼ਰੂਰੀ ਸੀ। ਜੇ ਸ੍ਰੀ ਗੁਰੂ ਅਰਜਨ ਦੇਵ ਜੀ ਤਾਬਿਆ ਵਿਚ ਬੈਠ ਜਾਂਦੇ, ਤਾਂ ਸਿੱਖਾਂ ਵਿਚ ਗੁਰੁਤਾ ਸੰਬੰਧੀ ਦੁਵਿਧਾ ਦਾ ਪ੍ਰਸਾਰ ਹੋ ਜਾਂਦਾ ਕਿ ਉਹ ਸ਼ਬਦ ਅਗੇ ਨਮਸਕਾਰ ਕਰਨ ਜਾਂ ਸਰੂਪਧਾਰੀ ਗੁਰੁਦੇਵ ਅਗੇ। ਉਸ ਸਮੇਂ ਗੁਰੁਤਾ ਦਾ ਅਧਿਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਸੀ, ਆਦਿ ਗ੍ਰੰਥ ਕੋਲ ਨਹੀਂ। ਪ੍ਰਕਾਸ਼-ਦੇਵ ਸ੍ਰੀ ਗੁਰੂ ਜੀ ਨੇ ਇਸ ਸੰਬੰਧੀ ਰਤਾ ਵੀ ਭ੍ਰਮ ਨਹੀਂ ਪੈਦਾ ਹੋਣ ਦਿਤਾ। ਦਸ ਮਹਿਲਾਂ ਤਕ ਜਗਤ ਦੀ ਅਗਵਾਈ ਗੁਰੂ ਜੀ ਦੀ ਬਾਣੀ ਕਰਦੀ ਸੀ, ਪਰ ਆਪਣੇ ਸਾਜੇ ਪੰਥ ਦੀ ਅਗਵਾਈ ਗੁਰੂਦੇਵ ਦੀ ਕਾਇਆ ਕਰਦੀ ਸੀ। ਨਾਮ ਦੀ ਦੀਖਿਆ ਗੁਰੁਬਾਣੀ ਵਿਚੋਂ ਵਿਸ਼ਵ ਨੂੰ ਪ੍ਰਾਪਤ ਹੋ ਰਹੀ ਸੀ, ਪਰ ਪੰਥ ਵਿਚ ਸ਼ਮੂਲੀਅਤ ਦੀ ਅਮ੍ਰਿਤ-ਦੀਖਿਆ ਦਾ ਅਧਿਕਾਰ ਵਖ-ਵਖ ਜਾਮਿਆਂ ਵਿਚ ਵਿਦਮਾਨ ਹੋ ਕੇ ਸ੍ਰੀ ਗੁਰੂ ਜੀ ਨੇ ਆਪਣੇ ਕੋਲ ਰਖਿਆ ਸੀ। ਜਦੋਂ ਇਕ ਪਾਸੇ ਵਿਸ਼ਵ ਦੀ ਅਗਵਾਈ ਵਾਸਤੇ ਸ਼ਬਦ-ਗੁਰੂ ਦੀ ਸੰਪੂਰਨਤਾ ਹੋ ਗਈ ਅਤੇ ਦੂਜੇ ਪਾਸੇ ਗੁਰੂ ਜੀ ਦਾ ਨਿਆਰਾ ਪੰਥ ਸਰਬ-ਗੁਣ ਸੰਪੰਨ ਅਤੇ ਆਤਮ-ਨਿਰਭਰ ਹੋ ਗਿਆ, ਤਾਂ ਸ੍ਰੀ ਗੁਰੂ ਜੀ ਨੇ ਪਹਿਲਾਂ ਆਪਣੀ ਕਾਇਆ ਪੰਥ ਵਿਚ ਵਿਲੀਨ ਕਰ ਕੇ 1699 ਈ. ਵਿਚ ਪੰਥ ਦੀ ਗੁਰੁਤਾ ਦਾ ਐਲਾਨ ਕਰ ਦਿਤਾ। ਫਿਰ ਪੰਥ ਦੀ ਇਛਾ ਅਨੁਸਾਰ ਆਨੰਦਪੁਰ ਦਾ ਕਿਲਾ ਤਿਆਗਣ, ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਜਾਣ ਵਾਸਤੇ ਪੰਜ ਪਿਆਰਿਆਂ ਦੇ ਹੁਕਮ ਦੀ ਪਾਲਣਾ ਕਰਨ, ਦਾਦੂ ਦੇ ਦੇਹੁਰੇ ਜਾ ਕੇ ਪੰਥ ਤੋਂ ਤਨਖਾਹ ਲਗਵਾਉਣ ਅਤੇ ਪੰਥ ਦੀ ਆਗਿਆ ਅਨੁਸਾਰ ਬੰਦਾ ਸਿੰਘ ਤੋਂ ਖੰਡਾ ਵਾਪਿਸ ਲੈ ਕੇ ਪੰਥ ਨੂੰ ਦੇਣ ਤਕ ਖ਼ਾਲਸੇ ਦੀ ਹਰ ਆਗਿਆ ਨੂੰ ਸਤਿਕਾਰ ਸਹਿਤ ਪ੍ਰਵਾਣ ਕਰ ਕੇ ਪੰਥ ਦੀ ਗੁਰੁਤਾ ਨੂੰ ਸੁਦ੍ਰਿੜਤਾ ਪ੍ਰਦਾਨ ਕੀਤੀ ਸੀ।

ਇਕ ਹੋਰ ਮਹਤਵਪੂਰਨ ਤਥ ਸਮਝਣਾ ਆਵਸ਼ਕ ਹੈ ਕਿ ਜਦੋਂ ਸ੍ਰੀ ਗੁਰੂ ਜੀ ਨੇ ਆਪਣੇ ਪੰਥ ਨੂੰ 'ਗੁਰੂ ਮਾਨਿਓ ਗ੍ਰੰਥ' ਕਹਿ ਕੇ ਗ੍ਰੰਥ ਦੀ ਤਾਬਿਆ ਵਿਚ ਰਹਿਣ ਦਾ ਆਦੇਸ਼ ਦਿਤਾ ਸੀ, ਤਾਂ ਉਸ ਨਾਲ ਪੰਥ ਦੀ ਗੁਰੁਤਾ ਨੂੰ ਕੋਈ ਠੇਸ ਨਹੀਂ ਸੀ ਲਗੀ, ਨਾ ਹੀ ਉਨ੍ਹਾਂ ਦਾ ਇਹ ਸਤਿ-ਕਰਮ ਕੋਈ ਦੋਹਰੀ ਗੁਰੁਤਾ ਦਾ ਭੁਲੇਖਾ ਉਤਪੰਨ ਕਰਦਾ ਹੈ। ਗ੍ਰੰਥ ਦੀ ਤਾਬਿਆ ਵਿਚ ਰਹਿਣ ਦਾ ਭਾਵ ਹੈ, ਪੰਥ ਨੇ ਹਮੇਸ਼ਾ ਧਰਮ ਦੀ ਸਰਪ੍ਰਸਤੀ ਹੇਠ ਰਹਿਣਾ ਹੈ। ਜਿਸ ਧਰਮ ਦੀ ਸਰਪ੍ਰਸਤੀ ਵਿਚ ਰਹਿਣਾ ਹੈ, ਉਹ ਸੰਪ੍ਰਦਾਇਕ ਜਾਂ ਪੰਥਕ ਨਹੀਂ। ਉਹ ਵਿਸ਼ਵ-ਧਰਮ ਹੈ। ਸਿੱਖ ਪੰਥ ਉਸ ਦਾ ਅੰਗ ਹੈ ਅਤੇ ਹੋਰ ਪੰਥ ਵੀ ਉਸ ਦਾ ਅੰਗ ਹਨ। ਹੋਰ ਪੰਥ ਆਪਣੀ ਸੰਕੀਰਣ ਸੋਚ ਕਾਰਨ ਭਾਵੇਂ 'ਏਕ ਸਬਦੁ' (ਗੁਰੁਬਾਣੀ ਵਿਚ ਕਈ ਥਾਂਈਂ 'ਏਕ ਸਬਦ' ਦਾ ਉਲੇਖ ਮਿਲਦਾ ਹੈ। ਇਹ 'ਏਕ ਸਬਦ' ਨਾ ਯੋਗੀਆਂ ਵਾਂਗ ਕੋਈ ਵਿਸ਼ੇਸ਼ ਨਾਦ ਹੈ, ਨਾ ਇਸ ਦਾ ਕੋਈ ਹੋਰ ਮਤਲਬ ਹੈ। ਇਸ ਦਾ ਭਾਵ ਕੇਵਲ ਇਹ ਹੈ ਕਿ ਸਾਰੀ ਮਨੁੱਖਤਾ ਨੂੰ ਧਰਮ ਦੇ ਰਾਹ 'ਤੇ ਤੋਰ ਕੇ ਸਦਗਤੀ ਦੇਣ ਵਾਲਾ ਸ਼ਬਦ ਇਕੋ ਹੈ, ਸਰਬ-ਸਾਂਝਾ ਹੈ) ਨੂੰ ਗੁਰੂ ਮੰਨਣ ਤੋਂ ਸੰਕੋਚ ਕਰਦੇ ਹੋਣ, ਪਰ ਉਹ ਸ਼ਬਦ-ਗੁਰੂ ਰੂਪ ਵਿਸ਼ਵ-ਧਰਮ ਸਾਰੀ ਸੰਪ੍ਰਦਾਇਕ ਸੋਚ ਅਤੇ ਵਿਤਕਰਿਆਂ ਤੋਂ ਉਪਰ ਉਠ ਕੇ ਸਭ ਨੂੰ ਜੀਵਨ-ਮਾਰਗ ਲਈ ਲੋੜੀਂਦਾ ਆਤਮਕ ਪ੍ਰਕਾਸ਼ ਪ੍ਰਦਾਨ ਕਰਦਾ ਹੈ। 'ਸਭਿ ਸੁਖਾਲੀ ਵੁਠੀਆ' ਦੀਆਂ ਰਹਿਮਤਾਂ ਨਾਲ ਸਭ ਦੇ ਸੁਖਦ ਜੀਵਨ ਲਈ ਸਰਬ-ਭਾਂਤੀ ਬਖ਼ਸ਼ਿਸ਼ਾਂ ਦੀ ਵਰਖਾ ਹਿਤ ਕਾਮਨਾ ਕਰਦਾ ਹੈ। 'ਪੰਥ' ਅਤੇ ਗ੍ਰੰਥ ਦੀ ਗੁਰੁਤਾ ਦੇ ਚਿੰਤਨ ਨੂੰ ਇਸ ਸੂਖਮ ਅਤੇ ਸਾਮਯਿਕ ਦ੍ਰਿਸ਼ਟੀ ਤੋਂ ਸਮਝਣ ਨਾਲ ਵਿਸ਼ਵ ਦਾ ਵੀ ਭਲਾ ਹੋ ਸਕਦਾ ਹੈ ਅਤੇ 'ਖ਼ਾਲਸਾ ਪੰਥ' ਦਾ ਵੀ।

***(ਸਮਾਪਤ)***

# ਬਾਲੀਵੁੱਡ ਦੀ 'ਲੇਡੀ ਗੁੰਡਾ' ਬਿਪਾਸ਼ਾ ਬਸੂ



ਪਿਛਲੇ ਦਿਨਾਂ ਵਿਚ ਬਿਪਾਸ਼ਾ ਬਸੂ ਦੀ ਬੰਗਲਾ ਫਿਲਮ 'ਸ਼ੋਬ ਚਰਿਤਰੋ ਕਾਲਪੋਨਿਕ' ਬਹੁਤ ਹੀ ਚੁੱਪਚਾਪ ਢੰਗ ਨਾਲ ਪ੍ਰਦਰਸ਼ਿਤ ਹੋ ਗਈ, ਇਸਦੇ ਕਾਰਨ ਹੀ ਇਸ ਫਿਲਮ ਵਿਚ ਉਸਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਨਾ ਬਰਾਬਰ ਹੀ ਚਰਚਾ ਹੋਈ। ਦੂਜੇ ਪਾਸੇ ਬ੍ਰਿਟੇਨ ਦੇ ਇਕ ਉੱਚ ਦਰਜੇ ਦੇ ਰਿਐਲਟੀ ਸ਼ੋ ਵਿਚ ਬਿਪਾਸ਼ਾ ਨੇ ਜੱਜ ਬਣਨਾ ਕਬੂਲ ਕਰ ਲਿਆ ਹੈ। ਇਸ ਸ਼ੋ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਰਾਹੀ ਬਰਤਾਨੀਆ ਵਿਚ ਰਹਿੰਦੇ ਬੰਗਲਾ ਭਾਸ਼ੀ ਲੋਕਾਂ ਦੇ ਨਾਲ ਸੰਪਰਕ ਬਣਾਉਣ ਦਾ ਇਕ ਆਸਾਨ ਮੌਕਾ ਉਸਨੂੰ ਮਿਲੇਗਾ। ਫਿਰ ਕਾਫੀ ਸਮੇਂ ਤੋਂ ਬਿਪਾਸ਼ਾ ਕਿਸੇ ਇੰਟਰਨੈਸ਼ਨਲ ਪ੍ਰਾਜੈਕਟ ਦੇ ਆਉਣ ਲਈ ਬੇਤਾਬ ਸੀ। ਫਿਲਮ ਨਾ ਸਹੀ, ਟੀ.ਵੀ. ਸ਼ੋਅ ਦੇ ਜ਼ਰੀਏ ਆਖਿਰਕਾਰ ਉਸ ਨੂੰ ਇਹ ਮੌਕਾ ਮਿਲਿਆ ਹੈ। ਇਕ ਤਾਜ਼ਾ ਮੁਲਾਕਾਤ ਦੌਰਾਨ ਜਦ ਇਕ ਪੱਤਰਕਾਰ ਨੇ ਬਿਪਾਸ਼ਾ ਨੂੰ ਪੁਛਿਆ ਕਿ ਤੁਸੀਂ ਵੀ ਇਕ ਇੰਟਰਨੈਸ਼ਨਲ ਪ੍ਰਾਜੈਕਟ ਵਿਚ ਦਿਖਾਈ ਦੇਵੋਗੇ? ਤਾਂ ਉਸਨੇ ਕਿਹਾ ਇਸ ਟੀ.ਵੀ. ਸ਼ੋ ਦੇ ਇਲਾਵਾ ਹਾਲੀਵੁੱਡ ਦੀ ਇਕ ਫਿਲਮ ਵਿਚ ਵੀ ਮੇਰੇ ਕੰਮ ਕਰਨ ਦੀ ਗੱਲ ਚਲ ਰਹੀ ਹੈ। ਇੰਟਰਨੈਸ਼ਨਲ ਪ੍ਰਾਜੈਕਟ ਦੀ ਗੱਲ ਸੋਚ ਕੇ ਮੈਂ ਜ਼ਿਆਦਾ ਰੋਮਾਂਚਿਤ ਨਹੀਂ ਹਾਂ। ਹਾਂ, ਇਸ ਸ਼ੋਅ ਨੂੰ ਲੈ ਕੇ ਮੇਰੀ ਦਿਲਚਸਪੀ ਦੀ ਇਕ ਵੱਡੀ ਵਜ੍ਹਾ ਇਹ ਹੈ ਕਿ ਇਸ ਰਾਹੀਂ ਮੈਂ ਪਹਿਲੀ ਵਾਰ ਬ੍ਰਿਟੇਨ ਵਿਚ ਰਹਿਣ ਵਾਲੇ ਬਹੁਤ ਸਾਰੇ ਬੰਗਲਾ ਭਾਸ਼ੀਆਂ ਨਾਲ ਮੁਖਾਤਿਬ ਹੋਵਾਂਗੀ।

ਇਸ ਤੋਂ ਬਾਅਦ ਬਸੂ ਨੇ ਕਿਹਾ ਕਿ ਜੇਕਰ ਪ੍ਰਾਜੈਕਟ ਚੰਗਾ ਹੋਵੇ ਤਾਂ ਮੈਂ ਜ਼ਰੂਰ ਹਾਲੀਵੁੱਡ ਦੀ ਫਿਲਮ ਜਾਂ ਸ਼ੋਅ ਵਿਚ ਕੰਮ ਕਰਨਾ ਚਾਹਾਂਗੀ। ਉਥੇ ਸਿਰਫ ਦੋ ਮਿੰਟ ਦੀ ਝਲਕ ਦਿਖਾਉਣ ਵਾਲੇ ਰੋਲ ਕਰਨ ਦੀ ਬਜਾਏ ਮੈਂ ਇਥੋਂ ਦੀ ਫਿਲਮ ਵਿਚ ਇਕ ਆਈਟਮ ਨੰਬਰ ਕਰਨਾ ਜ਼ਿਆਦਾ ਪਸੰਦ ਕਰਾਂਗੀ। ਇਸ ਦੌਰਾਨ ਉਸਨੂੰ ਪੁੱਛਿਆ ਗਿਆ ਕਿ ਐਸ਼ਵਰਿਆ, ਮਲਿਕਾ ਜਿਹੀਆਂ ਹੀਰੋਇਨਾਂ ਤਾਂ ਆਪਣੀਆਂ ਕ੍ਰਾਸ ਬਾਰਡਰ ਫਿਲਮਾਂ ਦਾ ਸ਼ੋਰ ਖੂਬ ਮਚਾਉਂਦੀਆਂ ਹਨ ਤਾਂ ਉਸਨੇ ਕਿਹਾ ਕਿ ਪਲੀਜ਼, ਮੇਰੇ ਤੋਂ ਸਵਾਲ ਪੁਛਦੇ ਵਕਤ ਕਿਸੇ ਦੂਜੇ ਦੀ ਉਦਾਹਰਣ ਦੇ ਕੇ ਸਮਝਾਉਣ ਦੀ ਕੋਸ਼ਿਸ਼ ਨਾ ਕਰੋ। ਮੈਂ ਜਾਣਦੀ ਹਾਂ, ਇਸ ਬਾਰੇ ਤੁਸੀਂ ਮੇਰੇ ਕਿਸੇ ਵੀ ਜਵਾਬ ਨੂੰ ਜਲਦੀ ਨਾਲ ਕੰਟਰੋਵਰਸੀ ਦਾ ਰੂਪ ਦੇ ਦੇਵੋਗੇ। ਉਨ੍ਹਾਂ ਸਾਰਿਆਂ ਦੀ ਆਪਣੀ ਪਸੰਦ ਰਹੀ ਹੈ। ਤੁਹਾਡੀ ਬੰਗਲਾ ਫਿਲਮ 'ਸ਼ੋਬ ਚਰਿਤਰੋ ਕਾਲਪੋਨਿਕ' ਦੇ ਆਉਣ ਦਾ ਕੁਝ ਪਤਾ ਨਹੀਂ ਲੱਗਿਆ ਤਾਂ ਉਸਨੇ ਕਿਹਾ ਇਹ ਇਥੇ ਮੁੰਬਈ ਦੇ ਕੁਝ ਕੁ ਥਿਏਟਰਾਂ ਵਿਚ ਰਿਲੀਜ਼ ਹੋਈ ਹੈ ਅਤੇ ਉਹ ਵੀ ਮਾਰਨਿੰਗ ਸ਼ੋਅ ਵਿਚ। ਬੰਗਲਾ ਵਿਚ ਬਣੀ ਇਸ ਫਿਲਮ ਦਾ ਅਸਲੀ ਰਿਲੀਜ਼ ਏਰੀਆ ਤਾਂ ਬੰਗਾਲ ਹੀ ਹੈ। ਮੈਨੂੰ ਖੁਸ਼ੀ ਹੈ ਕਿ ਬੰਗਲਾ ਭਾਸ਼ੀ ਦਰਸ਼ਕਾਂ ਨੇ ਇਸ ਵਿਚ ਮੇਰੇ ਕੰਮ ਦੀ ਭਰਪੂਰ ਸਰਾਹਨਾ ਕੀਤੀ ਹੈ। ਇਸ ਫਿਲਮ ਵਿਚ ਇਮੇਜ ਦੇ ਉਲਟ ਜਾ ਕੇ ਕੰਮ ਕਰਨ ਬਾਰੇ ਉਹ ਦੱਸਦੀ ਹੈ ਕਿ ਇਹੋ ਜਿਹੀਆਂ ਫਿਲਮਾਂ ਬਾਕਸ ਆਫਿਸ ਦਾ ਖਿਆਲ ਕਰਕੇ ਨਹੀਂ ਕੀਤੀਆਂ ਜਾਂਦੀਆਂ। ਬੰਗਲਾ ਭਾਸ਼ੀ ਹੋਣ ਦੇ ਨਾਤੇ ਮੈਂ ਇਕ ਬੰਗਲਾ ਫਿਲਮ ਵਿਚ ਕੰਮ ਕਰਨਾ ਚਾਹੁੰਦੀ ਸਾਂ। ਰਿਤੂ ਦਾ ਦਾ ਇਹ ਆਫਰ ਮੈਨੂੰ ਚੰਗਾ ਲੱਗਿਆ।

ਇਸ ਰੋਲ ਦੀ ਸਭ ਤੋਂ ਵੱਡੀ ਖਾਸੀਅਤ ਇਹ ਸੀ ਕਿ ਇਹ ਜਰਾ ਵੀ ਮੇਰੀ ਗਲੈਮਰਸ ਇਮੇਜ ਤੋਂ ਪ੍ਰਭਾਵਿਤ ਨਹੀਂ ਸੀ। ਮੈਂ ਬੰਗਲਾ ਫਿਲਮਾਂ ਵਿਚ ਇਸ ਤਰ੍ਹਾਂ ਦਾ ਹੀ ਕੁਝ ਕਰਨਾ ਚਾਹੁੰਦੀ ਸੀ। ਰਿਤੂ ਦਾ ਨੇ ਇਸ ਮਾਮਲੇ ਵਿਚ ਮੇਰੀ ਕਾਫੀ ਮਦਦ ਕੀਤੀ। ਇਹ ਪੁੱਛਣ 'ਤੇ ਕਿ ਇਸਦੀ ਡਬਿੰਗ ਨੂੰ ਲੈ ਕੇ ਰਿਤੂਪਰਣੋ ਨਾਲ ਤੁਹਾਡਾ ਕਾਫੀ ਵਿਵਾਦ ਹੋਇਆ ਸੀ ਤਾਂ ਉਸਨੇ ਕਿਹਾ ਕਿ ਇਹ ਕੰਟਰੋਵਰਸੀ ਵਾਲੀ ਗੱਲ ਮੀਡਿਆ ਦੀ ਦਿਮਾਗੀ ਉਪਜ ਹੈ। ਇਹ ਠੀਕ ਹੈ ਕਿ ਮੈਂ ਇਸ ਗੱਲ ਦੇ ਲਈ ਦੁਖੀ ਸੀ ਕਿ ਫ਼ਿਲਮ ਵਿਚ ਮੇਰੀ ਡਬਿੰਗ ਕਿਸੇ ਦੂਜੀ ਮਹਿਲਾ ਦੀ ਆਵਾਜ਼ ਵਿਚ ਕਰਵਾਈ ਗਈ ਹੈ ਪਰ ਇਸ ਤਰ੍ਹਾਂ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ। ਬਾਅਦ ਵਿਚ ਮੈਂ ਰਿਤੂ ਦਾ ਨੂੰ ਐਸ.ਐਮ.ਐਸ. ਕਰ ਕੇ ਇਨਾ ਚੰਗਾ ਮੌਕਾ ਦੇਣ ਦੇ ਲਈ ਧੰਨਵਾਦ ਕਿਹਾ ਸੀ। ਇਹ ਆਖਣ 'ਤੇ ਕਿ ਹੁਣ ਫਿਲਮ ਦੇ ਫਲਾਪ ਹੋਣ ਦਾ ਵੱਡਾ ਕਾਰਨ ਤੁਹਾਡੀ ਆਵਾਜ਼ ਨਾ ਹੋਣਾ ਮੰਨਿਆ ਜਾ ਰਿਹਾ ਹੈ ਤਾਂ ਉਸਨੇ ਕਿਹਾ ਇਹੋ ਜਿਹੀ ਸਿਰਫ ਇਕ ਵਜ੍ਹਾ ਨਾਲ ਦਰਸ਼ਕ ਕਿਸੇ ਫਿਲਮ ਨੂੰ ਖ਼ਾਰਿਜ਼ ਨਹੀਂ ਕਰਦੇ, ਪਰ ਹੁਣ ਮੈਂ ਇਸ ਬਾਰੇ ਜ਼ਿਆਦਾ ਕੁਝ ਨਹੀਂ ਕਹਾਂਗੀ। ਇਸਦਾ ਜੋ ਪ੍ਰਿੰਟ ਨੈਸ਼ਨਲ ਅਵਾਰਡ ਦੇ ਲਈ ਭੇਜਿਆ ਗਿਆ ਹੈ, ਉਸਦੇ ਲਈ ਮੇਰੀ ਆਵਾਜ਼ ਡਬ ਕੀਤੀ ਗਈ ਹੈ। ਇਹ ਦਿਲਚਸਪ ਸੁਆਲ ਦੇ ਜੁਆਬ ਵਿਚ ਕਿ ਇਨ੍ਹਾਂ ਦਿਨਾਂ ਵਿਚ ਤੁਹਾਨੂੰ ਬਾਲੀਵੁੱਡ ਦਾ 'ਲੇਡੀ ਗੁੰਡਾ' ਕਿਹਾ ਜਾ ਰਿਹਾ ਹੈ, ਤਾਂ ਉਸਨੇ ਕਿਹਾ ਕਿ, ਓ ਹੋ ਇਨੀ ਵੱਡੀ ਤੋਹਮਤ ਨਾ ਲਾਓ। ਸਕੂਲ ਦੇ ਦਿਨਾਂ ਵਿਚ ਮੈਂ ਜ਼ਰੂਰ ਆਪਣੇ ਸਕੂਲ ਦੀ ਗੁੰਡਾ ਸੀ,ਪਰ ਹੁਣ ਉਹ ਸਾਰੀਆਂ ਗੱਲਾਂ ਕਾਫੀ ਪਿਛੇ ਛੁੱਟ ਗਈਆਂ ਹਨ।

ਹਰ ਹੀਰੋਇਨ ਤੇ ਡਾਇਰੈਕਟਰ ਨੂੰ ਅੱਜ-ਕਲ੍ਹ ਬਿਪਾਸ਼ਾ ਤੋਂ ਸ਼ਿਕਾਇਤਾਂ ਹੋਣ ਲਗੀਆਂ ਹਨ, ਪਰ ਬਿਪਾਸ਼ਾ ਦਾ ਆਖਣਾ ਹੈ ਕਿ ਸ਼ਿਕਾਇਤਾਂ ਤਾਂ ਉਸ ਨੂੰ ਵੀ ਢੇਰ ਸਾਰੀਆਂ ਹਨ, ਪਰ ਮੈਂ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਸਿਰਫ ਆਪਣੇ ਕੰਮ ਵਿਚ ਮਸਤ ਰਹਿੰਦੀ ਹਾਂ। ਉਸ ਨੇ ਕਿਹਾ, "ਜਦ ਕੋਈ ਮੇਰੇ ਆਤਮਸਮਾਨ ਨੂੰ ਚੋਟ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਤਦ ਹੀ ਮੈਂ ਜਵਾਬ ਦੇਂਦੀ ਹਾਂ।

'ਆਲ ਦ ਬੈਸਟ' ਵਿਚ ਅਜੈ ਦੇਵਗਨ ਦੇ ਨਾਲ ਤੁਹਾਡੀ ਜੋੜੀ ਦੇ ਚਰਚੇ ਸ਼ੁਰੂ ਹੋ ਗਏ ਹਨ ਤਾਂ ਉਸਨੇ ਕਿਹਾ ਮੈਂ ਅਜੈ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹਾਂ। ਖਾਸ ਤੌਰ ਤੇ ਜਿਸ ਤਰ੍ਹਾਂ ਨਾਲ ਉਹ ਆਪਣੇ ਸਟੰਟ ਸੀਨ ਨੂੰ ਖੁਦ ਅੰਜਾਮ ਦਿੰਦੇ ਹਨ, ਉਹ ਤਾਂ ਕਾਬਿਲ-ਏ-ਤਾਰੀਫ ਹਨ।

## ਛੇੜਖਾਨੀ ਤੋਂ ਬਾਅਦ ਬਿਪਾਸ਼ਾ ਬਸੂ ਦਾ ਚੜ੍ਹਿਆ ਪਾਰਾ ਮਸਾਂ ਉਤਰਿਆ

ਮੁੰਬਈ ਦੇ ਇਕ ਦੁਰਗਾ ਪੂਜਾ ਦੇ ਪੰਡਾਲ ਵਿਚ ਗਈ ਬਾਲੀਵੁੱਡ ਅਭਿਨੇਤਰੀ ਬਿਪਾਸ਼ਾ ਨਾਲ ਇਕ ਮਨਚਲੇ ਨੇ ਛੇੜਖਾਨੀ ਕੀਤੀ। ਇਸ ਘਟਨਾ ਤੋਂ ਬਾਅਦ ਬਿਪਾਸ਼ਾ ਦਾ ਪਾਰਾ ਚੜ੍ਹ ਗਿਆ। ਉਸ ਦੇ ਨਾਲ ਮੌਜੂਦਾ ਜਾਨ ਅਬਰਾਹਮ ਅਤੇ ਲੋਕਾਂ ਨੇ ਕਿਸੇ ਤਰ੍ਹਾਂ ਉਸਨੂੰ ਸ਼ਾਂਤ ਕੀਤਾ। ਜਾਣਕਾਰੀ ਮੁਤਾਬਕ ਬਿਪਾਸ਼ਾ ਆਪਣੇ ਬੁਆਏਫਰੈਂਡ ਜਾਨ ਅਬਰਾਹਮ ਨਾਲ ਸ਼ਾਂਤਾਕਰੂਜ਼ ਵਿਖੇ ਦੁਰਗਾ ਪੂਜਾ ਦੇ ਪੰਡਾਲ ਵਿਚ ਗਈ ਸੀ। ਪੰਡਾਲ ਵਿਚ ਭੀੜ ਬਹੁਤ ਸੀ। ਇਸੇ ਦਾ ਫਾਇਦਾ ਚੁੱਕ ਕੇ ਇਕ ਮਨਚਲੇ ਨੇ ਉਸਦੀਆਂ ਛਾਤੀਆਂ 'ਤੇ ਹੱਥ ਫੇਰ ਦਿੱਤਾ। ਉਹ ਮਾਮਲਾ ਪੁਲਿਸ ਨੂੰ ਦਰਜ ਕਰਵਾਉਣਾ ਚਾਹੁੰਦੀ ਸੀ, ਪਰ ਕਿਸੇ ਤਰ੍ਹਾਂ ਲੋਕਾਂ ਨੇ ਉਸਨੂੰ ਸਮਝਾਇਆ। ਦਿਲਚਸਪ ਗੱਲ ਤਾਂ ਇਹ ਹੈ ਕਿ ਇਹ ਦੁਰਗਾ ਪੰਡਾਲ ਰਾਣੀ ਮੁਖਰਜੀ ਦੇ ਪਰਿਵਾਰ ਵਲੋਂ ਆਯੋਜਿਤ ਕੀਤਾ ਜਾਂਦਾ ਹੈ।

## ਜਾਨ ਅਬ੍ਰਾਹਮ ਨਾਲ ਬਾਈਕ 'ਤੇ ਬੈਠਣਾ ਪਸੰਦ ਨ੍ਹੀਂ ਬਿਪਾਸ਼ਾ ਨੂੰ

ਬਾਲੀਵੁੱਡ ਅਭਿਨੇਤਾ ਜਾਨ ਅਬਰਾਹਮ ਦੀ ਬਾਈਕ ਪ੍ਰਤੀ ਜਨੂਨ ਤੋਂ ਤਾਂ ਸਾਰੇ ਵਾਕਿਫ ਹਨ ਪਰ ਅਭਿਨੇਤਰੀ ਅਤੇ ਉਸ ਦੀ ਮਿੱਤਰ ਬਿਪਾਸ਼ਾ ਉਸ ਦੇ ਨਾਲ ਬਾਈਕ 'ਤੇ ਬੈਠਣ ਤੋਂ ਕਤਰਾਉਂਦੀ ਹੈ। ਇਕ ਸਮਾਰੋਹ ਦੌਰਾਨ ਜਾਨ ਨੇ ਪੱਤਰਕਾਰਾਂ ਨੂੰ ਕਿਹਾ ਕਿ ਬਾਈਕਸ ਪ੍ਰਤੀ ਮੇਰੇ ਬਹੁਤ ਜ਼ਿਆਦਾ ਜਨੂਨੀ ਹੋਣ ਦੇ ਕਾਰਨ ਬਿਪਾਸ਼ਾ ਮੇਰੇ ਨਾਲ ਬਾਈਕਸ 'ਤੇ ਬੈਠਣਾ ਪਸੰਦ ਨਹੀਂ ਕਰਦੀ। ਜਦੋਂ ਵੀ ਉਹ ਮੇਰੀ ਬਾਈਕ 'ਤੇ ਬੈਠਦੀ ਹੈ ਤਾਂ ਮੈਂ ਉਸਨੂੰ ਕਹਿੰਦਾ ਹਾਂ ਕਿ ਮੈਨੂੰ ਉਮੀਦ ਹੈ ਕਿ ਤੇਰੇ ਕਾਰਨ ਮੇਰੀ ਬਾਈਕ ਨੂੰ ਇਕ ਵੀ ਖਰੋਂਚ ਨਹੀਂ ਆਵੇਗੀ। ਇਸ ਲਈ ਉਹ ਬਾਈਕ 'ਤੇ ਮੇਰੇ ਪਿੱਛੇ ਬੈਠਣ ਦੀ ਥਾਂ ਕਾਰ ਵਿਚ ਮੇਰੇ ਨਾਲ ਬੈਠਣਾ ਪਸੰਦ ਕਰਦੀ ਹੈ।

## ਮਾਂ ਬਣਾਂਗੀ ਜ਼ਰੂਰ, ਪਰ ਵਿਆਹ ਨਹੀਂ ਕਰਾਵਾਂਗੀ-ਓਕਸਾਨਾ

ਹਾਲੀਵੁੱਡ ਦੇ ਮਸ਼ਹੂਰ ਅਭਿਨੇਤਾ ਮੇਲ ਗਿਬਸਨ ਦੀ ਗਰਲਫਰੈਂਡ ਓਕਸਾਨਾ ਗ੍ਰਿਗੋਰੀਏਵਾ ਉਸਦੇ ਬੱਚੇ ਦੀ ਮਾਂ ਜ਼ਰੂਰ ਬਣਨ ਵਾਲੀ ਹੈ ਪਰ ਫਿਲਹਾਲ ਵਿਆਹ ਕਰਨ ਦਾ ਉਸਦਾ ਕੋਈ ਇਰਾਦਾ ਨਹੀਂ ਹੈ।

ਰਿਪੋਰਟ ਮੁਤਾਬਕ ਇਸੇ ਸਾਲ ਦਸੰਬਰ ਵਿਚ ਗਿਬਸਨ ਦੇ ਬੱਚੇ ਦੀ ਮਾਂ ਬਣਨ ਜਾ ਰਹੀ 39 ਸਾਲ ਦੀ ਓਕਸਾਨਾ ਨੇ ਇਨ੍ਹਾਂ ਖਬਰਾਂ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ ਕਿ ਉਸਨੇ ਮੰਗਣੀ ਕਰ ਲਈ ਹੈ ਅਤੇ ਹੁਣ ਜਲਦੀ ਹੀ ਵਿਆਹ ਕਰਨ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਗਿਬਸਨ ਅਤੇ ਓਕਸਾਨਾ ਦੇ ਰਿਸ਼ਤੇ ਉਸ ਸਮੇਂ ਜਨਤਕ ਹੋਏ ਸਨ ਜਦੋਂ ਗਿਬਸਨ ਨੇ ਆਪਣੀ ਪਤਨੀ ਰਾਬਿਨ ਤੋਂ ਵੱਖ ਹੋਣ ਦਾ ਐਲਾਨ ਕੀਤਾ ਸੀ।

## ਰਜਨੀਕਾਂਤ ਤੇ ਕਮਲ ਹਸਨ ਨੂੰ ਸਰਵਸ੍ਰੇਸ਼ਠ ਅਭਿਨੇਤਾ ਪੁਰਸਕਾਰ

ਦੱਖਣ ਦੇ ਸੁਪਰ ਸਟਾਰ ਰਜਨੀਕਾਂਤ ਨੂੰ ਫਿਲਮ 'ਸ਼ਿਵਾਜੀ-ਦਬਾਸ' ਅਤੇ ਕਮਲ ਹਸਨ ਨੂੰ ਫਿਲਮ 'ਦਸ਼ਾਵਤਾਰਮ' ਲਈ ਸਰਵਸ੍ਰੇਸ਼ਠ ਅਭਿਨੇਤਾ ਚੁਣਿਆ ਗਿਆ।



ਮੁੱਖ ਮੰਤਰੀ ਐਮ. ਕਰੁਣਾਨਿਧੀ ਨੂੰ ਵੀ 'ਉਲੀਜੀਨ ਓਸਾਈ' ਫਿਲਮ ਵਿਚ ਸਰਵਸ੍ਰੇਸ਼ਠ ਡਾਇਲਾਗਾਂ ਲਈ ਸਨਮਾਨਿਤ ਕੀਤਾ ਗਿਆ ਹੈ। ਤਾਮਿਲਨਾਡੂ ਸਰਕਾਰ ਨੇ 2007-2008 ਦੇ ਫਿਲਮ ਪੁਰਸਕਾਰਾਂ ਦਾ ਐਲਾਨ ਕੀਤਾ। 'ਸ਼ਿਵਾਜੀ' ਨੇ ਹੋਰ 5 ਸ਼੍ਰੇਣੀਆਂ ਵਿਚ ਵੀ ਖਿਤਾਬ ਹਾਸਲ ਕੀਤਾ ਹੈ। ਇਨ੍ਹਾਂ ਵਿਚ ਸਰਵਸ੍ਰੇਸ਼ਟ ਫਿਲਮ ਦਾ ਐਵਾਰਡ ਸ਼ਾਮਿਲ ਹੈ। ਹੋਰ ਐਵਾਰਡਾਂ 'ਚ ਸੁਮਨ ਨੂੰ ਸਰਵਸ੍ਰੇਸ਼ਠ ਖਲਨਾਇਕ, ਵਿਵੇਕ ਨੂੰ ਸਰਵਸ੍ਰੇਸ਼ਠ ਕਾਮੇਡੀ ਕਲਾਕਾਰ, ਚਿਨਮਈ ਨੂੰ ਸਰਵਸ੍ਰੇਸ਼ਠ ਗਾਇਕਾ ਤੇ ਥੋਟਾ ਥਾਰਾਨੀ ਨੂੰ ਸਰਵਸ੍ਰੇਸ਼ਠ ਕਲਾ ਨਿਰਦੇਸ਼ਕ ਦਾ ਖਿਤਾਬ ਦਿੱਤਾ ਗਿਆ ਹੈ।



'ਸ਼ਿਵਾਜੀ' ਤੋਂ ਕੁਝ ਹੀ ਪਾਇਦਾਨ ਪਿੱਛੇ ਰਹੀ ਫਿਲਮ 'ਮੋਜੀ' ਨੂੰ ਚਾਰ ਖਿਤਾਬ ਮਿਲੇ ਹਨ। ਇਨ੍ਹਾਂ ਵਿਚ 2007 ਦੀ ਦੂਸਰੀ ਸਰਵਸ੍ਰੇਸ਼ਠ ਫਿਲਮ ਦੇ ਪੁਰਸਕਾਰ ਸਮੇਤ ਜੋਤਿਕਾ ਨੂੰ ਸਰਵਸ੍ਰੇਸ਼ਠ ਅਭਿਨੇਤਰੀ ਅਤੇ ਵਿਦਿਆਸਾਗਰ ਨੂੰ ਸਰਵਸ੍ਰੇਸ਼ਠ ਸੰਗੀਤ ਨਿਰਦੇਸ਼ਕ ਦਾ ਖਿਤਾਬ ਸ਼ਾਮਿਲ ਹੈ। ਸਾਲ 2007 ਦੀ ਤੀਸਰੀ ਸਰਵਸ੍ਰੇਸ਼ਠ ਫਿਲਮ ਦਾ ਖਿਤਾਬ 'ਪਾਲਿੱਕੂਦਮ' ਨੂੰ ਦਿੱਤਾ ਗਿਆ ਹੈ। ਇਸ ਫਿਲਮ ਦੇ ਨਿਰਦੇਸ਼ਕ ਥਾਂਕਰ ਬੱਚਨ ਨੂੰ ਸਰਵਸ੍ਰੇਸ਼ਠ ਨਿਰਦੇਸ਼ਕ ਚੁਣਿਆ ਗਿਆ ਹੈ। ਸਨੇਹਾ ਨੂੰ ਪਿਰਿਵੋਮ ਸਾਂਧੀਪੱਮ ਲਈ ਸਰਵਸ੍ਰੇਸ਼ਠ ਅਭਿਨੇਤਰੀ ਦਾ ਐਵਾਰਡ, 'ਪੇਰੀਆਰ' ਨੂੰ ਸਰਵਸ੍ਰੇਸ਼ਠ ਫਿਲਮ ਅਤੇ ਸਰਵਸ੍ਰੇਸ਼ਠ ਅਭਿਨੇਤਰੀ ਲਈ 'ਮਿਰੁਗਮ' ਦੀ ਕਲਾਕਾਰ ਪ੍ਰਿਯਵਥਾ ਨੂੰ ਚੁਣਿਆ ਗਿਆ ਹੈ।

## ਕੋਇਨਾ ਮਿੱਤਰਾ ਨੂੰ ਗਹਿਣਿਆਂ ਵਰਗੇ ਟੈਟੂ ਬਣਵਾਉਣੇ ਪਸੰਦ

ਬਾਲੀਵੁੱਡ ਦੀ ਮਸ਼ਹੂਰ ਅਭਿਨੇਤਰੀ ਕੋਇਨਾ ਮਿੱਤਰਾ ਨੂੰ ਗਹਿਣੇ ਪਾਉਣਾ ਪਸੰਦ ਨਹੀਂ ਹੈ। ਇਸ ਲਈ ਉਹ ਆਪਣੇ ਸਰੀਰ ਦੇ ਵੱਖ-ਵੱਖ ਅੰਗਾਂ 'ਤੇ ਟੈਟੂ ਬਣਵਾਉਂਦੀ ਰਹਿੰਦੀ ਹੈ। ਕੋਇਨਾ ਨੇ ਆਪਣੇ ਲੱਕ ਤੇ ਉਂਗਲੀਆਂ 'ਤੇ ਪਹਿਲਾਂ ਹੀ ਟੈਟੂ ਬਣਵਾਏ ਹੋਏ ਹਨ, ਹੁਣ ਉਸਨੇ ਆਪਣੇ ਖੱਬੇ ਗਿੱਟੇ 'ਤੇ ਵੀ ਇਕ ਟੈਟੂ ਬਣਵਾ ਲਿਆ ਹੈ। ਉਸਨੇ ਆਪਣੀ ਉਂਗਲੀ 'ਤੇ 'ਲਵ' ਸ਼ਬਦ ਦਾ ਟੈਟੂ ਬਣਵਾਇਆ ਹੈ ਅਤੇ ਆਪਣੇ ਗਿੱਟੇ 'ਤੇ ਇਕ ਚੇਨੀ ਦੀ ਸ਼ਕਲ ਦਾ ਟੈਟੂ ਬਣਵਾਇਆ ਹੈ।

ਕੋਇਨਾ ਨੇ ਇਹ ਤਾਜ਼ਾ ਟੈਟੂ ਵਰਸੋਆ ਸਥਿਤ ਆਲਿਮ ਦੇ ਸਟੂਡੀਓ ਵਿਚ ਬਣਵਾਇਆ। ਉਸਨੇ ਖੁਲਾਸਾ ਕੀਤਾ ਹੈ ਕਿ ਇਹ ਉਸਦਾ ਪਹਿਲਾ ਰੰਗਦਾਰ ਟੈਟੂ ਹੈ। ਇਹ ਟੈਟੂ ਲਾਲ ਤੇ ਕਾਲੇ ਰੰਗ ਵਿਚ ਹੈ। ਇਹ ਇਕ ਚੇਨੀ ਦੀ ਤਰ੍ਹਾਂ ਹੈ ਜਿਸਨੂੰ ਕੰਡੇਦਾਰ ਤੇ ਘੁੰਡੀਆਂ ਪਾ ਕੇ ਦਿਲ ਦੀ ਸ਼ਕਲ ਦਿੱਤੀ ਗਈ ਹੈ। ਕੋਇਨਾ ਮਿੱਤਰਾ ਦੇ ਟੈਟੂ ਬਣਨ ਵਿਚ ਪੂਰੇ 4 ਘੰਟੇ ਦਾ ਸਮਾਂ ਲੱਗਾ। ਮੇਰੀ ਬੈਲੀ 'ਤੇ ਬਣੇ ਟੈਟੂ ਨੂੰ 7 ਘੰਟੇ ਲੱਗੇ ਪਰ ਇਹ ਬਣਵਾਉਂਦੇ ਸਮੇਂ ਬਹੁਤ ਦਰਦ ਮਹਿਸੂਸ ਹੋਇਆ। ਇਸਨੂੰ ਅਭਿਨੰਦਨ ਬਾਸੂ ਵਲੋਂ ਬਣਾਇਆ ਗਿਆ ਹੈ।



ਉਸਨੇ ਕਿਹਾ ਛੋਟੇ ਟੈਟੂ ਬਣਵਾਉਣ ਵੇਲੇ ਸਮਾਂ ਜ਼ਿਆਦਾ ਲੱਗਦਾ ਹੈ। ਬੈਲੀ ਦੀ ਚੇਨੀ ਬਣਵਾਉਣ ਵੇਲੇ 7 ਸੂਈਆਂ ਮੇਰੇ ਗਿੱਟੇ ਵਿਚ ਖੋਭੀਆਂ ਗਈਆਂ। ਕੋਇਨਾ ਨੇ ਅੱਗੇ ਇਹ ਵੀ ਕਿਹਾ ਕਿ ਮੈਨੂੰ ਰੋਜ਼-ਰੋਜ਼ ਗਹਿਣੇ ਪਹਿਨਣਾ ਪਸੰਦ ਨਹੀਂ ਹੈ ਜਿਸ ਕਰਕੇ ਮੈਨੂੰ ਟੈਟੂ ਬਣਵਾਉਣੇ ਜ਼ਿਆਦਾ ਪਸੰਦ ਹੈ।

# PUNJABI CULTURAL SOCIETY OF CHICAGO




*Proudly presents*

## ੮ਵੇਂ ਕੌਮਾਂਤਰੀ ਗਿੱਧਾ ਅਤੇ ਭੰਗੜਾ ਮੁਕਾਬਲੇ

# PCS NIGHT 2009

A family style dinner banquet, Open Dance Floor, DJ, Dhol, Free parking, Delicious Dinner, Professional & University Bhangra & Gidha teams from all around the world

**Saturday, October 31st, 2009, 7:00 pm**

**Waterford Banquet & Conference Center**

**933 South Riverside Drive, Elmhurst, Ill. 60126.**

**Winning Bhangra & Gidha Teams will be awarded cash prizes:**

**1st $3500, 2nd $2100, 3rd $1100**

Bhangra & Gidha teams interested in competing please register by October 11th, 2009

ADMISSION DONATION: $50, $65, $100, $200/VIP

(DELICIOUS DINNER INCLUDED)

Children under 10yr.free

*For further information please contact:*

**PUNJABI CULTURAL SOCIETY OF CHICAGO**

**Phone 847-359-5PCS or 630-440-7730**

**Info@PCSChicago.org or Visit www.PCSChicago.org**

PCS is a non for- profit Organization Promoting Punjabi Culture Language, Sports & Performing a Arts.



ੴ ਸਤਿਗੁਰ ਪ੍ਰਸਾਦਿ

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

# ਵਿਸ਼ੇਸ਼ ਗੁਰਮਤਿ ਸਮਾਗਮ

## ਐਤਵਾਰ 11 ਅਕਤੂਬਰ, 2009

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪੈਲਾਟਾਈਨ ਵਿਖੇ ਹੇਠ ਲਿਖੇ ਦਿਹਾੜੇ 11 ਅਕਤੂਬਰ, 2009 ਨੂੰ ਮਨਾਏ ਜਾ ਰਹੇ ਹਨ। ਆਪ ਸਮੂਹ ਸੰਗਤਾਂ ਇਸ ਮੌਕੇ ਦਰਸ਼ਨ ਦੇ ਕੇ ਗੁਰਬਾਣੀ ਕੀਰਤਨ ਅਤੇ ਗੁਰੂ ਜਸ ਦਾ ਲਾਹਾ ਲਓ ਜੀ।

**ਚੌਥੇ ਗੁਰੂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਦਿਹਾੜਾ**

**ਭਾਈ ਸੁੱਖਾ ਅਤੇ ਭਾਈ ਜਿੰਦਾ ਦਾ ਸ਼ਹੀਦੀ ਦਿਹਾੜਾ**

**ਸਿੱਖ ਰਿਲੀਜੀਅਸ ਸੁਸਾਇਟੀ ਦੀ 30ਵੀਂ ਵਰ੍ਹੇਗੰਢ**



ਇਸ ਮੌਕੇ ਭਾਈ ਕੁਲਜੀਤ ਸਿੰਘ ਦਿਲਬਰ (ਮਰਹੂਮ ਭਾਈ ਦਿਆ ਸਿੰਘ ਦਿਲਬਰ ਦੇ ਸਪੁੱਤਰ) ਨਵਾਂ ਸ਼ਹਿਰ ਵਾਲਿਆਂ ਦਾ ਢਾਡੀ ਜਥਾ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ। ਸ. ਹਰਦਿਆਲ ਸਿੰਘ, ਸਰਬਜੀਤ ਸਿੰਘ ਸਿਆਟਲ ਦਾ ਕਵੀਸ਼ਰੀ ਜਥਾ ਕਵੀਸ਼ਰੀ ਨਾਲ ਸੰਗਤਾਂ ਨੂੰ ਨਿਹਾਲ ਕਰੇਗਾ। ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਪੰਥਕ ਵਿਚਾਰਾਂ ਨਾਲ ਅਤੇ ਰਾਗੀ ਸਿੰਘ ਸਵੇਰੇ 7:00 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਸ਼ਬਦ ਕੀਰਤਨ ਅਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਢਾਡੀ ਜਥੇ ਦਾ ਪ੍ਰੋਗਰਾਮ

ਬੁਧਵਾਰ (7 ਅਕਤੂਬਰ, 2009) ਸ਼ਾਮ 7:30 ਤੋਂ 8:30 ਵਜੇ ਤੱਕ
ਸ਼ੁਕਰਵਾਰ (9 ਅਕਤੂਬਰ, 2009) ਸ਼ਾਮ 7:30 ਤੋਂ 8:30 ਵਜੇ ਤੱਕ
ਸਨਿਚਰਵਾਰ (10 ਅਕਤੂਬਰ, 2009) ਸ਼ਾਮ 7:30 ਤੋਂ 8:30 ਵਜੇ ਤੱਕ
ਐਤਵਾਰ (11 ਅਕਤੂਬਰ, 2009) ਸਵੇਰੇ 10:00 ਤੋਂ 11:00 ਵਜੇ ਤੱਕ

### ਰੈਨੋਵੇਸ਼ਨ ਅਤੇ ਉਸਾਰੀ ਲਈ ਫੰਡਰੇਜ਼ਰ

ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਇਸ ਵੇਲੇ ਰੈਨੋਵੇਸ਼ਨ ਪ੍ਰਾਜੈਕਟ ਉਤੇ ਕੰਮ ਕੀਤਾ ਜਾ ਰਿਹਾ ਹੈ। ਸੰਗਤਾਂ ਤੋਂ ਚੁਫੇਰੇ ਖਿਲਰੇ ਖਲਾਰੇ ਲਈ ਖਿਮਾ ਦੇ ਜਾਚਕ ਹਾਂ। ਅਸੀਂ ਗੁਰੂ ਘਰ ਨੂੰ ਅੰਦਰੋਂ ਤੇ ਬਾਹਰੋਂ ਸਾਫ ਸੁਥਰਾ ਵੇਖਣਾ ਚਾਹੁੰਦੇ ਹਾਂ। ਕਿਰਪਾ ਕਰਕੇ ਇਸ ਪ੍ਰਾਜੈਕਟ ਲਈ ਦਿਲ ਖੋਲ੍ਹ ਕੇ ਮਾਇਆ ਦੀ ਸੇਵਾ ਕਰਕੇ ਜਨਮ ਸਫਲਾ ਕਰੋ ਜੀ। ਰੈਨੋਵੇਸ਼ਨ ਅਤੇ ਉਸਾਰੀ ਪ੍ਰਾਜੈਕਟ ਲਈ ਫੰਡਰੇਜ਼ਰ ਵਿਚ ਜ਼ਰੂਰ ਹਿੱਸਾ ਪਾਓ। ਇਸ ਪ੍ਰਾਜੈਕਟ ਅਧੀਨ ਹੇਠ ਲਿਖੇ ਕੰਮ ਕੀਤੇ ਜਾ ਰਹੇ ਹਨ:

*ਲਾਇਬਰੇਰੀ *ਸੀਨੀਅਰ ਸਿਟੀਜ਼ਨ ਰੂਮ *ਜੋੜਾ ਘਰ *ਬੱਚਿਆਂ ਦੇ ਖੇਡਣ ਲਈ ਕਮਰਾ *ਸੁੱਖ ਆਸਣ ਦਾ ਕਮਰਾ *ਡਾਕਟਰਾਂ ਲਈ ਕਲੀਨਿਕ

## Sikh Religious Society of Chicago, Palatine

1280, Winnetka St. Palatine, IL 60067 Ph. 847-358-1117